ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

12-18 ਨਵੰਬਰ 2025

ਸਾਲ 16ਵਾਂ - ਅੰਕ 46

email : info@sadelok.com

Ph. : 510-706-1300

Fax : 925-373-1300

## ਦਿੱਲੀ ਧਮਾਕਾ : ਦਹਿਸ਼ਤਗਰਦਾਂ ਵਲੋਂ ਮਾਸੂਮਾਂ ਦਾ ਕਤਲ




(ਦੇਖੋ ਸਫ਼ਾ 21 'ਤੇ)

# ਕੈਲੀਫੋਰਨੀਆ ਦੇ ਮਨਟੀਕਾ ਸ਼ਹਿਰ ਦੀ ਧਰਤੀ ਬਾਬੇ ਨਾਨਕ ਦੇ ਰੰਗ ਵਿੱਚ ਰੰਗੀ ਗਈ



## 556ਵੇਂ ਗੁਰੂ ਨਾਨਕ ਗੁਰਪੁਰਬ ਨੂੰ ਸਮਰਪਿਤ ਸਾਲਾਨਾ ਨਗਰ ਕੀਰਤਨ ਸ਼ਰਧਾ ਸੇਵਾ ਅਤੇ ਬੜੀ ਧੂਮਧਾਮ ਨਾਲ ਹੋਇਆ ਸੰਪੰਨ

ਮਨਟੀਕਾ/ ਕੈਲੀਫੋਰਨੀਆ : (ਸਾਡੇ ਲੋਕ) ਗੁਰਦੁਆਰਾ ਸਾਹਿਬ ਗੁਰਮਤ ਪ੍ਰਕਾਸ਼ ਦਮਦਮੀ ਟਕਸਾਲ ਮਨਟੀਕਾ ਵੱਲੋਂ ਸਾਹਿਬ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ 556ਵੇਂ ਪ੍ਰਕਾਸ਼ ਦਿਵਸ ਉਪਰ ਪਹਿਲੀ ਵਾਰ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਰੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਮਹਾਨ ਨਗਰ ਕੀਰਤਨ ਤੋਂ ਪਹਿਲਾਂ ਰਾਤ ਤੇ ਸਵੇਰੇ ਭਾਰੀ ਦੀਵਾਨ ਸਜਾਏ ਗਏ।

ਜਿਸ ਵਿਚ ਪੰਥਕ ਬੁਲਾਰਿਆਂ ਅਤੇ ਸ਼ਹਿਰ ਦੇ ਵੱਡੇ ਸਿਆਸਤਦਾਨਾਂ ਨੇ ਹਾਜ਼ਰੀ ਲਗਵਾਈ।

ਸਿੱਖ ਧਰਮ ਦੇ ਬਾਨੀ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ, ਮੈਨਟੇਕਾ, ਕੈਲੀਫੋਰਨੀਆ ਵਿਖੇ ਸਾਲਾਨਾ ਸਿੱਖ ਪਰੇਡ (ਨਗਰ ਕੀਰਤਨ) ਐਤਵਾਰ, 9 ਨਵੰਬਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕੱਢੀ

(ਦੇਖੋ ਸਫ਼ਾ 22-23 'ਤੇ)

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।



ਗ਼ਦਰ ਲਹਿਰ ਦੇ ਨਾਇਕ

**ਸ਼ਹੀਦ ਕਰਤਾਰ ਸਿੰਘ ਸਰਾਭਾ**

ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ 'ਤੇ

**ਕੋਟਿਨ-ਕੋਟਿ ਪ੍ਰਣਾਮ**

(ਦੇਖੋ ਸਫ਼ਾ 25 'ਤੇ)

## ਅਮਰੀਕਾ 'ਚ 43 ਦਿਨਾਂ ਤੋਂ ਜਾਰੀ ਤਾਲਾਬੰਦੀ ਖ਼ਤਮ ; ਟਰੰਪ ਨੇ ਬਿੱਲ 'ਤੇ ਸਹੀ ਪਾਈ



ਵਾਸ਼ਿੰਗਟਨ : ਰਾਸ਼ਟਰਪਤੀ ਡੋਨਲਡ ਟਰੰਪ ਨੇ ਬੁੱਧਵਾਰ ਰਾਤ ਨੂੰ ਸਰਕਾਰੀ ਫੰਡਾਂ ਨਾਲ ਸਬੰਧਤ ਬਿੱਲ 'ਤੇ ਦਸਤਖ਼ਤ ਕਰ ਦਿੱਤੇ, ਜਿਸ

(ਦੇਖੋ ਸਫ਼ਾ 36 'ਤੇ)

## 1984 ਸਿੱਖ ਨਸਲਕੁਸ਼ੀ (Sikh Genocide) ਨੂੰ ਮਾਨਤਾ ਦਿਵਾਉਣ ਲਈ ਕਾਂਗਰਸਮੈਨ ਡੇਵਿਡ ਵਲਾਡਾਓ ਵਲੋਂ H.R. 841 ਅਮਰੀਕੀ ਕਾਂਗਰਸ 'ਚ ਮਤਾ ਪੇਸ਼

ਵਾਸਿੰਗਟਨ/ਅਮਰੀਕਾ (ਸਾਡੇ ਲੋਕ) ਅਮਰੀਕਾ ਵਿੱਚ ਵਸਦੇ ਸਿੱਖ ਭਾਈਚਾਰੇ ਲਈ ਇੱਕ ਵੱਡੀ ਇਤਿਹਾਸਕ ਪਹਿਲਕਦਮੀ ਤਹਿਤ, 1984 ਦੇ ਸਿੱਖ ਕਤਲੇਆਮ ਨੂੰ ਰਸਮੀ ਤੌਰ 'ਤੇ 'ਨਸਲਕੁਸ਼ੀ' (Genocide) ਵਜੋਂ ਮਾਨਤਾ ਦੇਣ ਲਈ ਅਮਰੀਕੀ ਕਾਂਗਰਸ (U.S. Congress) ਵਿੱਚ ਇੱਕ ਮਤਾ ਪੇਸ਼ ਕੀਤਾ ਗਿਆ ਹੈ।



U.S. Congressman
David G. Valadao
Representing California's 21St District.

ਕਾਂਗਰਸਮੈਨ ਡੇਵਿਡ ਵਲਾਡਾਓ (R-CA) ਦੁਆਰਾ ਪੇਸ਼ ਕੀਤੇ ਗਏ ਇਸ ਮਤੇ (H.R. 841) ਦਾ ਮਕਸਦ ਚਾਰ ਦਹਾਕਿਆਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਪੀੜਤਾਂ ਨੂੰ ਨਿਆਂ ਦਿਵਾਉਣ ਦੀ ਮੰਗ ਨੂੰ ਮਜ਼ਬੂਤ ਕਰਨਾ ਹੈ।

**ਦੁਨੀਆਂ ਭਰ ਦੇ ਸਿੱਖਾਂ ਲਈ ਵੱਡੀ ਖਬਰ**

ਪ੍ਰਮੁੱਖ ਸਿੱਖ ਜਥੇਬੰਦੀ ਅਮੈਰੀਕਨ ਸਿੱਖ ਕਾਕਸ ਕਮੇਟੀ, ਸਿੱਖ ਕੋਲੀਸ਼ਨ', ਇਨਸਾਫ਼ (Ensaaf), ਜਕਾਰਾ ਮੂਵਮੈਂਟ, ਸੈਲਡੇਫ (SALDEF), ਯੂਨਾਈਟਿਡ ਸਿੱਖਸ ਅਤੇ ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਨੇ ਦੁਨੀਆ ਭਰ ਦੀ ਸਿੱਖ ਸੰਗਤ ਨੂੰ ਤੁਰੰਤ ਕਾਰਵਾਈ (TAKE ACTION) ਕਰਨ ਦਾ ਸੱਦਾ ਦਿੰਦਿਆਂ ਅਪੀਲ ਕੀਤੀ ਹੈ

(ਦੇਖੋ ਸਫ਼ਾ 32 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com



ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property



Property Address : 27022 River Roadm, Newman CA 95260.



## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਜਥੇਦਾਰ ਗੜਗੱਜ ਕਰਤਾਰਪੁਰ ਸਾਹਿਬ 'ਚ ਨਤਮਸਤਕ

## ਭਾਰਤ ਤੇ ਪਾਕਿਸਤਾਨ ਵਿਚਾਲੇ ਅਮਨ-ਸ਼ਾਂਤੀ ਲਈ ਅਰਦਾਸ ਕੀਤੀ; ਕੇਂਦਰ ਸਰਕਾਰ ਨੂੰ ਲਾਂਘਾ ਖੋਲ੍ਹਣ ਦੀ ਅਪੀਲ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਜੋ ਸਿੱਖ ਜਥੇ ਨਾਲ ਪਾਕਿਸਤਾਨ ਗਏ ਹੋਏ ਹਨ, ਸੰਧਿਆ ਵੇਲੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਏ ਹਨ। ਇਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਲਹਿੰਦੇ ਪੰਜਾਬ ਦੇ ਮੰਤਰੀ ਰਮੇਸ਼ ਸਿੰਘ ਅਰੋੜਾ, ਸ੍ਰੀ ਕਰਤਾਰਪੁਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੋਬਿੰਦ ਸਿੰਘ ਸਮੇਤ ਸਥਾਨਕ ਸਿੱਖਾਂ ਤੇ ਗੁਰੂ ਘਰ ਦੇ ਸੇਵਾਦਾਰਾਂ ਵੱਲੋਂ ਜਥੇਦਾਰ ਗੜਗੱਜ ਦਾ ਗੁਲਦਸਤੇ ਦੇ ਕੇ ਸੁਆਗਤ ਕੀਤਾ ਗਿਆ। ਗੁਰੂ ਘਰ ਵਿਖੇ ਨਤਮਸਤਕ ਹੋਣ ਉਪਰੰਤ ਜਥੇਦਾਰ ਗੜਗੱਜ ਨੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਜਲਦ ਖੁੱਲ੍ਹਣ ਅਤੇ ਭਾਰਤ ਤੇ ਪਾਕਿਸਤਾਨ ਵਿਚਕਾਰ ਸ਼ਾਂਤੀ ਵਾਲੇ ਸਬੰਧ ਹੋਣ ਲਈ ਅਰਦਾਸ ਕੀਤੀ।

ਜਥੇਦਾਰ ਗੜਗੱਜ ਨੇ ਪੰਜਾਬ -'ਚ ਹੜ੍ਹਾਂ ਦੌਰਾਨ ਸ੍ਰੀ ਕਰਤਾਰਪੁਰ ਸਾਹਿਬ ਸਮੂਹ ਅੰਦਰ ਆਏ ਪਾਣੀ ਅਤੇ ਉਸ ਨੂੰ ਬਾਹਰ ਕੱਢਣ ਸਬੰਧੀ ਜਾਣਕਾਰੀ ਰਮੇਸ਼ ਸਿੰਘ ਅਰੋੜਾ ਪਾਸੋਂ ਲਈ। ਉਨ੍ਹਾਂ ਇਸ ਗੱਲ ਉੱਤੇ ਤਸੱਲੀ ਪ੍ਰਗਟਾਈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਔਕਾਫ਼ ਬੋਰਡ ਤੇ ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ ਕੀਤੇ ਹੜ੍ਹ ਦਾ ਪਾਣੀ ਸਮੇਂ ਸਿਰ ਬਾਹਰ ਕੱਢ ਕੇ ਗੁਰਦੁਆਰਾ ਸਾਹਿਬ ਨੂੰ ਸੰਗਤਾਂ ਲਈ ਫਿਰ ਤੋਂ ਖੋਲ੍ਹਿਆ। ਉਨ੍ਹਾਂ ਦੇਸ਼ ਵਿਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਵਿਸ਼ੇਸ਼ ਅਪੀਲ ਕੀਤੀ ਉਹ ਵੱਧ ਤੋਂ ਵੱਧ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਉਣ। ਜਥੇਦਾਰ ਗੜਗੱਜ ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਹੁਣ ਜਦੋਂ ਦੋਵੇਂ ਦੇਸ਼ਾਂ ਵਿੱਚ ਹਾਲਾਤ ਸੁਖਾਵੇਂ ਹੋ ਰਹੇ ਹਨ ਤਾਂ ਕੇਂਦਰ ਸਰਕਾਰ ਨੂੰ ਜਲਦ ਤੋਂ ਜਲਦ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸ੍ਰੀ ਕਰਤਾਰਪੁਰ ਸਾਹਿਬ ਸਾਹਿਬ ਦਾ ਲਾਂਘਾ ਖੋਲ੍ਹਣਾ ਚਾਹੀਦਾ ਹੈ ਤਾਂ ਜੋ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਗੁਰੂ ਘਰ ਵਿਖੇ ਨਤਮਸਤਕ ਹੋ ਕੇ ਸਕਣ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com




Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences





ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਸਰੀ ਨਿਊਟਨ ਵਿਖੇ ਕੈਨੇਡਾ ਦੇ ਸਾਬਕਾ ਸੈਨਿਕਾਂ ਨੂੰ ਕੀਤਾ ਗਿਆ ਸਨਮਾਨਿਤ







ਸਰੀ : ਸ਼ਾਂਤੀ ਅਤੇ ਆਜ਼ਾਦੀ ਦੀ ਰੱਖਿਆ ਲਈ ਸੇਵਾ ਨਿਭਾਉਣ ਵਾਲੇ ਅਤੇ ਸੇਵਾ ਜਾਰੀ ਰੱਖਣ ਵਾਲੇ ਕੈਨੇਡਾ ਦੇ ਸਾਬਕਾ ਸੈਨਿਕਾਂ ਨੂੰ ਸਨਮਾਨਿਤ ਕਰਨ ਲਈ ਸਰੀ ਦੇ ਨਿਊਟਨ ਇਲਾਕੇ ਵਿੱਚ ਇੱਕ ਵਿਸ਼ੇਸ਼ ਯਾਦਗਾਰੀ ਦਿਵਸ (Remembrance Day) ਸਮਾਗਮ ਰੱਖਿਆ ਗਿਆ। ਇਹ ਸਮਾਗਮ ਸਾਬਕਾ ਸੈਨਿਕਾਂ ਦੀ ਹਿੰਮਤ, ਸਮਰਪਣ ਅਤੇ ਨਿਰਸਵਾਰਥ ਸੇਵਾ ਨੂੰ ਯਾਦ ਕਰਨ ਲਈ ਆਯੋਜਿਤ ਕੀਤਾ ਗਿਆ ਸੀ, ਜੋ ਸਾਨੂੰ ਇੱਕ ਵਧੇਰੇ ਸ਼ਾਂਤੀਪੂਰਨ ਅਤੇ ਨਿਆਂਪੂਰਨ ਸੰਸਾਰ ਲਈ ਏਕਤਾ ਅਤੇ ਹਮਦਰਦੀ ਦੀ ਮਹੱਤਤਾ ਦੀ ਯਾਦ ਦਿਵਾਉਂਦੇ ਹਨ। ਇਹ ਸੇਵਾ ਨਿਊਟਨ ਸੀਨੀਅਰ ਸੈਂਟਰ (Newton Senior Centre) ਵਿਖੇ ਆਯੋਜਿਤ ਕੀਤੀ ਗਈ, ਜੋ ਕਿ 13775 701 ਐਵੇਨਿਊ 'ਤੇ ਸਥਿਤ ਹੈ। ਇਸ ਸਮਾਗਮ ਦੀ ਮੇਜ਼ਬਾਨੀ 'ਗਰਲ ਗਾਈਡਜ਼ ਆਫ਼ ਕੈਨੇਡਾ' (Girl Guides of Canada) ਵੱਲੋਂ ਕੀਤੀ ਗਈ। ਇਹ ਸੇਵਾ ਸਵੇਰੇ 10:30 ਵਜੇ ਸ਼ੁਰੂ ਹੋਈ। ਇਹ ਸਮਾਗਮ ਸਰੀ ਸ਼ਹਿਰ ਭਰ ਵਿੱਚ ਹੋਣ ਵਾਲੇ ਕਈ ਯਾਦਗਾਰੀ ਦਿਵਸ ਸਮਾਗਮਾਂ ਵਿੱਚੋਂ ਇੱਕ ਸੀ, ਜਿੱਥੇ ਭਾਈਚਾਰੇ ਦੇ ਲੋਕਾਂ ਨੇ ਦੇਸ਼ ਲਈ ਆਪਣਾ ਯੋਗਦਾਨ ਪਾਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਅਮਰੀਕਾ 'ਚ ਆਂਧਰਾ ਪ੍ਰਦੇਸ਼ ਦੇ 23 ਸਾਲਾ ਵਿਦਿਆਰਥਣ ਦੀ ਰਹੱਸਮਈ ਮੌਤ

ਅਮਰੀਕਾ ਦੇ ਟੈਕਸਾਸ ਵਿੱਚ ਇੱਕ 23 ਸਾਲਾ ਭਾਰਤੀ ਵਿਦਿਆਰਥਣ ਦੀ ਮੌਤ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਆਂਧਰਾ ਪ੍ਰਦੇਸ਼ ਦੀ ਰਹਿਣ ਵਾਲੀ ਰਾਜਲਕਸ਼ਮੀ (ਰਾਜੀ) ਯਾਰਲਾਗੱਡਾ ਜੋ ਕਿ ਟੈਕਸਾਸ ਏ ਐਂਡ ਐਮ ਯੂਨੀਵਰਸਿਟੀ-ਕਾਰਪਸ ਕ੍ਰਿਸਟੀ ਤੋਂ ਹਾਲ ਹੀ ਵਿੱਚ ਗ੍ਰੈਜੂਏਟ ਹੋਈ ਸੀ। ਉਹ ਅਮਰੀਕਾ ਵਿੱਚ ਨੌਕਰੀ ਦੀ ਭਾਲ ਵਿੱਚ ਸੀ , ਪਰ ਉਸਦੀ ਲਾਸ਼ 7 ਨਵੰਬਰ, 2025 ਨੂੰ ਉਸਦੇ ਅਪਾਰਟਮੈਂਟ ਵਿੱਚ ਮਿਲੀ।



ਰਾਜੀ ਆਂਧਰਾ ਪ੍ਰਦੇਸ਼ ਦੇ ਬਾਪਟਲਾ ਜ਼ਿਲ੍ਹੇ ਦੇ ਕਰਮਚੇਡੂ ਪਿੰਡ ਦੀ ਰਹਿਣ ਵਾਲੀ ਸੀ ਅਤੇ ਆਪਣੇ ਕਿਸਾਨ ਮਾਪਿਆਂ ਦੀ ਮਦਦ ਕਰਨ ਦੇ ਸੁਪਨੇ ਨਾਲ ਅਮਰੀਕਾ ਗਈ ਸੀ। ਉਸਦੇ ਚਚੇਰੇ ਭਰਾ, ਚੈਤਨਿਆ ਵਾਈਵੀਕੇ ਨੇ ਕਿਹਾ ਕਿ ਰਾਜੀ ਪਿਛਲੇ ਦੋ ਜਾਂ ਤਿੰਨ ਦਿਨਾਂ ਤੋਂ ਤੇਜ਼ ਖੰਘ ਅਤੇ ਛਾਤੀ ਵਿੱਚ ਦਰਦ ਤੋਂ ਪੀੜਤ ਸੀ। ਉਸਦਾ ਅਲਾਰਮ 7 ਨਵੰਬਰ ਦੀ ਸਵੇਰ ਨੂੰ ਵੱਜਿਆ, ਪਰ ਉਹ ਨਹੀਂ ਉੱਠੀ। ਦੋਸਤਾਂ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਸਦੀ ਨੀਂਦ ਵਿੱਚ ਮੌਤ ਹੋ ਗਈ ਹੈ।

**ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕੋਸ਼ਿਸ਼ :** ਇਹ ਧਿਆਨ ਦੇਣ ਯੋਗ ਹੈ ਕਿ ਰਾਜੀ ਦੀ ਲਾਸ਼ ਦੀ ਇਸ ਸਮੇਂ ਅਮਰੀਕਾ ਵਿੱਚ ਡਾਕਟਰੀ ਜਾਂਚ ਕੀਤੀ ਜਾ ਰਹੀ ਹੈ। ਡਾਕਟਰਾਂ ਦੀ ਇੱਕ ਟੀਮ ਸਹੀ ਕਾਰਨ ਦਾ ਪਤਾ ਲਗਾਉਣ ਲਈ ਕੰਮ ਕਰ ਰਹੀ ਹੈ। ਚੈਤਨਿਆ ਦੇ ਅਨੁਸਾਰ, ਰਾਜੀ ਇਕੱਲੀ ਰਹਿੰਦੀ ਸੀ ਅਤੇ ਆਪਣੀ ਬਿਮਾਰੀ ਦੇ ਬਾਵਜੂਦ, ਕਿਸੇ ਨੂੰ ਬਹੁਤ ਕੁਝ ਨਹੀਂ ਦੱਸਦੀ ਸੀ। ਉਸਦੀ ਅਚਾਨਕ ਮੌਤ ਸਾਰਿਆਂ ਲਈ ਹੈਰਾਨ ਕਰਨ ਵਾਲੀ ਹੈ। ਪਰਿਵਾਰ ਨੂੰ ਉਮੀਦ ਹੈ ਕਿ ਜਾਂਚ ਸੱਚਾਈ ਦਾ ਖੁਲਾਸਾ ਕਰੇਗੀ।

ਰਾਜ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਨੌਕਰੀ ਲੱਭਣ ਲਈ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ। ਉਹ ਆਪਣੇ ਮਾਪਿਆਂ ਦੀ ਇੱਕੋ ਇੱਕ ਉਮੀਦ ਸੀ। ਰਾਜੀ ਦਾ ਸੁਪਨਾ ਇੱਕ ਚੰਗੀ ਨੌਕਰੀ ਪ੍ਰਾਪਤ ਕਰਨਾ ਅਤੇ ਆਪਣੇ ਮਾਪਿਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਸੀ। ਪਰ ਉਹ ਸੁਪਨਾ ਹੁਣ ਚਕਨਾਚੂਰ ਹੋ ਗਿਆ ਹੈ।

## 63 ਫੀਸਦੀ ਨੌਜਵਾਨ ਛੱਡਣਾ ਚਾਹੁੰਦੇ ਨੇ ਅਮਰੀਕਾ

ਵਾਸ਼ਿੰਗਟਨ : ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ 'ਚ ਨੌਜਵਾਨ ਪੀੜ੍ਹੀ ਦਾ ਆਪਣੇ ਦੇਸ਼ ਤੋਂ ਮੋਹ ਭੰਗ ਹੋ ਰਿਹਾ ਹੈ। ਅਮਰੀਕੀ ਮਨੋਵਿਗਿਆਨਕ ਐਸੋਸੀਏਸ਼ਨ ਵੱਲੋਂ ਕੀਤੇ ਗਏ ਇੱਕ ਨਵੇਂ ਸਰਵੇਖਣ ਅਨੁਸਾਰ, 18 ਤੋਂ 34 ਸਾਲ ਦੀ ਉਮਰ ਵਰਗ ਦੇ ਲਗਭਗ 63 ਫੀਸਦੀ ਨੌਜਵਾਨ ਹੁਣ ਅਮਰੀਕਾ ਛੱਡਣ ਬਾਰੇ ਵਿਚਾਰ ਕਰ ਰਹੇ ਹਨ। ਇਸ ਅੰਕੜੇ ਨੇ ਮਾਹਰਾਂ ਦੀ ਚਿੰਤਾ ਵਧਾ ਦਿੱਤੀ ਹੈ, ਕਿਉਂਕਿ ਪਿਛਲੇ ਸਾਲ ਇਹ ਅੰਕੜਾ ਸਿਰਫ 41 ਫੀਸਦੀ ਸੀ। ਇਸ ਵੱਡੇ ਵਾਧੇ ਪਿੱਛੇ ਮੁੱਖ ਕਾਰਨਾਂ ਵਿਚ ਵਿੱਤੀ ਸੰਕਟ, ਰਾਜਨੀਤਿਕ ਅਸਥਿਰਤਾ, ਵਧਦੀ ਮਹਿੰਗਾਈ ਤੇ ਜਲਵਾਯੂ ਸੰਕਟ ਸ਼ਾਮਲ ਹਨ।

ਰਿਪੋਰਟਾਂ ਅਨੁਸਾਰ, ਕੋਵਿਡ-19 ਮਹਾਮਾਰੀ ਤੋਂ ਬਾਅਦ ਆਰਥਿਕ ਚੁਣੌਤੀਆਂ ਤੇ ਬੇਰੁਜ਼ਗਾਰੀ 'ਚ ਵਾਧੇ ਨੇ ਸਥਿਤੀ ਨੂੰ ਹੋਰ ਵੀ



ਵਿਗਾੜ ਦਿੱਤਾ ਹੈ। ਇਸ ਦੇ ਨਾਲ ਹੀ ਕੰਮ ਦਾ ਜ਼ਿਆਦਾ ਤਣਾਅ (ਵਰਕ ਸਟਰੈੱਸ) ਵੀ ਇੱਕ ਵੱਡੀ ਵਜ੍ਹਾ ਹੈ। ਸਰਵੇਖਣ 'ਚ ਸ਼ਾਮਲ ਦਸਾਂ 'ਚੋਂ ਨੌਂ ਅਮਰੀਕੀ ਕਰਮਚਾਰੀਆਂ ਨੇ ਦੱਸਿਆ ਕਿ ਉਹ ਕੰਮ ਦੇ ਬੋਝ ਅਤੇ ਵਧਦੀਆਂ ਜ਼ਿੰਮੇਵਾਰੀਆਂ ਕਾਰਨ ਮਾਨਸਿਕ ਤੌਰ 'ਤੇ ਥੱਕ ਚੁੱਕੇ ਹਨ।

ਨੌਜਵਾਨਾਂ ਦੀ ਚਿੰਤਾ ਦੇ 5 ਮੁੱਖ ਕਾਰਨ ਸਾਹਮਣੇ ਆਏ ਹਨ, ਜੋ ਉਨ੍ਹਾਂ ਨੂੰ ਦੇਸ਼ ਛੱਡਣ ਲਈ ਪ੍ਰੇਰਿਤ ਕਰ ਰਹੇ ਹਨ, ਜਿਵੇਂ ਕਿ ਸਿਹਤ ਬੀਮਾ ਤੇ ਸਿਹਤ ਖਰਚਿਆਂ 'ਚ ਭਾਰੀ ਵਾਧਾ, ਮਹਿੰਗਾਈ ਦਰ ਤੇ ਊਰਜਾ ਖਰਚਿਆਂ 'ਚ ਤੇਜ਼ੀ, ਖਾਣ-ਪੀਣ ਦੀਆਂ ਵਸਤੂਆਂ ਦੀਆਂ ਕੀਮਤਾਂ 'ਚ ਵਾਧਾ, ਵੱਡੇ ਪੱਧਰ 'ਤੇ ਸਮੂਹਿਕ ਛਾਂਟੀ ਤੇ ਨੌਕਰੀ ਦੀ ਅਨਿਸ਼ਚਿਤਤਾ ਅਤੇ ਸਰਕਾਰੀ ਫੈਸਲਿਆਂ ਦੀ ਅਨਿਸ਼ਚਿਤਤਾ ਤੇ ਸ਼ਟਡਾਊਨ ਵਰਗੀਆਂ ਘਟਨਾਵਾਂ, ਜਿਨ੍ਹਾਂ ਨੇ ਨੌਜਵਾਨਾਂ ਨੂੰ ਅਸੁਰੱਖਿਅਤ ਮਹਿਸੂਸ ਕਰਵਾਇਆ ਹੈ।

ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਭੋਜਨ ਤੇ ਹੋਰ ਸਰਕਾਰੀ ਸਹਾਇਤਾ ਤੋਂ ਵੀ ਵਾਂਝੇ ਰਹਿਣਾ ਪੈ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦੇ ਰੋਜ਼ਾਨਾ ਜੀਵਨ 'ਚ ਤਣਾਅ ਲਗਾਤਾਰ ਵਧ ਰਿਹਾ ਹੈ।

## ਭਾਰਤ ਨਾਲ ਵਪਾਰ ਸਮਝੌਤਾ ਕਰਨ ਦੇ 'ਬੇਹੱਦ ਨੇੜੇ' ਹੈ ਅਮਰੀਕਾ : ਟਰੰਪ

ਨਿਊਯਾਰਕ/ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਭਾਰਤ ਨਾਲ ਨਿਰਪੱਖ ਵਪਾਰ ਸਮਝੌਤੇ 'ਤੇ ਪਹੁੰਚਣ ਦੇ 'ਬੇਹੱਦ ਨੇੜੇ' ਹੈ। ਉਹ 'ਕਿਸੇ ਵੀ ਸਮੇਂ' ਭਾਰਤ 'ਤੇ ਲਾਏ ਗਏ ਟੈਰਿਫ ਨੂੰ ਘਟਾ ਦੇਣਗੇ। ਇਹ 2 ਹਫ਼ਤਿਆਂ ਤੋਂ ਵੀ ਘੱਟ ਸਮੇਂ 'ਚ ਦੂਜੀ ਵਾਰ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਨੇ ਉਮੀਦ ਪ੍ਰਗਟਾਈ ਹੈ ਕਿ ਭਾਰਤ ਨਾਲ ਪ੍ਰਸਤਾਵਿਤ ਦੁਵੱਲੇ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਟਰੰਪ ਦਾ ਇਹ ਬਿਆਨ ਕਿੰਨਾ ਕੁ ਸਾਰਥਕ ਹੈ ਜਾਂ ਦੋਵਾਂ ਧਿਰਾਂ ਦਰਮਿਆਨ ਲੇਬੇ ਸਮੇ ਤੋਂ ਉਡੀਕੇ ਜਾ ਰਹੇ ਸਮਝੌਤੇ ਲਈ ਗੱਲਬਾਤ 'ਚ ਕਿਨੀ ਕੁ ਪ੍ਰਗਤੀ ਹੋਈ ਹੈ। ਟਰੰਪ ਨੇ ਸੋਮਵਾਰ ਕਿਹਾ ਕਿ ਅਸੀਂ ਭਾਰਤ ਨਾਲ ਇਕ ਸੌਦਾ ਕਰ ਰਹੇ ਹਾਂ। ਇਹ ਪਹਿਲਾਂ ਨਾਲੋਂ ਬਹੁਤ ਵੱਖਰਾ ਹੈ। ਉਹ ਅਜੇ ਮੈਨੂੰ ਪਸੰਦ ਨਹੀਂ ਕਰਦੇ ਪਰ ਦੁਬਾਰਾ ਪਸੰਦ ਕਰਨਗੇ। ਉਨ੍ਹਾਂ ਇਹ ਟਿੱਪਣੀਆਂ ਓਵਲ ਦਫ਼ਤਰ 'ਚ ਇਕ ਸਮਾਗਮ ਦੌਰਾਨ ਕੀਤੀਆਂ, ਜਿੱਥੇ ਉਪ-ਰਾਸ਼ਟਰਪਤੀ ਜੇ. ਡੀ. ਵੈਂਸ ਨੇ ਸਰਜੀਓ ਗੋਰ ਨੂੰ ਭਾਰਤ 'ਚ ਨਵੇਂ ਅਮਰੀਕੀ ਰਾਜਦੂਤ ਵਜੋਂ ਸਹੁੰ ਚੁਕਾਈ। ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ 'ਚ ਇਕ ਅਹਿਮ ਆਰਥਿਕ ਅਤੇ ਰਣਨੀਤਕ ਸੁਰੱਖਿਆ ਭਾਈਵਾਲ ਦੱਸਦਿਆਂ ਟਰੰਪ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅਮਰੀਕਾ ਦੇ ਸ਼ਾਨਦਾਰ ਸਬੰਧ ਹਨ।

## 2020 ਦੀਆਂ ਚੋਣਾਂ ਦੇ ਦੋਸ਼ੀ ਭਾਰਤੀ ਮੂਲ ਦੇ ਵਿਅਕਤੀ ਨੂੰ ਟਰੰਪ ਨੇ ਦਿੱਤੀ ਮੁਆਫ਼ੀ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ-ਅਮਰੀਕੀ ਰਿਪਬਲਿਕਨ ਪਾਰਟੀ ਦੇ ਕਾਰਕੁਨ ਸੀ.ਬੀ. ਚੰਦਰ ਯਾਦਵ ਨੂੰ ਅਗਾਊਂ ਮੁਆਫ਼ੀ ਦੇ ਦਿੱਤੀ ਹੈ। ਇਹ ਮੁਆਫ਼ੀ ਕਈ ਹੋਰ ਉੱਚ-ਪ੍ਰੋਫਾਈਲ ਰਾਜਨੀਤਿਕ ਹਸਤੀਆਂ ਦੇ ਨਾਲ ਦਿੱਤੀ ਗਈ ਹੈ। ਜਿਨ੍ਹਾਂ 'ਤੇ 2020 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਦੀਆਂ ਟਰੰਪ ਦੀਆਂ ਕੋਸ਼ਿਸ਼ਾਂ 'ਚ ਸ਼ਾਮਲ ਹੋਣ ਦਾ ਦੋਸ਼ ਹੈ। ਟਰੰਪ ਵਲੋਂ ਐਲਾਨੀ ਗਈ ਮੁਆਫ਼ੀ ਸੰਘੀ ਅਪਰਾਧਾਂ ਤੱਕ ਸੀਮਤ ਹੈ, ਭਾਵ ਸੰਘੀ ਵਕੀਲ ਭਵਿੱਖ 'ਚ ਉਨ੍ਹਾਂ 'ਤੇ ਦੋਸ਼ ਨਹੀਂ ਲਗਾ ਸਕਦੇ। ਟਰੰਪ ਦੀ ਬੁਲਾਰਨ, ਕੈਰੋਲੀਨ ਲੇਵਿਟ ਨੇ ਕਿਹਾ ਕਿ ਇਨ੍ਹਾਂ ਮਹਾਨ ਅਮਰੀਕੀਆਂ ਨੂੰ ਬਾਇਡੇਨ ਪ੍ਰਸ਼ਾਸਨ ਨੇ ਸਿਰਫ਼ ਲੋਕਤੰਤਰ ਦੇ ਇਕ ਬੁਨਿਆਦੀ ਸਿਧਾਂਤ, ਚੋਣ ਨੂੰ ਚੁਣੌਤੀ ਦੇਣ ਲਈ ਸਤਾਇਆ ਤੇ ਪ੍ਰੇਸ਼ਾਨ ਕੀਤਾ ਗਿਆ ਸੀ ਹਾਲਾਂਕਿ, ਚੰਦਰ ਯਾਦਵ ਨੂੰ ਜਾਰਜੀਆ 'ਚ ਰਾਜ-ਪੱਧਰੀ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਟਰੰਪ ਦੀ ਮੁਆਫ਼ੀ ਰਾਜ ਦੇ ਮਾਮਲਿਆਂ 'ਤੇ ਲਾਗੂ ਨਹੀਂ ਹੁੰਦੀ। ਅਮਰੀਕੀ ਨਿਆਂ ਪ੍ਰਣਾਲੀ 'ਚ ਸੰਘੀ ਤੇ ਰਾਜ ਦੇ ਮੁਕੱਦਮੇ ਵੱਖਰੇ ਹਨ। ਇਸ ਮੁਆਫ਼ੀ ਨੂੰ ਪ੍ਰਤੀਕਾਤਮਕ ਮੰਨਿਆ ਜਾਂਦਾ ਹੈ ਕਿਉਂਕਿ ਇਹ ਬਹੁਤ ਘੱਟ ਸੰਭਾਵਨਾ ਹੈ ਕਿ ਸੰਘੀ ਵਕੀਲ ਹੁਣ ਉਨ੍ਹਾਂ 'ਤੇ ਮੁਕੱਦਮਾ ਚਲਾਉਣਗੇ।



ਜ਼ਿਕਰਯੋਗ ਹੈ ਕਿ 2023 'ਚ ਜਾਰਜੀਆ ਦੀ ਇਕ ਗ੍ਰੈਂਡ ਜਿਊਰੀ ਨੇ ਯਾਦਵ ਤੇ 38 ਹੋਰਾਂ ਨੂੰ ਚੋਣ ਦਖਲਅੰਦਾਜ਼ੀ ਲਈ ਦੋਸ਼ੀ ਠਹਿਰਾਉਣ ਦੀ ਸਿਫਾਰਸ਼ ਕੀਤੀ, ਪਰ ਸਥਾਨਕ ਵਕੀਲਾਂ ਨੇ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ।

## ਮਹਿੰਗਾਈ ਦੀ ਮਾਰ ਕਾਰਨ ਪਹਿਲੀ ਵਾਰ ਖਰੀਦਦਾਰੀ ਕਰਨ ਵਾਲਿਆਂ ਦੀ ਗਿਣਤੀ ਘਟੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਵਿੱਚ ਮਹਿੰਗਾਈ ਦੀ ਮਾਰ ਕਾਰਨ ਪਹਿਲੀ ਵਾਰ ਖਰੀਦਦਾਰੀ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਘਟੀ ਹੈ। ਪਹਿਲੀ ਵਾਰ ਖਰੀਦਦਾਰੀ ਕਰਨ ਵਾਲੇ ਲੋਕ ਬਜ਼ਾਰ ਵਿਚੋਂ ਗਾਇਬ ਹੋ ਗਏ ਹਨ ਤੇ ਇਹ ਸਭ ਤੋਂ ਹੇਠਲੇ ਪੱਧਰ 'ਤੇ ਖਿਸਕ ਗਏ ਹਨ। ਨੈਸ਼ਨਲ ਐਸੋਸੀਏਸ਼ਨ ਆਫ ਰਿਟੇਲਰਜ ਨੇ ਜਾਰੀ ਘਰੇਲੂ ਖਰੀਦਦਾਰਾਂ ਤੇ ਵਿਕ੍ਰੇਤਾ ਬਾਰੇ ਆਪਣੀ 2025 ਦੀ ਪ੍ਰੋਫਾਈਲ ਵਿੱਚ ਕਿਹਾ ਹੈ ਕਿ ਜੂਨ 2025 ਨੂੰ ਖਤਮ ਹੋਏ ਸਾਲ ਦੌਰਾਨ ਕੇਵਲ 21 % ਲੋਕਾਂ ਨੇ ਪਹਿਲੀ ਵਾਰ ਖਰੀਦਦਾਰੀ ਕੀਤੀ। ਇਸ ਤੋਂ ਪਹਿਲਾਂ 1981 ਵਿੱਚ ਸਭ ਤੋਂ ਘੱਟ 38% ਲੋਕਾਂ ਨੇ ਪਹਿਲੀ ਵਾਰ ਖਰੀਦਦਾਰੀ ਕੀਤੀ ਸੀ। ਨੈਸ਼ਨਲ ਐਸੋਸੀਏਸ਼ਨ ਆਫ ਰਿਟੇਲਰਜ ਦੀ ਆਰਥਕ ਮਾਹਿਰ ਉੱਪ ਮੁਖੀ ਜੈਸੀਕਾ ਲਾਊਟਜ਼ ਨੇ ਕਿਹਾ ਹੈ ਕਿ ਘਰੇਲੂ ਖਰੀਦਦਾਰੀ ਡਗਮਗਾ ਗਈ ਹੈ। ਇਸ ਦਾ ਸਿੱਧਾ ਅਰਥ ਹੈ ਕਿ ਲੋਕ ਮਹਿੰਗਾਈ ਦੀ ਮਾਰ ਝਲਣ ਵਿੱਚ ਅਸਮਰਥ ਨਜਰ ਆ ਰਹੇ ਹਨ। ਉਨਾਂ ਦੀ ਆਮਦਨ ਘਟੀ ਹੈ ਜਦ ਕਿ ਇਸ ਦੇ ਉਲਟ ਬਜਾਰ ਮਹਿੰਗਾ ਹੋ ਗਿਆ ਹੈ।

## ਟਰੰਪ ਪ੍ਰਸ਼ਾਸਨ ਨੇ ਹੁਣ ਤੱਕ 80000 ਗੈਰ ਪ੍ਰਵਾਸੀ ਵੀਜੇ ਕੀਤੇ ਰੱਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਟਰੰਪ ਪ੍ਰਸ਼ਾਸਨ 20 ਜਨਵਰੀ 2025 ਨੂੰ ਸੱਤਾ ਸੰਭਾਲਣ ਉਪਰੰਤ ਹੁਣ ਤੱਕ ਅੰਦਾਜਨ 80000 ਗੈਰ ਪ੍ਰਵਾਸੀ ਵੀਜ਼ੇ ਰੱਦ ਕਰ ਚੁੱਕਾ ਹੈ। ਇਹ ਜਾਣਕਾਰੀ ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉਪਰ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਜਿਨਾਂ ਲੋਕਾਂ ਦੇ ਵੀਜੇ ਰੱਦ ਕੀਤੇ ਗਏ ਹਨ ਉਨ੍ਹਾਂ ਵਿੱਚ 16000 ਵੀਜੇ ਨਸ਼ਾ ਕਰਕੇ ਗੱਡੀ ਚਲਾਉਣ ਵਾਲਿਆਂ, 12000 ਹਮਲੇ ਕਰਨ ਤੇ 8000 ਵੀਜੇ ਚੋਰੀ ਕਰਨ ਵਾਲਿਆਂ ਦੇ ਸ਼ਾਮਿਲ ਹਨ। ਵਿਦੇਸ਼ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਅਪਰਾਧਕ ਗਤੀਵਿਧੀਆਂ ਤੋਂ ਇਲਾਵਾ ਹੋਰ ਲੋਕਾਂ ਦੇ ਵੀ ਵੀਜੇ ਰੱਦ ਕੀਤੇ ਗਏ ਹਨ। ਬੁਲਾਰੇ ਨੇ ਕਿਹਾ ਹੈ ਕਿ 6000 ਤੋਂ ਵਧ ਵਿਦਿਆਰਥੀਆਂ ਦੇ ਵੀਜੇ ਮਿਆਦ ਖਤਮ ਹੋਣ ਦੇ ਬਾਵਜੂਦ ਅਮਰੀਕਾ ਵਿੱਚ ਟਿਕੇ ਰਹਿਣ ਕਾਰਨ ਰੱਦ ਕੀਤੇ ਗਏ ਹਨ। ਇਸ ਤੋਂ ਇਲਾਵਾ ਉਨਾਂ ਲੋਕਾਂ ਦੇ ਵੀਜੇ ਵੀ ਰੱਦ ਕੀਤੇ ਗਏ ਹਨ ਜਿਨਾਂ ਦੀਆਂ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਸਰਕਾਰ ਨੂੰ ਰਾਸ ਨਹੀਂ ਆਈਆਂ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਨਵੇਂ ਰਾਜਦੂਤ ਗੋਰ ਭਾਰਤ ਨਾਲ ਅਮਰੀਕਾ ਦੇ ਸੰਬੰਧਾਂ ਨੂੰ ਮਜ਼ਬੂਤ ਕਰਨਗੇ : ਟਰੰਪ



ਨਿਊਯਾਰਕ/ਵਾਸ਼ਿੰਗਟਨ : ਟਰੰਪ ਦੇ ਚੋਟੀ ਦੇ ਸਹਾਇਕ ਸਰਜੀਓ ਗੋਰ ਨੂੰ ਭਾਰਤ 'ਚ ਅਮਰੀਕੀ ਰਾਜਦੂਤ ਵਜੋਂ ਸਹੁੰ ਚੁਕਾਈ ਗਈ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਅਹੁਦੇ ਨੂੰ 'ਵੱਡੀ ਗੱਲ' ਕਿਹਾ ਤੇ ਜ਼ੋਰ ਦੇ ਕੇ ਕਿਹਾ ਕਿ ਉਹ ਵਾਸ਼ਿੰਗਟਨ ਦੇ 'ਸਭ ਤੋਂ ਮਹੱਤਵਪੂਰਨ ਅੰਤਰਰਾਸ਼ਟਰੀ ਸਬੰਧਾਂ' 'ਚੋਂ ਇਕ ਨੂੰ ਮਜ਼ਬੂਤ ਕਰਨ 'ਚ ਮਦਦ ਕਰਨ ਲਈ ਨਵੇਂ ਰਾਜਦੂਤ ਨੂੰ ਸੌਂਪ ਰਹੇ ਹਨ। ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਸੋਮਵਾਰ ਨੂੰ ਓਵਲ ਦਫ਼ਤਰ ਵਿਖੇ ਇਕ ਵਿਸ਼ੇਸ਼ ਸਮਾਰੋਹ 'ਚ ਗੋਰ ਨੂੰ ਅਹੁਦੇ ਦੀ ਸਹੁੰ ਚੁਕਾਈ। ਟਰੰਪ ਨੇ ਸਮਾਰੋਹ ਦੀ ਪ੍ਰਧਾਨਗੀ ਕੀਤੀ, ਜਿਸ 'ਚ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਖਜ਼ਾਨਾ ਸਕੱਤਰ ਸਕਾਟ ਬੇਸੈਂਟ, ਅਮਰੀਕੀ ਅਟਾਰਨੀ ਜਨਰਲ ਪੈਮ ਬੋਂਡੀ, ਕੋਲੰਬੀਆ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਜੀਨਾਈਨ ਪਿਰੋ, ਨਾਲ ਹੀ ਸੈਨੇਟਰ ਲਿੰਡਸੇ ਗ੍ਰਾਹਮ ਤੇ ਰਾਜਨੀਤਿਕ ਕਾਰਕੁਨ ਚਾਰਲੀ ਕਿਰਕ ਦੀ ਵਿਧਵਾ, ਏਰਿਕਾ ਕਿਰਕ, ਹੋਰ ਅਧਿਕਾਰੀਆਂ ਤੇ ਕਾਨੂੰਨਸਾਜ਼ਾਂ ਨੇ ਸ਼ਿਰਕਤ ਕੀਤੀ। ਹਾਜ਼ਰ ਲੋਕਾਂ ਨੇ ਗੋਰ ਦੇ ਸਹੁੰ ਚੁੱਕ ਸਮਾਗਮ ਦਾ ਸਵਾਗਤ ਤਾੜੀਆਂ ਨਾਲ ਕੀਤਾ। ਇਸ ਮੌਕੇ ਟਰੰਪ ਨੇ ਕਿਹਾ ਕਿ ਹੁਣ ਮੈਂ ਸਰਜੀਓ 'ਤੇ ਭਰੋਸਾ ਕਰ ਰਿਹਾ ਹਾਂ ਕਿ ਉਹ ਸਾਡੇ ਦੇਸ਼ ਦੇ ਸਭ ਤੋਂ ਮਹੱਤਵਪੂਰਨ ਅੰਤਰਰਾਸ਼ਟਰੀ ਸਬੰਧਾਂ 'ਚੋਂ ਇਕ (ਭਾਰਤ ਨਾਲ ਰਣਨੀਤਕ ਭਾਈਵਾਲੀ) ਨੂੰ ਮਜ਼ਬੂਤ ਕਰਨ 'ਚ ਮਦਦ ਕਰੇਗਾ।

# ਟਰੰਪ ਵਲੋਂ ਬੀ.ਬੀ.ਸੀ. 'ਤੇ 1 ਅਰਬ ਡਾਲਰ ਦਾ ਮੁਕੱਦਮਾ ਕਰਨ ਦੀ ਧਮਕੀ

ਲੰਡਨ : ਬਰਤਾਨੀਆ ਦੀ ਸਰਕਾਰ ਬੀ.ਬੀ.ਸੀ. ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਝਗੜੇ ਵਿਚਕਾਰ ਫਸੀ ਹੋਈ ਜਾਪ ਰਹੀ ਹੈ। ਸੱਭਿਆਚਾਰ ਸਕੱਤਰ ਲੀਜ਼ਾ ਨੰਦੀ ਹਾਊਸ ਆਫ ਕਾਮਨਜ਼ 'ਚ ਬੀ.ਬੀ.ਸੀ. ਸੰਕਟ 'ਤੇ ਇਕ ਬਿਆਨ ਦੇਣ ਲਈ ਤਿਆਰ ਸੀ। ਇਸ ਦੌਰਾਨ ਆਲੋਚਕਾਂ ਨੇ ਕਾਰਪੋਰੇਸ਼ਨ 'ਚ ਵੱਡੇ ਬਦਲਾਅ ਦੀ ਮੰਗ ਕੀਤੀ। ਜਦਕਿ ਸਮਰਥਕਾਂ ਨੇ ਸਰਕਾਰ ਨੂੰ ਬੀ.ਬੀ.ਸੀ. ਨੂੰ ਰਾਜਨੀਤਿਕ ਦਖਲਅੰਦਾਜ਼ੀ ਤੋਂ ਬਚਾਉਣ ਦੀ ਅਪੀਲ ਕੀਤੀ। ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਨੇ ਬੀ.ਬੀ.ਸੀ. ਨੂੰ ਸ਼ੁੱਕਰਵਾਰ ਤੱਕ ਦਾ ਸਮਾਂ ਦਿੱਤਾ ਤੇ ਕਿਹਾ ਕਿ ਜੇ ਬੀ.ਬੀ.ਸੀ. ਨੇ ਮੁਆਫ਼ੀ ਮੰਗ ਕੇ ਮੁਆਵਜ਼ਾ ਨਹੀਂ ਦਿੱਤਾ ਤਾਂ ਬੀ.ਬੀ.ਸੀ. 'ਤੇ 1 ਅਰਬ ਡਾਲਰ ਦਾ ਮੁਕੱਦਮਾ ਦਾਇਰ ਕਰਨਗੇ। ਹਾਲਾਂਕਿ, ਟਰੰਪ ਦੀ ਕਾਨੂੰਨੀ ਧਮਕੀ 'ਤੇ ਬਰਤਾਨੀਆ ਸਰਕਾਰ ਨੇ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ। ਉਕਤ ਮਾਮਲੇ 'ਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਕਿਹਾ ਕਿ 'ਇਹ ਬੀ.ਬੀ.ਸੀ ਦਾ ਮਾਮਲਾ ਹੈ, ਇਹ ਪੁੱਛੇ ਜਾਣ 'ਤੇ ਕਿ ਕੀ ਸਰਕਾਰ ਕਿਸੇ ਵੀ




ਅਦਾਲਤ ਵਲੋਂ ਅਮਰੀਕੀ ਰਾਸ਼ਟਰਪਤੀ ਨੂੰ ਦਿੱਤੇ ਜਾਣ ਵਾਲੇ ਹਰਜਾਨੇ ਲਈ ਭੁਗਤਾਨ ਕਰਨ 'ਚ ਮਦਦ ਕਰੇਗੀ, ਤਾਂ ਉਨ੍ਹਾਂ ਕਿਹਾ ਕਿ ਇਹ ਇਕ ਕਾਲਪਨਿਕ ਸਵਾਲ ਹੈ। ਬੁਲਾਰੇ ਨੇ ਕਿਹਾ ਕਿ ਸਾਡੀ ਸਥਿਤੀ ਸਪਸ਼ਟ ਹੈ, ਬੀ.ਬੀ.ਸੀ. ਸੁਤੰਤਰ ਹੈ ਤੇ ਇਹ ਕਾਰਪੋਰੇਸ਼ਨ ਦਾ ਕੰਮ ਹੈ ਕਿ ਉਹ ਆਪਣੇ ਸੰਪਾਦਕੀ ਫੈਸਲਿਆਂ ਬਾਰੇ ਸਵਾਲਾਂ ਦੇ ਜਵਾਬ ਦੇਵੇ। ਬੀ.ਬੀ.ਸੀ. ਦੇ ਚੇਅਰਪਰਸਨ ਸਮੀਰ ਸ਼ਾਹ ਨੇ ਸਵੀਕਾਰ ਕੀਤਾ ਕਿ ਅਦਾਰੇ ਨੇ ਟਰੰਪ ਦੇ ਭਾਸ਼ਣ ਦੇ ਵੱਖ-ਵੱਖ ਹਿੱਸਿਆਂ ਨੂੰ ਇਕੱਠਾ ਕਰਕੇ 'ਨਿਰਣੇ ਦੀ ਗਲਤੀ' ਕੀਤੀ ਹੈ। ਉਨ੍ਹਾਂ ਕਿਹਾ ਕਿ ਬੀ.ਬੀ.ਸੀ. ਟਰੰਪ ਦੇ ਪੱਤਰ ਦਾ ਸਮੇਂ ਸਿਰ ਜਵਾਬ ਦੇਵੇਗਾ।

# ਟਰੰਪ ਨੇ ਸੁਪਰੀਮ ਕੋਰਟ ਨੂੰ ਜਿਨਸੀ ਸ਼ੋਸ਼ਣ ਮਾਮਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਉਹ 50 ਲੱਖ ਡਾਲਰ ਸਿਵਲ ਮਾਮਲੇ 'ਤੇ ਮੁੜ ਵਿਚਾਰ ਕਰੇ ਜਿਸ 'ਚ ਉਸ ਉਪਰ ਇਕ ਔਰਤ ਨਾਲ ਜਿਨਸੀ ਸ਼ੋਸ਼ਣ ਕਰਨ ਤੇ ਉਸ ਨੂੰ ਬਦਨਾਮ ਕਰਨ ਦੇ ਦੋਸ਼ ਲਾਏ ਗਏ ਸਨ। ਪਿਛਲੇ ਸਾਲ ਸੰਘੀ ਅਪੀਲ ਕੋਰਟ ਨੇ ਟਰੰਪ ਵਿਰੁੱਧ 50 ਲੱਖ ਡਾਲਰ ਜੁਰਮਾਨਾ ਲਾਉਣ ਦੇ ਜਿਊਰੀ ਦੇ ਫੈਸਲੇ ਦੀ ਪੁਸ਼ਟੀ ਕਰ ਦਿੱਤੀ ਸੀ। ਟਰੰਪ ਨੇ ਦਾਅਵਾ ਕੀਤਾ ਸੀ ਕਿ ਜੱਜ ਲੇਵਿਸ ਕਪਲਾਨ ਨੇ ਜਿਊਰੀ ਨੂੰ 2 ਔਰਤਾਂ ਵਲੋਂ ਕਈ ਸਾਲ ਪਹਿਲਾਂ ਉਸ ਵਿਰੁੱਧ ਜਿਨਸੀ ਹਮਲੇ ਦੇ ਲਾਏ ਗਏ ਦੋਸ਼ਾਂ ਦੀ ਸੁਣਵਾਈ ਕਰਨ ਦੀ ਇਜਾਜ਼ਤ ਦੇਣ ਸਮੇਂ ਕਈ ਗਲਤੀਆਂ ਕੀਤੀਆਂ ਹਨ।

# ਨਿਊਯਾਰਕ ਦਾ ਮੇਅਰ ਬਣਨ ਤੋਂ ਬਾਅਦ ਮਮਦਾਨੀ ਦੇ ਸਾਹਮਣੇ ਕਈ ਚੁਣੌਤੀਆਂ



ਨਿਊਯਾਰਕ : ਜ਼ੋਹਰਾਨ ਮਮਦਾਨੀ ਦੇ ਨਿਊਯਾਰਕ ਸ਼ਹਿਰ ਦਾ ਮੇਅਰ ਬਣਨ ਤੋਂ ਬਾਅਦ ਉਨ੍ਹਾਂ ਨੂੰ ਟਰੰਪ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਉਹ ਅਮੀਰ ਕੰਪਨੀਆਂ ਅਤੇ ਸਭ ਤੋਂ ਵੱਧ ਆਮਦਨ ਵਾਲੇ ਵਿਅਕਤੀਆਂ ਅਤੇ ਅਮੀਰ ਕਾਰਪੋਰੇਸ਼ਨਾਂ 'ਤੇ ਟੈਕਸ ਵਧਾ ਕੇ 10 ਅਰਬ ਡਾਲਰ ਇਕੱਠੇ ਕਰ ਸਕਦੇ ਹਨ ਪਰ ਇਸ ਲਈ ਗਵਰਨਰ ਦੀ ਮਨਜ਼ੂਰੀ ਦੀ ਲੋੜ ਹੋਵੇਗੀ। ਮਾਹਿਰਾਂ ਦਾ ਅਨੁਮਾਨ ਹੈ ਕਿ ਟਰੰਪ ਨਿਊਯਾਰਕ ਵਿਚ ਇਮੀਗ੍ਰੇਸ਼ਨ ਵਿਭਾਗ ਦੀ ਸਖ਼ਤੀ ਵੀ ਵਧਾ ਸਕਦੇ ਹਨ। ਨਿਊਯਾਰਕ 1980 ਦੇ ਦਹਾਕੇ ਤੋਂ 'ਸੈਂਕਚੁਅਰੀ ਸਿਟੀ' ਹੈ ਭਾਵ ਇੱਥੇ ਸਥਾਨਕ ਪ੍ਰਸ਼ਾਸਨ ਫੈਡਰਲ ਇਮੀਗ੍ਰੇਸ਼ਨ ਏਜੰਸੀਆਂ ਨਾਲ ਸੀਮਤ ਸਹਿਯੋਗ ਕਰਦਾ ਹੈ। ਟਰੰਪ ਪ੍ਰਸ਼ਾਸਨ ਨੇ ਪਹਿਲਾਂ ਹੀ ਸ਼ਹਿਰ ਦੀਆਂ ਇਮੀਗ੍ਰੇਸ਼ਨ ਅਦਾਲਤਾਂ 'ਚ ਛਾਪੇਮਾਰੀ ਤੇਜ਼ ਕਰ ਦਿੱਤੀ ਹੈ, ਜਿੱਥੇ ਇਮੀਗ੍ਰੇਸ਼ਨ ਵਿਭਾਗ ਦੇ ਏਜੰਟ ਸੈਂਕੜੇ ਲੋਕਾਂ ਨੂੰ ਸੁਣਵਾਈ ਦੌਰਾਨ ਹਿਰਾਸਤ 'ਚ ਲੈ ਚੁੱਕੇ ਹਨ।

**8.5 ਅਰਬ ਡਾਲਰ ਤੱਕ ਘੱਟ ਹੋ ਸਕਦਾ ਹੈ ਬਜਟ**

ਇਕ ਰਿਪੋਰਟ ਦੇ ਅਨੁਸਾਰ ਡੈਮੋਕ੍ਰੇਟਿਕ ਗਵਰਨਰ ਕੈਥੀ ਹੋਚੁਲ ਹੁਣ ਤੱਕ ਟੈਕਸ ਯੋਜਨਾ ਦਾ ਸਮਰਥਨ ਕਰਨ ਤੋਂ ਝਿਜਕ ਰਹੀ ਹੈ। ਉਥੇ ਹੀ ਟਰੰਪ ਸਮਰਥਕ ਰਿਪਬਲਿਕਨ ਨੇਤਾ ਐਲਿਸ ਸਟੀਫੈਨਿਕ ਨੇ ਗਵਰਨਰ ਅਹੁਦੇ ਲਈ ਚੋਣ ਲੜਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਜੇ ਟਰੰਪ ਫੰਡਿੰਗ ਵਿਚ ਹੋਰ ਕਟੌਤੀ ਕਰਦੇ ਹਨ ਤਾਂ ਇਹ ਸ਼ਹਿਰ ਦੇ ਬਜਟ 'ਚ ਨਵੀਆਂ ਸਮੱਸਿਆਵਾਂ ਪੈਦਾ ਕਰੇਗਾ। ਪਿਛਲੇ ਸਾਲ ਸੰਘੀ ਫੰਡ ਸ਼ਹਿਰ ਦੇ ਬਜਟ ਦਾ ਲੱਗਭਗ 7 ਫੀਸਦੀ ਭਾਵ 8.5 ਅਰਬ ਡਾਲਰ ਸੀ। ਸ਼ਹਿਰ 'ਚ ਕੋਈ ਵੀ ਨਵੀਂ ਯੋਜਨਾ ਲਾਗੂ ਕਰਨ ਲਈ ਪੈਸੇ ਦੀ ਸਮੱਸਿਆ ਤਾਂ ਹੈ ਹੀ ਪਰ ਜੇ ਸੰਘੀ ਫੰਡਿੰਗ ਘਟਦੀ ਹੈ ਤਾਂ ਸਥਿਤੀ ਹੋਰ ਵੀ ਮੁਸ਼ਕਲ ਹੋ ਜਾਵੇਗੀ। ਨਿਊਯਾਰਕ ਸਿਟੀ ਇੰਡੀਪੈਂਡੈਂਟ ਆਫਿਸ ਦੇ ਅਨੁਸਾਰ ਇਨ੍ਹਾਂ ਪੈਸਿਆਂ ਨਾਲ ਹਾਊਸਿੰਗ, ਆਫ਼ਤ ਰਾਹਤ, ਬੱਚਿਆਂ ਨਾਲ ਜੁੜੀਆਂ ਸੇਵਾਵਾਂ, ਘੱਟ ਆਮਦਨ ਵਾਲੇ ਵਿਦਿਆਰਥੀਆਂ ਦੀ ਸਿੱਖਿਆ, ਸਕੂਲੀ ਭੋਜਨ ਵਰਗੀਆਂ ਯੋਜਨਾਵਾਂ ਚਲਦੀਆਂ ਹਨ। ਹਾਲਾਂਕਿ ਟਰੰਪ ਨੇ ਸਪੱਸ਼ਟ ਨਹੀਂ ਕੀਤਾ ਹੈ ਕਿ ਉਹ ਕਿਹੜੇ ਫੰਡਾਂ 'ਚ ਕਟੌਤੀ ਕਰਨਗੇ।

**ਫੰਡ ਰੋਕਣ 'ਤੇ ਅਦਾਲਤ ਜਾ ਸਕਦਾ ਹੈ ਮਾਮਲਾ**

ਨਿਊਯਾਰਕ ਸਿਟੀ ਇੰਡੀਪੈਂਡੈਂਟ ਬਜਟ ਆਫਿਸ ਦੀ ਸੀਨੀਅਰ ਅਧਿਕਾਰੀ ਸਾਰਾ ਪਾਰਕਰ ਦੇ ਹਵਾਲੇ ਨਾਲ ਰਿਪੋਰਟ 'ਚ ਕਿਹਾ ਗਿਆ ਹੈ ਕਿ ਸ਼ਹਿਰ ਅਤੇ ਕਾਊਂਟੀ ਸਰਕਾਰਾਂ ਕਈ ਸੰਭਾਵੀ ਹਾਲਾਤ ਲਈ ਬਦਲਵੀਆਂ ਯੋਜਨਾਵਾਂ ਤਿਆਰ ਕਰ ਰਹੀਆਂ ਹਨ। ਉਸ ਦਾ ਕਹਿਣਾ ਹੈ ਕਿ ਕਾਨੂੰਨੀ ਤੌਰ 'ਤੇ ਬੇਘਰ ਲੋਕਾਂ ਲਈ ਸ਼ੈਲਟਰ ਵਰਗੀਆਂ ਕੁਝ ਸੇਵਾਵਾਂ ਦੇਣੀਆਂ ਜ਼ਰੂਰੀਆਂ ਹਨ। ਜੇ ਸੰਘੀ ਸਹਾਇਤਾ ਘੱਟ ਹੋਈ ਤਾਂ ਸ਼ਹਿਰ ਅਤੇ ਸੂਬੇ ਨੂੰ ਖੁਦ ਇਹ ਕਮੀ ਪੂਰੀ ਕਰਨੀ ਪਵੇਗੀ, ਜਿਸ ਦਾ ਅਸਰ ਹੋਰ ਯੋਜਨਾਵਾਂ 'ਤੇ ਪੈ ਸਕਦਾ ਹੈ। ਹਾਰਵਰਡ ਯੂਨੀਵਰਸਿਟੀ ਦੇ ਕੈਨੇਡੀ ਸਕੂਲ ਦੇ ਪ੍ਰੋਫੈਸਰ ਜਸਟਿਨ ਡੀ. ਬੇਨੇਡਿਕਟਸ-ਕੈਸਨੇਰ ਨੇ ਕਿਹਾ ਕਿ ਟਰੰਪ ਨੂੰ ਸੰਘੀ ਫੰਡ ਰੋਕਣ 'ਤੇ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਇਸ ਨਾਲ ਪੈਸੇ ਮਿਲਣ 'ਚ ਦੇਰੀ ਜ਼ਰੂਰ ਹੋਵੇਗੀ।

ਮਮਦਾਨੀ ਦਾ ਜਨਮ ਯੂਗਾਂਡਾ ਦੇ ਕੰਪਾਲਾ 'ਚ ਹੋਇਆ ਸੀ। 7 ਸਾਲ ਦੀ ਉਮਰ 'ਚ ਉਹ ਨਿਊਯਾਰਕ ਸ਼ਹਿਰ ਚਲੇ ਗਏ ਅਤੇ ਬਾਅਦ 'ਚ ਅਮਰੀਕਾ ਦੀ ਨਾਗਰਿਕਤਾ ਹਾਸਲ ਕੀਤੀ। ਉਹ ਪ੍ਰਸਿੱਧ ਭਾਰਤੀ-ਅਮਰੀਕੀ ਫਿਲਮ ਨਿਰਮਾਤਾ ਮੀਰਾ ਨਾਇਰ ਦੇ ਬੇਟੇ ਹਨ। ਮੀਰਾ ਨਾਇਰ ਓਡਿਸ਼ਾ ਦੇ ਰਾਓਰਕੇਲਾ ਤੋਂ ਹਨ ਅਤੇ ਉਨ੍ਹਾਂ ਨੇ ਕਈ ਮਸ਼ਹੂਰ ਫਿਲਮਾਂ ਬਣਾਈਆਂ ਹਨ। ਉਸ ਦੇ ਪਿਤਾ ਮਹਿਮੂਦ ਮਮਦਾਨੀ ਕੋਲੰਬੀਆ ਯੂਨੀਵਰਸਿਟੀ 'ਚ ਪ੍ਰੋਫੈਸਰ ਹਨ। ਮਮਦਾਨੀ ਨੇ 2024 'ਚ ਸੀਰੀਆਈ-ਅਮਰੀਕੀ ਕਲਾਕਾਰ ਰਾਮਾ ਦੁਵਾਜੀ ਨਾਲ ਵਿਆਹ ਕਰਵਾਇਆ। ਜ਼ੋਹਰਾਨ ਮਮਦਾਨੀ ਦੀ ਵਧਦੀ ਲੋਕਪ੍ਰਿਯਤਾ ਨੂੰ ਲੈ ਕੇ ਹੁਣ ਅਮਰੀਕਾ 'ਚ ਚਰਚਾ ਹੈ ਕਿ ਕੀ ਉਹ ਹੁਣ ਰਾਸ਼ਟਰਪਤੀ ਦੀ ਚੋਣ ਵੀ ਲੜ ਸਕਣਗੇ। ਹਾਲਾਂਕਿ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਮਮਦਾਨੀ ਇਸ ਸਮੇਂ ਚੋਣ ਲੜਨ ਦੇ ਅਯੋਗ ਹਨ। ਰਿਪੋਰਟ ਦੇ ਅਨੁਸਾਰ ਅਮਰੀਕੀ ਸੰਵਿਧਾਨ ਦੀ ਧਾਰਾ 2 ਦੇ ਸੈਕਸ਼ਨ 1, ਸੈਕਸ਼ਨ 5 ਦੇ ਅਨੁਸਾਰ ਸੰਵਿਧਾਨ ਨੂੰ ਅਪਣਾਉਣ ਦੇ ਸਮੇਂ ਅਮਰੀਕਾ 'ਚ ਜਨਮੇ ਨਾਗਰਿਕ ਜਾਂ ਅਮਰੀਕਾ ਦੇ ਨਾਗਰਿਕ ਤੋਂ ਇਲਾਵਾ ਕੋਈ ਵੀ ਵਿਅਕਤੀ ਰਾਸ਼ਟਰਪਤੀ ਅਹੁਦੇ 'ਤੇ ਕਾਬਜ਼ ਹੋਣ ਦੇ ਯੋਗ ਨਹੀਂ ਹੋਵੇਗਾ। ਸਿਰਫ਼ ਉਹੀ ਵਿਅਕਤੀ ਰਾਸ਼ਟਰਪਤੀ ਬਣ ਸਕਦਾ ਹੈ ਜੋ ਕੁਦਰਤੀ ਤੌਰ 'ਤੇ ਅਮਰੀਕੀ ਨਾਗਰਿਕ ਹੋਵੇ। ਇਸ ਦਾ ਮਤਲਬ ਹੈ ਕਿ ਵਿਅਕਤੀ ਦਾ ਜਨਮ ਅਮਰੀਕਾ ਵਿਚ ਹੋਣਾ ਚਾਹੀਦਾ ਹੈ ਜਾਂ ਵਿਦੇਸ਼ ਵਿਚ ਪੈਦਾ ਹੋਇਆ ਹੋਵੇ, ਉਸ ਦੇ ਮਾਪਿਆਂ ਕੋਲ ਅਮਰੀਕੀ ਨਾਗਰਿਕਤਾ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਰਾਸ਼ਟਰਪਤੀ ਬਣਨ ਲਈ ਘੱਟੋ-ਘੱਟ ਉਮਰ 35 ਸਾਲ ਹੈ ਅਤੇ ਉਨ੍ਹਾਂ ਨੂੰ ਘੱਟੋ-ਘੱਟ 14 ਸਾਲਾਂ ਤੋਂ ਅਮਰੀਕਾ ਦਾ ਨਿਵਾਸੀ ਹੋਣਾ ਚਾਹੀਦਾ ਹੈ। ਮੌਜੂਦਾ ਨਿਯਮਾਂ ਤਹਿਤ ਮਮਦਾਨੀ ਅਮਰੀਕਾ ਦੇ ਰਾਸ਼ਟਰਪਤੀ ਨਹੀਂ ਬਣ ਸਕਦੇ। ਇਸ ਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਦਾ ਜਨਮ ਯੂਗਾਂਡਾ ਵਿਚ ਹੋਇਆ ਸੀ ਅਤੇ ਉਨ੍ਹਾਂ ਨੂੰ 2018 ਵਿਚ ਅਮਰੀਕੀ ਨਾਗਰਿਕਤਾ ਮਿਲੀ ਸੀ। ਇਸ ਦਾ ਮਤਲਬ ਹੈ ਕਿ ਉਹ ਰਾਸ਼ਟਰਪਤੀ ਬਣਨ ਲਈ ਜਨਮ ਸਿੱਧ ਨਾਗਰਿਕਤਾ ਦੀ ਜ਼ਰੂਰਤ ਨੂੰ ਪੂਰਾ ਨਹੀਂ ਕਰਦੇ। ਉਸ ਦੇ ਮਾਤਾ-ਪਿਤਾ ਕੋਲ ਵੀ ਉਸ ਦੇ ਜਨਮ ਸਮੇਂ ਅਮਰੀਕੀ ਨਾਗਰਿਕਤਾ ਨਹੀਂ ਸੀ। ਇਸ ਲਈ ਮਮਦਾਨੀ ਦਾ ਰਾਸ਼ਟਰਪਤੀ ਬਣਨਾ ਕਾਨੂੰਨੀ ਸੋਧ ਤੋਂ ਬਿਨਾਂ ਅਸੰਭਵ ਹੈ।

# ਡੋਨਾਲਡ ਟਰੰਪ ਨੇ ਤਸਵੀਰ ਸਾਂਝੀ ਕਰ ਪੰਜਾਬੀ ਡਰਾਈਵਰਾਂ ਨੂੰ ਦਿੱਤਾ ਸਖ਼ਤ ਸੰਦੇਸ਼

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਟਰੂਥ ਸੋਸ਼ਲ 'ਤੇ ਇਕ ਪੋਸਟ ਸ਼ੇਅਰ ਕਰ ਪੰਜਾਬੀ ਡਰਾਈਵਰਾਂ ਨੂੰ ਸਖ਼ਤ ਸੰਦੇਸ਼ ਦਿੱਤਾ ਹੈ। ਉਨ੍ਹਾਂ ਨੇ ਇਕ ਤਸਵੀਰ ਸਾਂਝੀ ਕੀਤੀ ਜਿਸ ਵਿਚ 7200 ਤੋਂ ਵੱਧ ਪੰਜਾਬੀ ਟਰੱਕ ਡਰਾਈਵਰ ਅੰਗਰੇਜ਼ੀ ਟੈਸਟ ਵਿਚ ਫੇਲ ਹੋ ਗਏ ਅਤੇ "ਆਊਟ ਆਫ ਸਰਵਿਸ" ਕਰ ਦਿੱਤਾ ਗਿਆ।

ਦੱਸ ਦਈਏ ਕਿ ਅਮਰੀਕਾ ਦੇ ਡਿਪਾਰਟਮੈਂਟ ਆਫ਼ ਟ੍ਰਾਂਸਪੋਰਟੇਸ਼ਨ (DOT) ਵੱਲੋਂ ਵਪਾਰਕ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਦੀ ਲਾਜ਼ਮੀ ਸ਼ਰਤ ਵਾਲੇ ਫੈਡਰਲ ਨਿਯਮ 49 CFR 391.11(b)(2) ਦੀ ਸਖ਼ਤੀ ਨਾਲ ਲਾਗੂ ਕਰਨ ਤੋਂ ਬਾਅਦ ਹਜ਼ਾਰਾਂ ਡਰਾਈਵਰਾਂ ਦੀ ਨੌਕਰੀ 'ਤੇ ਖਤਰਾ ਮੰਡਰਾ ਰਿਹਾ ਹੈ।



ਅਧਿਕਾਰਕ ਅੰਕੜਿਆਂ ਅਨੁਸਾਰ, ਅਕਤੂਬਰ 2025 ਤੱਕ 7,200 ਤੋਂ ਵੱਧ ਵਪਾਰਕ ਟਰੱਕ ਡਰਾਈਵਰਾਂ ਨੂੰ "ਆਊਟ ਆਫ ਸਰਵਿਸ" ਕਰ ਦਿੱਤਾ ਗਿਆ ਹੈ, ਕਿਉਂਕਿ ਉਹ ਰੋਡਸਾਈਡ ਇੰਗਲਿਸ਼ ਲੈਂਗਵੇਜ ਪ੍ਰੋਫਿਸ਼ੈਂਸੀ (ELP) ਟੈਸਟ ਪਾਸ ਕਰਨ 'ਚ ਅਸਫਲ ਰਹੇ। ਇਹ ਕਾਰਵਾਈ ਉਸ ਸਮੇਂ ਸ਼ੁਰੂ ਹੋਈ ਜਦੋਂ ਭਾਰਤੀ ਮੂਲ ਦੇ ਡਰਾਈਵਰਾਂ ਨਾਲ ਜੁੜੀਆਂ ਕਈ ਮਾਰੂਕ ਹਾਦਸਿਆਂ ਨੇ ਅਮਰੀਕੀ ਹਾਈਵੇ ਸੁਰੱਖਿਆ 'ਤੇ ਸਵਾਲ ਖੜ੍ਹੇ ਕੀਤੇ।

ਜਸ਼ਨਪ੍ਰੀਤ ਸਿੰਘ, ਜੋ ਕਿ ਅਕਤੂਬਰ 2025 ਵਿੱਚ ਕੈਲੀਫੋਰਨੀਆ ਦੇ ਓਨਟਾਰੀਓ ਸ਼ਹਿਰ ਵਿੱਚ ਹੋਏ ਬਹੁ-ਵਾਹਨ ਹਾਦਸੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਉੱਤੇ ਤਿੰਨ ਲੋਕਾਂ ਦੀ ਮੌਤ ਦਾ ਦੋਸ਼ ਹੈ। ਉਹ ਕਥਿਤ ਤੌਰ 'ਤੇ ਗੈਰਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਿਹਾ ਸੀ, ਅਤੇ ਹੁਣ ਅਧਿਕਾਰੀ ਜਾਂਚ ਕਰ ਰਹੇ ਹਨ ਕਿ ਉਸ ਨੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ (CDL) ਕਿਵੇਂ ਪ੍ਰਾਪਤ ਕੀਤਾ।

ਦੂਜੇ ਹਾਦਸੇ ਵਿੱਚ, ਹਰਜਿੰਦਰ ਸਿੰਘ 'ਤੇ ਅਗਸਤ 2025 ਵਿੱਚ ਫਲੋਰੀਡਾ ਟਰਨਪਾਈਕ 'ਤੇ ਗਲਤ ਮੋੜ ਲੈਣ ਦਾ ਦੋਸ਼ ਲਗਾਇਆ ਗਿਆ, ਜਿਸ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਜਾਂਚ 'ਚ ਸਾਹਮਣੇ ਆਇਆ ਕਿ ਉਸ ਨੇ ਡਰਾਈਵਿੰਗ ਟੈਸਟ ਕਈ ਵਾਰ ਫੇਲ੍ਹ ਹੋਣ ਤੋਂ ਬਾਅਦ ਲਾਇਸੈਂਸ ਪ੍ਰਾਪਤ ਕੀਤਾ ਸੀ।

DOT ਵੱਲੋਂ ਕਿਹਾ ਗਿਆ ਹੈ ਕਿ ਇਹ ਨੀਤੀ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ, ਪਰ ਇਮੀਗ੍ਰੈਂਟ ਡਰਾਈਵਰਾਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਨੂੰ ਭੇਦਭਾਵਪੂਰਨ ਕਰਾਰ ਦਿੱਤਾ ਹੈ। ਉਨ੍ਹਾਂ ਦਾ ਮਤ ਹੈ ਕਿ ਇਸ ਸਖ਼ਤ ਨੀਤੀ ਨਾਲ ਭਾਰਤੀ ਮੂਲ ਅਤੇ ਲਾਤੀਨੀ ਡਰਾਈਵਰਾਂ 'ਤੇ ਅਸੰਗਤ ਪ੍ਰਭਾਵ ਪੈਂਦਾ ਹੈ, ਜਿਸ ਨਾਲ ਸਪਲਾਈ ਚੇਨ ਵਿੱਚ ਵੀ ਵਿਘਨ ਪੈ ਸਕਦਾ ਹੈ। ਟਰੱਕਿੰਗ ਐਸੋਸੀਏਸ਼ਨਾਂ ਨੇ ਕੇਂਦਰੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭਾਸ਼ਾ ਪ੍ਰੀਖਿਆ ਨੂੰ ਨਿਰਪੱਖ ਅਤੇ ਸਾਂਝੇ ਮਾਪਦੰਡਾਂ 'ਤੇ ਲਿਆਂਦਾ ਜਾਵੇ, ਤਾਂ ਜੋ ਤਜਰਬੇਕਾਰ ਡਰਾਈਵਰ ਬਿਨਾਂ ਜ਼ਰੂਰੀ ਰੁਕਾਵਟਾਂ ਦੇ ਆਪਣਾ ਕੰਮ ਜਾਰੀ ਰੱਖ ਸਕਣ।

# ਨਵੇਂ ਮੋੜ 'ਤੇ ਅਮਰੀਕੀ ਸਿਆਸਤ

ਅਮਰੀਕਾ ਦੇ ਪ੍ਰਸਿੱਧ ਤੇ ਵੱਡੇ ਸ਼ਹਿਰ ਨਿਊਯਾਰਕ ਨੂੰ 'ਦੁਨੀਆ ਦੀ ਆਰਥਿਕ ਰਾਜਧਾਨੀ' ਮੰਨਿਆ ਜਾਂਦਾ ਹੈ। ਉਥੇ ਹਰ ਤਰ੍ਹਾਂ ਦੀ ਹੁੰਦੀ ਵਪਾਰਕ ਕਾਰਵਾਈ ਦਾ ਸਮੁੱਚੇ ਸੰਸਾਰ 'ਤੇ ਅਸਰ ਪੈਂਦਾ ਹੈ। ਇਹ ਵੀ ਵੱਡਾ ਕਾਰਨ ਹੈ ਕਿ ਇਸ ਮਹਾਨਗਰ ਦੇ ਮੇਅਰ ਦੀ ਚੋਣ ਨੂੰ ਦੁਨੀਆ ਭਰ 'ਚ ਦਿਲਚਸਪੀ ਨਾਲ ਦੇਖਿਆ ਜਾਂਦਾ ਹੈ। ਉਨੀ ਹੀ ਵੱਡੀ ਦਿਲਚਸਪੀ ਇਸ ਚੋਣ ਸੰਬੰਧੀ ਹੁੰਦੀ ਹੈ, ਜਿੰਨੀ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਲਈ ਲੋਕਾਂ ਵਲੋਂ ਦਿਖਾਈ ਜਾਂਦੀ ਹੈ। ਅਮਰੀਕਾ ਦੀ ਸਿਆਸਤ ਹਮੇਸ਼ਾ ਹੈਰਾਨ ਕਰਨ ਵਾਲੀ ਰਹੀ ਹੈ। ਇਥੇ ਦੀ ਰਾਜਨੀਤੀ ਬੇਹੱਦ ਤੇਜ਼ ਤੇ ਸਰਗਰਮੀ ਵਾਲੀ ਹੁੰਦੀ ਹੈ। ਚਾਹੇ ਲਿਖਤੀ ਸੰਵਿਧਾਨ 'ਚ ਤਾਂ ਨਹੀਂ ਪਰ ਇਥੇ ਸ਼ੁਰੂ ਤੋਂ ਹੀ ਇਹ ਪਰੰਪਰਾ ਬਣ ਚੁੱਕੀ ਹੈ ਕਿ ਚੁਣਿਆ ਗਿਆ ਰਾਸ਼ਟਰਪਤੀ ਆਪਣੇ ਅਹੁਦੇ 'ਤੇ ਦੋ ਵਾਰ ਹੀ ਰਹਿੰਦਾ ਹੈ। ਰਾਸ਼ਟਰਪਤੀ ਚੋਣ ਹਰ ਚਾਰ ਸਾਲ ਬਾਅਦ ਹੁੰਦੀ ਹੈ। ਦੂਜੇ ਪਾਸੇ ਚੀਨ ਤੇ ਰੂਸ ਵਰਗੇ ਵੱਡੇ ਤੇ ਤਾਕਤਵਰ ਦੇਸ਼ਾਂ ਵਿਚ ਪਾਰਟੀਆਂ ਦੇ ਨਾਂਅ 'ਤੇ ਤਾਨਾਸ਼ਾਹੀ ਹੀ ਚਲਦੀ ਆ ਰਹੀ ਹੈ।

ਚੀਨ ਦਾ ਰਾਸ਼ਟਰਪਤੀ ਸ਼ੀ ਜਿਨਪਿੰਗ ਪਿਛਲੇ ਲਗਭਗ 13 ਸਾਲਾਂ ਤੋਂ ਅਤੇ ਰੂਸ ਦਾ ਰਾਸ਼ਟਰਪਤੀ ਵਲਾਦੀਮੀਰ ਪੁਤਿਨ 1999 ਤੋਂ ਕਦੇ ਪ੍ਰਧਾਨ ਮੰਤਰੀ ਤੇ ਕਦੇ ਰਾਸ਼ਟਰਪਤੀ ਵਜੋਂ ਸੱਤਾ 'ਤੇ ਕਾਬਜ਼ ਚਲਿਆ ਆ ਰਿਹਾ ਹੈ। ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਰਿਪਬਲਿਕਨ ਪਾਰਟੀ ਵਲੋਂ ਇਕ ਵਾਰ ਚੋਣ ਜਿੱਤ ਗਿਆ ਸੀ ਪਰ ਆਪਣੀਆਂ ਧੁਸਮਾਰ ਨੀਤੀਆਂ ਕਾਰਨ ਉਹ ਅਗਲੀ ਵਾਰ ਚੋਣ ਹਾਰ ਗਿਆ ਸੀ। ਪਰ 2024 ਵਿਚ ਉਹ ਦੁਬਾਰਾ ਚੋਣ ਜਿੱਤ ਕੇ 20 ਜਨਵਰੀ ਨੂੰ ਮੁੜ ਰਾਸ਼ਟਰਪਤੀ ਬਣ ਗਿਆ, ਜਿਸ ਨਾਲ ਦੁਨੀਆ ਭਰ 'ਚ ਇਕ ਵਾਰ ਤਾਂ ਵੱਡੀ ਪੱਧਰ 'ਤੇ ਹੈਰਾਨੀ ਪੈਦਾ ਹੋਈ ਸੀ। ਆਪਣੇ ਲਗਭਗ 9 ਮਹੀਨਿਆਂ ਦੇ ਕਾਰਜਕਾਲ 'ਚ ਆਪਣੀਆਂ ਨੀਤੀਆਂ ਕਾਰਨ ਉਹ ਬੇਹੱਦ ਵਿਵਾਦ-ਗ੍ਰਸਤ ਰਾਸ਼ਟਰਪਤੀ ਬਣ ਚੁੱਕਾ ਹੈ। ਉਸ ਵਿਰੁੱਧ ਦੇਸ਼ ਭਰ 'ਚ ਮੁਜ਼ਾਹਰੇ ਵੀ ਸ਼ੁਰੂ ਹੋ ਗਏ ਹਨ। ਪਰ ਉਸ ਦੀਆਂ ਨੀਤੀਆਂ ਕਾਰਨ ਅੱਜ ਦੁਨੀਆ ਭਰ ਦੇ ਬਹੁਤੇ ਦੇਸ਼ ਉਸ ਤੋਂ ਕਿਸੇ ਨਾ ਕਿਸੇ ਤਰ੍ਹਾਂ ਨਾਰਾਜ਼ ਚੱਲ ਰਹੇ ਹਨ। ਇਨ੍ਹਾਂ 'ਚੋਂ ਬਹੁਤੇ ਦੇਸ਼ ਉਸ ਦੀਆਂ ਟੈਰਿਫ ਸੰਬੰਧੀ ਨੀਤੀਆਂ ਕਾਰਨ ਵੀ ਹੈਰਾਨ ਤੇ ਪ੍ਰੇਸ਼ਾਨ ਹਨ।

ਹੁਣ ਇਸੇ ਦੌਰਾਨ ਅਮਰੀਕਾ ਦੇ ਪ੍ਰਸਿੱਧ ਸ਼ਹਿਰ ਨਿਊਯਾਰਕ ਦੇ ਮੇਅਰ ਦੀਆਂ ਚੋਣਾਂ ਦੌਰਾਨ ਜੋ ਘਟਨਾਕ੍ਰਮ ਵਾਪਰਿਆ ਹੈ, ਉਹ ਹੈਰਾਨ ਕਰ ਦੇਣ ਵਾਲਾ ਹੈ। ਇਥੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜ਼ੋਹਰਾਨ ਮਮਦਾਨੀ ਜੋ ਪਹਿਲਾਂ ਕੁਈਨਜ਼ ਤੋਂ ਰਾਜ ਵਿਧਾਨ ਸਭਾ ਮੈਂਬਰ ਚੁਣਿਆ ਗਿਆ ਸੀ, ਨਿਊਯਾਰਕ ਦਾ ਮੇਅਰ ਬਣ ਗਿਆ ਹੈ। ਉਸ ਨੇ ਆਪਣੀ ਪਾਰਟੀ ਵਲੋਂ ਮੇਅਰ ਦੇ ਅਹੁਦੇ ਦੀਆਂ ਚੋਣਾਂ ਲੜੀਆਂ ਸਨ। ਇਹ ਚੋਣਾਂ ਇਸ ਲਈ ਵੀ ਵੱਡੀ ਚਰਚਾ 'ਚ ਰਹੀਆਂ, ਕਿਉਂਕਿ ਇਨ੍ਹਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਕਰਟਿਸ ਸਲੀਵਾ ਅਤੇ ਸਾਬਕਾ ਮੇਅਰ ਐਂਡਰਿਊ ਕਿਓਮੋ ਨੂੰ ਨਿਰਾਸ਼ਾਜਨਕ ਹਾਰ ਹੋਈ ਜਦੋਂ ਕਿ ਡੈਮੋਕ੍ਰੇਟਿਕ ਉਮੀਦਵਾਰ ਜ਼ੋਹਰਾਨ ਮਮਦਾਨੀ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ। ਹੋਰ ਵੀ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਮਮਦਾਨੀ ਦੀ ਉਮਰ ਸਿਰਫ਼ 34 ਸਾਲ ਹੈ। ਉਸ ਦਾ ਪੁਰਾਣਾ ਪਿਛੋਕੜ ਭਾਰਤੀ ਮੂਲ ਦਾ ਹੈ। ਇਹ ਪਹਿਲੀ ਵਾਰ ਹੈ ਕਿ ਜਦੋਂ ਕਿਸੇ ਦੱਖਣੀ ਏਸ਼ੀਆ ਦੇ ਮੁਸਲਮਾਨ ਨੂੰ ਏਨੀ ਮਹੱਤਵਪੂਰਨ ਚੋਣ ਵਿਚ ਵੱਡੀ ਜਿੱਤ ਪ੍ਰਾਪਤ ਹੋਈ ਹੈ। ਉਹ ਵੀ ਉਸ ਸਮੇਂ ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲਗਾਤਾਰ ਮਮਦਾਨੀ ਦੀ ਆਲੋਚਨਾ ਕੀਤੀ ਸੀ ਤੇ ਇਥੋਂ ਤੱਕ ਧਮਕੀ ਦਿੱਤੀ ਸੀ ਕਿ ਜੇ ਉਹ ਜਿੱਤਦਾ ਹੈ ਤਾਂ ਅਮਰੀਕਾ ਸਰਕਾਰ ਵਲੋਂ ਨਿਊਯਾਰਕ ਨੂੰ ਦਿੱਤੇ ਜਾਂਦੇ ਫੰਡ ਬੰਦ ਕਰ ਦਿੱਤੇ ਜਾਣਗੇ। ਪਰ 400 ਸਾਲਾਂ ਦੇ ਇਤਿਹਾਸ ਵਾਲੇ ਇਸ ਸ਼ਹਿਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇਸ ਜਿੱਤ ਨੂੰ ਮੋਅਜ਼ਜ਼ਾ ਮੰਨਿਆ ਜਾ ਰਿਹਾ ਹੈ। ਮਮਦਾਨੀ ਦਾ ਪਿਛੋਕੜ ਇਹ ਰਿਹਾ ਹੈ ਕਿ ਉਹ ਸਟੇਜਾਂ 'ਤੇ ਗਾਣੇ ਗਾਉਣ ਦੇ ਨਾਲ-ਨਾਲ ਸੰਗੀਤ ਤੇ ਫ਼ਿਲਮੀ ਦੁਨੀਆ 'ਚ ਵੀ ਵਿਚਰਦਾ ਰਿਹਾ ਹੈ। ਉਸ ਦੀ ਮਾਤਾ ਮੀਰਾ ਨਾਇਰ ਹੈ, ਜੋ ਪੰਜਾਬੀ ਮੂਲ ਦੀ ਹੈ ਤੇ ਬਹੁਤ ਹੀ ਵਧੀਆ ਹਿੰਦੀ ਤੇ ਅੰਗਰੇਜ਼ੀ ਫ਼ਿਲਮਾਂ ਬਣਾਉਣ ਕਰਕੇ ਉਹ ਭਾਰਤ ਵਿਚ ਬਹੁਤ ਪ੍ਰਸਿੱਧ ਤੇ ਜਾਣਿਆ ਪਛਾਣਿਆ ਨਾਂਅ ਹੈ। ਵੱਖ-ਵੱਖ ਖੇਤਰਾਂ ਵਿਚ ਵਿਚਰਨ ਤੋਂ ਬਾਅਦ ਇਕ 34 ਸਾਲ ਦੇ ਨੌਜਵਾਨ ਮਮਦਾਨੀ ਨੂੰ ਮਿਲਿਆ ਏਡਾ ਵੱਡਾ ਹੁੰਗਾਰਾ ਹੈਰਾਨੀਜਨਕ ਹੈ, ਕਿਉਂਕਿ ਉਹ ਮਹਿਜ਼ 7 ਸਾਲ ਪਹਿਲਾਂ ਅਮਰੀਕਾ ਦਾ ਸ਼ਹਿਰੀ ਬਣਿਆ ਸੀ ਤੇ ਪੰਜ ਸਾਲ ਪਹਿਲਾਂ ਉਸ ਨੇ ਕੁਈਨਜ਼ ਅਸੈਂਬਲੀ ਦੀ ਚੋਣ ਜਿੱਤ ਲਈ ਸੀ। ਆਪਣੇ ਚੋਣ ਪ੍ਰਚਾਰ 'ਚ ਉਹ ਲੋਕਾਂ ਨਾਲ ਜੁੜੀਆਂ ਕੁਝ ਮਹੱਤਵਪੂਰਨ ਮੂਲ ਗੱਲਾਂ ਨੂੰ ਉਭਾਰਦਾ ਰਿਹਾ ਹੈ। ਖ਼ਾਸ ਤੌਰ 'ਤੇ ਉਹ ਨੌਕਰੀਪੇਸ਼ਾ ਲੋਕਾਂ ਨੂੰ ਸੰਬੋਧਤ ਹੁੰਦਾ ਰਿਹਾ ਹੈ। ਇਸ ਦੇ ਨਾਲ-ਨਾਲ ਉਸ ਨੇ ਬੱਚਿਆਂ ਦੀ ਦੇਖਭਾਲ ਲਈ ਮੁਫ਼ਤ ਪ੍ਰਬੰਧ ਕਰਨ, ਮਕਾਨਾਂ ਦੇ ਕਿਰਾਏ ਨਾ ਵਧਾਉਣ, ਬੱਸ ਸੇਵਾ ਮੁਫ਼ਤ ਕਰਨ ਤੇ ਇਸ ਤੋਂ ਵੀ ਅੱਗੇ ਸਰਕਾਰ ਵਲੋਂ ਅਜਿਹੀਆਂ ਕਰਿਆਨੇ ਦੀਆਂ ਦੁਕਾਨਾਂ ਖੋਲ੍ਹਣ ਦੀ ਗੱਲ ਕੀਤੀ ਹੈ, ਜਿਨ੍ਹਾਂ 'ਤੇ ਸਸਤੇ ਭਾਅ 'ਤੇ ਹਰ ਤਰ੍ਹਾਂ ਦੀਆਂ ਵਸਤਾਂ ਵੇਚੀਆਂ ਜਾਣਗੀਆਂ।

ਆਪਣੀ ਜਿੱਤ ਦੇ ਭਾਸ਼ਨ 'ਚ ਉਸ ਨੇ ਵਿਸ਼ੇਸ਼ ਤੌਰ 'ਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਲੋਂ ਦੇਸ਼ ਦੇ ਆਜ਼ਾਦ ਹੋਣ ਸਮੇਂ ਦਿੱਤੇ ਗਏ ਪਹਿਲੇ ਭਾਸ਼ਨ ਦਾ ਜ਼ਿਕਰ ਕੀਤਾ ਤੇ ਨਿਊਯਾਰਕ ਵਿਚ ਇਕ ਨਵਾਂ ਸਵੇਰਾ ਚੜ੍ਹਨ ਦੀ ਗੱਲ ਕੀਤੀ। ਮਮਦਾਨੀ ਦੀ ਜਿੱਤ ਨੂੰ ਇਕ ਹੋਰ ਮਹੱਤਵਪੂਰਨ ਪਹਿਲੂ ਨਾਲ ਵੀ ਜੋੜਿਆ ਜਾ ਰਿਹਾ ਹੈ ਕਿ, ਇਹ ਜਿੱਤ ਰਾਸ਼ਟਰਪਤੀ ਟਰੰਪ ਦੀ ਲਗਾਤਾਰ ਡਿਗ ਰਹੀ ਸਾਖ਼ ਦੀ ਨਿਸ਼ਾਨੀ ਹੈ। ਇਸ ਇਤਿਹਾਸਕ ਜਿੱਤ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਆਉਣ ਵਾਲਾ ਸਮਾਂ ਬੇਹੱਦ ਚੁਣੌਤੀਆਂ ਭਰਪੂਰ ਸਾਬਤ ਹੋ ਸਕਦਾ ਹੈ, ਜੋ ਦੇਸ਼ ਦੀ ਸਿਆਸਤ ਦਾ ਰਾਹ ਬਦਲਣ ਦੀ ਸੰਭਾਵਨਾ ਰੱਖਦਾ ਹੈ।

# ਦਿੱਲੀ 'ਚ ਕਾਰ ਬੰਬ ਧਮਾਕਾ-ਕੀ ਸੁਰੱਖਿਆ ਵਿਚ ਫਿਰ ਹੋਈ ਵੱਡੀ ਕੁਤਾਹੀ ?



ਪੁਰਾਣੀ ਦਿੱਲੀ ਵਿਚ ਸੋਮਵਾਰ (10 ਨਵੰਬਰ 2025) ਸ਼ਾਮ ਪੌਣੇ 6 ਕੁ ਵਜੇ ਜਦੋਂ ਲੋਕ ਕੰਮ ਤੋਂ ਘਰਾਂ ਨੂੰ ਵਾਪਸ ਜਾ ਰਹੇ ਸਨ ਤਾਂ ਲਾਲ ਕਿਲ੍ਹੇ ਤੋਂ ਸਿਰਫ਼ 300 ਮੀਟਰ ਦੂਰ ਮੈਟਰੋ ਸਟੇਸ਼ਨ ਦੇ ਗੇਟ ਨੰਬਰ 1 ਦੇ ਨੇੜੇ ਇਕ ਆਈ-20 ਕਾਰ ਦੇ ਪਿਛਲੇ ਹਿੱਸੇ ਵਿਚ ਵੱਡਾ ਧਮਾਕਾ ਹੋਣ ਨਾਲ ਭੀੜ ਵਾਲੇ ਖੇਤਰ ਵਿਚ ਕਈ ਵਾਹਨਾਂ ਨੂੰ ਅੱਗ ਲੱਗ ਗਈ ਅਤੇ ਧਮਾਕੇ ਨਾਲ ਕਈ ਕਾਰਾਂ ਦੇ ਸ਼ੀਸ਼ੇ ਚਕਨਾਚੂਰ ਹੋ ਗਏ। ਪੁਲਿਸ ਅਨੁਸਾਰ ਹੁਣ ਤੱਕ 12 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 20 ਦੇ ਕਰੀਬ ਜ਼ਖ਼ਮੀ ਹੋ ਗਏ ਹਨ। ਕੀ ਇਹ ਕੋਈ ਹਾਦਸਾ ਹੈ ਜਾਂ ਕੋਈ ਅੱਤਵਾਦੀ ਸਾਜਿਸ਼ ? ਅਧਿਕਾਰੀਆਂ ਨੇ ਅਜੇ ਤੱਕ ਸਪੱਸ਼ਟ ਨਹੀਂ ਕੀਤਾ, ਪਰ ਸਾਰੇ ਸੰਕੇਤ ਅੱਤਵਾਦੀ ਹਮਲੇ ਵੱਲ ਇਸ਼ਾਰਾ ਕਰਦੇ ਹਨ। ਇਸ ਲਈ ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ ਤੇ ਰਾਜਸਥਾਨ ਸਮੇਤ ਹੋਰ ਸੂਬਿਆਂ ਵਿਚ 'ਰੈੱਡ ਅਲਰਟ' ਜਾਰੀ ਕੀਤਾ ਗਿਆ ਹੈ। ਜੇਕਰ ਇਹ ਕੋਈ ਅੱਤਵਾਦੀ ਸਾਜਿਸ਼ ਹੈ ਤਾਂ ਇਹ ਯਕੀਨੀ ਤੌਰ 'ਤੇ ਬਹੁਤ ਵੱਡੀ ਸੁਰੱਖਿਆ ਕੋਤਾਹੀ ਹੈ ਅਤੇ ਇਸ ਦੀ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ। ਇਸ ਨੂੰ ਪੁਲਵਾਮਾ ਜਾਂ ਪਹਿਲਗਾਮ ਵਿਚ ਰਹੀਆਂ ਸੁਰੱਖਿਆ ਖਾਮੀਆਂ ਵਾਂਗ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।

ਪੁਰਾਣੀ ਦਿੱਲੀ ਵਿਚ ਹੋਈ ਇਹ ਭਿਆਨਕ ਘਟਨਾ 3 ਮੁੱਖ ਕਾਰਨਾਂ ਕਰਕੇ ਇਕ ਅੱਤਵਾਦੀ ਸਾਜਿਸ਼ ਜਾਪਦੀ ਹੈ। ਪਹਿਲਾ ਹਾਲ ਹੀ ਦੀਆਂ ਚਿੰਤਾਜਨਕ ਖੁਫ਼ੀਆ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਸਥਿਤ ਗਲੋਬਲ ਅੱਤਵਾਦੀ ਹਾਫਿਜ਼ ਸਈਦ ਜੋ ਕਿ ਮੁੰਬਈ ਹਮਲਿਆਂ ਦਾ ਦੋਸ਼ੀ ਹੈ, ਉਸ ਦੀ ਅਗਵਾਈ ਵਿਚ ਅੱਤਵਾਦੀ ਭਾਰਤ ਵਿਚ ਹਮਲੇ ਕਰਨ ਲਈ ਨਵੇਂ ਮੋਰਚੇ ਖੋਲ੍ਹ ਰਹੇ ਹਨ ਅਤੇ ਬੰਗਲਾਦੇਸ਼ ਨੂੰ ਇਕ ਨਵੇਂ ਲਾਂਚਪੈਡ ਵਜੋਂ ਤਿਆਰ ਕਰ ਰਹੇ ਹਨ। ਇਸ ਸੰਬੰਧ ਵਿਚ ਸਬੂਤ ਸਿੱਧੇ ਤੌਰ 'ਤੇ 30 ਅਕਤੂਬਰ, 2025 ਨੂੰ ਪਾਕਿਸਤਾਨ ਦੇ ਖੈਰਪੁਰ ਤਾਮੇਵਾਲੀ ਵਿਚ ਹੋਈ ਇਕ ਰੈਲੀ ਦੇ ਵੀਡੀਓ ਤੋਂ ਸਾਹਮਣੇ ਆਏ ਹਨ, ਜਿਸ ਵਿਚ ਲਸ਼ਕਰ-ਏ-ਤੋਇਬਾ ਦੇ ਕਮਾਂਡਰ ਸੈਫੁੱਲਾ ਸੈਫ ਨੇ ਇਕ ਖ਼ਤਰਨਾਕ ਖੁਲਾਸਾ ਕਰਦਿਆਂ ਸਪੱਸ਼ਟ ਤੌਰ 'ਤੇ ਕਿਹਾ ਸੀ, 'ਹਾਫਿਜ਼ ਸਈਦ ਵਿਹਲਾ ਨਹੀਂ ਬੈਠਾ; ਉਹ ਬੰਗਲਾਦੇਸ਼ ਰਾਹੀਂ ਭਾਰਤ 'ਤੇ ਹਮਲੇ ਕਰਨ ਦੀ ਤਿਆਰੀ ਕਰ ਰਿਹਾ ਹੈ।' ਉਸ ਨੇ ਦਾਅਵਾ ਕੀਤਾ ਕਿ ਲਸ਼ਕਰ ਪਹਿਲਾਂ ਹੀ 'ਪੂਰਬੀ ਪਾਕਿਸਤਾਨ' (ਬੰਗਲਾਦੇਸ਼) ਵਿਚ 'ਸਰਗਰਮ' ਹੈ ਅਤੇ 'ਭਾਰਤ ਨੂੰ ਜਵਾਬ ਦੇਣ ਲਈ ਤਿਆਰ ਹੈ।' ਇਸ ਤੋਂ ਇਲਾਵਾ ਹੋਰ ਜਾਣਕਾਰੀ ਸਾਹਮਣੇ ਆਈ ਹੈ ਕਿ ਸਈਦ ਨੇ ਆਪਣੇ ਇਕ ਨਜ਼ਦੀਕੀ ਸਾਥੀ ਨੂੰ ਬੰਗਲਾਦੇਸ਼ ਭੇਜਿਆ ਹੈ ਤਾਂ ਜੋ ਸਥਾਨਕ ਨੌਜਵਾਨਾਂ ਦਾ 'ਬ੍ਰੇਨਵਾਸ਼' ਕਰ ਕੇ, ਉਨ੍ਹਾਂ ਨੂੰ 'ਜੇਹਾਦ' ਦੀ ਆੜ ਵਿਚ ਅੱਤਵਾਦੀ ਸਿਖਲਾਈ ਦਿੱਤੀ ਜਾ ਸਕੇ। ਵੀਡੀਓ ਵਿਚ ਸੈਫ਼ ਲੋਕਾਂ ਨੂੰ ਭਾਰਤ ਵਿਰੁੱਧ 'ਯੁੱਧ' ਛੇੜਨ ਲਈ ਭੜਕਾ ਰਿਹਾ ਹੈ।

ਦੂਜਾ ਹਾਲ ਹੀ 'ਚ ਹਜ਼ਾਰਾਂ ਕਿੱਲੋਗ੍ਰਾਮ ਵਿਸਫੋਟਕ ਤੇ ਹਥਿਆਰਾਂ ਦੀ ਬਰਾਮਦੀ ਸਿਰਫ਼ ਇਕ ਸੰਜੋਗ ਨਹੀਂ ਹੈ, ਸਗੋਂ ਇਕ ਵੱਡੀ ਸਾਜਿਸ਼ ਵੱਲ ਇਸ਼ਾਰਾ ਕਰਦੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਕ ਕਸ਼ਮੀਰੀ ਮੈਡੀਕਲ ਪ੍ਰੋਫ਼ੈਸਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਜੰਮੂ-ਕਸ਼ਮੀਰ, ਹਰਿਆਣਾ ਤੇ ਉੱਤਰ ਪ੍ਰਦੇਸ਼ ਤੋਂ 2,900 ਕਿੱਲੋਗ੍ਰਾਮ ਆਈ.ਈ.ਡੀ. ਬਣਾਉਣ ਵਾਲੀ ਧਮਾਕਾਖੇਜ਼ ਸਮੱਗਰੀ ਬਰਾਮਦ ਕਰਨ ਤੋਂ ਇਲਾਵਾ ਕਈ ਅਸਾਲਟ ਰਾਈਫ਼ਲਾਂ, ਪਿਸਤੌਲ, ਕੈਮੀਕਲ, ਇਲੈਕਟ੍ਰਾਨਿਕਸ ਤੇ ਅੱਗ ਲਗਾਉਣ ਵਾਲੀ ਸਮੱਗਰੀ ਮਿਲੀ ਹੈ। ਇਹ ਹਾਲ ਹੀ ਦੇ ਸਾਲਾਂ ਵਿਚ ਧਮਾਕਾਖੇਜ਼ ਸਮੱਗਰੀ ਤੇ ਹਥਿਆਰਾਂ ਦੀ ਸਭ ਤੋਂ ਵੱਡੀ ਬਰਾਮਦਗੀ ਹੈ। ਪੁਲਿਸ ਅਨੁਸਾਰ ਅੱਤਵਾਦੀ ਸੰਗਠਨਾਂ-ਜੈਸ਼-ਏ-ਮੁਹੰਮਦ ਅਤੇ ਅੰਸਾਰ ਗਜ਼ਵਾ-ਏ-ਹਿੰਦ ਨਾਲ ਜੁੜੇ ਇਕ ਅੰਤਰਰਾਸ਼ਟਰੀ ਮਾਡਿਊਲ ਨੇ ਕਥਿਤ ਤੌਰ 'ਤੇ ਅਕਾਦਮਿਕ ਤੇ ਪੇਸ਼ੇਵਰ ਖੇਤਰ ਵਿਚ ਘੁਸਪੈਠ ਕੀਤੀ ਹੈ, ਜੋ ਨਵੇਂ ਲੋਕਾਂ ਨੂੰ ਭਰਤੀ ਕਰ ਕੇ ਵਿਸਫੋਟਕਾਂ ਨੂੰ ਇਧਰ-ਉਧਰ ਪਹੁੰਚਾਉਣ ਲਈ ਏਨਕ੍ਰਿਪਟਡ ਚੈਨਲਾਂ, ਚੈਰੀਟੇਬਲ ਫਰੰਟਾਂ ਤੇ ਯੂਨੀਵਰਸਿਟੀ ਨੈੱਟਵਰਕਾਂ ਦੀ ਵਰਤੋਂ ਕਰ ਰਿਹਾ ਹੈ। ਇਹ ਜਾਂਚ 19 ਅਕਤੂਬਰ 2025 ਨੂੰ ਸ੍ਰੀਨਗਰ ਦੇ ਬਨਪੁਰਾ ਨੌਗਾਓਂ ਖੇਤਰ ਵਿਚ ਕਈ ਥਾਵਾਂ 'ਤੇ ਜੈਸ਼ ਦੇ ਧਮਕੀ ਭਰੇ ਪੋਸਟਰ ਲੱਗੇ ਹੋਣ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਪੁਲਿਸ ਇਸ ਨੂੰ 'ਵ੍ਹਾਈਟ-ਕਾਲਰ ਅੱਤਵਾਦੀ ਈਕੋਸਿਸਟਮ' ਕਹਿ ਰਹੀ ਹੈ।

ਤੀਜਾ ਸੁਰਾਗ ਗੁਜਰਾਤ ਦੇ ਅੱਤਵਾਦ ਵਿਰੋਧੀ ਦਸਤੇ (ਏ.ਟੀ.ਐੱਸ) ਵਲੋਂ ਅਹਿਮਦਾਬਾਦ ਤੋਂ ਇਕ

**ਵਿਜੇ ਕਪੂਰ**

ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਤੋਂ ਮਿਲਿਆ ਹੈ, ਜਿਸ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ ਤੋਂ ਦੋ ਅਤੇ ਹੈਦਰਾਬਾਦ ਤੋਂ ਇਕ ਵਿਅਕਤੀ ਦੀ ਗ੍ਰਿਫ਼ਤਾਰੀ ਹੋਈ ਹੈ। ਪੁਲਿਸ ਦਾ ਦਾਅਵਾ ਹੈ ਕਿ ਇਹ ਲੋਕ ਦਿੱਲੀ, ਲਖਨਊ ਤੇ ਅਹਿਮਦਾਬਾਦ 'ਚ ਅੱਤਵਾਦੀ ਹਮਲਿਆਂ ਦੀ ਯੋਜਨਾ ਬਣਾ ਰਹੇ ਸਨ। ਇਨ੍ਹਾਂ ਸ਼ੱਕੀਆਂ ਨੂੰ ਪਾਕਿਸਤਾਨੀ ਹੈਂਡਲਰਾਂ ਤੋਂ ਡਰੋਨ ਰਾਹੀਂ ਹਥਿਆਰ ਮਿਲੇ ਸਨ, ਜਿਨ੍ਹਾਂ ਵਿਚ ਦੋ ਗਲੌਕ ਪਿਸਤੌਲ, ਇਕ ਬੇਰੇਟਾ ਪਿਸਤੌਲ, 30 ਗੋਲੀਆਂ ਤੇ 4 ਲੀਟਰ ਕੈਸਟਰ ਤੇਲ ਮਿਲਿਆ ਹੈ, ਜੋ ਘਾਤਕ ਜ਼ਹਿਰੀਲੇ ਮਿਸ਼ਰਣ ਬਣਾਉਣ ਲਈ ਵਰਤਿਆ ਜਾਂਦਾ ਹੈ। ਬਿਹਾਰ ਵਿਧਾਨ ਸਭਾ ਚੋਣਾਂ ਦੇ ਦੂਜੇ ਤੇ ਆਖਰੀ ਪੜਾਅ ਤੋਂ ਪਹਿਲਾਂ ਪੁਰਾਣੀ ਦਿੱਲੀ ਵਿਚ ਹੋਏ ਭਿਆਨਕ ਧਮਾਕੇ ਬਾਰੇ ਇਕ ਫੋਰੈਂਸਿਕ ਰਿਪੋਰਟ ਦੀ ਉਡੀਕ ਹੈ, ਜੋ ਪੁਸ਼ਟੀ ਕਰੇਗੀ ਕਿ ਇਹ ਇਕ ਹਾਦਸਾ ਜਾਂ ਕੋਈ ਡੂੰਘੀ ਅੱਤਵਾਦੀ ਸਾਜਿਸ਼ ਹੈ। ਜੇਕਰ ਇਹ ਅੱਤਵਾਦੀ ਹਮਲਾ ਹੈ ਤਾਂ ਇਹ 14 ਸਾਲ ਪਹਿਲਾਂ 2011 'ਚ ਦਿੱਲੀ ਹਾਈਕੋਰਟ ਦੇ ਨੇੜੇ ਹੋਏ ਆਖਰੀ ਅੱਤਵਾਦੀ ਹਮਲੇ ਬਾਅਦ ਪਹਿਲਾ ਹੈ।

ਸੀ.ਸੀ.ਟੀਵੀ ਫੁਟੇਜ ਤੋਂ ਪਤਾ ਲੱਗਾ ਹੈ ਕਿ 10 ਨਵੰਬਰ ਨੂੰ ਸ਼ਾਮ 6:52 ਵਜੇ ਜਿਸ ਆਈ-20 ਕਾਰ ਦੇ ਪਿੱਛਲੇ ਹਿੱਸੇ ਵਿਚ ਭਿਆਨਕ ਧਮਾਕਾ ਹੋਇਆ ਹੈ, ਉਹ ਪਿਛਲੇ 3 ਘੰਟਿਆਂ ਤੋਂ ਦਿੱਲੀ ਦੀਆਂ ਸੜਕਾਂ 'ਤੇ ਘੁੰਮ ਰਹੀ ਸੀ। ਇਸ ਧਮਾਕੇ ਦੀ ਤੀਬਰਤਾ ਤੋਂ ਪਤਾ ਲੱਗਦਾ ਹੈ ਕਿ ਕਾਰ 'ਚ ਵੱਡੀ ਮਾਤਰਾ ਵਿਚ ਗ਼ੈਰ-ਕਾਨੂੰਨੀ ਧਮਾਕਾਖੇਜ ਸਮੱਗਰੀ ਸੀ। ਇਸ ਧਮਾਕੇ ਦਾ ਕਾਰਨ ਜੋ ਵੀ ਹੋਵੇ, ਪਰ ਸੁਰੱਖਿਆ ਵਿਵਸਥਾ 'ਚ ਕੋਤਾਹੀ ਜ਼ਰੂਰ ਹੋਈ ਹੈ। ਇਹ ਘਟਨਾ ਨੇ ਪੁਲਵਾਮਾ ਧਮਾਕੇ ਦੀਆਂ ਯਾਦਾਂ ਨੂੰ ਤਾਜ਼ਾ ਕਰਵਾ ਦਿੱਤਾ ਹੈ, ਜਿੱਥੇ ਸਾਡੇ 41 ਸੈਨਿਕ ਸ਼ਹੀਦ ਹੋ ਗਏ ਸਨ। ਉਸ ਸਮੇਂ ਵਿਸਫੋਟਕਾਂ ਨਾਲ ਭਰੀ ਇਕ ਕਾਰ 3 ਦਿਨਾਂ ਤੱਕ ਸੜਕਾਂ 'ਤੇ ਬਿਨਾਂ ਰੁਕੇ ਘੁੰਮਦੀ ਰਹੀ ਸੀ ਅਤੇ ਸੁਰੱਖਿਆ ਬਲ ਦੇ ਕਾਫ਼ਲੇ ਦੀ ਗੱਡੀ ਨੂੰ ਟੱਕਰ ਮਾਰਨ ਬਾਅਦ ਉਸ 'ਚ ਧਮਾਕਾ ਹੋਣ ਨਾਲ ਸੈਨਿਕ ਸ਼ਹੀਦ ਹੋ ਗਏ ਸਨ। ਇਸ ਅੱਤਵਾਦੀ ਸਾਜਿਸ਼ ਪਿੱਛੇ ਕੌਣ ਸੀ ? ਖ਼ਫ਼ੀਆ ਅਸਫਲਤਾ ਕਿਵੇਂ ਹੋਈ ? ਸੈਨਿਕਾਂ ਨੂੰ ਹਵਾਈ ਜਹਾਜ਼ ਦੀ ਬਜਾਏ ਸੜਕ ਰਾਹੀਂ ਇਕ ਸੰਵੇਦਨਸ਼ੀਲ ਖੇਤਰ ਵਿਚ ਕਿਉਂ ਭੇਜਿਆ ਜਾ ਰਿਹਾ ਸੀ ? ਅਜਿਹੇ ਬਹੁਤ ਸਾਰੇ ਸਵਾਲ ਸਾਲਾਂ ਬਾਅਦ ਅਜੇ ਵੀ ਜਵਾਬਾਂ ਦੀ ਉਡੀਕ ਕਰ ਰਹੇ ਹਨ। ਅਜੇ ਤੱਕ ਕਿਸੇ ਨੂੰ ਵੀ ਇਸ ਅਣਗਹਿਲੀ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ। ਇਸੇ ਤਰ੍ਹਾਂ ਅਪ੍ਰੈਲ 'ਚ ਪਹਿਲਗਾਮ ਵਿਖੇ ਵਾਪਰੀ ਅੱਤਵਾਦੀ ਘਟਨਾ ਸਮੇਂ ਹਜ਼ਾਰਾਂ ਸੈਲਾਨੀਆਂ ਦੀ ਸੁਰੱਖਿਆ ਲਈ ਕੋਈ ਪ੍ਰਬੰਧ ਨਹੀਂ ਸੀ, ਜਿੱਥੇ 4-5 ਅੱਤਵਾਦੀ ਬਿਨਾਂ ਕਿਸੇ ਰੋਕ-ਟੋਕ ਦੇ ਪਹੁੰਚੇ 26 ਔਰਤਾਂ ਨੂੰ ਵਿਧਵਾ ਕਰ ਕੇ ਗਾਇਬ ਹੋ ਗਏ। ਇਸ ਦਾ ਬਦਲਾ ਲੈਣ ਲਈ 'ਆਪ੍ਰੇਸ਼ਨ ਸੰਧੂਰ' ਹੋਇਆ, ਪਰ ਅਜੇ ਵੀ ਸਪੱਸ਼ਟ ਨਹੀਂ ਹੋ ਸਕਿਆ ਕਿ ਅੱਤਵਾਦੀ ਕਿੱਥੋਂ ਆਏ, ਕਿੱਥੇ ਗਾਇਬ ਹੋ ਗਏ ਅਤੇ ਇੰਨੀ ਵੱਡੀ ਸੁਰੱਖਿਆ ਤੇ ਖ਼ੁਫ਼ੀਆ ਕੁਤਾਹੀ ਕਿਵੇਂ ਹੋਈ ਤੇ ਇਸ ਲਈ ਕੌਣ ਜ਼ਿੰਮੇਵਾਰ ਹੈ ?

ਦੱਸਣਯੋਗ ਹੈ ਕਿ ਦਿੱਲੀ ਅਤੇ ਜੰਮੂ-ਕਸ਼ਮੀਰ ਦੋਹਾਂ ਕੇਂਦਰ ਸ਼ਾਸਿਤ ਖੇਤਰਾਂ ਵਿਚ ਪੁਲਿਸ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਧੀਨ ਹੈ। ਜਿਸ ਤਰ੍ਹਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਵੱਡੀ ਮਾਤਰਾ ਵਿਚ ਵਿਸਫੋਟਕ ਤੇ ਹਥਿਆਰ ਬਰਾਮਦ ਹੋ ਰਹੇ ਹਨ ਅਤੇ ਅੱਤਵਾਦੀਆਂ ਦੇ ਵੀਡੀਓ ਸਾਹਮਣੇ ਆ ਰਹੇ ਹਨ, ਇਸ ਤੋਂ ਸਪੱਸ਼ਟ ਹੈ ਕਿ ਗਲੋਬਲ ਅੱਤਵਾਦੀ ਹਾਫਿਜ਼ ਸਈਦ ਤੇ ਪਾਕਿਸਤਾਨ ਆਪਣੀਆਂ ਨਾਪਾਕ ਕਾਰਵਾਈਆਂ ਤੋਂ ਬਾਜ਼ ਨਹੀਂ ਆ ਰਹੇ। ਭਾਰਤ ਦੇ ਅੰਦਰ ਵੱਡੇ ਹਮਲੇ ਕਰਨ ਦੀ ਸਾਜਿਸ਼ ਰਚੀ ਜਾ ਰਹੀ ਹੈ, ਜਿਸ ਦਾ ਪਰਦਾਫ਼ਾਸ਼ ਹੋਣਾ ਜ਼ਰੂਰੀ ਹੈ ਤਾਂ ਜੋ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਸਾਡੇ ਖ਼ੁਫ਼ੀਆ ਤੰਤਰ ਨੂੰ ਹੋਰ ਵੀ ਚੌਕਸ ਰਹਿਣ ਦੀ ਲੋੜ ਹੈ ਅਤੇ ਹੁਣ ਤੱਕ ਕੁਤਾਹੀਆਂ ਕਾਰਨ ਜੋ ਵੀ ਘਟਨਾਵਾਂ ਵਾਪਰੀਆਂ ਹਨ ਉਹ ਦੁਬਾਰਾ ਨਹੀਂ ਵਾਪਰਨੀਆਂ ਚਾਹੀਦੀਆਂ ਅਤੇ ਇਨ੍ਹਾਂ ਨੂੰ ਰੋਕਣ ਲਈ ਹੁਣ ਤੱਕ ਨਾਕਾਮ ਰਹਿਣ ਵਾਲਿਆਂ ਦੀ ਜਵਾਬਦੇਹੀ ਵੀ ਤੈਅ ਕੀਤੀ ਜਾਣੀ ਚਾਹੀਦੀ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅਮਰੀਕਾ ਦੇ ਵੱਖ ਵੱਖ ਸੂਬਿਆਂ ਦੀ ਸਿਆਸਤ ਵਿੱਚ ਪੰਜਾਬੀਆਂ ਦਾ ਦਬਦਬਾ



ਸੈਕਰਾਮੈਂਟੋ/ਕੈਲੀਫੋਰਨੀਆ (ਹਸਨ ਲੜੋਆ ਬੰਗਾ) : ਅਮਰੀਕਾ ਦੀ ਸਿਆਸਤ ਵਿੱਚ ਐਤਕਾਂ ਵੀ ਪੰਜਾਬੀਆਂ ਨੇ ਆਪਣੀ ਅਹਿਮ ਜਗਾ ਬਣਾਈ, ਲੰਘੇ ਦਿਨ ਸਥਾਨਕ ਸਰਕਾਰਾਂ ਚ ਤੇ ਕੁਝ ਅਸੰਬਲੀ ਸੀਟਾਂ ਦੀਆਂ ਚੋਣਾਂ ਵਿੱਚ ਪੰਜਾਬੀਆਂ ਨੇ ਆਪਣੀ ਸਥਿੱਤੀ ਨੂੰ ਮਜ਼ਬੂਤ ਕੀਤਾ ਹੈ ਤੇ ਆਪਣੀ ਦਿੱਖ ਦਾ ਪ੍ਰਭਾਵ ਦਿੱਤਾ। ਇਹ ਭਾਰਤੀ ਮੂਲ ਦੇ ਆਗੂ ਦੋਨੋ ਮੁੱਖ ਪਾਰਟੀਆਂ ਡੈਮੋਕਰੈਟਸ ਤੇ ਰਿਪਬਲੀਕਨ ਨਾਲ ਸਬੰਧ ਰਖਦੇ ਹਨ ਪਰੰਤੂ ਅਮਰੀਕਾ ਵਿੱਚ ਇਮੀਗ੍ਰੇਸ਼ਨ , ਟੈਰਿਫ ਤੇ ਹੋਰ ਮੁੱਦਿਆਂ ਨੂੰ ਲੈ ਕੇ ਸੱਤਾਧਾਰੀ ਰਿਪਬਲੀਕਨ ਪਾਰਟੀ ਵਿਰੁੱਧ ਬਣੇ ਮਾਹੌਲ ਦੇ ਸਿੱਟੇ ਵਜੋਂ ਇਨਾਂ ਚੋਣਾਂ ਵਿੱਚ ਜਿਆਦਾਤਰ ਡੈਮੋਕਰੈਟਸ ਉਮੀਦਵਾਰ ਚੋਣ ਜਿੱਤੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਲਈ ਇਜਤ ਦਾ ਸਵਾਲ ਬਣੀ ਨਿਊਯਾਰਕ ਦੇ ਮੇਅਰ ਦੀ ਚੋਣ ਵਿੱਚ ਵੀ ਭਾਰਤੀ ਮੂਲ ਦੇ ਡੈਮੋਕਰੈਟਸ ਉਮੀਦਵਾਰ ਜ਼ੋਹਰਾਨ ਮਮਦਾਨੀ ਨੇ ਬਾਜੀ ਮਾਰੀ ਹੈ। ਡੈਮੋਕਰੈਟਸ ਪਾਰਟੀ ਦੇ ਆਗੂ ਜੇ ਜੇ ਸਿੰਘ ਵਰਜੀਨੀਆ ਹਾਊਸ ਆਫ ਡੈਲੀਗੇਟਸ ਵਿੱਚ ਮੁੜ ਡੈਲੀਗੇਟ ਚੁਣੇ ਗਏ ਹਨ। ਸਵਰਨਜੀਤ ਸਿੰਘ (ਡੈਮੋਕਰੈਟਸ) ਨਾਟਵਿਕ, ਸੀ ਟੀ ਦੇ ਮੇਅਰ ਦੀ ਚੋਣ ਜਿੱਤੇ ਹਨ। ਅਫਤਾਬ ਪੁਰੇਵਾਲ (ਡੈਮੋਕਰੈਟਸ) ਸਿਨਸਿਨਾਟੀ, ਓਹੀਓ ਦੇ ਮੇਅਰ ਦੀ ਚੋਣ ਮੁੜ ਜਿੱਤ ਗਏ ਹਨ। ਰਵੀ ਸਿੰਘ ਭੱਲਾ (ਡੈਮੋਕਰੈਟਸ) ਨਿਊਜਰਸੀ ਅਸੰਬਲੀ ਲਈ 32 ਵੇਂ ਜਿਲੇ ਤੋਂ ਚੋਣ ਜਿੱਤੇ ਹਨ। ਬੀਬੀ ਕਿਮ ਸਿੰਘ ਮੈਸਨ ਸਿਟੀ ਕੌਂਸਲ,ਓਹੀਓ ਲਈ ਚੁਣੇ ਗਏ ਹਨ। ਸਤਵਿੰਦਰ ਕੌਰ ਕੈਂਟ ਕੌਂਸਲ, ਵਾਸ਼ਿੰਗਟਨ ਲਈ ਚੁਣੇ ਗਏ ਹਨ। ਬਲਵੀਰ ਸਿੰਘ ਸਟੇਟ ਅਸੰਬਲੀ ਲੈਜਿਸਲੇਟਿਵ ਡਿਸਟ੍ਰਿਕਟ 7 ਬਰਲਿੰਗਟਨ, ਨਿਊ ਜਰਸੀ ਲਈ ਮੁੜ ਚੁਣੇ ਗਏ ਹਨ।

## ਟਰੰਪ ਪ੍ਰਸ਼ਾਸਨ ਨੇ ਹੁਣ ਤੱਕ 80 ਹਜ਼ਾਰ ਗੈਰ ਪ੍ਰਵਾਸੀ ਵੀਜ਼ੇ ਕੀਤੇ ਰੱਦ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-ਟਰੰਪ ਪ੍ਰਸ਼ਾਸਨ 20 ਜਨਵਰੀ ਨੂੰ ਸੱਤਾ ਸੰਭਾਲਣ ਉਪਰੰਤ ਹੁਣ ਤੱਕ ਅੰਦਾਜਨ 80 ਹਜ਼ਾਰ ਗੈਰ ਪ੍ਰਵਾਸੀ ਵੀਜ਼ੇ ਰੱਦ ਕਰ ਚੁੱਕਾ ਹੈ। ਇਹ ਜਾਣਕਾਰੀ ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਉਪਰ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਦੇ ਵੀਜ਼ੇ ਰੱਦ ਕੀਤੇ ਗਏ ਹਨ ਉਨਾਂ 'ਚ 16000 ਵੀਜੇ ਨਸ਼ਾ ਕਰਕੇ ਗੱਡੀ ਚਲਾਉਣ ਵਾਲਿਆਂ, 12000 ਹਮਲੇ ਕਰਨ ਤੇ 8000 ਵੀਜੇ ਚੋਰੀ ਕਰਨ ਵਾਲਿਆਂ ਦੇ ਸ਼ਾਮਿਲ ਹਨ। ਵਿਦੇਸ਼ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਅਪਰਾਧਕ



ਗਤੀਵਿਧੀਆਂ ਤੋਂ ਇਲਾਵਾ ਹੋਰ ਲੋਕਾਂ ਦੇ ਵੀ ਵੀਜ਼ੇ ਰੱਦ ਕੀਤੇ ਗਏ ਹਨ। ਬੁਲਾਰੇ ਨੇ ਕਿਹਾ ਹੈ ਕਿ 6000 ਤੋਂ ਵਧ ਵਿਦਿਆਰਥੀਆਂ ਦੇ ਵੀਜੇ ਮਿਆਦ ਖਤਮ ਹੋਣ ਦੇ ਬਾਵਜੂਦ ਅਮਰੀਕਾ 'ਚ ਟਿਕੇ ਰਹਿਣ ਕਾਰਨ ਰੱਦ ਕੀਤੇ ਗਏ ਹਨ। ਇਸ ਤੋਂ ਇਲਾਵਾ ਉਨਾਂ ਲੋਕਾਂ ਦੇ ਵੀਜ਼ੇ ਵੀ ਰੱਦ ਕੀਤੇ ਗਏ ਹਨ ਜਿਨਾਂ ਦੀਆਂ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਸਰਕਾਰ ਨੂੰ ਰਾਸ ਨਹੀਂ ਆਈਆਂ।

## ਅਮਰੀਕੀ ਤਾਲਾਬੰਦੀ ਕਾਰਨ 1000 ਉਡਾਣਾਂ ਰੱਦ

### ਮਾਹਿਰਾਂ ਨੇ ਉਡਾਣਾਂ ਰੱਦ ਹੋਣ ਦਾ ਵੱਡੇ ਪੱਧਰ 'ਤੇ ਅਸਰ ਪੈਣ ਦੀ ਚਿਤਾਵਨੀ ਦਿੱਤੀ

ਵਾਸ਼ਿੰਗਟਨ : ਅਮਰੀਕੀ ਏਅਰਲਾਈਨ ਕੰਪਨੀਆਂ ਨੇ 'ਤਾਲਾਬੰਦੀ' (ਸਰਕਾਰੀ ਕੰਮਕਾਜ ਲਈ ਫੰਡਾਂ ਦੀ ਕਮੀ) ਕਰਕੇ ਲਗਾਤਾਰ ਦੂਜੇ ਦਿਨ ਸ਼ਨਿੱਚਰਵਾਰ ਨੂੰ ਮੁੜ 1000 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ। ਸਮੀਖਿਅਕਾਂ ਨੇ ਚਿਤਾਵਨੀ ਦਿੱਤੀ ਕਿ ਜੇ ਇਸੇ ਤਰ੍ਹਾਂ ਉਡਾਣਾਂ ਰੱਦ ਹੁੰਦੀਆਂ ਰਹੀਆਂ ਤਾਂ ਇਸ ਦਾ ਵੱਡੇ ਪੱਧਰ 'ਤੇ ਅਸਰ ਪਵੇਗਾ। ਸਰਕਾਰੀ ਤਾਲਾਬੰਦੀ ਅੱਜ ਲਗਾਤਾਰ 40ਵੇਂ ਦਿਨ ਵੀ ਜਾਰੀ ਰਹੀ।

ਉੱਤਰੀ ਕੈਰੋਲੀਨਾ ਦਾ ਸ਼ੈਰਲਟ ਹਵਾਈ ਅੱਡਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ, ਜਿੱਥੇ ਦੁਪਹਿਰ ਤੱਕ 130 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਨਿਊ ਜਰਸੀ ਦੇ ਅਟਲਾਂਟਾ, ਸ਼ਿਕਾਗੋ, ਡੈਨਵਰ ਅਤੇ ਨਿਊਜਰਸੀ ਦੇ ਨਿਊਯਾਰਕ ਹਵਾਈ ਅੱਡੇ 'ਤੇ ਵੀ ਰੁਕਾਵਟਾਂ ਦੇਖੀਆਂ ਗਈਆਂ। ਰਾਡਾਰ ਸੈਂਟਰਾਂ ਅਤੇ ਕੰਟਰੋਲ ਟਾਵਰਾਂ 'ਤੇ ਸਟਾਫ ਦੀ ਲਗਾਤਾਰ ਘਾਟ ਕਾਰਨ ਸ਼ਨਿੱਚਰਵਾਰ ਨੂੰ ਨਿਊਯਾਰਕ ਸ਼ਹਿਰ ਦੇ ਆਲੇ-ਦੁਆਲੇ ਕਈ ਪੂਰਬੀ ਤੱਟ ਹਵਾਈ ਅੱਡਿਆਂ 'ਤੇ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਜਾਂ ਦੇਰੀ ਨਾਲ ਉੱਡੀਆਂ। ਯੂ ਐੱਸ ਫੈਡਰਲ ਏਵੀਏਸ਼ਨ ਐਡਮਨਿਸਟ੍ਰੇਸ਼ਨ (ਐੱਫ ਏ ਏ) ਨੇ ਫੈਡਰਲ



ਬੰਦ ਦੇ ਵਿਚਕਾਰ ਦੇਸ਼ ਵਿਆਪੀ ਉਡਾਣਾਂ ਵਿੱਚ ਕਟੌਤੀ ਦਾ ਆਦੇਸ਼ ਦਿੱਤਾ ਹੈ; ਹਾਲਾਂਕਿ ਸਾਰੀਆਂ ਉਡਾਣਾਂ ਰੱਦ ਹੋਣ ਦਾ ਕਾਰਨ ਐੱਫ ਏ ਏ ਦਾ ਹੁਕਮ ਨਹੀਂ ਹੈ।

ਰੱਦ ਕੀਤੀਆਂ ਉਡਾਣਾਂ ਦੀ ਗਿਣਤੀ ਦੇਸ਼ ਭਰ ਵਿੱਚ ਕੁੱਲ ਉਡਾਣਾਂ ਦਾ ਛੋਟਾ ਜਿਹਾ ਹਿੱਸਾ ਹੈ, ਪਰ ਜੇ ਤਾਲਾਬੰਦੀ ਜਾਰੀ ਰਹੀ ਤਾਂ ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਦੀ ਗਿਣਤੀ ਵਧਣੀ ਤੈਅ ਹੈ। ਤਾਲਾਬੰਦੀ ਨੇ ਪਹਿਲਾਂ ਹੀ ਘਰੇਲੂ ਕਾਰਜਾਂ ਵਿੱਚ ਵਿਘਨ ਪਾਇਆ ਹੈ ਅਤੇ ਹੁਣ ਦੂਜੇ ਯੂਰੋਪੀਅਨ ਦੇਸ਼ਾਂ ਵਿੱਚ ਸਮੁੰਦਰ ਦੇ ਪਾਰ ਅਮਰੀਕੀ ਫੌਜੀ ਟਿਕਾਣਿਆਂ 'ਤੇ ਕੰਮ ਕਰਨ ਵਾਲੇ ਸਥਾਨਕ ਕਰਮਚਾਰੀ ਵੀ ਇਸ ਦਾ ਅਸਰ ਮਹਿਸੂਸ ਕਰ ਰਹੇ ਹਨ। ਯੂਰੋਪ 'ਚ ਵਿਦੇਸ਼ੀ ਟਿਕਾਣਿਆਂ 'ਤੇ ਕੰਮ ਕਰਨ ਵਾਲੇ ਹਜ਼ਾਰਾਂ ਲੋਕਾਂ ਨੂੰ ਲਗਪਗ ਛੇ ਹਫ਼ਤੇ ਪਹਿਲਾਂ ਤਾਲਾਬੰਦੀ ਹੋਣ ਤੋਂ ਬਾਅਦ ਉਨ੍ਹਾਂ ਦੀਆਂ ਤਨਖਾਹਾਂ ਨਹੀਂ ਮਿਲੀਆਂ ਹਨ।

## ਜਲਦ ਖਤਮ ਹੋ ਸਕਦਾ ਹੈ ਅਮਰੀਕਾ ਵਿਚ ਸਰਕਾਰੀ ਸ਼ਟਡਾਊਨ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਇਤਿਹਾਸ ਦੇ ਸਭ ਤੋਂ ਲੰਮੇ ਸਰਕਾਰੀ ਸ਼ਟਡਾਊਨ ਨੂੰ ਖਤਮ ਕਰਨ ਵਾਲੇ ਫੰਡਿੰਗ ਬਿੱਲ ਨੂੰ ਬੁੱਧਵਾਰ ਨੂੰ ਅੰਤਿਮ ਵੋਟ ਲਈ ਸਦਨ ਵਿਚ ਭੇਜਿਆ ਜਾ ਰਿਹਾ ਹੈ, ਜਦੋਂਕਿ ਸੈਨੇਟ ਨੇ ਸੋਮਵਾਰ ਨੂੰ 60-40 ਵੋਟਾਂ ਨਾਲ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਕਾਂਗਰਸ ਵੀ ਇਸ ਬਿੱਲ ਨੂੰ ਕੁੱਝ ਸ਼ਰਤਾਂ ਸਮੇਤ ਪਾਸ ਕਰੇਗੀ। ਉਪਰੰਤ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਬਿੱਲ 'ਤੇ ਹਸਤਾਖਰ ਕਰ ਦਿੱਤੇ ਜਾਣਗੇ।




ਸਪੀਕਰ ਮਾਈਕ ਜੌਹਨਸਨ ਨੇ ਕਾਂਗਰਸ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਦੇਸ਼ ਭਰ ਦੇ ਹਵਾਈ ਅੱਡਿਆਂ 'ਤੇ ਯਾਤਰਾ ਵਿਚ ਦੇਰੀ ਹੋ ਰਹੀ ਹੈ। ਇਸ ਲਈ ਉਹ ਸਮੇਂ ਤੋਂ ਪਹਿਲਾਂ ਵਾਸ਼ਿੰਗਟਨ ਡੀ.ਸੀ. ਵਾਪਸ ਪਹੁੰਚ ਜਾਣ, ਤਾਂਕਿ ਬੁੱਧਵਾਰ ਨੂੰ ਇਸ 'ਤੇ ਵੋਟਿੰਗ ਕਰਵਾਈ ਜਾ ਸਕੇ।

ਸਿਹਤ ਸੇਵਾਵਾਂ 'ਚ ਸਬਸਿਡੀ ਬੰਦ ਕਰਵਾਉਣ ਦੇ ਡੈਮੋਕ੍ਰੇਟ ਦੇ ਵਿਰੋਧ ਵਜੋਂ ਰਾਸ਼ਟਰਪਤੀ ਟਰੰਪ ਵੱਲੋਂ ਇਹ ਸ਼ਟਡਾਊਨ ਕੀਤਾ ਗਿਆ ਸੀ। ਇਹ ਸਬਸਿਡੀ ਬੰਦ ਹੋਣ ਨਾਲ ਲੱਖਾਂ ਲੋਕਾਂ ਨੂੰ ਸਿਹਤ ਸੇਵਾਵਾਂ ਵਿਚ ਨੁਕਸਾਨ ਹੋਣਾ ਸੀ, ਜਿਸ ਨੂੰ ਜਾਰੀ ਰੱਖਣ ਲਈ ਡੈਮੋਕ੍ਰੇਟ ਪਾਰਟੀ ਜੱਦੋ-ਜਹਿਦ ਕਰ ਰਹੀ ਸੀ। ਇਥੇ ਇਹ ਕਹਿਣਾ ਬਣਦਾ ਹੈ ਕਿ ਇਸ ਸ਼ਟਡਾਊਨ ਦੌਰਾਨ ਲੱਖਾਂ ਲੋਕਾਂ ਨੂੰ ਫੂਡ ਸਟੈਂਪ ਨਹੀਂ ਮਿਲੀਆਂ, ਜਿਸ ਕਰਕੇ ਉਨ੍ਹਾਂ ਨੂੰ ਭੁੱਖੇ ਰਹਿ ਕੇ ਗੁਜ਼ਾਰਾ ਕਰਨਾ ਪਿਆ। ਇਸ ਦੇ ਨਾਲ ਫੈਡਰਲ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਗਈਆਂ, ਜਿਸ ਕਰਕੇ ਦੇਸ਼ ਵਿਚ ਬੇਰੁਜ਼ਗਾਰੀ ਵੱਧ ਗਈ ਹੈ। ਇਸ ਦੇ ਨਾਲ-ਨਾਲ ਹਵਾਈ ਆਵਾਜਾਈ ਵਿਚ ਭਾਰੀ ਵਿਘਨ ਪਿਆ ਹੈ।

ਸੈਨੇਟ ਵਿਚ ਇਹ ਬਿੱਲ ਚੈਂਬਰ ਦੇ ਸਾਰੇ ਰਿਪਬਲਿਕਨ ਮੈਂਬਰਾਂ ਅਤੇ ਡੈਮੋਕ੍ਰੇਟ ਪਾਰਟੀ ਨਾਲ ਸੰਬੰਧ 8 ਮੈਂਬਰਾਂ ਦੇ ਸਮਰਥਨ ਨਾਲ ਪਾਸ ਹੋਇਆ। ਹਾਲੇ ਵੀ 40 ਮਿਲੀਅਨ ਅਮਰੀਕੀਆਂ ਨੂੰ ਸਿਹਤ ਸੇਵਾਵਾਂ ਲਈ ਸਬਸਿਡੀ ਮਿਲਦੀ ਹੈ ਜਾਂ ਨਹੀਂ, ਇਸ ਦੀ ਕੋਈ ਗਾਰੰਟੀ ਨਹੀਂ।

## ਟਰੰਪ ਪ੍ਰਸ਼ਾਸਨ ਵੱਲੋਂ ਐੱਚ-1ਬੀ ਵੀਜ਼ਾ ਦੀ ਦੁਰਵਰਤੋਂ ਕਰਨ ਵਾਲਿਆਂ 'ਤੇ ਸਖਤੀ !

### 175 ਕੰਪਨੀਆਂ ਖਿਲਾਫ ਜਾਂਚ ਦੇ ਸੁਣਾਏ ਹੁਕਮ

ਵਾਸ਼ਿੰਗਟਨ : ਅਮਰੀਕਾ ਵਿਚ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਦੀ ਸੰਭਾਵਿਤ ਦੁਰਵਰਤੋਂ ਦੇ ਮਾਮਲਿਆਂ ਵਿਚ ਸਖਤੀ ਵਰਤਦੇ ਹੋਏ ਲਗਭਗ 175 ਕੰਪਨੀਆਂ ਖ਼ਿਲਾਫ਼ ਜਾਂਚ ਸ਼ੁਰੂ ਕਰ ਦਿੱਤੀ ਹੈ। ਅਮਰੀਕੀ ਕਿਰਤ ਵਿਭਾਗ (ਡੀ.ਓ.ਐੱਲ.) ਦੇ ਅਨੁਸਾਰ, ਇਹ ਕਦਮ ਅਮਰੀਕੀ ਨੌਕਰੀਆਂ ਦੀ ਸੁਰੱਖਿਆ ਦੇ ਵਿਆਪਕ ਯਤਨ ਦਾ ਇੱਕ ਹਿੱਸਾ ਹੈ।

ਕਿਰਤ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਕਿਰਤ ਸਕੱਤਰ ਲੋਰੀ ਸ਼ਾਵੇਜ਼-ਡੇਰੇਮਰ ਦੀ ਅਗਵਾਈ ਹੇਠ, ਏਜੰਸੀ ਅਮਰੀਕੀ ਕਾਮਿਆਂ ਨੂੰ ਤਰਜੀਹ ਦੇਣ ਲਈ ਕਾਰਵਾਈ ਜਾਰੀ ਰੱਖੇਗੀ। ਕਿਰਤ ਵਿਭਾਗ ਐੱਚ-1ਬੀ ਵੀਜ਼ਾ ਦੀ ਦੁਰਵਰਤੋਂ ਨੂੰ ਰੋਕਣ ਅਤੇ ਅਮਰੀਕੀ ਨੌਕਰੀਆਂ ਦੀ ਰੱਖਿਆ ਲਈ ਆਪਣੇ ਹਰ ਸਾਧਨ ਦੀ ਵਰਤੋਂ ਕਰ ਰਿਹਾ ਹੈ।

ਟਰੰਪ ਪ੍ਰਸ਼ਾਸਨ ਨੇ ਆਵਾਸ ਸੁਧਾਰ ਅਤੇ 'ਅਮਰੀਕਨ ਜੌਬਜ਼ ਫਸਟ' ਨੀਤੀ 'ਤੇ ਜ਼ੋਰ ਦਿੱਤਾ ਸੀ। ਵਿਭਾਗ ਦਾ ਕਹਿਣਾ ਹੈ ਕਿ ਤਕਨੀਕ, ਇੰਜੀਨੀਅਰਿੰਗ ਅਤੇ ਆਈ.ਟੀ. ਵਰਗੀਆਂ ਉੱਚ ਮਹਾਰਤ ਵਾਲੀਆਂ ਨੌਕਰੀਆਂ ਲਈ ਸਭ ਤੋਂ ਪਹਿਲਾਂ ਅਮਰੀਕੀ ਨਾਗਰਿਕਾਂ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਡੀ.ਓ.ਐੱਲ. ਨੇ ਇਹ ਯਕੀਨੀ ਬਣਾਉਣ ਲਈ ਸਤੰਬਰ ਵਿਚ 'ਪ੍ਰੋਜੈਕਟ ਫਾਇਰਵਾਲ' ਨਾਮਕ ਇੱਕ ਮੁਹਿੰਮ ਸ਼ੁਰੂ ਕੀਤੀ ਕਿ ਮਾਲਕ ਐੱਚ-1ਬੀ ਵੀਜ਼ਾ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ। ਜਾਂਚ ਦੇ ਘੇਰੇ 'ਚ ਆਈਆਂ ਕਈ ਕੰਪਨੀਆਂ




ਨੇ ਉੱਚ ਯੋਗਤਾ ਵਾਲੇ ਵਿਦੇਸ਼ੀ ਕਰਮਚਾਰੀਆਂ ਨੂੰ ਉਨ੍ਹਾਂ ਦੇ ਅਹੁਦੇ ਦੇ ਅਨੁਸਾਰ ਤਨਖਾਹ ਨਾਲੋਂ ਕਾਫ਼ੀ ਘੱਟ ਭੁਗਤਾਨ ਕੀਤਾ। ਇਸ ਕਾਰਨ ਐੱਚ-1ਬੀ ਵੀਜ਼ਾ ਧਾਰਕਾਂ ਅਤੇ ਮੁਕਾਬਲੇ ਵਿਚ ਬਣੇ ਰਹਿਣ ਲਈ ਮਜਬੂਰ ਅਮਰੀਕੀ ਕਰਮਚਾਰੀਆਂ, ਦੋਵਾਂ ਦੇ ਤਨਖਾਹ ਪੱਧਰ 'ਤੇ ਦਬਾਅ ਪਿਆ। ਕਈ ਮਾਮਲਿਆਂ ਵਿਚ 'ਬੈਂਚਿੰਗ' ਦਾ ਮਾਮਲਾ ਵੀ ਉਜਾਗਰ ਹੋਇਆ। 'ਬੈਂਚਿੰਗ' ਉਦੋਂ ਹੁੰਦੀ ਹੈ, ਜਦੋਂ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਪ੍ਰੋਜੈਕਟ ਖਤਮ ਹੋਣ ਅਤੇ ਨਵਾਂ ਪ੍ਰੋਜੈਕਟ ਮਿਲਣ ਦੇ ਵਿਚਕਾਰਲੇ ਸਮੇਂ ਵਿਚ ਤਨਖਾਹ ਨਹੀਂ ਦਿੱਤੀ ਜਾਂਦੀ।

ਜਾਂਚ ਵਿਚ ਪਾਇਆ ਗਿਆ ਕਿ ਜਦੋਂ ਕੰਪਨੀ ਸੰਚਾਲਕਾਂ ਨੇ ਐੱਚ-1ਬੀ ਵੀਜ਼ਾ ਧਾਰਕ ਦੀ ਸੇਵਾ ਖਤਮ ਕੀਤੀ ਤਾਂ ਉਨ੍ਹਾਂ ਨੇ ਸਮੇਂ ਸਿਰ ਅਮਰੀਕੀ ਨਾਗਰਿਕਤਾ ਅਤੇ ਆਵਾਸ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੂੰ ਸੂਚਿਤ ਨਹੀਂ ਕੀਤਾ ਜਾਂ ਕਾਫ਼ੀ ਦੇਰ ਬਾਅਦ ਸੂਚਿਤ ਕੀਤਾ। ਇਨ੍ਹਾਂ ਜਾਂਚਾਂ ਦੇ ਜ਼ਰੀਏ ਲਗਭਗ 15 ਮਿਲੀਅਨ ਡਾਲਰ ਤੋਂ ਵੱਧ ਦੀ ਬਕਾਇਆ ਮਜ਼ਦੂਰੀ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਤਕਨੀਕੀ ਖੇਤਰ ਨਾਲ ਜੁੜੇ ਕਰਮੀ ਅਤੇ ਡਾਕਟਰਾਂ ਸਮੇਤ ਭਾਰਤੀ ਪੇਸ਼ੇਵਰ, ਐੱਚ-1ਬੀ ਵੀਜ਼ਾ ਧਾਰਕਾਂ ਦੇ ਸਭ ਤੋਂ ਵੱਡੇ ਸਮੂਹ ਵਿਚ ਸ਼ਾਮਲ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਕਿਸੇ ਕੰਪਨੀ ਨੇ ਧੋਖਾਧੜੀ ਕੀਤੀ, ਤਾਂ ਉਸ 'ਤੇ ਭਾਰੀ ਜੁਰਮਾਨਾ ਲਗਾਇਆ ਜਾਵੇਗਾ ਅਤੇ ਭਵਿੱਖ ਵਿਚ ਵੀਜ਼ਾ ਸਪਾਂਸਰਸ਼ਿਪ ਤੋਂ ਰੋਕਿਆ ਜਾ ਸਕਦਾ ਹੈ।

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਸ਼ਹੀਦ ਕਰਤਾਰ ਸਰਾਭਾ ਤੇ ਸਾਥੀਆਂ ਦੀ ਯਾਦ ਵਿੱਚ ਫਰਿਜ਼ਨੋ ਵਿਖੇ ਸਮਾਗਮ

## ਅਨੀਤਾ ਸ਼ਬਦੀਸ਼ ਵੱਲੋਂ ਗਦਰੀ ਗੁਲਾਬ ਕੌਰ ਦੀ ਜ਼ਿੰਦਗੀ ਤੇ ਅਧਾਰਿਤ ਨਾਟਕ ਖੇਡਿਆ ਗਿਆ

ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ) : ਫਰਿਜ਼ਨੋ, ਕੈਲੇਫੋਰਨੀਆਂ ਦੇ ਸਥਾਨਕ ਹਾਰਵਿੱਸਟ ਐਲੀਮੈਂਟਰੀ ਸਕੂਲ ਦੇ ਆਡੀਟੋਰੀਅਮ ਵਿੱਚ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਸ਼ਹਾਦਤ ਨੂੰ ਸਮਰਪਿਤ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਇਸ ਮੌਕੇ ਗਦਰੀ ਗੁਲਾਬ ਕੌਰ ਦੀ ਜ਼ਿੰਦਗੀ ਤੇ ਅਧਾਰਿਤ ਨਾਟਕ "ਖਿੜਦੇ ਰਹਿਣ ਗੁਲਾਬ" ਨਾਟਕਕਾਰ "ਅਨੀਤਾ ਸ਼ਬਦੀਸ਼" ਨੇ ਬੜੀ ਜਾਨਦਾਰ ਪੇਸ਼ਕਾਰੀ ਨਾਲ ਖੇਡਿਆ। ਉਹਨਾਂ ਦੀ ਅਦਾਕਾਰੀ ਐਸੀ ਕਿ ਜਿਵੇਂ ਗਦਰੀ ਗੁਲਾਬ ਕੌਰ ਸ਼ਾਖ਼-ਸ਼ਾਤ ਆਪ ਰੋਲ ਕਰ ਰਹੀ ਹੋਵੇ। ਇਕੱਲੇ ਇਕੱਲੇ ਸੀਨ ਤੇ ਦਰਸ਼ਕ ਆਪ ਮੁਹਾਰੇ ਤਾੜੀਆਂ ਮਾਰ ਰਹੇ ਸਨ। ਗਦਰੀ ਗੁਲਾਬ ਕੌਰ ਦੀ ਕਹਾਣੀ ਨੇ ਹਰ ਅੱਖ ਨਮ ਕਰ ਦਿੱਤੀ। ਅਨੀਤਾ ਸ਼ਵਦੀਸ਼ ਇੱਕ ਸਫਲ ਅਦਾਕਾਰਾ ਹੈ, ਜਿਸ ਨੇ ਭਾਜੀ ਗੁਰਸ਼ਰਨ ਸਿੰਘ ਉਰਫ ਨਾਟਕ ਕਲਾ ਦੀ ਪ੍ਰਮੁੱਖ ਸ਼ਖਸੀਅਤ ਭਾਈ ਮੰਨਾਂ ਸਿੰਘ ਦੀ ਸੰਗਤ ਕੀਤੀ ਹੈ। ਇਸ ਸਮਾਗਮ ਦੀ ਸ਼ੁਰੂਆਤ ਸੰਸਥਾ ਦੇ ਸੈਕਟਰੀ ਹਰਜਿੰਦਰ ਢੇਸੀ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਉਪਰੰਤ ਲਾਲ ਚੰਦ ਯਮਲਾ ਜੱਟ ਦੇ ਸ਼ਗਿਰਦ ਰਾਜ ਬਰਾੜ ਨੇ ਇੱਕ ਇਨਕਲਾਬੀ ਗੀਤ ਨਾਲ ਹਾਜ਼ਰੀ ਲਵਾਈ। ਉਪਰੰਤ ਚਰਨਜੀਤ ਕੌਰ ਗਿੱਲ ਨੇ ਕਵਿਸ਼ਰੀ ਨਾਲ ਹਾਜ਼ਰੀ ਲਵਾਈ। ਡਾ. ਮਲਕੀਤ ਸਿੰਘ ਕਿੰਗਰਾ ਨੇ ਗਦਰੀ ਗੁਲਾਬ ਕੌਰ ਦੇ ਜੀਵਨ ਤੇ ਪੰਛੀ ਝਾਤ ਪਵਾਈ। ਆਂਚਲ ਹੇਅਰ ਨੇ ਗੀਤ ਇੱਕ ਇਨਕਲਾਬੀ ਗੀਤ ਨਾਲ ਹਾਜ਼ਰੀ ਲਵਾਈ। ਸਕੂਲ ਟਰੱਸਟੀ ਨੈਂਣਦੀਪ ਚੰਨ, ਜਸਪ੍ਰੀਤ ਸਿੱਧੂ ਨੇ ਵੀ ਸਟੇਜ ਤੋਂ ਸੰਬੋਧਨ ਕੀਤਾ। ਸ਼ਰਨਜੀਤ ਧਾਲੀਵਾਲ ਨੇ ਇੱਕ ਇਨਕਲਾਬੀ ਕਵਿਤਾ ਪੜ੍ਹੀ। ਪ੍ਰਗਟ ਸਿੰਘ ਧਾਲੀਵਾਲ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਸ਼ਹਾਦਤ ਬਾਰੇ ਸੰਖੇਪ ਵਿੱਚ ਜਾਣਕਾਰੀ ਸਾਂਝੀ ਕੀਤੀ। ਅਖੀਰ ਵਿੱਚ ਫੋਰਮ ਦੀਆਂ ਇਸਤਰੀ ਵਿੰਗ ਦੀਆਂ ਲੇਡੀਜ਼ ਨੇ ਅਨੀਤਾ ਸ਼ਬਦੀਸ਼ ਨੂੰ ਸ਼ਾਲ ਦੇਕੇ ਸਨਮਾਨਿਤ ਕੀਤਾ। ਇਸ ਸੋਲੋ ਨਾਟਕ ਵਿੱਚ ਅਨੀਤਾ ਸ਼ਵਦੀਸ਼ ਦੀ ਬਾ-ਕਮਾਲ ਅਦਾਕਾਰੀ ਨੇ ਇੱਕ ਘੰਟੇ ਤੋਂ ਵਧੀਕ ਗਦਰ ਗਹਿਰ ਦੇ ਇਤਿਹਾਸ ਦੀ ਨਾਇਕਾ ਬੀਬੀ ਗੁਲਾਬ ਕੌਰ ਨਾਲ ਜੋੜੀ ਰੱਖਿਆ।







ਪੇਸ਼ਕਾਰੀ ਦੌਰਾਨ ਸਰੋਤੇ ਆਪਣੇ ਆਪ ਨੂੰ ਗਦਰ ਲਹਿਰ ਨਾਲ ਜੁੜਿਆ ਮਹਿਸੂਸ ਕਰ ਰਹੇ ਸਨ ਅਤੇ ਬੀਬੀ ਗੁਲਾਬ ਕੌਰ ਦਾ ਇਤਿਹਾਸ ਦੇਖ ਸਰੋਤਿਆਂ ਦੀਆਂ ਅੱਖਾਂ ਨਮ ਨਜ਼ਰ ਆ ਰਹੀਆਂ ਸਨ। ਹਰ ਕੋਈ ਅਨੀਤਾ ਸ਼ਬਦੀਸ਼ ਦੀ ਅਦਾਕਾਰੀ ਦੀ ਤਰੀਫ਼ ਕਰ ਰਿਹਾ ਸੀ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ, ਕੈਲੇਫੋਰਨੀਆਂ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ।

ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ





Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਹ ਮੱਦ ਸਿੱਖ ਰਹਿਤ ਮਰਯਾਦਾ ਦੇ ਗੁਰਮਤਿ ਦੀ ਰਹਿਣੀ ਅਧਿਆਇ ਵਿਚ ਵੀ ਦੁਹਰਾਈ ਗਈ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਦਾ ਅਰਥਹੈ ਸਿੱਖ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਅਤੇ ਇਸ਼ਟ ਨਹੀਂ ਮੰਨਣਾ ਹੈ।

ਬੇਦ ਪੁਰਾਨ ਸਭ ਦੇਖੇ ਜੋਇ॥
ਊਹਾਂ ਤਉ ਜਾਈਐ ਜਉ ਈਹਾਂ ਨਾ ਹੋਇ॥੨॥
(ਬਸੰਤ ਭਗਤ ਰਾਮਾਨੰਦ, ਅੰਗ ੧੧੯੫)


(ਟ)....ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ ਅਤੇ ਹਰ ਰੋਜ਼ ਘੱਟ ਤੋਂ ਘੱਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ: ਜਪੁ, ਜਾਪੁ, 10 ਸਵੱਯੇ 'ਸ੍ਰਾਵਗ ਸੁਧ' ਵਾਲੇ, ਸੋ ਦਰੁ ਰਹਿਰਸ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ)।
(ਸਿੱਖ ਰਹਿਤ ਮਰਸਾਦਾ, ਅਕਤੂਬਰ ੨੦੧੫, ਪੰਨਾ ੩੦)

ਗੁਰਮੁਖੀ ਦਾ ਵੇਰਵਾ - ਗੁਰਮਤਿ ਦੀ ਰਹਿਣੀ ਦੀ ਮੱਦ (ਖ) ਵਿਚ ਵੀ ਦਿੱਤਾ ਗਿਆ ਹੈ : '(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਾਈ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।' ਇਸ ਲਈ ਸੁਖੈਂ ਢੰਗ ਹੈ ਕਿ ਨਿਤਨੇਮ ਦਾ ਪਾਠ ਗੁਰਮੁਖੀ ਦੇ ਗੁਟਕਿਆਂ ਵਿਚੋਂ ਹੀ ਕੀਤਾ ਜਾਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਲਿਪੀ ਗੁਰਮੁਖੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਅਭਿਆਸ ਹੋ ਜਾਏਗਾ।

ਇਸ ਦੇ ਨਾਲ ਹੀ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਵੇਰਵਾ ਦਿੱਤਾ ਗਿਆ ਹੈ। ਇਥੇ ਇਹ ਸਪਸ਼ਟ ਅੰਕਤ ਕੀਤਾ ਗਿਆ ਹੈ ਕਿ 'ਹਰ ਰੋਜ਼ ਘੱਟ ਤੋਂ ਘੱਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ।' ਇਸ ਤਰ੍ਹਾਂ ਕੇਵਲ ਪੰਜ ਬਾਣੀਆਂ ਤੱਕ ਹੀ ਰੋਕ ਨਹੀਂ ਲਗਾਈ ਗਈ ਬਲਕਿ ਜਿਤਨੀ ਵੱਧ ਤੋਂ ਵੱਧ ਬਾਣੀ ਦਾ ਪਾਠ ਕੀਤਾ ਜਾ ਸਕੇ ਮੁਬਾਰਕ ਹੈ ਪਰ ਇਨ੍ਹਾਂ ਪੰਜ ਬਾਣੀਆਂ ਦਾ ਨਿਤਨੇਮ ਲਾਜ਼ਮੀ ਹੈ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਨਿਤਨੇਮ ਦਾ ਪਾਠ ਨਿਤ (ਹਰ ਰੋਜ਼) ਕੀਤਾ ਜਾਏ।

ਇਥੇ ਇਕ ਗਲ ਵਿਚਾਰਨ ਵਾਲੀ ਹੈ ਕਿ ਨਿਤਨੇਮ ਦੀਆਂ ਵੀ ਅਤੇ ਅੰਮ੍ਰਿਤ ਸੰਚਾਰ ਦੀਆਂ ਪੰਜ ਬਾਣੀਆਂ ਹਨ। ਅੰਮ੍ਰਿਤ ਸੰਚਾਰ ਦੀਆਂ ਪੰਜ ਬਾਣੀਆਂ ਅਤੇ ਨਿਤਨੇਮ ਦੀਆਂ ਪੰਜ ਬਾਣੀਆਂ ਇਕੋ ਨਹੀਂ ਹਨ। ਅੰਮ੍ਰਿਤ ਸੰਚਾਰ ਵੇਲੇ ਪੰਜ ਬਾਣੀਆਂ 'ਜਪੁ ਜੀ ਸਾਹਿਬ, ਜਾਪੁ ਸਾਹਿਬ, 10 ਸਵੱਯੈ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ) ਅਤੇ ਅਨੰਦ ਸਾਹਿਬ ਜੀ' ਦਾ ਪਾਠ ਕਰਨਾ ਹੈ ਅਤੇ ਨਿਤਨੇਮ ਲਈ ਜਿਹੜੀਆਂ ਪੰਜ ਬਾਣੀਆਂ ਦੀ ਮਰਯਾਦਾ ਹੈ ਉਹ ਜਪੁ ਜੀ ਸਾਹਿਬ, ਜਾਪ ਸਾਹਿਬ, ਸਵੱਯੇ (ਸ੍ਰਾਵਗ ਸੁਧ ਸਵੱਯੇ), ਸੋ ਦਰੁ ਰਹਿਰਾਸ ਤੇ ਸੋਹਿਲਾ।

(ਟ) ਪੰਜਾ ਕੱਕਿਆਂ-ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)




ਇਸ ਮੱਦ ਵਿਚ ਪੰਜ ਕੱਕਿਆਂ ਜਾਂ ਕਕਾਰਾਂ ਦਾ ਵਰਣਨ ਹੈ ਜੋ ਹਰ ਅੰਮ੍ਰਿਤਧਾਰੀ ਨੇ ਹਰ ਵੇਲੇ ਅੰਗ ਸੰਗ ਰੱਖਣੇ ਹਨ। ਪੰਜ ਕਕਾਰ ਅਤੇ ਚਾਰ ਕੁਰਹਿਤਾਂ ਨਿਸਚਤ ਹਨ ਅਤੇ ਕਿਸੇ ਨੂੰ ਵੀ ਇਨ੍ਹਾਂ ਨੂੰ ਕਿਸੇ ਵੀ ਰੂਪ ਵਿਚ ਤਬਦੀਲ ਕਰਨ ਜਾਂ ਘੱਟ ਵੱਧ ਕਰਨ ਦਾ ਅਧਿਕਾਰ ਨਹੀਂ। ਇਨ੍ਹਾਂ ਪੰਜ ਕਕਾਰਾਂ ਦਾ ਵਰਣਨ ਫਾਰਸੀ ਦੀ ਇਸ ਪੁਰਾਤਨ ਲਿਖਤ ਰਾਹੀਂ ਪੰਥਕ ਮਾਨਸਿਕਤਾ ਵਿਚ ਪੱਕੀ ਤਰ੍ਹਾਂ ਉਕਰਿਆ ਹੋਇਆ ਹੈ।

ਨਿਸ਼ਾਨੇ ਸਿੱਖੀਂ ਈਂ ਹਰੂਫ਼ ਪੰਜ ਕਾਫ਼॥
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼॥੧॥
ਕੜਾ, ਕਾਰਦੋ, ਕੱਛ, ਕੰਘਾ ਬਿਦਾਂ॥
ਬਿਲਾ ਕੇਸ, ਹੇਚ ਅਸਤ ਜੁਮਲਾ ਨਿਸ਼ਾਂ॥੨॥
ਹਰਫ਼ ਹਾਇਕਾਤ ਅਸਤ ਈਂ ਪੰਜ ਕਾਫ਼॥
ਬਿ ਦਾਨੰਦ ਬਾਵਰ ਨ ਕੋਯਮ ਖਿਲਾਫ॥੩॥
ਹੁੱਕਾ ਹਜਾਮਤ ਹਲਾਲੋ ਹਰਾਮ॥
ਬਾਚੀਸ਼ੇ ਹਿਨਾਂ ਕਰਦਰੂ ਸਯਾਮ ਫਾਮ॥੪॥
ਕੇਸ,

ਪੰਜ ਕਕਾਰ ਗੁਰੂ ਦੀ ਬਖਸ਼ਿਸ਼ ਹਨ। ਕਿਸੇ ਨਾ ਕਿਸੇ ਰੂਪ ਵਿਚ ਇਹ ਕਕਾਰ ਪਹਿਲਾਂ ਵੀ ਮੌਜੂਦ ਸਨ ਪਰ ਜਦੋਂ ਸਤਿਗੁਰੂ ਜੀ ਦੇ ਪਾਵਨ ਹੱਥਾਂ ਦੀ ਇਨ੍ਹਾਂ ਨੂੰ ਛੋਹ ਪ੍ਰਾਪਤ ਹੋਈ ਇਨ੍ਹਾਂ ਦਾ ਵਜੂਦ, ਵਕਾਰ ਅਤੇ ਆਯਾਮ ਹੀ ਬਦਲ ਗਿਆ। ਵਾਲ ਤਾਂ ਪਹਿਲਾਂ ਵੀ ਸਨ ਅਤੇ ਵਾਲਾਂ ਵਾਲੇ ਵੀ ਸਨ। ਪਰ ਜਦੋਂ ਗੁਰੂ ਪਾਤਸ਼ਾਹ ਨੇ ਇਹ ਕਕਾਰ ਕਰ ਕੇ ਬਖਸ਼ਿਸ਼ ਕੀਤੇ ਤਾਂ ਇਹ ਪਾਵਨ ਕੇਸ ਹੋ ਗਏ। ਹੁਣ ਇਸ ਨੂੰ ਧਾਰਨ ਕਰਨ ਵਾਲਾ ਕੇਸਾਧਾਰੀ ਹੋ ਗਿਆ। ਇਸੇ ਲਈ ਰਹਿਤਨਾਮਿਆਂ ਵਿਚ ਵੀ ਆਦੇਸ਼ ਅੰਕਤ ਹੋ ਗਿਆ ਕਿ ਕੇਸਧਾਰੀ ਸਿੰਘਾਂ ਨੂੰ ਵਾਲਾਂ ਵਾਲੇ ਨਾ ਕਿਹਾ ਜਾਏ।

ਕੇਸਾਂ ਨੂੰ 'ਵਾਲ' ਆਖੇ ਸੋ ਤਨਖਾਹੀਆ
(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਰਹਿਤਨਾਮੇ, ਪੰਨਾ ੧੧੯)

ਪੰਜ ਕਕਾਰਾਂ ਵਿਚ ਸਿਰਮੌਰ ਕਕਾਰ ਕੇਸ ਹਨ। ਹਜ਼ੂਰ ਨੇ ਇਨ੍ਹਾਂ ਨੂੰ ਗੁਰੂ ਕੀ ਮੋਹਰ ਕਰ ਕੇ ਜਣਾਇਆ।

(ਚਲਦਾ)

# ਫਰਾਰ 'ਆਪ' ਵਿਧਾਇਕ ਪਠਾਨਮਾਜਰਾ ਦਾ ਆਸਟਰੇਲੀਆ ਤੋਂ ਇੰਟਰਵਿਊ

ਚੰਡੀਗੜ੍ਹ: ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ, ਜੋ ਸਤੰਬਰ ਤੋਂ ਫ਼ਰਾਰ ਸੀ, ਕਥਿਤ ਤੌਰ 'ਤੇ ਆਸਟ੍ਰੇਲੀਆ ਦੇ ਐਡੀਲੇਡ ਤੋਂ ਸਾਹਮਣੇ ਆਇਆ ਹੈ। ਦੂਜੇ ਪਾਸੇ ਸਨੌਰ ਤੋਂ ਵਿਧਾਇਕ ਪਠਾਨਮਾਜਰਾ ਦੀ ਜਬਰ-ਜ਼ਨਾਹ ਅਤੇ ਧੋਖਾਧੜੀ ਦੇ ਕਥਿਤ ਦੋਸ਼ਾਂ ਦੇ ਸਬੰਧ ਵਿੱਚ ਪੰਜਾਬ ਪੁਲੀਸ ਵੱਲੋਂ ਭਾਲ ਕੀਤੀ ਜਾ ਰਹੀ ਹੈ। 'ਦ ਆਸਟ੍ਰੇਲੀਆ ਟੂਡੇ' (The Australia Today) ਦੇ ਅਨੁਸਾਰ ਪਠਾਨਮਾਜਰਾ ਇੱਕ ਪੰਜਾਬੀ ਵੈੱਬ ਚੈਨਲ 'ਤੇ ਇੱਕ ਵੀਡੀਓ ਇੰਟਰਵਿਊ ਵਿੱਚ ਪੇਸ਼ ਹੋਏ ਹਨ, ਜਿਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ 'ਤੇ ਲੱਗੇ ਦੋਸ਼ ਇੱਕ ਸਿਆਸੀ ਸਾਜ਼ਿਸ਼ ਦਾ ਹਿੱਸਾ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਜ਼ਮਾਨਤ ਮਿਲਣ ਤੋਂ ਬਾਅਦ ਹੀ ਭਾਰਤ ਵਾਪਸ ਆਉਣਗੇ। ਜ਼ਿਕਰਯੋਗ ਹੈ ਕਿ ਪੁਲਿਸ 2 ਸਤੰਬਰ ਤੋਂ ਪਠਾਨਮਾਜਰਾ ਦੀ ਭਾਲ ਕਰ ਰਹੀ ਹੈ, ਜਦੋਂ ਉਨ੍ਹਾਂ ਦੇ ਸਮਰਥਕਾਂ ਨੇ ਹਰਿਆਣਾ ਦੇ ਇੱਕ ਫਾਰਮ ਹਾਊਸ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਕਥਿਤ ਤੌਰ 'ਤੇ ਨਾਕਾਮ ਕਰ ਦਿੱਤਾ ਸੀ। ਅਦਾਲਤ ਵਿੱਚ ਪੇਸ਼ ਨਾ ਹੋਣ ਤੋਂ ਬਾਅਦ ਪਟਿਆਲਾ ਦੀ ਇੱਕ ਅਦਾਲਤ ਨੇ ਪਠਾਨਮਾਜਰਾ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ। ਵਿਧਾਇਕ 'ਤੇ ਜਬਰ-ਜ਼ਨਾਹ, ਧੋਖਾਧੜੀ ਅਤੇ ਅਪਰਾਧਿਕ ਧਮਕੀ ਦੇ ਦੋਸ਼ ਹਨ, ਜਿਸ ਵਿੱਚ ਇੱਕ ਔਰਤ ਨੇ ਉਨ੍ਹਾਂ 'ਤੇ 2021 ਵਿੱਚ ਰਿਸ਼ਤਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਵਿਆਹੁਤਾ ਰੁਤਬੇ ਬਾਰੇ ਧੋਖਾ ਦੇਣ ਦਾ ਦੋਸ਼ ਲਗਾਇਆ ਹੈ। ਔਰਤ ਨੇ ਜਿਨਸੀ ਸ਼ੋਸ਼ਣ, ਧਮਕੀਆਂ ਅਤੇ ਪ੍ਰੇਸ਼ਾਨ ਕਰਨ ਦੇ ਦੋਸ਼ ਵੀ ਲਗਾਏ ਹਨ। ਉਧਰ ਪਠਾਨਮਾਜਰਾ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਦਾਅਵਾ ਕੀਤਾ ਹੈ ਕਿ ਉਹ ਫਰਜ਼ੀ ਮੁਕਾਬਲੇ ਦੇ ਡਰੋਂ ਭਾਰਤ ਤੋਂ ਭੱਜਿਆ ਹੈ। ਆਸਟਰੇਲੀਆ ਵਿੱਚ ਉਨ੍ਹਾਂ ਦੀ ਮੌਜੂਦਗੀ ਨੇ ਵਿਰੋਧੀ ਪਾਰਟੀਆਂ ਨੂੰ ਪੰਜਾਬ ਸਰਕਾਰ 'ਤੇ ਸਵਾਲ ਚੁੱਕਣ ਲਈ ਨਵਾਂ ਮੁੱਦਾ ਦੇ ਦਿੱਤਾ ਹੈ। ਵਿਰੋਧੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਿਧਾਇਕ ਦੀ ਰਾਖੀ ਕਰਨ ਦਾ ਦੋਸ਼ ਲਗਾਇਆ ਹੈ। ਪੰਜਾਬ ਪੁਲੀਸ ਨੇ ਕਥਿਤ ਤੌਰ 'ਤੇ ਪਠਾਨਮਾਜਰਾ ਦੀ ਸਥਿਤੀ ਦੀ ਪੁਸ਼ਟੀ ਕਰਨ ਲਈ ਕੇਂਦਰੀ ਏਜੰਸੀਆਂ ਤੋਂ ਸਹਾਇਤਾ ਦੀ ਬੇਨਤੀ ਕੀਤੀ ਹੈ ਅਤੇ ਹਵਾਲਗੀ (extradition) ਦੀ ਸੰਭਾਵਨਾ 'ਤੇ ਵਿਚਾਰ ਕਰ ਰਹੀ ਹੈ। ਆਸਟਰੇਲੀਆਈ ਅਧਿਕਾਰੀਆਂ ਤੋਂ ਸਹਿਯੋਗ ਲੈਣ ਲਈ ਕੂਟਨੀਤਕ ਚੈਨਲਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਦੋਂ ਕਿ ਲੁੱਕਆਊਟ ਨੋਟਿਸ ਅਤੇ ਇਸ਼ਤਿਹਾਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।



# ਜੂਨੀਅਰ ਮਹਿਲਾ ਹਾਕੀ ਕੱਪ ਲਈ ਭਾਰਤੀ ਟੀਮ ਦਾ ਐਲਾਨ

## ਜੋਤੀ ਸਿੰਘ ਕਰੇਗੀ ਟੀਮ ਦੀ ਅਗਵਾਈ; ਚਿਲੀ 'ਚ 25 ਤੋਂ ਸ਼ੁਰੂ ਹੋਵੇਗਾ ਟੂਰਨਾਮੈਂਟ

ਨਵੀਂ ਦਿੱਲੀ : ਹਾਕੀ ਇੰਡੀਆ ਨੇ ਚਿਲੀ ਦੇ ਸ਼ਹਿਰ ਸੈਂਟਿਆਗੋ ਵਿੱਚ 25 ਨਵੰਬਰ ਤੋਂ 13 ਦਸੰਬਰ ਤੱਕ ਹੋਣ ਵਾਲੇ ਐੱਫ ਆਈ ਐੱਚ ਮਹਿਲਾ ਜੂਨੀਅਰ ਵਿਸ਼ਵ ਕੱਪ ਲਈ ਜੋਤੀ ਸਿੰਘ ਦੀ ਅਗਵਾਈ ਹੇਠ 20 ਮੈਂਬਰੀ ਟੀਮ ਦਾ ਐਲਾਨ ਕੀਤਾ ਹੈ। ਟੀਮ ਵਿੱਚ 18 ਮੁੱਖ ਖਿਡਾਰਨਾਂ ਅਤੇ ਦੋ ਰਾਖਵੀਆਂ ਖਿਡਾਰਨਾਂ ਸ਼ਾਮਲ ਹਨ। ਮੁੱਖ ਕੋਚ ਤੁਸ਼ਾਰ ਖਾਂਡੇਕਰ ਨੇ ਪ੍ਰੈੱਸ ਬਿਆਨ ਵਿੱਚ ਕਿਹਾ, "ਮੈਂ ਟੀਮ ਅਤੇ ਇਸ ਦੇ ਮੌਜੂਦਾ ਪ੍ਰਦਰਸ਼ਨ ਤੋਂ ਖੁਸ਼ ਹਾਂ। ਮੇਰਾ ਮੁੱਖ ਸਿਧਾਂਤ ਅਨੁਸ਼ਾਸਨ ਹੈ ਅਤੇ ਟੀਮ ਬਣਾਉਂਦੇ ਸਮੇਂ ਮੈਂ ਇਸ ਨੂੰ ਧਿਆਨ ਵਿੱਚ ਰੱਖਿਆ ਹੈ। ਅਸੀਂ ਸਖ਼ਤ ਮਿਹਨਤ ਕੀਤੀ ਹੈ ਅਤੇ ਪਿਛਲੇ ਕੁਝ ਮਹੀਨਿਆਂ ਵਿੱਚ ਸਾਡੀਆਂ ਖਿਡਾਰਨਾਂ ਨੇ ਆਪਣੀ ਖੇਡ ਵਿੱਚ ਕਾਫ਼ੀ ਸੁਧਾਰ ਕੀਤਾ ਹੈ।"



ਭਾਰਤ ਨੂੰ ਪੂਲ 'ਸੀ' ਵਿੱਚ ਰੱਖਿਆ ਗਿਆ ਹੈ ਅਤੇ ਟੀਮ ਆਪਣੀ ਮੁਹਿੰਮ ਦੀ ਸ਼ੁਰੂਆਤ ਪਹਿਲੀ ਦਸੰਬਰ ਨੂੰ ਨਾਮੀਬੀਆ ਖ਼ ?ਲਾਫ਼ ਕਰੇਗੀ। ਇਸ ਤੋਂ ਬਾਅਦ ਟੀਮ 3 ਦਸੰਬਰ ਨੂੰ ਜਰਮਨੀ ਅਤੇ ਫਿਰ 5 ਦਸੰਬਰ ਨੂੰ ਆਇਰਲੈਂਡ ਦਾ ਸਾਹਮਣਾ ਕਰੇਗੀ। ਹਰ ਪੂਲ ਦੀਆਂ ਸਿਖਰਲੀਆਂ ਟੀਮਾਂ ਨਾਕਆਊਟ ਗੇੜ ਵਿੱਚ ਪਹੁੰਚਣਗੀਆਂ ਜੋ 7 ਤੋਂ 13 ਦਸੰਬਰ ਤੱਕ ਖੇਡਿਆ ਜਾਵੇਗਾ। ਸ੍ਰੀ ਖਾਂਡੇਕਰ ਨੇ ਕਿਹਾ, "ਅਸੀਂ ਸਾਰੇ ਚਿਲੀ ਦੀ ਯਾਤਰਾ ਲਈ ਤਿਆਰ ਹਾਂ ਅਤੇ ਉਤਸ਼ਾਹਿਤ ਹਾਂ। ਲੜਕੀਆਂ ਵਿਸ਼ਵ ਕੱਪ ਵਿੱਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਨ ਲਈ ਪੂਰੀ ਤਰ੍ਹਾਂ ਪ੍ਰੇਰਿਤ ਹਨ।" ਟੀਮ ਵਿੱਚ ਗੋਲਕੀਪਰ ਨਿਧੀ, ਏਂਜਿਲ ਹਰਸ਼ਾ ਰਾਣੀ ਮਿੰਜ਼; ਡਿਫੈਂਡਰ ਮਨੀਸ਼ਾ, ਲਾਲਥਨਲੁਆਂਗੀ, ਸਾਕਸ਼ੀ ਸ਼ੁਕਲਾ, ਪੂਜਾ ਸਾਹੂ, ਨੰਦਿਨੀ; ਮਿਡਫੀਲਡਰ ਸਾਕਸ਼ੀ ਰਾਣਾ, ਇਸ਼ੀਕਾ, ਸੁਨੇਲਿਤਾ ਟੋਪੋ, ਜੋਤੀ ਸਿੰਘ (ਕਪਤਾਨ), ਖੈਦੇਮ ਸ਼ਿਲੇਮਾ ਚਾਨੂ, ਬਿਨੀਮਾ ਧਾਨ; ਫਾਰਵਰਡ ਸੋਨਮ, ਪੂਰਨਿਮਾ ਯਾਦਵ, ਕਨਿਕਾ ਸਿਵਾਚ, ਹਿਨਾ ਬਾਨੋ ਅਤੇ ਸੁਖਵੀਰ ਕੌਰ ਸ਼ਾਮਲ ਹਨ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ
ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

**AC REPAIR**

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

**Thermostat Concerns**

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



**From Basra Heating & Air Conditioning**

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ
## ਸ. ਰਜਿੰਦਰ ਸਿੰਘ ਬਸਰਾ (209) 834-6188
## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਅਮੋਲਕ ਬਚਨਾਂ ਦਾ ਖਜ਼ਾਨਾ ਅਗਨ ਭੇਟ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਿਵੇਂ ਕੋਈ ਸ਼ਾਹੂਕਾਰ ਆਪਣੇ ਦੁਨਿਆਵੀ ਧਨ ਨੂੰ ਛੁਪਾ ਕੇ ਰੱਖਦਾ ਹੈ ਅਤੇ ਸੰਸਾਰ ਵਿੱਚ ਆਪਣੀ ਇਸ ਧਨ-ਸੰਪਤੀ ਨੂੰ ਓਨਾਂ ਹੀ ਪ੍ਰਗਟ ਕਰਦਾ ਹੈ ਜਿੰਨੀ ਕੁ ਉਸ ਲਈ ਅਤਿ ਲੋੜੀਂਦੀ ਹੋਵੇ। ਇਸੇ ਤਰ੍ਹਾਂ ਮਹਾਂਪੁਰਖ ਬਾਬਾ ਜੀ ਪਰਮੇਸ਼ਰ ਦੇ ਨਾਮ-ਧਨ ਰੂਪੀ ਖ਼ਜ਼ਾਨੇ ਨੂੰ ਅਤੇ ਗੁਰੂ ਮੇਹਰ ਨਾਲ ਪ੍ਰਾਪਤ ਹੋਈਆਂ ਆਤਮਿਕ ਬਖਸ਼ਿਸ਼ਾਂ ਨੂੰ ਪ੍ਰਗਟ ਕਰਨ ਤੋਂ ਬਹੁਤ ਜ਼ਿਆਦਾ ਸੰਕੋਚ ਕਰਦੇ ਹੁੰਦੇ ਸਨ। ਨਾਮ-ਜਪ ਦੁਆਰਾ ਜੋ ਆਤਮਿਕ-ਸ਼ਕਤੀ ਉਨ੍ਹਾਂ ਨੂੰ ਪ੍ਰਾਪਤ ਸੀ, ਓਸ ਅਜਰ-ਸ਼ਕਤੀ ਨੂੰ ਹਿਰਦੇ ਵਿੱਚ ਗੁਰੂ-ਮੇਹਰ ਨਾਲ ਸਮੋਈ, ਸੰਸਾਰ ਵਿੱਚ ਗੁਰੂ-ਹੁਕਮ ਅੰਦਰ ਆਪ ਜੀ ਜਨ-ਸਧਾਰਨ ਵਾਂਗ ਹੀ ਵਿਚਰਦੇ ਸਨ।

ਪਹਿਲੇ ਸਮੇਂ, ਜਦੋਂ ਵੀ ਗੁਰੂ-ਪਾਤਸ਼ਾਹ ਜੀ ਨੇ ਆਪ ਜੀ ਨੂੰ ਕੋਈ ਸੋਝੀ ਦੇਣੀ ਜਾਂ ਸਤਿਗੁਰੂ ਜੀ ਨੇ ਬਚਨ ਕਰਨੇ ਤਦ ਉਹ ਬਚਨ ਇੱਕ ਡਾਇਰੀ ਉੱਪਰ ਲਿਖ ਲੈਣੇ੧ ਅਤੇ ਓਸ ਡਾਇਰੀ ਨੂੰ ਜਿੰਦਰੇ ਅੰਦਰ ਰੱਖਣਾ ਪਰ ਉਹ ਗੁਰੂ-ਬਚਨਾਂ ਦਾ ਅਮੋਲਕ ਖ਼ਜ਼ਾਨਾ ਉਸ ਸਮੇਂ ਆਪ ਜੀ ਨੇ ਅਗਨ-ਭੇਟ ਕਰ ਦਿੱਤਾ ਜਦ ਇੱਕ ਵਾਰ 119 ਚੱਕ ਸਰਗੋਧਾ ਵਿੱਚ ਆਪ ਜੀ ਦੇ ਪਾਸ ਆਪ ਜੀ ਦਾ ਇੱਕ ਸੰਗਤੀ ਰਾਤ ਠਹਿਰਿਆ। ਆਪਣੇ ਰਿਹਾਇਸ਼ੀ ਕਮਰੇ ਵਿੱਚ ਹੀ ਉਸ ਨੂੰ ਵੀ ਨਿਵਾਸ ਕਰਾਇਆ। ਬਾਬਾ ਜੀ ਆਪਣੇ ਨੇਮ ਅਨੁਸਾਰ ਤੜਕੇ ਉੱਠੇ ਅਤੇ ਬਾਹਰ ਨੀਯਤ ਕੀਤੇ ਅਸਥਾਨ ਰਜਵਾਹੇ ਕੰਢੇ ਆਪਣਾ ਨਿਯਮ ਪੂਰਾ ਕਰਨ ਲਈ ਚਲੇ ਗਏ। ਕਿਸੇ ਕਾਰਨ ਜਿਸ ਅਲਮਾਰੀ ਵਿੱਚ ਉਹ ਡਾਇਰੀ ਸੀ, ਉਸ ਦਾ ਜਿੰਦਰਾ ਖੁੱਲ੍ਹਾ ਰਹਿ ਗਿਆ ਤੇ ਉਸ ਪ੍ਰੇਮੀ ਨੇ ਉਹ ਸਾਰੀ ਡਾਇਰੀ ਪੜ੍ਹ ਲਈ। 3-4 ਘੰਟੇ ਬਾਅਦ ਜਦ ਬਾਬਾ ਜੀ ਵਾਪਿਸ ਆਏ ਤਦ ਉਹ ਪ੍ਰੇਮੀ ਕਹਿਣ ਲੱਗਾ ਕਿ ਭਾਈ ਸਾਹਿਬ੨ ਜੀ! ਆਪ ਜੀ ਨਾਲ ਸਤਿਗੁਰੂ ਜੀ ਬੇਅੰਤ ਬਚਨ ਕਰਦੇ ਹਨ ਪਰ ਤੁਸੀਂ ਸਾਨੂੰ ਕਦੇ ਪ੍ਰਗਟ ਹੀ ਨਹੀਂ ਹੋਣ ਦਿੱਤਾ। ਬਾਬਾ ਜੀ ਨੇ ਪੁੱਛਿਆ ਕਿ ਤੁਹਾਨੂੰ ਕਿਵੇਂ ਪਤਾ ਹੈ ਕਿ ਸਤਿਗੁਰੂ ਜੀ, ਮੇਰੇ ਨਾਲ ਬਚਨ ਕਰ ਲੈਂਦੇ ਹਨ? ਤਦ ਉਸ ਪ੍ਰੇਮੀ ਨੇ ਕਿਹਾ ਕਿ ਇਸ ਅਲਮਾਰੀ ਵਿੱਚ ਮੈਂ ਆਪ ਜੀ ਦੇ ਹੱਥ ਦੀ ਲਿਖੀ ਡਾਇਰੀ ਪੜ੍ਹੀ ਹੈ, ਜਿਸ ਵਿੱਚ ਇਹ ਸਾਰੇ ਅਗੰਮੀ ਬਚਨ ਲਿਖੇ ਹੋਏ ਹਨ।

ਬਾਬਾ ਜੀ ਨੇ ਉਸ ਪ੍ਰੇਮੀ ਨੂੰ ਕਿਹਾ ਕਿ ਤੁਸੀਂ ਚੰਗਾ ਨਹੀਂ ਕੀਤਾ। ਕਿਸੇ ਦਾ ਆਤਮਿਕ ਭੇਦ ਖੋਲ੍ਹਣਾ, ਇਹ ਚੰਗੀ ਗੱਲ ਨਹੀਂ ਹੈ। ਸੋ, ਖ਼ੈਰ ਜੋ ਹੋ ਗਿਆ ਠੀਕ ਹੈ, ਪਰ ਬੜੀ ਨਿਮ੍ਰਤਾ ਸਹਿਤ ਬੇਨਤੀ ਹੈ ਕਿ ਇਸ ਡਾਇਰੀ ਜਾਂ ਬਚਨਾਂ ਪ੍ਰਥਾਇ ਕ੍ਰਿਪਾ ਕਰਕੇ ਅਗਾਂਹ ਕਿਸੇ ਨਾਲ ਵੀ ਗੱਲ ਨਾ ਕਰਨੀ। ਉਹ ਪ੍ਰੇਮੀ ਆਪਣੇ ਦਿੱਤੇ ਬਚਨ ਤੇ ਕਾਇਮ ਨਾ ਰਿਹਾ ਤੇ ਹੋਰ ਪ੍ਰੇਮੀਆਂ ਨੂੰ ਇਸ ਪ੍ਰਥਾਇ ਦੱਸ ਦਿੱਤਾ। ਜਦ ਉਹ ਪ੍ਰੇਮੀ ਬਾਬਾ ਜੀ ਪਾਸ ਆਏ ਤਦ ਮੰਗ ਕੀਤੀ ਕਿ ਕ੍ਰਿਪਾ ਕਰਕੇ ਸਾਨੂੰ ਵੀ ਸਤਿਗੁਰਾਂ ਦੇ ਅਗੰਮੀ ਬਚਨ ਪੜ੍ਹਾਓ ਜੋ ਸਮੇਂ-ਸਮੇਂ ਤੁਹਾਨੂੰ ਪ੍ਰਾਪਤ ਹੋਏ ਹਨ। ਆਪ ਜੀ ਨੇ ਉਹਨਾਂ ਨੂੰ ਟਾਲ-ਮਟੋਲ ਕਰ ਦਿੱਤੀ। ਅਗਲੇ ਦਿਨ ਮਨ ਵਿੱਚ ਵਿਚਾਰਿਆ ਕਿ ਹੁਣ ਸੰਗਤ ਨੂੰ ਪਤਾ ਲੱਗ ਗਿਆ ਹੈ, ਜੇ ਫੇਰ ਕਿਸੇ ਤਰ੍ਹਾਂ ਇਹਨਾਂ ਨੇ ਡਾਇਰੀ ਪੜ੍ਹ ਲਈ ਤਦ ਅਗਾਂਹ ਹੋਰਨਾਂ ਨੂੰ ਦੱਸਣਗੇ ਅਤੇ ਫਿਰ ਦੁਨਿਆਵੀ ਗ਼ਰਜ਼ਾਂ ਵਾਲੇ ਲੋਕ ਵੀ ਆਉਣੇ ਅਰੰਭ ਹੋ ਜਾਣੇ ਹਨ ਤੇ ਜੇ ਕਿਸੇ ਨੂੰ ਨਾਂਹ ਕੀਤੀ ਤਾਂ ਚੰਗਾ ਨਹੀਂ ਕਿਉਂਕਿ ਉਹ ਨਿਰਾਸ਼ ਹੋ ਕੇ ਜਾਵੇਗਾ। ਜੇ ਕਿਸੇ ਦੀ ਮਨੋ-ਕਾਮਨਾ ਪੂਰਨ ਹੋ ਗਈ ਤਾਂ ਸੰਸਾਰੀ ਲੋਕ ਆ ਕੇ ਮਾਨਤਾ ਕਰਨੀ ਅਰੰਭ ਕਰ ਦੇਣਗੇ। ਇਸ ਤਰ੍ਹਾਂ ਕਿਤੇ ਬਾਬਾ ਕਬੀਰ ਜੀ ਦੇ ਕਥਨ ਵਾਲੀ ਗੱਲ ਹੀ ਨਾ ਵਾਪਰ ਜਾਵੇ ਕਿ :

**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥**
**ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥** (ਅੰਗ ੧੩੬੯)

ਅਸੀਂ ਤਾਂ ਆਪਣੀ ਆਤਮਾ ਦੀ ਕਲਿਆਣ ਲਈ ਸਿਮਰਨ-ਭਜਨ ਅਰੰਭ ਕੀਤਾ ਹੈ ਨਾ ਕਿ ਲੋਕਾਂ ਨੂੰ ਆਪਣੇ ਮਗਰ ਲਾ ਕੇ ਪੂਜਾ ਕਰਾਉਣ ਲਈ। ਕਿਤੇ ਪਰਉਪਕਾਰ ਦੀ ਭਾਵਨਾ ਸਮੇਂ ਤੋਂ ਪਹਿਲੇ ਪ੍ਰਗਟ ਹੋ ਕੇ ਆਤਮਾ ਦੀ ਚੜ੍ਹਾਈ ਵਿੱਚ ਰੁਕਾਵਟ ਹੀ ਨਾ ਬਣ ਜਾਵੇ ਅਤੇ ਆਪਣੀ ਮੰਜ਼ਲ ਤੋਂ ਪਾਸੇ ਹੀ ਨਾ ਕਰ ਦੇਵੇ। ਬਾਬਾ ਜੀ ਦੱਸਦੇ ਹੁੰਦੇ ਸਨ ਕਿ ਇਸ ਪ੍ਰਕਾਰ ਕਾਫ਼ੀ ਸੋਚ-ਵਿਚਾਰ ਪਿੱਛੋਂ ਇਹ ਫ਼ੈਸਲਾ ਕੀਤਾ ਕਿ ਅਗਾਂਹ ਤੋਂ ਇਸ ਤਰ੍ਹਾਂ ਅਨੁਭਵੀ ਬਚਨ ਲਿਖਣੇ ਠੀਕ ਨਹੀਂ ਅਤੇ ਜੋ ਪਹਿਲਾਂ ਲਿਖੇ ਹੋਏ ਹਨ ਉਹਨਾਂ ਨੂੰ ਅਗਨ ਭੇਟ ਕਰ ਦਿੱਤਾ। ਅਗਾਂਹ ਤੋਂ ਲਿਖਣੇ ਬੰਦ ਕਰ ਦਿੱਤੇ।




ਜੇ ਕਿਤੇ ਸਾਰੇ ਅਨੁਭਵੀ ਬਚਨ ਜੋ ਸਮੇਂ-ਸਮੇਂ ਆਪ ਜੀ ਨੂੰ ਪ੍ਰਾਪਤ ਹੁੰਦੇ ਰਹੇ, ਕਾਇਮ ਰਹਿ ਜਾਂਦੇ ਤਾਂ ਉਹ ਆਤਮਿਕ ਜਗਿਆਸੂਆਂ ਵਾਸਤੇ ਬਹੁਤ ਅਮੋਲਕ ਖ਼ਜ਼ਾਨਾ ਸਾਬਤ ਹੁੰਦੇ ਪਰ ਗੁਰੂ-ਰਜ਼ਾ ਇੰਝ ਹੀ ਸੀ। ਉਂਝ ਬਾਬਾ ਜੀ ਨੂੰ ਇਹਨਾਂ ਅਨੁਭਵੀ ਬਚਨਾਂ ਵਿੱਚੋਂ 73 ਸਾਲ ਦੀ ਲੰਬੇਰੀ ਆਯੂ ਵਿੱਚ ਜਿਤਨੇ ਕੁ ਯਾਦ ਰਹੇ, ਉਹਨਾਂ ਵਿੱਚੋਂ ਕੁੱਝ ਕੁ ਬਚਨ ਆਪ ਜੀ ਨੇ 24 ਸਤੰਬਰ 1970 ਨੂੰ ਆਪਣੇ ਜੀਵਨ ਬ੍ਰਿਤਾਂਤ ਦੇ ਨਾਲ-ਨਾਲ ਆਪਣੀ ਜ਼ਬਾਨੀ ਰਿਕਾਰਡ ਕਰਵਾਏ, ਜੋ ਕੈਸਟ ਹੁਣ ਵੀ ਮੌਜੂਦ ਹੈ।

ਜ਼ਿਕਰਯੋਗ ਹੈ ਕਿ ਇਹ ਕੈਸਟ ਵੀ ਸੰਗਤਾਂ ਤੱਕ ਉਹਨਾਂ ਤੋਂ ਬਾਅਦ ਪਹੰਚਾਉਣ ਦਾ ਬਚਨ ਦਾਸ ਪਾਸੋਂ ਲੈ ਕੇ ਹੀ ਆਪ ਜੀ ਨੇ ਰਿਕਾਰਡ ਕਰਵਾਈ ਸੀ। ਬਾਬਾ ਜੀ ਦੇ ਹੁਕਮ ਅਨੁਸਾਰ ਆਪ ਜੀ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਹੀ ਉਹ ਬਚਨ ਸੰਗਤਾਂ ਤੱਕ ਪਹੁੰਚਾਏ ਗਏ ਸਨ।

(ਚਲਦਾ)

## ਕਰਤਾਰਪੁਰ ਸਾਹਿਬ ਵਿਖੇ ਕਰਵਾਇਆ ਗੁਰੂ ਨਾਨਕ ਦੇਵ ਜੀ ਇੰਟਰਨੈਸ਼ਨਲ ਕਬੱਡੀ ਫੈਸਟੀਵਲ



ਕਰਤਾਰਪੁਰ ਸਾਹਿਬ, ਨਾਰੋਵਾਲ (ਪਾਕਿਸਤਾਨ) : ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਜਿੱਥੇ ਪਾਕਿਸਤਾਨ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਗੁਰਮਤਿ ਸਮਾਗਮ ਸਜਾਏ ਗਏ ਉੱਥੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ 'ਸ੍ਰੀ ਗੁਰੂ ਨਾਨਕ ਦੇਵ ਜੀ ਇੰਟਰਨੈਸ਼ਨਲ ਕਬੱਡੀ ਫੈਸਟੀਵਲ 2025' ਵੀ ਕਰਵਾਇਆ ਗਿਆ, ਜਿਸ ਵਿਚ ਅੰਤਰਰਾਸ਼ਟਰੀ ਪੱਧਰ ਦੇ ਪਾਕਿਸਤਾਨੀ ਕਬੱਡੀ ਖਿਡਾਰੀਆਂ 'ਤੇ ਅਧਾਰਿਤ ਦੋ ਟੀਮਾਂ ਕੈਨੇਡਾ ਬੁੱਲਜ ਕਬੱਡੀ ਕਲੱਬ ਅਤੇ ਯੂ.ਕੇ. ਯੂਨਾਈਟਡ ਕਬੱਡੀ ਕਲੱਬ ਦਰਮਿਆਨ ਫਸਵਾਂ ਮੈਚ ਹੋਇਆ। ਪ੍ਰਬੰਧਕ ਇੰਦਰਜੀਤ ਸਿੰਘ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਇਹ ਕਬੱਡੀ ਫੈਸਟੀਵਲ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਕਰਵਾਇਆ ਜਾ ਰਿਹਾ ਹੈ। ਇਸ ਕਬੱਡੀ ਫੈਸਟੀਵਲ ਦੌਰਾਨ ਕੈਨੇਡਾ ਬੁੱਲਜ਼ ਕੱਬਡੀ ਕਲੱਬ ਨੇ 38 ਦੇ ਮੁਕਾਬਲੇ 39 ਪੁਆਇੰਟਾਂ ਨਾਲ ਯੂ. ਕੇ. ਯੂਨਾਈਟਡ ਕਬੱਡੀ ਕਲੱਬ ਨੂੰ ਹਰਾ ਕੇ ਮੈਚ ਆਪਣੇ ਨਾਂਅ ਕੀਤਾ। ਇਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ ਅਤੇ ਨਾਰੋਵਾਲ ਹਲਕੇ ਤੋਂ ਸੂਬਾਈ ਮੰਤਰੀ ਜਨਾਬ ਰਾਣਾ ਮਨਾਣ, ਪਾਕਿਸਤਾਨ ਰੇਂਜਰਸ ਦੇ ਸੀਨੀਅਰ ਅਧਿਕਾਰੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਜਥੇ ਦੇ ਮੁਖੀ ਬੀਬੀ ਗੁਰਿੰਦਰ ਕੌਰ ਭੋਲੂਵਾਲ, ਡਿਪਟੀ ਲੀਡਰ ਗੁਰਮੀਤ ਸਿੰਘ ਬੂਹ ਅਤੇ ਰਾਮਪਾਲ ਸਿੰਘ ਬਹਿਣੀਵਾਲ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਗੋਬਿੰਦ ਸਿੰਘ ਤੇ ਦਿੱਲੀ ਕਮੇਟੀ ਦੇ ਜਥੇ ਦੇ ਮੁਖੀ ਰਮਿੰਦਰ ਸਿੰਘ ਸਵੀਟਾ ਨੇ ਵੀ ਸ਼ਿਰਕਤ ਕੀਤੀ। ਜਿਥੇ ਜੇਤੂ ਟੀਮ ਨੂੰ ਪ੍ਰਮੁੱਖ ਸ਼ਖ਼ਸੀਅਤਾਂ ਵਲੋਂ ਸਨਮਾਨਿਤ ਕੀਤਾ ਗਿਆ, ਉੱਥੇ ਬੀਬੀ ਗੁਰਿੰਦਰ ਕੌਰ ਭੋਲੂਵਾਲ ਨੇ ਜੇਤੂ ਟੀਮ ਨੂੰ 21000 ਅਤੇ ਰਨਰਜ ਅਪ ਟੀਮ ਨੂੰ 11000 ਦਾ ਇਨਾਮ ਦਿੱਤਾ।

## ਮੁੱਖ ਮੰਤਰੀ ਨੇ 'ਤੀਰਥ ਯਾਤਰਾ ਯੋਜਨਾ' ਤਹਿਤ ਪਹਿਲੇ ਜਥੇ ਦੀਆਂ ਬੱਸਾਂ ਨੂੰ ਕੀਤਾ ਰਵਾਨਾ



ਧੂਰੀ (ਸੰਗਰੂਰ) : ਮੁੱਖ ਮੰਤਰੀ ਭਗਵੰਤ ਮਾਨ ਵਲੋਂ ਅੱਜ ਨੇੜਲੇ ਪਿੰਡ ਬਰੜਵਾਲ ਵਿਖੇ ਦੂਸਰੇ ਦੌਰ ਦੀ ਮੁਫ਼ਤ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦਾ ਆਰੰਭ ਕਰਦਿਆਂ ਤੀਰਥ ਯਾਤਰਾ 'ਤੇ ਜਾਣ ਵਾਲੀਆਂ ਬੱਸਾਂ ਨੂੰ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਨੂੰ ਸਮਰਪਿਤ ਧਾਰਮਿਕ ਸਥਾਨਾਂ ਦੀ ਮੁਫ਼ਤ ਤੀਰਥ ਯਾਤਰਾ ਆਰੰਭ ਕੀਤੀ ਗਈ ਹੈ, ਪੰਜਾਬ ਭਰ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ ਤੇ ਆਉਣ ਵਾਲੀ ਪੀੜੀ ਨੂੰ ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 24 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦਾ ਇਜਲਾਸ ਲਗਾਇਆ ਜਾ ਰਿਹਾ ਹੈ, ਜਿਸ ਵਿਚ ਕੁਝ ਇਤਿਹਾਸਿਕ ਫ਼ੈਸਲੇ ਲਏ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਦੇ ਸੈਨੇਟ ਅਤੇ ਸਿੰਡੀਕੇਟ ਨਾਲ ਜਾਣ-ਬੁੱਝ ਕੇ ਪੰਗੇ ਲੈ ਰਹੀ ਹੈ ਜਦੋਂ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਦਾ ਵਿਰਸਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂ ਜਿਹੜੇ ਹਿਸਾਬ ਨਾਲ ਬਿਆਨਬਾਜ਼ੀ ਕਰ ਰਹੇ ਹਨ ਉਸ ਤੋਂ ਜਾਪਦਾ ਹੈ ਕਿ ਪੰਜਾਬ 'ਚ ਇਕ ਸਰਕਾਰੀ ਪਾਗਲਖਾਨਾ ਖੋਲ੍ਹਣਾ ਪਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਅੱਜ ਪਹਿਲੀਆਂ ਤਿੰਨ ਬੱਸਾਂ 'ਚ ਲੋਕਾਂ ਨੂੰ ਲਾਟਰੀ ਸਿਸਟਮ ਰਾਹੀਂ ਪਰਚੀਆਂ ਕੱਢ ਕੇ ਤੀਰਥ ਯਾਤਰਾ 'ਤੇ ਭੇਜਿਆ ਜਾ ਰਿਹਾ ਹੈ ਤੇ ਇਨ੍ਹਾਂ ਯਾਤਰੀਆਂ ਦੇ ਰਹਿਣ-ਸਹਿਣ ਖਾਣ-ਪੀਣ ਮੈਡੀਕਲ ਸਹੂਲਤਾਂ ਅਤੇ ਏ. ਸੀ. ਬੱਸਾਂ ਸਮੇਤ ਹਰ ਪ੍ਰਕਾਰ ਦਾ ਪ੍ਰਬੰਧ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਇਹ ਤੀਰਥ ਯਾਤਰਾ ਹਜ਼ੂਰ ਸਾਹਿਬ, ਖਾਟੂ ਸ਼ਾਮ, ਦਰਬਾਰ ਸਾਹਿਬ, ਅਜਮੇਰ ਸ਼ਰੀਫ਼, ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਉੱਪਰ ਅਣਮਿੱਥੇ ਸਮੇਂ ਤੱਕ ਜਾਰੀ ਰਹੇਗੀ ਅਤੇ ਅਸੀਂ ਰੇਲ ਗੱਡੀਆਂ ਰਾਹੀਂ ਵੀ ਯਾਤਰੀਆਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਤੀਰਥ ਯਾਤਰਾ 'ਤੇ ਭੇਜਣ ਦਾ ਪ੍ਰਬੰਧ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਰੰਗਲਾ ਬਣਾਉਣ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਇਹ ਸਿਲਸਿਲਾ ਜਾਰੀ ਰਹੇਗਾ। ਇਸ ਮੌਕੇ ਮੁੱਖ ਮੰਤਰੀ ਦੇ ਓ. ਐਸ. ਡੀ. ਸੁਖਵੀਰ ਸਿੰਘ ਸੁੱਖੀ, ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਸੂਬਾ ਆਗੂ ਸਤਿੰਦਰ ਸਿੰਘ ਚੱਠਾ, ਚੇਅਰਮੈਨ ਗਊ ਸੇਵਾ ਕਮਿਸ਼ਨ ਅਸ਼ੋਕ ਕੁਮਾਰ ਲੱਖਾ, ਡਾ. ਅਨਵਰ ਭਸੌੜ, ਜਸਵੀਰ ਸਿੰਘ ਜੱਸੀ ਸੇਖੋਂ, ਅਨਿਲ ਮਿੱਤਲ, ਨਰੇਸ਼ ਸਿੰਗਲਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੇ ਪੰਚ-ਸਰਪੰਚ ਅਤੇ 'ਆਪ' ਆਗੂ ਹਾਜ਼ਰ ਸਨ।



# ਕੰਜੂਸ ਤੇ ਲਾਲਚੀ ਫੁੱਫੜ ਨੂੰ ਪਈਆਂ ਗਾਲਾਂ!

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਕਈ ਸਾਲ ਪਹਿਲਾਂ ਅਮਰੀਕਾ ਤੋਂ ਪਿੰਡ ਗਏ ਹੋਏ ਨੇ ਮੈਂ ਖਜੂਰ ਦੇ ਡੱਖੇ ਦਾ ਪੱਖਾ ਬਣਾ ਕੇ ਪੋਤਰੇ ਨੂਰ ਨੂੰ ਆਪਣਾ 'ਹੁਨਰ' ਦਿਖਾਇਆ ਸੀ ਕਿ ਬਚਪਨ ਵਿਚ ਕਿਵੇਂ ਅਸੀਂ ਬੇਟ ਵੱਲ੍ਹ ਪਸ਼ੂ ਚਰਾਉਣ ਗਏ ਹੋਏ ਅਜਿਹੇ ਪੱਖੇ ਬਣਾ ਲੈਂਦੇ ਹੁੰਦੇ ਸਾਂ। ਇਸੇ ਵਰ੍ਹੇ ਲੰਘੇ ਜੂਨ-ਜੁਲਾਈ ਵਿਚ ਮੈਂ ਪਿੰਡ ਗਿਆ ਹੋਇਆ ਸਾਂ। ਬਿਜਲੀ ਸਪਲਾਈ ਫੇਲ੍ਹ ਹੋਣ ਕਾਰਨ ਮੈਂ ਬਾਹਰ ਵਿਹੜੇ ਵਿਚ ਬੈਠਾ ਇਹ ਪੱਖਾ ਝੱਲ ਰਿਹਾ ਸਾਂ। ਆਪ ਬਣਾਏ ਹੋਏ ਇਸ ਪੱਖੇ ਬਾਰੇ ਮੈਨੂੰ ਇਕ ਦਿਲਚਸਪ ਵਾਕਿਆ ਚੇਤੇ ਆ ਗਿਆ-

ਇਕ ਵਾਰ ਭਾਦੋਂ ਦੇ ਕਹਿਰਾਂ ਵਾਲੇ ਹੁੰਮਸ ਵਿਚ ਪੰਦਰਾਂ ਵੀਹ ਮੀਲ ਸਾਈਕਲ ਚਲਾਉਂਦੇ ਹੋਏ ਸਾਡੇ ਭਾਈਆ ਜੀ ਗਏ ਸਾਡੀ ਭੂਆ ਦੇ ਘਰ। ਉਦੋਂ ਪਿੰਡਾਂ 'ਚ ਹਾਲੇ ਬਿਜਲੀ ਨਹੀਂ ਸੀ ਆਈ। ਮੁੜ੍ਹਕੇ ਕਾਰਨ ਅੱਕਲਕਾਨ ਹੋਏ ਪਏ ਬਭਾਈਆ ਜੀ ਨੇ ਜਾਂਦਿਆਂ ਸਾਰ ਫੁੱਫੜ ਨੂੰ ਕਿਹਾ ਕਿ ਭਾਈਆ ਜਾਨ ਨਿਕਲਦੀ ਜਾਂਦੀ ਆ.ਪਹਿਲਾਂ ਪੱਖੀ ਜਾ ਪੱਖਾ ਫੜਾਈਂ ਜ਼ਰਾ ਮੈਨੂੰ!

ਮਹਾਂ ਕੰਜੂਸ ਫੁੱਫੜ ਨੇ ਅੰਦਰੋਂ ਪਿੱਤਲ ਦੇ ਪਤੀਲੇ ਦਾ ਥਾਲ ਜਿਹਾ ਢੱਕਣ ਭਾਈਆ ਜੀ ਨੂੰ ਲਿਆ ਫੜਾਇਆ! ਚੜ੍ਹੀਆਂ ਹੋਈਆਂ ਚਰ੍ਹੀਆਂ ਮੱਕੀਆਂ ਵਿਚ ਕੱਚੇ ਰਾਹਾਂ ਉੱਤੇ ਸਾਈਕਲ ਚਲਾਉਂਦੇ, ਪਹਿਲੋਂ ਹੀ ਹਾਲੋਂ ਬੇਹਾਲ ਹੋਏ ਪਏ ਭਾਈਆ ਜੀ ਨੇ ਖਿਝ-ਭੁੱਜ ਕੇ ਫੁੱਫੜ ਨੂੰ ਬੁਰਾ ਭਲਾ ਕਹਿੰਦਿਆਂ ਚੰਗੀਆਂ 'ਤੱਤੀਆਂ ਤੱਤੀਆਂ' ਸੁਣਾਈਆਂ! ਪਰ 'ਢੀਠਾਂ ਦਾ ਸਰਦਾਰ' ਫੁੱਫੜ ਅੱਗਿਓਂ 'ਹੀਂ.ਹੀਂਹੀਂ' ਕਰੀ ਗਿਆ!



ਘਰੇ ਆ ਕੇ ਭਾਈਆ ਜੀ ਨੇ ਭੂਆ ਦੇ ਘਰ ਵਾਲੀ ਉਕਤ ਸਟੋਰੀ ਸੁਣਾ ਕੇ ਮੈਨੂੰ ਕਿਹਾ ਕਿ ਕਾਕਾ ਖਜੂਰ ਦੇ ਡੱਖੇ ਦੇ ਦੋ ਪੱਖੇ ਬਣਾ ਕੇ ਕੱਲ੍ਹ ਪਰਸੋਂ ਨੂੰ ਆਪਣੀ ਭੂਆ ਦੇ ਘਰੇ ਦੇ ਕੇ ਆ!

ਲਓ ਜੀ ਦੂਜੇ ਤੀਜੇ ਦਿਨ ਮੈਂ ਬੇਟ ਵੱਲ ਪਸ਼ੂ ਚਰਾਉਣ ਗਿਆ ਹੋਇਆ ਦੋ ਪੱਖੇ ਬਣਾ ਲਿਆਇਆ ਅਤੇ ਭੂਆ ਦੇ ਘਰ ਦੇਣ ਚਲਾ ਗਿਆ! ਕਿਤੇ 'ਦੋ ਘੁੱਟ' ਪੀ ਕੇ ਜਾਂ ਵੈਸੇ ਈ ਖ਼ੁਸ਼ ਮੂਡ ਵਿਚ ਚਾਮਹਲ ਕੇ ਹਿੰਦੀ 'ਚ 'ਹਮਕੋ-ਤੁਮਕੋ' ਕਰਨ ਵਾਲਾ ਵਾਲਾ ਫੁੱਫੜ, ਮੈਥੋਂ ਦੋਏ ਪੱਖੇ ਫੜ ਕੇ ਬੋਲਿਆ-

'ਗਿਆਨੀ ਜੀ, ਇਸ ਕੇ ਜੈਸੇ ਦੋ ਪੱਖੇ ਹਮਕੋ ਔਰ ਬਨਾ ਕੇ ਭੇਜ ਦੇਣਾ!'

ਫੁੱਫੜ ਦੀ ਇਹ ਗੱਲ ਜਦ ਮੈਂ ਵਾਪਸ ਘਰੇ ਆ ਕੇ ਦੱਸੀ ਤਾਂ ਭਾਈਆ ਜੀ ਨੇ ਲਾਲਚੀ ਫੁੱਫੜ ਨੂੰ ਗਰਮਾਂ ਗਰਮ ਵੀਹ ਗਾਲਾਂ ਹੋਰ ਕੱਢ'ਤੀਆਂ ਸਨ!

# ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਵੜਿੰਗ ਖ਼ਿਲਾਫ਼ ਸ਼ਿਕਾਇਤ

## ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼; ਪੁਲਿਸ ਨੇ ਜਾਂਚ ਆਰੰਭੀ



ਤਰਨ ਤਾਰਨ : ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਖ਼ਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚਾਰ ਮੈਂਬਰਾਂ ਨੇ ਧਾਰਮਿਕ ਭਾਵਨਾਵਾਂ ਨੂੰ ਕਥਿਤ ਤੌਰ 'ਤੇ ਠੇਸ ਪਹੁੰਚਾਉਣ ਦੇ ਦੋਸ਼ ਹੇਠ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੜਿੰਗ ਸਾਬਕਾ ਕੇਂਦਰੀ ਮੰਤਰੀ ਮਰਹੂਮ ਬੂਟਾ ਸਿੰਘ ਖ਼ਿਲਾਫ਼ ਕੀਤੀਆਂ ਟਿੱਪਣੀਆਂ ਕਰ ਕੇ ਵੀ ਵਿਰੋਧ ਦਾ ਸਾਹਮਣਾ ਕਰ ਚੁੱਕੇ ਹਨ। ਇਹ ਤਾਜ਼ਾ ਮਾਮਲਾ ਉਨ੍ਹਾਂ ਦੀਆਂ ਸਮੱਸਿਆਵਾਂ ਵਿੱਚ ਵਾਧਾ ਕਰ ਸਕਦਾ ਹੈ। ਇਸ ਸਬੰਧੀ ਐੱਸ ਐੱਸ ਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਉਹ ਖ਼ੁਦ ਇਸ ਮਾਮਲੇ ਦੀ ਜਾਂਚ ਪੜਤਾਲ ਕਰ ਰਹੇ ਹਨ ਅਤੇ ਛੇਤੀ ਹੀ ਇਸ ਸਬੰਧੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸ਼ਿਕਾਇਤਕਰਤਾ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਗੁਰਚਰਨ ਸਿੰਘ ਗਰੇਵਾਲ, ਸੁਰਜੀਤ ਸਿੰਘ ਗੜ੍ਹੀ, ਹਰਜਿੰਦਰ ਕੌਰ ਅਤੇ ਅਵਤਾਰ ਸਿੰਘ ਰਿਆ ਨੇ ਦੱਸਿਆ ਕਿ ਚੋਣਾਂ ਦੇ ਪ੍ਰਚਾਰ ਦੌਰਾਨ ਰਾਜਾ ਵੜਿੰਗ ਨੇ ਪਿੰਡਾਂ ਵਿੱਚ ਦੌਰੇ ਕਰਦਿਆਂ ਦੋ ਸਿੱਖ ਨਾਲਾਬਾਗ ਲੜਕਿਆਂ ਦੇ ਜੂੜਿਆਂ ਨੂੰ ਆਪਣੇ ਹੱਥਾਂ ਵਿੱਚ ਫੜ ਕੇ ਉਨ੍ਹਾਂ ਦਾ ਕਥਿਤ ਤੌਰ 'ਤੇ ਮਜ਼ਾਕ ਉਡਾਇਆ ਸੀ। ਇਲਾਕੇ ਅੰਦਰ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵੀ ਵਾਇਰਲ ਹੋਈ ਸ੍ਰੀ ਐੱਸ ਐੱਸ ਪੀ ਸੁਰਿੰਦਰ ਲਾਂਬਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਖ਼ੁਦ ਇਸ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।

# 60 ਕਰੋੜ ਦੀ ਧੋਖਾਧੜੀ ਦਾ ਮਾਮਲਾ ਸ਼ਿਲਪਾ ਸ਼ੈਟੀ ਤੇ ਰਾਜ ਕੁੰਦਰਾ ਵਲੋਂ ਹਾਈ ਕੋਰਟ ਦਾ ਰੁਖ਼

ਮੁੰਬਈ : ਅਦਾਕਾਰਾ ਸ਼ਿਲਪਾ ਸ਼ੈਟੀ ਅਤੇ ਉਸ ਦੇ ਕਾਰੋਬਾਰੀ ਪਤੀ ਰਾਜ ਕੁੰਦਰਾ ਨੇ ਮੁੰਬਈ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਵਲੋਂ ਉਨ੍ਹਾਂ ਵਿਰੁੱਧ ਦਰਜ ਕੀਤੇ ਗਏ 60 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ ਨੂੰ ਰੱਦ ਕਰਵਾਉਣ ਲਈ ਬੰਬੇ ਹਾਈ ਕੋਰਟ ਦਾ ਰੁਖ ਕੀਤਾ ਹੈ।



ਐੱਫ.ਆਈ.ਆਰ. ਨੂੰ ਰੱਦ ਕਰਵਾਉਣ ਦੀ ਮੰਗ ਤੋਂ ਇਲਾਵਾ ਇਸ ਜੋੜੇ ਨੇ ਅਦਾਲਤ ਨੂੰ ਇਹ ਵੀ ਬੇਨਤੀ ਕੀਤੀ ਹੈ ਕਿ ਉਹ ਸੁਣਵਾਈ ਲੰਬਿਤ ਹੋਣ ਤੱਕ ਪੁਲਿਸ ਨੂੰ ਇਸ ਕੇਸ 'ਚ ਚਾਰਜਸ਼ੀਟ ਦਾਖਲ ਨਾ ਕਰਨ ਅਤੇ ਉਨ੍ਹਾਂ ਵਿਰੁੱਧ ਕੋਈ ਵੀ ਜ਼ਬਰੀ ਕਾਰਵਾਈ ਨਾ ਕਰਨ ਦਾ ਨਿਰਦੇਸ਼ ਦੇਵੇ। ਉਨ੍ਹਾਂ ਦੀਆਂ ਅਰਜ਼ੀਆਂ 'ਤੇ ਮੁੱਖ ਜੱਜ ਚੰਦਰਸ਼ੇਖਰ ਅਤੇ ਜਸਟਿਸ ਗੌਤਮ ਅਨਖਾਡ ਦੇ ਬੈਂਚ ਸਾਹਮਣੇ ਸੁਣਵਾਈ ਹੋਈ। ਅਦਾਲਤ ਨੇ ਜੋੜੇ ਨੂੰ ਉਨ੍ਹਾਂ ਦੀਆਂ ਪਟੀਸ਼ਨਾਂ ਦੀ ਇਕ ਕਾਪੀ ਕੇਸ ਦੇ ਸ਼ਿਕਾਇਤਕਰਤਾ ਦੀਪਕ ਕੋਠਾਰੀ ਨੂੰ ਪ੍ਰਦਾਨ ਕਰਨ ਦਾ ਨਿਰਦੇਸ਼ ਦਿੱਤਾ ਅਤੇ ਮਾਮਲੇ ਦੀ ਅਗਲੀ ਸੁਣਵਾਈ 20 ਨਵੰਬਰ ਲਈ ਮੁਲਤਵੀ ਕਰ ਦਿੱਤੀ।

# 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਦਾ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵੱਲੋਂ ਨਿੱਘਾ ਸਵਾਗਤ

ਅੰਮ੍ਰਿਤਸਰ : ਸ੍ਰੀ ਗੁਰੂ ਤੇਗ਼ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਇਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਅਰੰਭ ਹੋਏ ਮਹਾਨ ਨਗਰ ਕੀਰਤਨ ਦਾ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਦੇ 14ਵੇਂ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘ ਬੁੱਢਾ ਦਲ ਵੱਲੋਂ ਖਾਲਸਾਈ ਰਵਾਇਤ ਮੁਤਾਬਕ ਭਰਵਾ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਬਾਬਾ ਭਗਤ ਸਿੰਘ, ਸ. ਪਰਮਜੀਤ ਸਿੰਘ ਬਾਜਵਾ ਨੇ ਪੰਜ



ਪਿਆਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿੱਚ ਸਿਰਪਾਓ ਭੇਟ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕੀਤੇ ਗਏ।

# ਆਰ.ਐਸ.ਐਸ ਭਾਰਤ ਨੂੰ ਹਿੰਦੂ ਰਾਸ਼ਟਰ ਨਹੀਂ ਬਣਾ ਸਕੇਗੀ: ਗਿਆਨੀ ਹਰਪ੍ਰੀਤ ਸਿੰਘ

## ਟੌਹੜਾ ਚੈਰੀਟੇਬਲ ਟਰੱਸਟ ਵੱਲੋਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ

ਪਟਿਆਲਾ : ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਆਰ.ਐਸ.ਐਸ ਕਿਸੇ ਵੀ ਸੂਰਤ 'ਚ ਭਾਰਤ ਨੂੰ ਹਿੰਦੂ ਰਾਸ਼ਟਰ ਨਹੀਂ ਬਣਾ ਸਕੇਗੀ ਕਿਉਂਕਿ ਅਤਿ ਸ਼ਕਤੀਸ਼ਾਲੀ ਰਾਜਾ ਹੋਣ ਦੇ ਬਾਵਜੂਦ ਧਰਮ ਪਰਿਵਰਤਨ ਵਰਗੀਆਂ ਘਾਤਕ ਗਤੀਵਿਧੀਆਂ ਦੇ ਮਾਮਲੇ 'ਚ ਤਾਂ ਔਰੰਗਜ਼ੇਬ ਦੇ ਮਨਸੂਬੇ ਵੀ ਖੁੰਢੇ ਹੋ ਕੇ ਰਹਿ ਗਏ ਸਨ ਹਾਲਾਂਕਿ ਆਰਐਸਐਸ ਤਾਂ ਉਸ ਦੇ ਮੁਕਾਬਲੇ ਤੁੱਛ ਜਿਹਾ ਸੰਗਠਨ ਹੈ ਜਿਸ ਕਰਕੇ ਇਸ ਨੂੰ ਇਸ ਪਾਸੇ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ। ਉਨ੍ਹਾਂ ਅੱਜ ਇਥੇ ਸ੍ਰੀ ਹਰਪਾਲ ਟਿਵਾਣਾ ਆਡੀਟੋਰੀਅਮ ਵਿਖੇ ਗੁਰਚਰਨ ਸਿੰਘ ਟੌਹੜਾ ਚੈਰੀਟੇਬਲ ਟਰੱਸਟ ਵੱਲੋਂ ਪ੍ਰਧਾਨ ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਕਰਵਾਏ ਗਏ ਇੱਕ ਸੈਮੀਨਾਰ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ




ਅੰਦਰ ਧਾਰਨ ਕਰਨ ਲਈ ਪ੍ਰੇਰਿਆ।

ਇਸ ਮੌਕੇ ਜਸਟਿਸ ਰਣਜੀਤ ਸਿੰਘ ਰਿਟਾ. ਚੇਅਰਮੈਨ ਮਨੁੱਖੀ ਅਧਿਕਾਰ ਸੰਗਠਨ, ਪ੍ਰੋ. ਸਰਬਜਿੰਦਰ ਸਿੰਘ ਵਾਈਸ ਚਾਂਸਲਰ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਆਦਿ ਵੀ ਮੌਜੂਦ ਸਨ। ਸੈਮੀਨਾਰ ਦੇ ਮੁੱਖ ਬੁਲਾਰੇ ਵਾਈਸ ਚਾਂਸਲਰ ਡਾ. (ਪ੍ਰੋ.) ਸਰਬਜਿੰਦਰ ਸਿੰਘ ਨੇ ਬਾਕੀ ਧਰਮਾ ਨਾਲੋਂ ਸਿੱਖੀ ਵਿਚ ਸ਼ਹਾਦਤ ਦਾ ਵੱਖਰਾ ਸੰਕਲਪ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੁਨੀਆ ਦੀ ਇੱਕ ਵਿਲੱਖਣ ਸ਼ਹਾਦਤ ਹੈ ਜਿਨ੍ਹਾਂ ਨੇ ਦੂਸਰੇ ਧਰਮ ਨੂੰ ਬਚਾਉਣ ਲਈ ਮਨੁੱਖੀ ਅਧਿਕਾਰਾਂ ਦੀ ਖਾਤਿਰ ਆਪਣੀ ਸ਼ਹਾਦਤ ਦਿੱਤੀ। ਸਿੱਖਾਂ ਨੂੰ ਗੁਰੂ ਸਾਹਿਬ ਦੇ ਜੀਵਨ ਤੋ ਸੇਧ ਲੈ ਕੇ ਸਿਰ ਜੋੜ ਕੇ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਦੀ ਲੋੜ ਹੈ।

ਇਸ ਮੌਕੇ ਜਸਟਿਸ ਰਣਜੀਤ ਸਿੰਘ, ਸਤਵਿੰਦਰ ਸਿੰਘ ਟੌਹੜਾ ਅਤੇ ਰਣਧੀਰ ਸਿੰਘ ਸਮੂਰਾਂ ਆਦਿ ਨੇ ਵੀ ਸ਼ਿਰਕਤ ਕੀਤੀ। ਜਿਸ ਦੌਰਾਨ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੂੰ ਸਨਮਾਨਤ ਵੀ ਕੀਤਾ ਗਿਆ।

# ਮਟਨ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ 'ਚ ਭਰਵੀਂ ਸ਼ਮੂਲੀਅਤ ਕਰੇਗਾ ਹਿੰਦੂ ਸਮਾਜ

ਅੰਮ੍ਰਿਤਸਰ : ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਸੰਬੰਧੀ ਸ਼੍ਰੋਮਣੀ ਕਮੇਟੀ ਵਲੋਂ ਕਰਵਾਏ ਜਾ ਰਹੇ ਵਿਸ਼ਵ ਪੱਧਰੀ ਧਾਰਮਿਕ ਸਮਾਗਮਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਨੇ ਜੰਮੂ ਅਤੇ ਕਸ਼ਮੀਰ ਦੇ ਹਿੰਦੂ ਸਮਾਜ ਨਾਲ ਸੰਬੰਧਿਤ ਪ੍ਰਮੁੱਖ ਆਗੂਆਂ ਅਤੇ ਕਸ਼ਮੀਰੀ ਪੰਡਿਤ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਜੋ ਸ਼ਤਾਬਦੀ ਸਮਾਗਮਾਂ ਵਿਚ ਜੰਮੂ ਕਸ਼ਮੀਰ ਦੇ ਹਿੰਦੂ ਭਾਈਚਾਰੇ ਦੀ ਸ਼ਮੂਲੀਅਤ ਦੇ ਉਦੇਸ਼ ਨਾਲ ਕੀਤੀ ਗਈ, ਜਿਸ 'ਚ ਪੁੱਜੇ ਹਿੰਦੂ ਆਗੂਆਂ ਨੇ ਨਗਰ ਕੀਰਤਨ ਲਈ ਪੂਰਾ ਸਹਿਯੋਗ ਦੇਣ ਤੇ ਸ਼ਤਾਬਦੀ ਸਮਾਗਮ ਸਮੇਂ ਹਾਜ਼ਰ ਹੋਣ ਦਾ ਭਰੋਸਾ ਦਿੱਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਇਤਿਹਾਸ 'ਚ ਕਸ਼ਮੀਰ ਦੇ ਪੰਡਿਤਾਂ ਦਾ ਜ਼ਿਕਰ ਮਹੱਤਵਪੂਰਨ ਸਥਾਨ ਰੱਖਦਾ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਸਾਂਝ ਨੂੰ ਹੋਰ



ਮਜ਼ਬੂਤ ਕਰਨ ਲਈ ਸ਼੍ਰੋਮਣੀ ਕਮੇਟੀ ਵਲੋਂ 15 ਨਵੰਬਰ ਨੂੰ ਗੁਰਦੁਆਰਾ ਸਾਹਿਬ ਮਟਨ ਕਸ਼ਮੀਰ ਤੋਂ ਵਿਸ਼ੇਸ਼ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ, ਜੋ ਕਸ਼ਮੀਰ ਤੋਂ ਸ਼ੁਰੂ ਹੋ ਕੇ ਵੱਖ-ਵੱਖ ਰਾਜਾਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਤੱਕ ਪਹੁੰਚੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਓ.ਐੱਸ.ਡੀ. ਸਤਬੀਰ ਸਿੰਘ ਧਾਮੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਸਤਨਾਮ ਸਿੰਘ ਰਿਆੜ, ਸਿੱਖ ਮਿਸ਼ਨ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ, ਕੋਆਰਡੀਨੇਟਰ ਭਾਈ ਜਗਤਾਰ ਸਿੰਘ, ਅਜੀਤ ਸਿੰਘ, ਬਾਬਾ ਜਸਬੀਰ ਸਿੰਘ, ਕ੍ਰਿਸ਼ਨ ਭੱਟ, ਐਸ ਕੇ ਕੰਦਰੂ, ਚਾਂਦ ਪੰਡਤਾ, ਸਰਤਨ ਲਾਲ, ਬੀ ਬੀ ਕੋਤਵਾਲ, ਪੰਕਜ ਮਹਾਜਨ, ਕੁਲਦੀਪ ਰੈਣਾ, ਪੀ. ਐੱਲ ਭੱਟ, ਰਵੀ ਰੈਣਾ, ਪੰਵਨ ਸਿੰਘ, ਅਕਸ਼ੇ ਸ਼ਰਮਾ, ਆਯੂਸ਼ ਸ਼ਰਮਾ, ਸੁਸ਼ਮਾ ਸ਼ਰਮਾ, ਬੀ ਐਲ ਭੱਟ, ਬੰਸੀ ਲਾਲ, ਦਰਬਾਰੀ ਸਿੰਘ ਸਮੇਤ ਹੋਰ ਹਾਜ਼ਰ ਸਨ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਉਥੇ ਦੇ ਠਾਕਰ ਇਨ੍ਹਾਂ ਨੂੰ ਤੰਗ ਕਰਦੇ ਸਨ। ਉਨ੍ਹਾਂ ਨੂੰ ਸਮਝਾਇਆ ਗਿਆ ਅਤੇ ਅੱਗੋਂ ਲਈ ਤੰਗ ਨਾ ਕਰਨ ਦਾ ਇਕਰਾਰ ਲਿਆ। ਪ੍ਰਚਾਰ ਦਾ ਚੰਗਾ ਅਸਰ ਹੋ ਰਿਹਾ ਹੈ।

ਸਿੰਧ : ਭਾਈ ਤੀਰਥ ਸਿੰਘ ਜੀ ਪ੍ਰਚਾਰਕ ਹੈਦਰਾਬਾਦ ਸਿੰਧ ਆਪਣੀ ਰਿਪੋਰਟ ਨਵੰਬਰ 16 ਤੋਂ 30 ਤੱਕ, ਵਿਚ ਲਿਖਦੇ ਹਨ ਕਿ ਗੁਰੂ ਨਾਨਕ ਦਰਬਾਰ ਮੀਰਪੁਰ ਵਾਲਿਆਂ ਇਕ 'ਨਾਰੀ ਸ਼ਾਲਾ' ਖੋਲ੍ਹੀ ਹੈ ਇਸ ਵਿਚ ਬੀਬੀਆਂ ਦਸਤਕਾਰੀ ਦਾ ਕੰਮ ਕਰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਕਰਦੀਆਂ ਹਨ, ਇਸਤਰੀ ਸਤਿਸੰਗ ਤੇ ਜਨਮ ਸਾਖੀ ਦੀ ਕਥਾ ਰੋਜ਼ ਹੁੰਦੀ ਹੈ। 19 ਤੋਂ 22 ਨਵੰਬਰ ਮੈਂ ਮਲੂਕ ਸਿੰਘ ਜਾ ਕੇ ਪ੍ਰਚਾਰ ਕੀਤਾ। ਇਥੇ ਭੀਲ ਤੇ ਕੋਲੀ ਕੌਮਾਂ ਰਹਿੰਦੀਆਂ ਹਨ ਜੋ ਲੁਹਾਰ ਆਦਿ ਦੇ ਪੇਸ਼ੇ ਕਰਦੀਆਂ ਹਨ। ਉਥੋਂ ਦੇ ਸਿੱਖ ਸੱਜਣਾਂ ਨਾਲ ਮਿਲ ਕੇ ਪੜ੍ਹਾਉਣਾ ਮਨਜ਼ੂਰ ਕਰ ਲਿਆ। ਉਨ੍ਹਾਂ ਨੇ ਅਲਾਉਂਸ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਟੰਡੋ ਜਾਮ ਲਬਾਣਿਆਂ ਦਾ ਸਭ ਤੋਂ ਵੱਡਾ ਡੇਰਾ ਹੈ। ਇਥੇ ਲਬਾਣੇ ਬੱਚਿਆਂ ਨੂੰ ਕੀਰਤਨ ਸਿਖਾਇਆ ਜਾਂਦਾ ਹੈ। ਇਨ੍ਹਾਂ ਵਿਚੋਂ ਇਕ ਰਾਗੀ ਜਥੇ ਵਿਚ ਲੈਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਤਾਂ ਕਿ ਲਬਾਣਿਆਂ ਦੀ ਬੋਲੀ ਵਿਚ ਹੀ ਪ੍ਰਚਾਰ ਹੋ ਸਕੇ। 25 ਤੋਂ 29 ਨਵੰਬਰ ਤੱਕ ਕਰਾਚੀ ਗੁਰਪੁਰਬ ਤੇ ਸਿੰਘ ਸਭਾ ਦੀ ਮੰਗ 'ਤੇ ਗਿਆ। ਸੱਚਖੰਡ ਦਰਬਾਰ, ਤੱਤ ਖਾਲਸਾ ਦੀਵਾਨ ਆਦਿ ਕਈ ਸਥਾਨਾਂ 'ਤੇ ਤਕਰੀਰਾਂ ਕੀਤੀਆਂ। 9 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।




ਭਾਈ ਤੀਰਥ ਸਿੰਘ ਜੀ ਪ੍ਰਚਾਰਕ ਹੈਦਰਾਬਾਦ ਸਿੰਘ ਆਪਣੀ ਰਿਪੋਰਟ ਵਿਚ ਦੱਸਦੇ ਹਨ ਕਿ ਆਪ 5-12-36 ਨੂੰ ਥੋਂਡ ਗਏ, ਇਥੋਂ ਦੀ ਸੰਗਤ ਨੇ ਨਵਾਂ ਗੁਰਦੁਆਰਾ ਬਣਾਇਆ ਹੈ। ਗੁਰਮੁਖੀ ਪੜ੍ਹਾਉਣ ਦਾ ਇੰਤਜ਼ਾਮ ਭੀ ਕਰ ਦਿੱਤਾ ਹੈ। 7-12-36 ਨੂੰ ਫਰਾਹ ਗਏ। ਇਥੇ ਇਕ ਸਿੱਖ ਜ਼ਿਮੀਂਦਾਰ ਨੇ ਜ਼ਮੀਨ ਦਾ ਠੇਕਾ ਲਿਆ ਹੋਇਆ ਹੈ। ਉਨ੍ਹਾਂ ਨੂੰ ਸਿੰਧ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਨ ਲਈ ਪ੍ਰੇਰਨਾ ਕੀਤੀ, ਉਨ੍ਹਾਂ ਪ੍ਰਵਾਨ ਕੀਤਾ ਤ 30/- ਰੁਪਏ ਸਾਲਾਨਾ ਚੰਦਾ ਦੇਣਾ ਪ੍ਰਵਾਨ ਕੀਤਾ। ਉਨ੍ਹਾਂ ਪਾਸ ਬਹੁਤ ਸਾਰੇ ਕੋਲੀ ਤੇ ਭੀਲ ਕੰਮ ਕਰਦੇ ਹਨ, ਉਨ੍ਹਾਂ ਨੂੰ ਗੁਰਮੁਖੀ ਪੜ੍ਹਾਉਣ ਤੇ ਨਾਲ ਹੀ ਸਿੱਖੀ ਅਸੂਲ ਸਮਝਾਉਣ ਦੀ ਵੀ ਪ੍ਰੇਰਨਾ ਕੀਤੀ। ਇਸ ਤੋਂ ਬਾਅਦ ਸਿਕਲੀਗਰਾਂ ਦੀ ਵਸਤੀ ਚੱਕ ਨੰ. 309 ਵਿਚ ਗਏ। ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਪਹਿਲਾਂ ਹੀ ਦਿੱਤਾ ਗਿਆ ਸੀ ਤੇ ਕਈਆਂ ਨੇ ਅੰਮ੍ਰਿਤ ਵੀ ਛਕਿਆ ਹੋਇਆ ਸੀ। ਉਨ੍ਹਾਂ ਦੀ ਝੁੱਗੀਆਂ ਵਿਚ ਦੀਵਾਨ ਸਜਾਇਆ। ਬੱਚਿਆਂ ਨੂੰ ਤਾਲੀਮ ਦੇਣ ਦੀ ਪ੍ਰੇਰਨਾ ਕੀਤੀ। ਸ਼ਬਦ ਪੜ੍ਹਨ ਵਾਲੇ ਬੱਚਿਆਂ ਨੂੰ ਪ੍ਰਚਾਰਕ ਜੀ ਨੇ ਇਨਾਮ ਵੀ ਦਿੱਤੇ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (31) ਜਨਵਰੀ 1937

11-12-36 ਨੂੰ ਪ੍ਰਧਾਨ ਸਾਹਿਬ ਗੁਰਦੁਆਰਾ ਮੀਰਪੁਰ ਖ਼ਾਸ ਨੂੰ ਮਿਲੇ, ਉਨ੍ਹਾਂ ਨੂੰ ਕਛਹਿਰਿਆਂ ਲਈ ਅਪੀਲ ਕੀਤੀ ਕਿ ਇਕ ਖਤ ਸਰਕੰਡ ਤੋਂ ਪੁੱਜਾ, ਉਥੇ ਸਿਕਲੀਗਰ ਅੰਮ੍ਰਿਤਪਾਨ ਕਰਨਾ ਚਾਹੁੰਦੇ ਹਨ। ਪ੍ਰਚਾਰਕ ਜੀ ਕਛਹਿਰਿਆਂ ਦਾ ਬੰਦੋਬਸਤ ਕਰ ਰਹੇ ਹਨ। ਬਹੁਤ ਸਾਰੇ ਨਵੇਂ ਸਿੰਘ ਸੱਜਣ ਦੀ ਆਸ ਹੈ।

ਭਾਈ ਗੁਰਦਿੱਤ ਸਿੰਘ ਜੀ ਪ੍ਰਚਾਰਕ ਮਿਸ਼ਨ ਇਤਲਾਹ ਦਿੰਦੇ ਹਨ ਕਿ ਸ਼ਹਿਰ ਨਦੌਣ ਜ਼ਿਲ੍ਹਾ ਕਾਂਗੜਾ ਵਿਚ 26-12-36 ਨੂੰ ਜਲੂਸ ਨਿਕਲਿਆ। ਦੋ ਹਜ਼ਾਰ ਦੀ ਗਿਣਤੀ ਸੀ। ਸਿੱਖ, ਹਿੰਦੂ ਤੇ ਮੁਸਲਮਾਨ ਸਭ ਜਲੂਸ ਵਿਚ ਸ਼ਾਮਲ ਸਨ। 27 ਦਸੰਬਰ ਨੂੰ ਗੁਰਦੁਆਰਾ ਦੀ ਸਾਰੀ ਥਾਂ ਭਰ ਗਈ। ਤਿੰਨ ਘੰਟੇ ਤਕਰੀਰ ਕੀਤੀ, ਬਹੁਤ ਅਸਰ ਹੋਇਆ। 28 ਤਰੀਕ ਨੂੰ ਬਹੁਤ ਭਾਰੀ ਗਿਣਤੀ ਵਿਚ ਸੰਗਤ ਆਈ। ਸਿੱਖ ਧਰਮ ਦੀ ਵਿਸ਼ੇਸ਼ਤਾ ਦਰਸਾਈ ਗਈ। ਤੰਬਾਕੂ ਦੀ ਜ਼ਬਰ ਦਸਤ ਨਿਖੇਧੀ ਕੀਤੀ, ਬਹੁਤ ਅਸਰ ਹੋਇਆ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (31) ਜਨਵਰੀ 1937

7 ਮੁਸਲਮਾਨਾਂ ਹੁੱਕਾ ਛੱਡਣ ਦਾ ਪ੍ਰਣ ਕੀਤਾ। 5 ਹਿੰਦੂਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪ੍ਰਣ ਕੀਤਾ ਕਿ ਅੱਜ ਤੋਂ ਹੁੱਕਾ ਛੱਡਿਆ ਤੇ ਅਗਲੀ ਸੰਤਾਨ ਨੂੰ ਸਿੱਖ ਬਣਾਵਾਂਗੇ। 24 ਪ੍ਰਾਣੀਆਂ ਨੇ ਅੰਮ੍ਰਿਤ ਛਕਣ ਲਈ ਨਾਮ ਲਿਖਾਏ, ਜਿਨ੍ਹਾਂ ਨੂੰ ਗੁਰਪੁਰਬ ਤੇ ਸ੍ਰ. ਕਿਰਪਾ ਸਿੰਘ ਦੇ ਘਰ ਡੇਰਾ ਗੋਪੀ ਪੁਰ ਵਿਖੇ ਅੰਮ੍ਰਿਤ ਛਕਾਇਆ ਜਾਵੇਗਾ। ਹੇਠ ਲਿਖੇ ਗੁਰਮਤੇ ਸਰਬਸੰਮਤੀ ਨਾਲ ਪਾਸ ਹੋਏ।

**(ਚਲਦਾ)**

# ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ: ਰਿਪੋਰਟ

## ਬਰਤਾਨਵੀ ਜਾਸੂਸਾਂ ਨੇ ਕੈਨੇਡਾ ਨੂੰ ਦਿੱਤੀ ਸੀ ਜਾਣਕਾਰੀ

ਲੰਡਨ : ਕੈਨੇਡਾ ਨੇ ਬਰਤਾਨੀਆ ਦੇ ਜਾਸੂਸਾਂ ਦੀ ਰਿਪੋਰਟ ਦੇ ਆਧਾਰ 'ਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋਣ ਦੇ ਦੋਸ਼ ਲਾਏ ਸਨ। ਇਹ ਖੁਲਾਸਾ ਬਲੂਮਬਰਗ ਓਰੀਜਨਲਸ ਦੀ ਭਾਰਤ ਦੇ ਪੱਛਮ ਨਾਲ ਵਿਗੜੇ ਸਬੰਧਾਂ ਬਾਰੇ ਰਿਪੋਰਟ 'ਚ ਕਿਹਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਬਰਤਾਨਵੀ ਖ਼ੁਫ਼ੀਆ ਏਜੰਸੀ ਨੇ ਕੁਝ ਗੁਪਤ ਕਾਲਾਂ ਨੂੰ ਸੁਣਿਆ ਸੀ, ਜਿਨ੍ਹਾਂ 'ਚ ਕੁਝ ਵਿਅਕਤੀ ਤਿੰਨ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਚਰਚਾ ਕਰ ਰਹੇ ਸਨ। ਵੀਡੀਓ ਦਸਤਾਵੇਜ਼ੀ 'ਚ ਦਾਅਵਾ ਕੀਤਾ ਗਿਆ ਹੈ ਕਿ ਉਹ ਤਿੰਨ ਸੰਭਾਵੀ ਨਿੱਝਰ, ਅਤਵਾਰ ਸਿੰਘ ਖੰਡਾ ਅਤੇ ਗੁਰਪਤਵੰਤ ਸਿੰਘ ਪੰਨੂ ਬਾਰੇ ਗੱਲ ਕਰ ਰਹੇ ਸਨ। ਬਾਅਦ 'ਚ ਇਕ ਹੋਰ ਗੱਲਬਾਤ ਸਾਹਮਣੇ ਆਈ ਕਿ ਕਿਵੇਂ ਨਿੱਝਰ ਨੂੰ ਖਤਮ ਕਰ ਦਿੱਤਾ ਗਿਆ ਹੈ। ਭਾਈ ਖੰਡਾ ਦੀ ਬਰਮਿੰਘਮ ਦੇ ਹਸਪਤਾਲ 'ਚ ਜੂਨ 2023 'ਚ ਮੌਤ ਹੋ ਗਈ ਸੀ। ਕੁਝ ਜਥੇਬੰਦੀਆਂ ਨੇ ਦੋਸ਼ ਲਾਏ ਸਨ ਕਿ ਉਸ ਨੂੰ ਜਾਨੋਂ ਮਾਰਿਆ ਗਿਆ ਹੈ ਪਰ ਬਰਤਾਨਵੀ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ।



# ਗੈਰਕਾਨੂੰਨੀ ਢੰਗ ਨਾਲ ਕੰਮ ਕਰਨ ਵਾਲੇ ਪ੍ਰਵਾਸੀ ਵਿਦਿਆਰਥੀਆਂ 'ਤੇ ਸਖ਼ਤੀ ਕਰੇਗੀ ਬਰਤਾਨਵੀ ਸਰਕਾਰ

ਲੰਡਨ : ਗ਼ੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ਼ ਸਖ਼ਤੀ ਕਰਨ ਦੇ ਨਾਲ ਗੈਰਕਾਨੂੰਨੀ ਢੰਗ ਨਾਲ ਕੰਮ ਕਰਨ ਵਾਲੇ ਪ੍ਰਵਾਸੀਆਂ ਵਿਦਿਆਰਥੀਆਂ ਖਿਲਾਫ਼ ਵੀ ਬਰਤਾਨੀਆ ਸਰਕਾਰ ਸਖ਼ਤ ਕਾਰਵਾਈ ਕਰਨ ਦੇ ਰੁਖ਼ 'ਚ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਸਰਕਾਰ ਦੇ ਨਵੇਂ ਆਦੇਸ਼ਾਂ ਤਹਿਤ ਵਿਦਿਆਰਥੀਆਂ ਦੇ ਵੀਜ਼ਿਆਂ ਦੀ ਜਾਂਚ ਕੀਤੇ ਜਾਣ ਦੀ ਖ਼ਬਰ ਨੇ ਖਲਬਲੀ ਮਚਾ ਦਿੱਤੀ ਹੈ। ਜਿਸ 'ਚ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਦੱਸੀ ਜਾ ਰਹੀ ਹੈ। ਸਰਕਾਰ ਵੱਲੋਂ ਇਹ ਫੈਸਲਾ ਬੀਤੇ ਸਮੇਂ 'ਚ ਕਈ ਕੰਮਾਂ ਵਾਲੀਆਂ ਥਾਵਾਂ 'ਤੇ ਵਿਦਿਆਰਥੀਆਂ ਦੇ ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਕਰਦੇ ਫੜੇ ਜਾਣ ਤੋਂ ਬਾਅਦ ਲਿਆ ਗਿਆ ਹੈ। ਪਿਛਲੇ ਇਕ ਵਰ੍ਹੇ ਦੌਰਾਨ ਯੂ.ਕੇ. 'ਚ 11000 ਛਾਪੇ ਮਾਰੇ ਗਏ, ਜਿਸ ਦੌਰਾਨ 8000 ਤੋਂ ਵੱਧ ਗੈਰਕਾਨੂੰਨੀ ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਦੇ ਗ੍ਰਿਫਤਾਰ ਕੀਤਾ ਗਿਆ। ਜਿਨ੍ਹਾਂ 'ਚ ਜ਼ਿਆਦਾ ਗਿਣਤੀ ਫੂਡ ਡਲਿਵਰੀ, ਬਿਊਟੀ ਪਾਰਲਰ, ਕਾਰਾਂ ਧੋਣ ਵਾਲੀਆਂ ਥਾਵਾਂ ਆਦਿ ਸਨ। ਗ੍ਰਹਿ ਮੰਤਰੀ ਸ਼ਾਬਾਨਾ ਮਹਿਮੂਦ ਨੇ ਕਿਹਾ ਕਿ ਜਾਂਚ ਏਜੰਸੀਆਂ ਨੂੰ ਵਿਦਿਆਰਥੀ ਵੀਜ਼ੇ ਦੀ ਆੜ ਹੇਠ ਮਨੁੱਖੀ ਤਸਕਰੀ ਦੇ ਕਈ ਮਾਮਲੇ ਵੀ ਮਿਲੇ ਹਨ। ਇਹ ਲੋਕ ਏਜੰਟਾਂ ਰਾਹੀਂ ਵਿਦਿਆਰਥੀ ਵੀਜ਼ਾ 'ਤੇ ਯੂ.ਕੇ. ਆਉਂਦੇ ਹਨ ਤੇ ਕੁਝ ਮਹੀਨਿਆਂ ਬਾਅਦ ਹੀ ਪੜ੍ਹਾਈ ਛੱਡ ਕੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਅੰਕੜਿਆਂ ਮੁਤਾਬਕ 2020 'ਚ 20 ਹਜ਼ਾਰ ਤੋਂ ਵੱਧ ਭਾਰਤੀ ਵਿਦਿਆਰਥੀ ਬਰਤਾਨੀਆ ਆ ਕੇ ਵਾਪਸ ਨਹੀਂ ਮੁੜੇ ਅਤੇ ਓਵਰਸਟੇਅ ਕਰ ਗਏ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ 'ਚ ਹੁਣ ਲਾਪਤਾ ਹੋ ਚੁੱਕੇ ਹਨ।

# ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਦਾ ਮਾਮਲਾ ਸਿੱਖ ਸੰਸਦ ਮੈਂਬਰਾਂ ਵਲੋਂ ਪੁਲਿਸ ਮੰਤਰੀ ਨਾਲ ਮੁਲਾਕਾਤ


ਲੰਡਨ : ਬਰਤਾਨੀਆ ਦੇ ਸਿੱਖਾਂ ਨੇ ਬੀਤੇ ਦਿਨੀਂ ਬਰਤਾਨੀਆ ਦੀ ਸੰਸਦ 'ਚ ਪੁਲਿਸ ਮੰਤਰੀ ਸਾਰਾਹ ਜੋਨਸ ਨਾਲ ਮੁਲਾਕਾਤ ਕਰਕੇ ਸਿੱਖ ਵਿਰੋਧੀ ਨਫਰਤੀ ਅਪਰਾਧਾਂ ਬਾਰੇ ਚਰਚਾ ਕੀਤੀ। ਸਿੱਖਾਂ ਨੇ ਦੱਸਿਆ ਕਿ ਪਿਛਲੇ 2 ਮਹੀਨਿਆਂ 'ਚ ਅਸੀਂ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ 5 ਨਸਲਵਾਦੀ ਘਟਨਾਵਾਂ ਵੇਖੀਆਂ ਹਨ, ਜਿਨ੍ਹਾਂ 'ਚ 2 ਘਿਨਾਉਣੇ ਨਸਲੀ ਤੌਰ 'ਤੇ ਵਧੇ ਹੋਏ ਅਪਰਾਧਾਂ 'ਚ ਜਬਰ ਜਨਾਹ ਦੀਆਂ ਘਟਨਾਵਾਂ ਸ਼ਾਮਲ ਹਨ। ਸਿੱਖਾਂ ਨੇ ਕਿਹਾ ਕਿ ਸਾਨੂੰ ਇਸ ਹਿੰਸਾ ਨੂੰ ਰੋਕਣ ਦੀ ਲੋੜ ਹੈ ਇਸ ਤੋਂ ਪਹਿਲਾਂ ਕਿ ਹੋਰ ਲੋਕ ਸਦਮੇ 'ਚ ਆਉਣ। ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੇ ਚੇਅਰਮੈਨ ਜਸਬੀਰ ਸਿੰਘ ਜੱਸ ਅਠਵਾਲ ਨੇ ਕਿਹਾ ਕਿ



ਪੁਲਿਸਿੰਗ ਦੇ ਨਾਲ-ਨਾਲ, ਸਾਨੂੰ ਉਨ੍ਹਾਂ ਤਰੀਕਿਆਂ ਨਾਲ ਵੀ ਨਜਿੱਠਣ ਦੀ ਲੋੜ ਹੈ ਜਿਨ੍ਹਾਂ 'ਚ ਗਲਤ ਜਾਣਕਾਰੀ, ਨਸਲਵਾਦ, ਨਫ਼ਰਤ ਤੇ ਹਿੰਸਾ ਨੂੰ ਭੜਕਾਉਂਦੇ ਹਨ। ਪ੍ਰੀਤ ਕੌਰ ਗਿੱਲ ਨੇ ਕਿਹਾ 71 ਫ਼ੀਸਦੀ ਨਸਲੀ ਹਮਲੇ ਦਰਜ਼ ਹੋਏ ਹਨ। ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੇ ਅੰਕੜੇ ਸ਼ਪਸ਼ਟ ਕਰਨ ਦੀ ਲੋੜ ਹੈ। ਇਸ ਮੀਟਿੰਗ 'ਚ ਪ੍ਰੀਤ ਕੌਰ ਗਿੱਲ, ਜਸ ਅਠਵਾਲ, ਬਾਗੀ ਸ਼ੰਕਰ, ਤਾਈਵੋ, ਕਿਰਿਥ ਐਂਟਵਿਸਲ, ਹਰਪ੍ਰੀਤ ਕੌਰ ਉੱਪਲ, ਤਨਮਨਜੀਤ ਸਿੰਘ ਢੇਸੀ, ਵਰਿੰਦਰ ਸਿੰਘ ਜੱਸ, ਵੈਲੇਰੀ ਵਾਜ਼, ਗੁਰਿੰਦਰ ਸਿੰਘ ਜੋਸਨ, ਸੁਰੀਨਾ ਬ੍ਰੈਕਨ ਬ੍ਰਿਜ, ਵੈਂਡੀ ਮੋਰਟਨ (ਸਾਰੇ ਸੰਸਦ ਮੈਂਬਰ) ਸ਼ਾਮਲ ਸਨ।

# ਪੰਜ ਸਾਲਾਂ ਤੋਂ ਨਹੀਂ ਛਪਿਆ ਭਾਈ ਕਾਹਨ ਸਿੰਘ ਨਾਭਾ ਰਚਿਤ ਮਹਾਨ ਕੋਸ਼

ਪਟਿਆਲਾ : ਪੰਜਾਬੀ ਭਾਸ਼ਾ ਅਤੇ ਸਿੱਖ ਵਿਰਸੇ ਦੇ ਅਨਮੋਲ ਖ਼ਜ਼ਾਨੇ ਭਾਈ ਕਾਹਨ ਸਿੰਘ ਨਾਭਾ ਵਲੋਂ ਰਚਿਤ ਮਹਾਨ ਕੋਸ਼ ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਆਖ਼ਰੀ ਵਾਰ ਛਾਪੇ ਨੂੰ ਤਕਰੀਬਨ 5 ਸਾਲ ਬੀਤ ਚੁਕੇ ਹਨ। ਦੂਜੇ ਪਾਸੇ ਇਸ ਦੀਆਂ ਕਾਪੀਆਂ ਖ਼ਤਮ ਹੋਈਆਂ ਨੂੰ ਵੀ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਭਾਰੀ ਮੰਗ ਦੇ ਬਾਵਜੂਦ ਇਸ ਦੀ ਹੁਣ ਤੱਕ ਮੁੜ ਛਪਾਈ ਨਹੀਂ ਹੋਈ। ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਸ ਕ੍ਰਿਤ ਨੂੰ ਛਾਪਣ ਲਈ ਕਈ ਵਾਰ ਅਪੀਲਾਂ ਕੀਤੀਆਂ ਗਈਆਂ ਹਨ ਪਰ ਅਜੇ ਤੱਕ ਇਸ ਦੀ ਛਾਪਣ ਦੀ ਪ੍ਰਕਿ ?ਆ ਸ਼ੁਰੂ ਨਹੀਂ ਹੋ ਸਕੀ। ਇਹ ਵਿਸ਼ਵ ਪ੍ਰਸਿੱਧ ਗਿਆਨਕੋਸ਼, ਜੋ 1930 ਵਿਚ ਪਹਿਲੀ ਵਾਰ ਚਾਰ ਜ਼ਿਲਦਾਂ ਵਿਚ ਭਾਈ ਕਾਹਨ ਸਿੰਘ ਨਾਭਾ ਦੀ 14 ਸਾਲਾਂ ਦੀ ਮਿਹਨਤ ਤੋਂ ਬਾਅਦ ਛਾਪਿਆ ਗਿਆ ਸੀ, ਪੰਜਾਬੀ ਭਾਸ਼ਾ ਦਾ ਸਭ ਤੋਂ ਪ੍ਰਮਾਣਿਕ ਹਵਾਲਾ ਗ੍ਰੰਥ ਮੰਨਿਆ ਜਾਂਦਾ ਹੈ। ਭਾਸ਼ਾ ਵਿਭਾਗ ਦੇ ਸੂਤਰਾਂ ਅਨੁਸਾਰ, ਸਾਲ 2019 ਵਿਚ ਇਸ ਦਾ ਸੰਸਕਰਣ ਛਪਿਆ ਸੀ, ਜਿਸ ਦੀਆਂ ਲਗਭਗ 10 ਹਜ਼ਾਰ ਕਾਪੀਆਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਜਾਰੀ ਕੀਤੀਆਂ ਗਈਆਂ ਸਨ। ਇਹ ਸਾਰੀਆਂ ਕਾਪੀਆਂ ਵਿਭਾਗ ਦੇ ਜ਼ਿਲ੍ਹਾ ਦਫ਼ਤਰਾਂ ਰਾਹੀਂ ਵਿਕ ਚੁੱਕੀਆਂ ਹਨ ਅਤੇ ਮੁੜ ਇਸ ਮਹਾਨ ਕੋਸ਼ ਦੀ ਭਾਰੀ ਮੰਗ ਹੈ। ਸੂਤਰਾਂ ਅਨੁਸਾਰ ਸਰਕਾਰੀ ਫ਼ੰਡਾਂ ਦੀ ਕਮੀ ਕਾਰਨ ਇਸ ਦੀ ਨਵੀਂ ਛਪਾਈ ਦੀ ਪ੍ਰਕਿਰਿਆ ਰੁਕੀ ਪਈ ਹੈ। ਸ਼੍ਰੋਮਣੀ ਬਾਲ ਸਾਹਿੱਤਕਾਰ ਦਰਸ਼ਨ ਸਿੰਘ ਆਸ਼ਟ ਨੇ ਆਖਿਆ ਕਿ ਇਸ ਮਹਾਨ ਕ੍ਰਿਤ ਦੀਆਂ ਕਾਪੀਆਂ ਤਾਂ ਪਾਠਕਾਂ ਨੂੰ ਲਈ ਹਮੇਸ਼ਾ ਹੀ ਵਿਭਾਗ ਕੋਲ ਮੌਜੂਦ ਚਾਹੀਦੀਆਂ ਹਨ ਜਿਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਸੰਬੰਧੀ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਡਾ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਵਿਭਾਗ ਵਲੋਂ ਇਸ ਮਹਾਨ ਕ੍ਰਿਤ ਨੂੰ ਛਾਪਣ ਲਈ ਆਪਣੇ ਪੱਧਰ ਤੇ ਸਾਰੀ ਪ੍ਰਕਿਰਿਆ ਨੂੰ ਮੁਕੰਮਲ ਕਰਕੇ ਭੇਜਿਆ ਹੋਇਆ ਹੈ ਜਿਵੇਂ ਹੀ ਫੰਡ ਜਾਰੀ ਹੁੰਦੇ ਹਨ ਤਾਂ ਇਸ ਦੀ ਛਪਾਈ ਸ਼ੁਰੂ ਕਰ ਦਿੱਤੀ ਜਾਵੇਗੀ।



ਭਾਈ ਕਾਹਨ ਸਿੰਘ ਦੀ ਫਾਈਲ ਫੋਟੋ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਅਪੈਂਨਡਿਸਾਈਟਸ**

ਅਪੈਂਨਡਿਕਸ ਇੱਕ 2-4 ਇੰਚ ਦਾ ਲੰਬਾ ਸਰੀਰ ਦੀਆਂ ਆਂਤੜੀਆਂ ਦਾ ਹਿੱਸਾ ਹੁੰਦਾ ਹੈ ਜੋ ਕਿ ਸਾਡੇ ਪੇਟ ਦੇ ਹੇਠਲੇ ਸੱਜੇ ਹਿੱਸੇ ਵਿੱਚ ਪਾਚਨ ਕਿਰਿਆ ਦੀ ਵੱਡੀ ਆਂਤ ਦੇ ਨਾਲ ਜੁੜਿਆ ਹੁੰਦਾ ਹੈ। ਇਸਦੀ ਸੋਜ਼ਿਸ਼ ਜਾਂ ਇਨਫ਼ੈਕਸ਼ਨ ਨੂੰ ਅਪੈਨਡਿਸਾਇਟਸ ਕਹਿੰਦੇ ਹਨ, ਅਪੈਂਨਡਿਕਸ ਸਾਡੇ ਸਰੀਰ ਲਈ ਕੋਈ ਕੰਮ ਨਹੀਂ ਕਰਦਾ। ਅਸੀਂ ਅਪੈਂਨਡਿਕਸ ਤੋਂ ਬਗ਼ੈਰ ਵੀ ਜੀਅ ਸਕਦੇ ਹਾਂ। ਅਪੈਂਨਡਿਸਾਈਟਿਸ ਜ਼ਿਆਦਾਤਰ 10 ਤੋਂ 30 ਸਾਲ ਦੀ ਉਮਰ ਵਿੱਚ ਹੁੰਦਾ ਹੈ।

**ਕਾਰਨ :**

ਕਿਸੇ ਵੀ ਇਨਫ਼ੈਕਸ਼ਨ ਕਾਰਨ ਅਪੈਂਨਡਿਕਸ ਦੀ ਨਾਲੀ ਬੰਦ ਹੋਣ ਕਰਕੇ ਅਪੈਂਨਡਿਸਾਈਟਿਸ ਹੋ ਜਾਂਦਾ ਹੈ।

**ਲੱਛਣ :**

1. ਧੁੰਨੀ ਦੇ ਆਲੇ-ਦੁਆਲੇ ਮੱਧਮ ਦਰਦ ਸ਼ੁਰੂ ਹੋਣਾ ਅਤੇ 10-12 ਘੰਟੇ ਵਿੱਚ ਇਹ ਪੇਟ ਦੇ ਹੇਠਾਂ ਸੱਜੇ ਪਾਸੇ ਨੂੰ ਚਲਾ ਜਾਂਦਾ ਹੈ।
2. ਮੱਠਾ ਮੱਠਾ ਬੁਖ਼ਾਰ।
3. ਥਕਾਵਟ ਅਤੇ ਉਲਟੀਆਂ।
4. ਕਬਜ਼ ਜਾਂ ਟੱਟੀਆਂ।
5. ਭੁੱਖ ਘੱਟ ਲੱਗਣਾ।

**ਰੋਕਥਾਮ/ਬਚਾਅ :**

1. ਦਰਦ ਘਟਾਉਣ ਵਾਲੀਆਂ ਦਵਾਈਆਂ ਨਾ ਲਵੋ, ਕਿਉਂਕਿ ਇਹ ਲੱਛਣਾਂ ਨੂੰ ਛੁਪਾ ਦਿੰਦੀਆਂ ਹਨ ਤੇ ਬਿਮਾਰੀ ਵੱਧ ਜਾਂਦੀ ਹੈ।
2. ਲੈਕਸੇਟਿਵ (ਕਬਜ਼ ਦੀ ਦਵਾਈ) ਨਾ ਲਵੋ, ਕਿਉਂਕਿ ਇਸ ਨਾਲ ਦਰਦ ਹੋਰ ਵਧੇਗਾ।
3. ਪੇਟ ਨੂੰ ਗਰਮ ਸੇਕ ਨਾ ਦੇਵੋ।




**ਜਾਂਚ :**

ਅਪੈਂਨਡਿਸਾਈਟਿਸ ਨੂੰ ਪੇਟ ਦੀ ਜਾਂਚ, ਖ਼ੂਨ ਦੀ ਜਾਂਚ ਅਤੇ ਪੇਟ ਦਾ ਸੀ.ਟੀ. ਸਕੈਨ ਕਰ ਕੇ ਪਤਾ ਲਗਾਇਆ ਜਾਂਦਾ ਹੈ।

**ਇਲਾਜ :**

ਅਪੈਂਨਡਿਕਸ ਨੂੰ ਕੱਢਣ ਲਈ ਅਪ੍ਰੇਸ਼ਨ ਕੀਤਾ ਜਾਂਦਾ ਹੈ, ਜਿਸਨੂੰ ਅਪੈਂਨਡੈਕਟਮੀ ਕਿਹਾ ਜਾਂਦਾ ਹੈ, ਜੋ ਅਪੈਂਨਡਿਸਾਈਟਿਸ ਦਾ ਆਮ ਇਲਾਜ ਹੈ।

**ਡਾਕਟਰ ਨੂੰ ਕਦੋਂ ਦਿਖਾਈਏ :**

ਜੇਕਰ ਉਪਰੋਕਤ ਲੱਛਣਾਂ ਤੋਂ ਤੁਹਾਨੂੰ ਅਪੈਂਨਡਿਸਾਈਟਿਸ ਦਾ ਹੋਣਾ ਪਾਇਆ ਜਾਂਦਾ ਹੈ ਤਾਂ ਜਲਦ ਤੋਂ ਜਲਦ ਹਸਪਤਾਲ ਜਾਓ। ਇਸ ਹਾਲਤ ਵਿੱਚ ਜਲਦ ਤੋਂ ਜਲਦ ਅਪ੍ਰੇਸ਼ਨ ਕਰਵਾਉਣਾ ਚਾਹੀਦਾ ਹੈ ਕਿਉਂਕਿ ਜੇਕਰ ਇਸਦਾ ਇਲਾਜ ਨਾ ਕਰਵਾਇਆ ਜਾਵੇ ਤਾਂ ਅਪੈਂਨਡਿਕਸ ਫਟ ਸਕਦਾ ਹੈ ਅਤੇ ਇਸਦਾ ਜ਼ਹਿਰ ਸਾਰੇ ਸਰੀਰ ਵਿੱਚ ਫੈਲ ਸਕਦਾ ਹੈ।

**ਜ਼ਹਿਰੀਲੇ ਖਾਣੇ ਨਾਲ ਪੇਟ ਖ਼ਰਾਬ ਹੋਣਾ।**

**ਲੱਛਣ :**

1. ਖਾਣੇ ਤੋਂ ਬਾਅਦ ਦਿਲ ਕੱਚਾ ਹੋਣਾ ਜਾਂ ਉਲਟੀ ਆਉਣੀ।
2. ਪੇਚਸ਼ (ਡਾਇਰੀਆ)।
3. ਪੇਟ ਦਰਦ ਹੋਣਾ।
4. ਮੱਠਾ-ਮੱਠਾ ਬੁਖ਼ਾਰ ਹੋਣਾ।

**ਰੋਕਥਾਮ/ਬਚਾਅ :**

1. ਹਮੇਸ਼ਾਂ ਖਾਣਾ ਖਾਣ ਤੋਂ ਪਹਿਲਾਂ ਹੱਥ ਸਾਫ਼ ਕਰੋ।
2. ਕੱਚਾ ਖਾਣਾ ਨਾ ਖਾਓ।
3. ਕੱਚੇ ਅੰਡੇ ਨਾ ਖਾਓ।
4. ਡੱਬਾ-ਬੰਦ ਖਾਣਾ ਨਾ ਖਾਓ।
5. ਯਾਤਰਾ ਕਰਦੇ ਸਮੇਂ ਬਰਫ਼ ਨਾ ਖਾਓ, ਕਿਉਂਕਿ ਬਰਫ਼ ਦੂਸ਼ਿਤ ਪਾਣੀ ਤੋਂ ਬਣੀ ਹੋ ਸਕਦੀ ਹੈ।

**ਘਰੇਲੂ ਇਲਾਜ :**

1. ਜ਼ਿਆਦਾਤਰ ਲੱਛਣ ਬਿਨਾਂ ਕਿਸੇ ਦਵਾਈ ਤੋਂ 24-48 ਘੰਟੇ ਦੇ ਅੰਦਰ ਅੰਦਰ ਠੀਕ ਹੋ ਜਾਂਦੇ ਹਨ।
2. ਉਲਟੀਆਂ ਅਤੇ ਪੇਚਸ਼ ਦੇ ਕਾਰਨ ਸ਼ਰੀਰ ਵਿੱਚ ਘੱਟ ਹੋਏ ਪਾਣੀ (ਡੀਹਾਈਡ੍ਰੇਸ਼ਨ) ਤੋਂ ਬਚਣ ਲਈ ਜ਼ਿਆਦਾ ਤਰਲ ਪਦਾਰਥ ਪੀਓ।
3. ਸਰੀਰ ਵਿੱਚ ਪਾਣੀ ਦੇ ਘੱਟ ਹੋਣ ਦੀ ਰੋਕਥਾਮਫ਼ਬਚਾਅ ਅਤੇ ਇਲਾਜ ਲਈ ਰੀ-ਹਾਈਡ੍ਰੇਸ਼ਨ ਡ੍ਰਿੰਕ ਪੀਓ । ਰੀ-ਹਾਈਡ੍ਰੇਸ਼ਨ ਡ੍ਰਿੰਕ ਬਣਾਉਣ ਦਾ ਤਰੀਕਾ : 4 ਕੱਪ ਪਾਣੀ, ਅੱਧਾ ਚੱਮਚ ਨਮਕ, 3-4 ਚੱਮਚ ਚੀਨੀ ਮਿਲਾਓ, ਇਸ. ਥੋੜਾ ਥੋੜਾ ਕਰਕੇ 2-3 ਦਿਨ ਤਕ ਪੀਂਦੇ ਰਹੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਉਲਟੀਆਂ ਬੰਦ ਨਾ ਹੋਣ।
2. ਜੇਕਰ ਪੇਚਸ਼ (ਡਾਇਰੀਆ) ਠੀਕ ਨਾ ਹੋਵੇ ।
3. ਜੇਕਰ ਤੁਸੀਂ ਬਹੁਤ ਜ਼ਿਆਦਾ ਕਮਜ਼ੋਰੀ ਮਹਿਸੂਸ ਕਰਦੇ ਹੋ।
4. ਜੇਕਰ ਤੁਹਾਨੂੰ ਚੱਕਰ ਆਉਂਦੇ ਹਨ।
5. ਜੇਕਰ ਤੁਹਾਨੂੰ ਉਲਟੀਆਂ ਅਤੇ ਮਲ ਦੇ ਨਾਲ ਖ਼ੂਨ ਆਉਂਦਾ ਹੈ।
6. ਜੇਕਰ ਪੇਟ ਦਰਦ ਜ਼ਿਆਦਾ ਵੱਧ ਜਾਵੇ।

**ਪੀਲੀਆ**

ਚਮੜੀ ਅਤੇ ਅੱਖਾਂ ਦੇ ਚਿੱਟੇ ਹਿੱਸੇ ਦਾ ਪੀਲੇ ਹੋ ਜਾਣ ਨੂੰ ਪੀਲੀਆ ਕਿਹਾ ਜਾਂਦਾ ਹੈ। ਪੀਲੀਆ ਬਿਮਾਰੀ ਨਹੀਂ ਹੈ, ਅਸਲ ਵਿੱਚ ਇਹ ਹੋਰ ਬਿਮਾਰੀਆਂ ਦਾ ਲੱਛਣ ਹੁੰਦਾ ਹੈ। ਇਹ ਪੀਲਾ ਰੰਗ 'ਬਿਲੀਰੂਬਿਨ' ਦੇ ਜ਼ਿਆਦਾ ਮਾਤਰਾ ਵਿੱਚ ਜਮ੍ਹਾਂ ਹੋਣ ਕਰਕੇ ਹੁੰਦਾ ਹੈ, ਜੋ ਉਦੋਂ ਬਣਦਾ ਹੈ ਜਦੋਂ ਸਰੀਰ ਵਿੱਚ ਖ਼ੂਨ ਦੇ ਪੁਰਾਣੇ ਲਾਲ ਸੈੱਲ ਖ਼ਤਮ ਹੋ ਜਾਂਦੇ ਹਨ। ਟੱਟੀ ਦਾ ਭੂਰਾ ਰੰਗ ਇਸ ਬਿਲੀਰੂਬਿਨ ਦੇ ਕਾਰਨ ਹੁੰਦਾ ਹੈ। ਜੇਕਰ ਸਰੀਰ ਵਿੱਚੋਂ ਵਾਧੂ ਬਿਲੀਰੂਬਿਨ ਬਾਹਰ ਨਹੀਂ ਜਾਂਦਾ ਤਾਂ ਇਹ ਸਰੀਰ ਵਿੱਚ ਜਮ੍ਹਾਂ ਹੋ ਜਾਂਦਾ ਹੈ ਅਤੇ ਇਸ ਕਾਰਨ ਚਮੜੀ ਅਤੇ ਅੱਖਾਂ ਦਾ ਰੰਗ ਪੀਲਾ ਹੋ ਜਾਂਦਾ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

**ਭੁੱਲਰ ਦੀ ਪੁਕਾਰ**

# 'ਗੱਦਾ ਦੇ ਦਿਓ, ਪਿੱਠ ਵਿੱਚ ਦਰਦ ਹੈ...'

ਚੰਡੀਗੜ੍ਹ, (ਚਰਨਜੀਤ ਭੁੱਲਰ) : ਸੀ ਬੀ ਆਈ ਅਦਾਲਤ 'ਚ ਅੱਜ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੇ ਮਾਡਲ ਜੇਲ੍ਹ ਬੁੜੈਲ 'ਚ ਗੱਦਾ ਮੁਹੱਈਆ ਕਰਾਉਣ ਲਈ ਅਰਜ਼ੀ ਦਾਇਰ ਕੀਤੀ ਹੈ। ਸੀਬੀਆਈ ਅਦਾਲਤ ਨੇ ਜੇਲ੍ਹ ਮੈਨੂਅਲ ਅਨੁਸਾਰ ਭੁੱਲਰ ਨੂੰ ਗੱਦਾ ਦੇਣ ਦੇ ਹੁਕਮ ਜਾਰੀ ਕੀਤੇ ਹਨ। ਭੁੱਲਰ ਨੇ ਅੱਜ ਸੀ ਬੀ ਆਈ ਅਦਾਲਤ 'ਚ ਆਪਣੇ ਵਕੀਲ ਰਾਹੀਂ ਅਰਜ਼ੀ ਦਾਇਰ ਕਰਕੇ ਦੱਸਿਆ ਕਿ ਉਸ ਦੀ ਪਿੱਠ 'ਚ ਦਰਦ ਹੈ। ਭੁੱਲਰ ਨੇ ਮਾਡਲ ਜੇਲ੍ਹ ਬੁੜੈਲ 'ਚ ਤਾਇਨਾਤ ਡਾਕਟਰ ਦੀ ਸਲਾਹ ਦੇ ਹਵਾਲੇ ਨਾਲ ਅੱਜ ਗੱਦੇ ਦੀ ਮੰਗ ਕੀਤੀ।



ਸੀ ਬੀ ਆਈ ਅਦਾਲਤ ਦੀ ਵਿਸ਼ੇਸ਼ ਜੱਜ ਭਾਵਨਾ ਜੈਨ ਵੱਲੋਂ ਸੁਣਾਏ ਹੁਕਮਾਂ ਅਨੁਸਾਰ ਮਾਡਲ ਜੇਲ੍ਹ ਬੁੜੈਲ ਦੇ ਸੁਪਰਡੈਂਟ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਜੇਲ੍ਹ ਮੈਨੂਅਲ ਅਨੁਸਾਰ ਭੁੱਲਰ ਦੀ ਗੱਦਾ ਮੁਹੱਈਆ ਕਰਾਏ ਜਾਣ ਦੀ ਮੰਗ 'ਤੇ ਵਿਚਾਰ ਕੀਤਾ ਜਾਵੇ। ਇਹ ਵੀ ਕਿਹਾ ਕਿ ਜੇ ਨਿਯਮ ਇਸ ਦੀ ਇਜਾਜ਼ਤ ਦਿੰਦੇ ਹਨ ਤਾਂ ਮੁਲਜ਼ਮ ਨੂੰ ਲੋੜੀਂਦਾ ਗੱਦਾ ਮੁਹੱਈਆ ਕਰਾਇਆ ਜਾਵੇ।

ਹੁਣ ਜੇਲ੍ਹ ਮੈਨੂਅਲ ਅਨੁਸਾਰ ਗੱਦਾ ਮੁਹੱਈਆ ਕਰਾਉਣ ਬਾਰੇ ਫ਼ੈਸਲਾ ਜੇਲ੍ਹ ਪ੍ਰਸ਼ਾਸਨ ਦੇ ਹੱਥ ਹੈ। ਸੀ ਬੀ ਆਈ ਅਦਾਲਤ ਨੇ ਬਚਾਅ ਪੱਖ ਦੇ ਵਕੀਲਾਂ ਨੂੰ ਮੁਲਜ਼ਮਾਂ ਨਾਲ ਪੰਜ ਮਿੰਟਾਂ ਲਈ ਗੱਲਬਾਤ ਕਰਨ ਦੀ ਇਜਾਜ਼ਤ ਵੀ ਦਿੱਤੀ ਗਈ। ਚੇਤੇ ਰਹੇ ਕਿ ਸੀ ਬੀ ਆਈ ਵੱਲੋਂ ਹਰਚਰਨ ਸਿੰਘ ਭੁੱਲਰ 'ਤੇ ਦੋ ਕੇਸ ਦਰਜ ਕੀਤੇ ਗਏ ਹਨ। ਸੀ ਬੀ ਆਈ ਨੇ ਗੋਬਿੰਦਗੜ੍ਹ ਮੰਡੀ ਦੇ ਸਕਰੈਪ ਡੀਲਰ ਨਰੇਸ਼ ਬੱਤਾ ਦੀ ਸ਼ਿਕਾਇਤ 'ਤੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਅਤੇ ਦਲਾਲ ਕ੍ਰਿਸ਼ਨੂੰ ਸ਼ਾਰਦਾ 'ਤੇ ਭਾਰਤੀ ਨਿਆਏ ਸੰਹਿਤਾ, 2023 ਦੀ ਧਾਰਾ 61(2) ਅਤੇ ਭ੍ਰਿਸ਼ਟਾਚਾਰ ਰੋਕੂ ਐਕਟ 1988 ਦੀ ਧਾਰਾ 7 ਅਤੇ 7 ਏ ਦੇ ਤਹਿਤ ਕੇਸ ਦਰਜ ਕੀਤਾ ਸੀ। ਸਕਰੈਪ ਡੀਲਰ ਅਕਾਸ਼ ਬੱਤਾ ਖ਼ ?ਲਾਫ਼ ਸਾਲ 29 ਅਕਤੂਬਰ 2023 ਦਾ ਕੋਈ ਪੁਰਾਣਾ ਕੇਸ ਦਰਜ ਸੀ ਜਿਸ ਦੇ ਨਿਬੇੜੇ ਲਈ ਅੱਠ ਲੱਖ ਦੀ ਰਿਸ਼ਵਤ ਲਈ ਗਈ ਅਤੇ ਨਾਲ ਮਹੀਨਾਵਾਰ 'ਸੇਵਾ ਪਾਣੀ' ਦੀ ਮੰਗ ਕੀਤੀ ਗਈ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੀ ਪਿਛਲੇ ਸਮੇਂ ਦੌਰਾਨ ਬਿਕਰਮ ਸਿੰਘ ਮਜੀਠੀਆ ਦਾ ਨਾਮ ਲਏ ਬਿਨਾਂ ਸਟੇਜਾਂ ਤੋਂ ਆਖਦੇ ਰਹੇ ਹਨ ਕਿ ਨਾਭੇ ਜੇਲ੍ਹ ਦੇ ਬੰਦੀ ਵੱਲੋਂ ਸਹੂਲਤਾਂ ਦੀ ਮੰਗ ਕੀਤੀ ਜਾ ਰਹੀ ਹੈ। ਸੀ ਬੀ ਆਈ ਵੱਲੋਂ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਕਾਬੂ ਕੀਤੇ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੂੰ 5 ਦਿਨਾਂ ਦੇ ਰਿਮਾਂਡ ਤੋਂ ਬਾਅਦ ਚੰਡੀਗੜ੍ਹ ਸਥਿਤ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਦੌਰਾਨ ਸੀ ਬੀ ਆਈ ਵੱਲੋਂ ਭੁੱਲਰ ਦੇ ਰਿਮਾਂਡ ਦੀ ਮੰਗ ਨਹੀਂ ਕੀਤੀ ਗਈ ਤੇ ਅਦਾਲਤ ਨੇ ਉਸ ਨੂੰ 20 ਨਵੰਬਰ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸੀ ਬੀ ਆਈ ਦੀ ਟੀਮ ਵੱਲੋਂ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੂੰ ਸੀ ਬੀ ਆਈ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅੱਜ ਦੀ ਸੁਣਵਾਈ ਦੌਰਾਨ ਸੀ ਬੀ ਆਈ ਦੇ ਵਕੀਲ ਨੇ ਅਦਾਲਤ ਵਿੱਚ ਕਿਹਾ ਕਿ ਮੁਲਜ਼ਮ ਨੇ ਰਿਮਾਂਡ ਦੌਰਾਨ ਸੀ ਬੀ ਆਈ ਨੂੰ ਪੁੱਛ ਪੜਤਾਲ ਵਿੱਚ ਸਹਿਯੋਗ ਨਹੀਂ ਕੀਤਾ।

# ਪ੍ਰਿੰਸੀਪਲ ਗੁਰਦੇਵ ਸਿੰਘ ਧਾਲੀਵਾਲ ਦੀ ਯਾਦ ਵਿੱਚ 16 ਨਵੰਬਰ ਨੂੰ ਐਬਸਫੋਰਡ ਵਿਖੇ ਸ਼ਰਧਾਂਜਲੀ ਸਮਾਗਮ

ਐਬਸਫੋਰਡ (ਡਾ. ਗੁਰਵਿੰਦਰ ਸਿੰਘ) : ਕੈਨੇਡਾ 'ਚ ਪੰਜਾਬੀ ਬੋਲੀ ਦੇ ਬੂਟੇ ਨੂੰ ਪ੍ਰਫੁੱਲਿਤ ਕਰਨ ਵਾਲੇ, ਗੁਰਮਤਿ ਕੈਂਪਾਂ ਰਾਹੀਂ ਨੌਜਵਾਨ ਪੀੜੀ ਨੂੰ ਸਿੱਖੀ ਨਾਲ ਜੋੜਨ ਵਾਲੇ, ਕੈਨੇਡਾ ਅਤੇ ਪੰਜਾਬ ਵਿੱਚ ਗੁਰਮਤਿ ਸਮਾਗਮਾਂ ਦੀ ਲੜੀ ਚਲਾਉਣ ਵਾਲੇ ਗੁਰਮੁਖ ਪਿਆਰੇ ਵਿਦਵਾਨ ਪ੍ਰਿੰਸੀਪਲ ਗੁਰਦੇਵ ਸਿੰਘ ਧਾਲੀਵਾਲ 22 ਅਕਤੂਬਰ 2025 ਨੂੰ ਬਰੈਂਪਟਨ, ਕੈਨੇਡਾ ਵਿਖੇ ਸੱਚਖੰਡ ਜਾ ਬਿਰਾਜੇ ਸਨ। ਉਨ੍ਹਾਂ ਦੀ ਯਾਦ ਵਿੱਚ 16 ਨਵੰਬਰ, ਐਤਵਾਰ ਨੂੰ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ ਐਬਸਫੋਰਡ ਵਿਖੇ, ਸਵੇਰੇ 10.30 ਵਜੇ ਸ਼ਰਧਾਂਜਲੀ ਸਮਾਗਮ ਕੀਤੇ ਜਾ ਰਹੇ ਹਨ, ਜਿੱਥੇ ਸਭ ਸੰਗਤਾਂ ਨੂੰ ਵੱਧ ਚੜ੍ਹ ਕੇ ਪਹੁੰਚਣ ਲਈ ਸੱਦਾ ਹੈ।

ਪ੍ਰਿੰਸੀਪਲ ਗੁਰਦੇਵ ਸਿੰਘ ਧਾਲੀਵਾਲ ਦੀ ਉਮਰ ਕਰੀਬ ਸਾਢੇ 88 ਵਰਿਆਂ ਦੀ ਸੀ। ਆਪ ਪੰਜਾਬ ਤੋਂ ਪਿੰਡ ਬੱਧਨੀ ਗੁਲਾਬ ਸਿੰਘ, ਜ਼ਿਲ੍ਹਾ ਫਿਰੋਜ਼ਪੁਰ ਦੇ ਜੰਮਪਲ ਸਨ ਅਤੇ ਵੱਖ ਵੱਖ ਪਿੰਡਾਂ 'ਚ ਸਕੂਲ ਹੈਡਮਾਸਟਰ ਦੀ ਸੇਵਾ ਨਿਭਾਉਂਦੇ ਰਹੇ। ਆਪ ਨੇ 80ਵਿਆਂ ਚ ਕੈਨੇਡਾ ਆ ਕੇ ਪਹਿਲਾਂ ਵੈਨਕੂਵਰ 'ਚ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵਿਖੇ ਸਕੂਲ ਚ ਪੜ੍ਹਾਉਣ ਦੀ ਸੇਵਾ ਕੀਤੀ ਅਤੇ ਮਗਰੋਂ ਦਸ਼ਮੇਸ਼ ਪੰਜਾਬੀ ਸਕੂਲ ਐਬਸਫੋਰਡ ਵਿਖੇ ਸੇਵਾਵਾਂ ਨਿਭਾਈਆਂ। ਆਪ 1999 'ਚ ਟੋਰਾਂਟੋ ਚਲੇ ਗਏ ਸਨ ਤੇ ਉੱਥੇ ਜਾ ਕੇ ਵੀ ਵਿਦਿਅਕ ਪਸਾਰ ਦੀਆਂ ਸੇਵਾਵਾਂ ਜਾਰੀ ਰੱਖੀਆਂ।

ਪ੍ਰਿੰਸੀਪਲ ਸਾਹਿਬ ਨੇ ਕਈ ਕਿਤਾਬਾਂ ਲਿਖੀਆਂ ਅਤੇ ਅਖੀਰਲੇ ਸਵਾਸ ਤੱਕ ਸਿੱਖੀ ਪ੍ਰਚਾਰ ਨੂੰ ਸਮਰਪਿਤ ਰਹੇ। ਪ੍ਰਿੰਸੀਪਲ ਸਾਹਿਬ ਵੱਲੋਂ ਦਿੱਤੀ ਜਾਂਦੀ ਹੱਲਾਸ਼ੇਰੀ ਹਮੇਸ਼ਾ ਲਈ ਪ੍ਰੇਰਨਾ ਸਰੋਤ ਬਣੀ ਰਹੇਗੀ। ਅਜਿਹੀਆਂ ਮਹਾਨ ਰੂਹਾਂ ਸਦਾ ਹੀ ਮਾਰਗਦਰਸ਼ਨ ਕਰਦੀਆਂ ਰਹਿੰਦੀਆਂ ਹਨ। ਆਪ ਜੀ ਆਪਣੇ ਪਿੱਛੇ ਦੋ ਪੁੱਤ, ਇੱਕ ਧੀ ਸਮੇਤ ਵੱਡਾ ਪਰਿਵਾਰ ਅਤੇ ਅਨੇਕਾਂ ਵਿਦਿਆਰਥੀ ਤੇ ਗੁਰਸਿੱਖ ਪ੍ਰੇਮੀ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ ਬਰੈਂਪਟਨ ਵਿਖੇ ਬੀਤੇ ਦਿਨੀ ਕਰ ਦਿੱਤਾ ਗਿਆ ਸੀ। ਪ੍ਰਿੰਸੀਪਲ ਗੁਰਦੇਵ ਸਿੰਘ ਧਾਲੀਵਾਲ ਜੀ ਦੇ ਨਮਿੱਤ ਵੈਨਕੂਵਰ ਏਰੀਏ ਦੀਆਂ ਵਿਦਿਅਕ ਅਤੇ ਸਿੱਖ ਸੰਸਥਾਵਾਂ ਵੱਲੋਂ ਰੱਖੇ ਗਏ ਸ਼ਰਧਾਂਜਲੀ ਸਮਾਗਮ ਦੇ ਮੌਕੇ ਤੇ ਸਿੱਖ ਸੰਗਤਾਂ ਅਤੇ ਪੰਜਾਬੀ ਮਾਂ ਬੋਲੀ ਦੇ ਹਤੈਸ਼ੀਆਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।



SEMINAR ON:

# "FOR A TRUE FEDERALISM"

## - In the Context of Centre-State Relations within the Ambit of the Constitution and Federal Structure

Venue : Speaker's Hall, Constitution Club of India, Rafi Marg, New Delhi
Date : Sunday, 30th November 2025 Time : 4.00 PM - 7.00 pm

**ਉਦਘਾਟਨ**



ਅਲੀ ਅਨਵਰ ਅੰਸਾਰੀ
ਸਾਬਕਾ ਸੰਸਦ ਮੈਂਬਰ (ਆਰ.ਐਸ.)

**ਗੈਸਟ ਆਫ ਆਨਰ**



ਗਿਆਨੀ ਹਰਪ੍ਰੀਤ ਸਿੰਘ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

**ਸਵਾਗਤੀ ਭਾਸ਼ਣ**



ਕਮਲ ਕਿਸ਼ੋਰ ਕਥੇਰੀਆ
ਆਈਆਰਐਸ (ਸੇਵਾਮੁਕਤ)

**ਵਿਸ਼ੇਸ਼ ਬੁਲਾਰੇ**



ਪ੍ਰੋ. ਡਾ. ਐਲ. ਜਵਾਹਰ ਨੇਸਨ
ਸਾਬਕਾ ਵਾਈਸ-ਚਾਂਸਲਰ, ਜੇਐਸਐਸ ਸਾਇੰਸ ਟੈਕਨਾਲੋਜੀ ਯੂਨੀਵਰਸਿਟੀ



ਅਰੁਣ ਮਾਜੀ
ਐਡਵੋਕੇਟ, ਸੁਪਰੀਮ ਕੋਰਟ ਭਾਰਤ



ਗੁਰਤੇਜ ਸਿੰਘ
ਆਈ.ਏ.ਐਸ (ਸੇਵਾਮੁਕਤ)
ਸਿੱਖ ਵਿਦਵਾਨ ਅਤੇ ਰਾਜਨੀਤਿਕ ਲੇਖਕ



ਸ਼ਸ਼ੀ ਸੋਨਾਵਣੇ
ਟਰੇਡ ਯੂਨੀਅਨ ਆਗੂ

**ਪ੍ਰਧਾਨਗੀ**



ਸਰਦਾਰ ਜੀਵਨ ਸਿੰਘ
ਰਾਸ਼ਟਰੀ ਪ੍ਰਧਾਨ, ਬਹੁਜਨ ਦ੍ਰਾਵਿੜ ਪਾਰਟੀ

**ਧੰਨਵਾਦ**



ਅਸ਼ੋਕ ਸਿੰਘ
ਐਡਵੋਕੇਟ, ਵੀਪੀ, ਬੀਡੀਪੀ, ਮੱਧ ਪ੍ਰਦੇਸ਼

**Bhaujan Dravida Parth | New Democratic Party of India**

For Information & Participation | Email : ashokkumarsaket@gmail.com | Contact : +91 97173-66805

# ਸੈਨੇਟ ਚੋਣਾਂ ਲਈ ਪੰਜਾਬ ਯੂਨੀਵਰਸਿਟੀ ’ਚ ਸੰਘਰਸ਼

## ਹਜ਼ਾਰਾਂ ਲੋਕਾਂ ਦੇ ਹੜ੍ਹ ਅੱਗੇ ਪੁਲਿਸ ਦੀਆਂ ਰੋਕਾਂ ਉੱਡੀਆਂ; ਧਰਨੇ ਵਾਲੀ ਥਾਂ ’ਤੇ ਪੁੱਜੇ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਸਿਆਸੀ ਆਗੂ









ਚੰਡੀਗੜ੍ਹ : ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ ਦੇ ਸੱਦੇ ਉੱਤੇ ਸੈਨੇਟ ਬਚਾਉਣ ਲਈ ਰੱਖੇ ਗਏ ਧਰਨੇ ਵਿੱਚ ਅੱਜ ਰੋਕਾਂ ਦੇ ਬਾਵਜੂਦ ਵੱਡਾ ਇਕੱਠ ਹੋਇਆ। ਪਹਿਲਾਂ ਰਸਤਿਆਂ ਵਿੱਚ ਪੰਜਾਬ ਪੁਲੀਸ ਅਤੇ ਫਿਰ ਚੰਡੀਗੜ੍ਹ ਪੁਲੀਸ ਦੇ ਅੜਿੱਕਿਆਂ ਦੇ ਬਾਵਜੂਦ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ, ਕਿਸਾਨ-ਮਜ਼ਦੂਰ, ਮੁਲਾਜ਼ਮ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਪੰਜਾਬ ਯੂਨੀਵਰਸਿਟੀ ਕੈਂਪਸ ਅੰਦਰ ਦਾਖ਼ਲ ਹੋ ਗਏ; ਹਾਲਾਂਕਿ ਗੇਟ ਉਤੇ ਪੁਲੀਸ ਨੇ ਲਾਠੀਚਾਰਜ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਲੋਕਾਂ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ। ਲੋਕ ਟਰੈਕਟਰਾਂ, ਕਾਰਾਂ ਅਤੇ ਜੀਪਾਂ ਉਤੇ ਸਵਾਰ ਹੋ ਕੇ ਲੰਗਰ ਸਮੇਤ ਧਰਨੇ ਵਿੱਚ ਪਹੁੰਚੇ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਸੈਨੇਟ ਚੋਣਾਂ ਦੇ ਮੁੱਦੇ ਨੂੰ ਲੈ ਕੇ ਅੱਜ ਦਾ ਇਕੱਠ ਸੰਕੇਤਕ ਇਕੱਤਰਤਾ ਹੈ, ਮੰਗਾਂ ਪੂਰੀਆਂ ਹੋਣ ਤੱਕ ਵਾਈਸ ਚਾਂਸਲਰ ਦਫ਼ਤਰ ਅੱਗੇ ਧਰਨਾ ਲਗਾਤਾਰ ਜਾਰੀ ਰਹੇਗਾ। ਇਹ ਧਰਨਾ ਪੁਰਾਣੀ 91 ਮੈਂਬਰੀ ਸੈਨੇਟ ਚੋਣਾਂ ਦਾ ਸ਼ਡਿਊਲ ਜਾਰੀ ਹੋਣ ਤੱਕ ਜਾਰੀ ਰੱਖਿਆ ਜਾਵੇਗਾ।

ਵਾਈਸ ਚਾਂਸਲਰ ਦਫ਼ਤਰ ਅੱਗੇ ਚੱਲ ਰਹੇ ਵਿਦਿਆਰਥੀਆਂ ਦੇ ਧਰਨੇ ਵਿੱਚ ਸ਼ਾਮਲ ਹੋਣ ਲਈ ਲੋਕਾਂ ਵਿੱਚ ਇੰਨਾ ਉਤਸ਼ਾਹ ਸੀ ਕਿ ਉਹ ਪੀ ਜੀ ਆਈ ਵਾਲੇ ਪਾਸਿਉਂ ਸੜਕ ਵਿਚਾਲੇ ਰੇਲਿੰਗ ਟੱਪ ਕੇ ਪਹਿਲਾਂ ਤਾਂ ਗੇਟ ਨੰਬਰ 1 ’ਤੇ ਪਹੁੰਚੇ ਜਿੱਥੇ ਉਨ੍ਹਾਂ ਜ਼ਬਰਦਸਤੀ ਗੇਟ ਖੋਲ੍ਹ ਲਿਆ ਅਤੇ ਬੈਰੀਕੇਡਾਂ ਨੂੰ ਤੋੜ ਕੇ ਅੱਗੇ ਵਧ ਗਏ। ਉਹ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਅਤੇ ‘ਬੋਲੇ ਸੋ ਨਿਹਾਲ’ ਦੇ ਜੈਕਾਰੇ ਛੱਡ ਰਹੇ ਸਨ। ਵੱਡੇ ਹਜੂਮ ਦੇ ਅੰਦਰ ਜਾਣ ਤੋਂ ਬਾਅਦ ਬੇਵੱਸ ਹੋਈ ਚੰਡੀਗੜ੍ਹ ਪੁਲੀਸ ਨੇ ਰੋਕਾਂ ਹਟਾ ਦਿੱਤੀਆਂ ਅਤੇ ਸ਼ਾਮ ਤੱਕ ਧਰਨੇ ਵਿੱਚ ਸ਼ਾਮਲ ਹੋਣ ਲਈ ਲੋਕ ਆਉਂਦੇ ਰਹੇ। ਅੱਜ ਦੇ ਇਕੱਠ ਨੇ ਸਿੰਘੂ-ਟਿਕਰੀ ਬਾਰਡਰਾਂ ਉਤੇ ਚੱਲੇ ਕਿਸਾਨ ਅੰਦੋਲਨ ਦੀ ਯਾਦ ਦਿਵਾ ਦਿੱਤੀ। ਮੋਰਚੇ ਨੂੰ ਸੰਬੋਧਨ ਕਰਦਿਆਂ ਅਸ਼ਮੀਤ ਸਿੰਘ, ਸੰਦੀਪ, ਕਰਨਵੀਰ, ਰਵਿੰਦਰ ਸਿੰਘ ਬਿੱਲਾ ਧਾਲੀਵਾਲ, ਸੰਦੀਪ ਸੀਕਰੀ, ਸੰਨੀ ਮਹਿਤਾ, ਸਿਮਰਨ ਢਿੱਲੋਂ, ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ, ਅਮਿਤੋਜ ਮਾਨ, ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ, ਬਰਿੰਦਰ ਸਿੰਘ ਢਿੱਲੋਂ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕਿਸਾਨ ਆਗੂਆਂ ਬਲਵੀਰ ਸਿੰਘ ਰਾਜੇਵਾਲ ਤੇ ਸਰਵਣ ਸਿੰਘ ਪੰਧੇਰ, ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ, ਜਗਤਾਰ ਸਿੰਘ ਹਵਾਰਾ ਦੇ ਪਿਤਾ ਗੁਰਚਰਨ ਸਿੰਘ, ਵਿਧਾਇਕ ਪਰਗਟ ਸਿੰਘ, ਭਾਨਾ ਸਿੱਧੂ, ਦਲ ਖਾਲਸਾ ਤੋਂ ਪਰਮਜੀਤ ਸਿੰਘ ਮੰਡ, ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਲੱਖਾ ਸਿਧਾਣਾ, ਹੈਰੀ ਬਰਾੜ ਗਿੱਦੜਬਾਹਾ, ਡਾ. ਪਿਆਰਾ ਲਾਲ ਗਰਗ, ਡਾ. ਕੰਵਲਜੀਤ ਕੌਰ ਢਿੱਲੋਂ ਆਦਿ ਸਮੇਤ ਹੋਰ ਸਿਆਸੀ, ਸਮਾਜਿਕ, ਧਾਰਮਿਕ ਅਤੇ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਇੱਕੋ-ਇੱਕ ਮੰਗ ਰੱਖੀ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੁਰਾਣੀ 91 ਮੈਂਬਰੀ ਸੈਨੇਟ ਦੀਆਂ ਚੋਣਾਂ ਦਾ ਸ਼ਡਿਊਲ ਤੁਰੰਤ ਜਾਰੀ ਕਰ ਕੇ ਲੋਕਤੰਤਰੀ ਢਾਂਚਾ ਬਹਾਲ ਕੀਤਾ ਜਾਵੇ।

ਬੁਲਾਰਿਆਂ ਨੇ ਕਿਹਾ ਕਿ ਕੇਂਦਰ ਵਿਚਲੀ ਭਾਜਪਾ ਸਰਕਾਰ ਵੱਲੋਂ ਸਿੱਖਿਆ ਦਾ ਕੇਂਦਰੀਕਰਨ, ਨਿੱਜੀਕਰਨ ਅਤੇ ਭਗਵਾਂਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ’ਚ ਸ਼ਰੇਆਮ ਆਰ ਐੱਸ ਐੱਸ ਦਾ ਏਜੰਡਾ ਲਾਗੂ ਕਰਨ ਦੀ ਕੋਸ਼ਿਸ਼ ਹੋ ਰਹੀ ਹੈ।

















# ਦਿੱਲੀ 'ਚ ਲਾਲ ਕਿਲ੍ਹੇ ਨੇੜੇ ਧਮਾਕਾ-9 ਮੌਤਾਂ

## 20 ਜ਼ਖ਼ਮੀ, ਚੱਲਦੀ ਆਈ20 ਕਾਰ 'ਚ ਹੋਇਆ ਧਮਾਕਾ, ਕਈ ਹੋਰ ਗੱਡੀਆਂ ਸੜ ਕੇ ਸੁਆਹ











ਨਵੀਂ ਦਿੱਲੀ : ਬੀਤੇ ਦਿਨ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਇਕ ਟਰੈਫਿਕ ਸਿਗਨਲ 'ਤੇ ਇਕ ਹੌਲੀ ਚੱਲਦੀ ਕਾਰ 'ਚ ਇਕ ਉੱਚ-ਤੀਬਰਤਾ ਵਾਲਾ ਧਮਾਕਾ ਹੋਇਆ, ਜਿਸ 'ਚ ਘੱਟੋ-ਘੱਟ 9 ਲੋਕ ਮਾਰੇ ਗਏ ਤੇ 20 ਦੇ ਕਰੀਬ ਲੋਕ ਜ਼ਖ਼ਮੀ ਹੋਏ ਹਨ। ਧਮਾਕੇ 'ਚ ਕਈ ਵਾਹਨ ਸੜ ਗਏ। ਇਸ ਸੰਬੰਧੀ ਅਧਿਕਾਰੀਆਂ ਨੇ ਦੱਸਿਆ ਕਿ ਇਕ ਭੀੜ-ਭੜੱਕੇ ਵਾਲੀ ਥਾਂ 'ਤੇ ਹੋਏ ਧਮਾਕੇ 'ਚ ਦੋ ਔਰਤਾਂ ਸਮੇਤ 20 ਲੋਕ ਜ਼ਖਮੀ ਹੋ ਗਏ। ਜ਼ਖ਼ਮੀਆਂ ਨੂੰ ਕੁਝ ਕਿਲੋਮੀਟਰ ਦੂਰ ਐਲ.ਐਨ.ਜੇ.ਪੀ. ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਕਿਹਾ ਕਿ ਜਿਸ ਕਾਰ 'ਚ ਧਮਾਕਾ ਹੋਇਆ, ਉਸ 'ਚ ਤਿੰਨ ਲੋਕ ਸਵਾਰ ਸਨ। ਉਨ੍ਹਾਂ ਵਲੋਂ ਇਹ ਜਾਂਚ ਕੀਤੀ ਜਾ ਰਹੀ ਹੈ ਕਿ ਕਿਤੇ ਇਹ ਇਕ ਆਤਮਘਾਤੀ ਹਮਲਾਵਰ ਹਮਲਾ ਸੀ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਧਮਾਕਾ ਇਕ ਚੱਲਦੀ ਹੁੰਡਈ ਆਈ20 ਕਾਰ 'ਚ ਹੋਇਆ, ਜਿਸ 'ਚ ਤਿੰਨ ਲੋਕ ਬੈਠੇ ਸਨ। ਅਸੀਂ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੇ ਹਾਂ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਤੇ ਐਲ.ਐਨ.ਜੇ.ਪੀ. ਹਸਪਤਾਲ ਵਿਖੇ ਜਾ ਕੇ ਜ਼ਖ਼ਮੀ ਲੋਕਾਂ ਦਾ ਹਾਲ-ਚਾਲ ਜਾਣਿਆ। ਉਨ੍ਹਾਂ ਕਿਹਾ ਕਿ ਧਮਾਕੇ 'ਚ 9 ਲੋਕਾਂ ਦੀ ਮੌਤ ਹੋਈ ਹੈ ਜਦਕਿ ਕਈ ਹੋਰ ਜ਼ਖਮੀ ਹੋਏ ਹਨ। ਉਨ੍ਹਾਂ ਕਿਹਾ ਕਿ ਜਾਂਚਕਰਤਾ ਘਟਨਾ ਦੀ ਜਾਂਚ ਕਰਦੇ ਸਮੇਂ ਸਾਰੇ ਬਦਲ ਖੁੱਲ੍ਹੇ ਰੱਖ ਰਹੇ ਹਨ। ਸ਼ਾਹ ਨੇ ਕਿਹਾ ਕਿ ਉੱਚ ਏਜੰਸੀਆਂ ਪੂਰੀ ਤੀਬਰਤਾ ਨਾਲ ਘਟਨਾ ਦੀ ਜਾਂਚ ਕਰ ਰਹੀਆਂ ਹਨ ਤੇ ਉਹ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਨਗੀਆਂ। ਉਨ੍ਹਾਂ ਅੱਗੇ ਕਿਹਾ ਕਿ ਇਹ ਧਮਾਕਾ ਸ਼ਾਮ 7 ਵਜੇ ਦੇ ਕਰੀਬ ਲਾਲ ਕਿਲ੍ਹੇ ਨੇੜੇ ਇਕ ਟਰੈਫਿਕ ਸਿਗਨਲ 'ਤੇ ਇਕ ਹੁੰਡਈ ਆਈ20 ਕਾਰ 'ਚ ਹੋਇਆ, ਜਿਸ ਨਾਲ ਤਿੰਨ ਤੋਂ ਚਾਰ ਹੋਰ ਵਾਹਨ ਨੁਕਸਾਨੇ ਗਏ ਤੇ ਪੈਦਲ ਯਾਤਰੀਆਂ ਤੇ ਆਟੋ-ਰਿਕਸ਼ਾ 'ਚ ਯਾਤਰਾ ਕਰਨ ਵਾਲੇ ਲੋਕ ਜ਼ਖਮੀ ਹੋ ਗਏ। ਉਧਰ ਚਸ਼ਮਦੀਦਾਂ ਨੇ ਕਿਹਾ ਹੈ ਕਿ ਧਮਾਕਾ ਇੰਨਾ ਜ਼ੋਰਦਾਰ ਸੀ ਕਿ ਉਹ ਕੁਝ ਮਿੰਟਾਂ ਤੱਕ ਕੁਝ ਵੀ ਸਾਫ਼-ਸਾਫ਼ ਨਹੀਂ ਸੁਣ ਸਕੇ। ਉਨ੍ਹਾਂ ਕਿਹਾ ਕਿ ਜ਼ੋਰਦਾਰ ਧਮਾਕੇ ਦੀ ਆਵਾਜ਼ ਆਈ.ਟੀ.ਓ. ਤੱਕ ਦੇ ਇੱਕ ਵਿਸ਼ਾਲ ਖੇਤਰ 'ਚ ਸੁਣਾਈ ਦਿੱਤੀ, ਜੋ ਕਿ ਲਗਭਗ ਦੋ ਕਿਲੋਮੀਟਰ ਤੱਕ ਫੈਲਿਆ ਹੋਇਆ ਸੀ। ਧਮਾਕੇ ਨੇ ਕਈ ਮੀਟਰ ਦੂਰ ਖੜ੍ਹੇ ਵਾਹਨਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਤੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਸ਼ੀਸ਼ੇ ਦੇ ਪੈਨਲ ਤੋੜ ਦਿੱਤੇ। ਅਧਿਕਾਰੀ ਨੇ ਕਿਹਾ ਕਿ ਦਿੱਲੀ ਪੁਲਿਸ ਨੇ ਦੇਰ ਸ਼ਾਮ ਕਾਰ ਮਾਲਕ ਮੁਹੰਮਦ ਸਲਮਾਨ ਨੂੰ ਹਿਰਾਸਤ 'ਚ ਲਿਆ ਹੈ ਤੇ ਉਸ ਤੋਂ ਗੱਡੀ ਬਾਰੇ ਪੁੱਛਗਿੱਛ ਕੀਤੀ। ਉਨ੍ਹਾਂ ਕਿਹਾ ਕਿ ਉਸ ਨੇ ਕਾਰ ਨੂੰ ਡੇਢ ਸਾਲ ਪਹਿਲਾਂ ਓਖਲਾ ਦੇ ਇਕ ਵਿਅਕਤੀ ਦੇਵੇਂਦਰ ਨੂੰ ਵੇਚਿਆ ਸੀ। ਬਾਅਦ 'ਚ ਗੱਡੀ ਅੰਬਾਲਾ 'ਚ ਕਿਸੇ ਨੂੰ ਵੇਚ ਦਿੱਤੀ ਗਈ ਸੀ ਤੇ ਇਸ ਨੂੰ ਦੁਬਾਰਾ ਪੁਲਵਾਮਾ 'ਚ ਤਾਰਿਕ ਨਾਂਅ ਦੇ ਇਕ ਵਿਅਕਤੀ ਨੂੰ ਵੇਚ ਦਿੱਤਾ ਗਿਆ ਸੀ। ਅਧਿਕਾਰੀ ਨੇ ਕਿਹਾ ਕਿ ਪੁਲਿਸ ਇਨ੍ਹਾਂ ਲੋਕਾਂ ਦਾ ਪਤਾ ਲਗਾ ਰਹੀ ਹੈ। ਦਿੱਲੀ 'ਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ, ਤੇ ਸ਼ਹਿਰ ਦੇ ਸਰਹੱਦੀ ਸਥਾਨਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਵਾਹਨਾਂ ਦੀ ਜਾਂਚ ਤੇਜ਼ ਕਰ ਦਿੱਤੀ ਗਈ ਹੈ। ਧਮਾਕੇ ਤੋਂ ਬਾਅਦ ਸੜਦੀਆਂ ਕਾਰਾਂ ਤੋਂ ਅੱਗ ਲੱਗਣ ਕਾਰਨ ਇਲਾਕੇ 'ਚ ਦਹਿਸ਼ਤ ਫੈਲ ਗਈ। ਚਾਂਦਨੀ ਚੌਕ ਵਪਾਰੀ ਐਸੋਸੀਏਸ਼ਨ ਦੁਆਰਾ ਸਾਂਝੇ ਕੀਤੇ ਗਏ ਵੀਡੀਓਜ਼ 'ਚ ਧਮਾਕੇ ਦੀ ਤੀਬਰਤਾ ਦਾ ਖੁਲਾਸਾ ਹੋਇਆ। ਇਕ ਵਾਹਨ 'ਤੇ ਇਕ ਵਿੰਨ੍ਹੀ ਹੋਈ ਲਾਸ਼ ਪਈ ਦਿਖਾਈ ਦੇ ਰਹੀ ਹੈ, ਜਦਕਿ ਇਕ ਹੋਰ ਕਲਿੱਪ ਸੜਕ 'ਤੇ ਇਕ ਲਾਸ਼ ਦਿਖਾ ਰਹੀ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਧਮਾਕੇ ਵਾਲੀ ਥਾਂ ਨੇੜੇ ਸਰੀਰ ਦੇ ਟੁਕੜੇ ਖਿੱਲਰੇ ਹੋਏ ਦੇਖੇ ਜਾ ਸਕਦੇ।



ਮੁਜ਼ਾਮਿਲ ਸ਼ਕੀਲ ਦੀ ਮਾਂ ਮੰਗਲਵਾਰ ਨੂੰ ਪੁਲਵਾਮਾ ਵਿੱਚ ਫਰੀਦਾਬਾਦ ਵਿੱਚ ਕਿਰਾਏ ਦੇ ਮਕਾਨ ਤੋਂ ਆਪਣੇ ਪੁੱਤਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਆਪਣੇ ਪੁੱਤਰ ਦੀ ਮੋਬਾਈਲ 'ਤੇ ਤਸਵੀਰ ਦਿਖਾ ਰਹੀ ਹੈ, ਜਦੋਂ ਅਧਿਕਾਰੀਆਂ ਨੇ 360 ਕਿਲੋਗ੍ਰਾਮ ਵਿਸਫੋਟਕ ਬਰਾਮਦ ਕੀਤਾ।



ਨਵੀਂ ਦਿੱਲੀ ਵਿੱਚ ਆਸਫ਼ ਅਲੀ ਰੋਡ 'ਤੇ ਫੈਜ਼ ਇਲਾਹੀ ਮਸਜਿਦ ਦੇ ਪ੍ਰਵੇਸ਼ ਦੁਆਰ ਦਾ ਦ੍ਰਿਸ਼, ਜਿੱਥੇ ਮੁੱਖ ਸ਼ੱਕੀ, ਡਾਕਟਰ ਉਮਰ ਨਬੀ, ਲਾਲ ਕਿਲ੍ਹੇ ਦੇ ਕਾਰ ਬੰਬ ਧਮਾਕੇ ਤੋਂ ਪਹਿਲਾਂ ਠਹਿਰਿਆ ਸੀ।

# ਦਿੱਲੀ ਧਮਾਕਾ 'ਦਹਿਸ਼ਤੀ ਘਟਨਾ' ਕਰਾਰ

## ਸਾਜ਼ਿਸ਼ਘਾੜਿਆਂ ਨੂੰ ਫੌਰੀ ਕਟਹਿਰੇ 'ਚ ਖੜ੍ਹਾ ਕਰਨ ਦੀ ਹਦਾਇਤ : ਮੋਦੀ






ਨਵੀਂ ਦਿੱਲੀ : ਕੇਂਦਰ ਸਰਕਾਰ ਨੇ ਲਾਲ ਕਿਲੇ ਦੇ ਬਾਹਰ ਹੋਏ ਕਾਰ ਧਮਾਕੇ ਨੂੰ 'ਦਹਿਸ਼ਤੀ ਘਟਨਾ' ਕਰਾਰ ਦਿੰਦਿਆਂ ਜਾਂਚ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਉਹ ਘਟਨਾ ਦੀ ਜਾਂਚ ਫੌਰੀ ਅਤੇ ਪੇਸ਼ੇਵਰ ਤਰੀਕੇ ਨਾਲ ਕਰਕੇ ਸਾਜ਼ਿਸ਼ਘਾੜਿਆਂ ਅਤੇ ਉਨ੍ਹਾਂ ਦੇ ਆਕਾਵਾਂ ਨੂੰ ਬਿਨਾਂ ਕਿਸੇ ਦੇਰੀ ਦੇ ਨਿਆਂ ਦੇ ਕਟਹਿਰੇ 'ਚ ਖੜ੍ਹਾ ਕਰਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ 'ਚ ਅਤਿਵਾਦ ਨੂੰ ਕਿਸੇ ਵੀ ਰੂਪ 'ਚ ਬਰਦਾਸਤ ਨਾ ਕਰਨ ਦੀ ਭਾਰਤ ਦੀ ਨੀਤੀ ਦੀ ਵਚਨਬੱਧਤਾ ਦੁਹਰਾਈ ਗਈ। ਦਹਿਸ਼ਤੀ ਘਟਨਾ 'ਚ ਬੇਕਸੂਰ ਲੋਕਾਂ ਦੇ ਮਾਰੇ ਜਾਣ 'ਤੇ ਡੂੰਘਾ ਅਫ਼ਸੋਸ ਪ੍ਰਗਟ ਕਰਦਿਆਂ ਮਤਾ ਪੇਸ਼ ਕਰਕੇ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ। ਸ੍ਰੀ ਮੋਦੀ ਨੇ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਦੀ ਵੀ ਅਗਵਾਈ ਕੀਤੀ। ਮਤੇ 'ਚ ਕਿਹਾ ਗਿਆ ਕਿ ਸਰਕਾਰ ਦੇ ਸਿਖਰਲੇ ਪੱਧਰ 'ਤੇ ਹਾਲਾਤ ਉਪਰ ਲਗਾਤਾਰ ਨੇੜਿਉਂ ਨਜ਼ਰ ਰੱਖੀ ਜਾ ਰਹੀ ਹੈ। ਕੇਂਦਰੀ ਕੈਬਨਿਟ ਨੇ ਕਾਰ ਧਮਾਕੇ ਦੀ ਨਿਖੇਧੀ ਕਰਦਿਆਂ ਪੀੜਤ ਪਰਿਵਾਰਾਂ ਨਾਲ ਅਫ਼ਸੋਸ ਪ੍ਰਗਟਾਉਣ ਦਾ ਮਤਾ ਪਾਸ ਕੀਤਾ। ਉਨ੍ਹਾਂ ਸਾਰੇ ਜ਼ਖ਼ਮੀਆਂ ਦੀ ਸਿਹਤਯਾਬੀ ਲਈ ਵੀ ਪ੍ਰਾਰਥਨਾ ਕੀਤੀ। ਸੂਚਨਾ ਅਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਨੇ ਕੈਬਨਿਟ ਵੱਲੋਂ ਪਾਸ ਮਤਾ ਪੜ੍ਹ ਕੇ ਸੁਣਾਇਆ ਅਤੇ ਕਿਹਾ ਕਿ ਕੈਬਨਿਟ ਨੇ ਦੁਨੀਆ ਦੇ ਕਈ ਮੁਲਕਾਂ ਵੱਲੋਂ ਹਮਲੇ ਮਗਰੋਂ ਦਿੱਤੀ ਹਮਾਇਤ ਅਤੇ ਇਕਜੁੱਟਤਾ ਲਈ ਉਨ੍ਹਾਂ ਦਾ ਸ਼ੁਕਰਾਨਾ ਕੀਤਾ। ਕੈਬਨਿਟ ਨੇ ਇਸ ਖ਼ੌਫਨਾਕ ਘੜੀ 'ਚ ਅਧਿਕਾਰੀਆਂ, ਸੁਰੱਖਿਆ ਏਜੰਸੀਆਂ ਤੇ ਨਾਗਰਿਕਾਂ ਵੱਲੋਂ ਦਿੱਤੇ ਗਏ ਸਹਿਯੋਗ ਦੀ ਵੀ ਸ਼ਲਾਘਾ ਕੀਤੀ; ਕੌਮੀ ਸੁਰੱਖਿਆ ਤੇ ਹਰੇਕ ਨਾਗਰਿਕ ਦੀ ਸੁਰੱਖਿਆ ਪ੍ਰਤੀ ਆਪਣੀ ਵਚਨਬੱਧਤਾ ਤਹਿਤ ਸਾਰੇ ਭਾਰਤੀਆਂ ਦੀ ਰੱਖਿਆ ਕਰਨ ਦੇ ਸਰਕਾਰ ਦੇ ਦ੍ਰਿੜ੍ਹ ਇਰਾਦੇ ਦੀ ਵੀ ਪੁਸ਼ਟੀ ਕੀਤੀ। ਇਸ ਦੌਰਾਨ ਕੈਬਨਿਟ ਨੇ ਬਰਾਮਦਕਾਰਾਂ ਲਈ 20 ਹਜ਼ਾਰ ਕਰੋੜ ਰੁਪਏ ਦੀ ਕ੍ਰੈਡਿਟ ਗਾਰੰਟੀ ਯੋਜਨਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤਹਿਤ ਵਿੱਤੀ ਸੇਵਾਵਾਂ ਬਾਰੇ ਵਿਭਾਗ ਦੇ ਸਕੱਤਰ ਦੀ ਅਗਵਾਈ ਹੇਠ ਪ੍ਰਬੰਧਨ ਕਮੇਟੀ ਬਣਾਈ ਜਾਵੇਗੀ ਜੋ ਯੋਜਨਾ 'ਤੇ ਨਜ਼ਰ ਰੱਖੇਗੀ। ਇਸੇ ਦੌਰਾਨ ਸਰਕਾਰ ਨੇ 25.060 ਕਰੋੜ ਰੁਪਏ ਦੀ ਬਰਾਮਦ ਪ੍ਰਮੋਸ਼ਨ ਮਿਸ਼ਨ ਨੂੰ ਵੀ ਮਨਜ਼ੂਰੀ ਦਿੱਤੀ ਹੈ।

# ਕੈਲੀਫੋਰਨੀਆ ਦੇ ਮਨਟੀਕਾ ਸ਼ਹਿਰ ਦੀ ਧਰਤੀ ਬਾਬੇ ਨਾਨਕ ਦੇ ਰੰਗ 'ਚ ਰੰਗੀ ਗਈ

## ਮਨਟੀਕਾ 'ਚ 556ਵੇਂ ਗੁਰੂ ਨਾਨਕ ਗੁਰਪੁਰਬ ਨੂੰ ਸਮਰਪਿਤ ਸਾਲਾਨਾ ਨਗਰ ਕੀਰਤਨ ਸ਼ਰਧਾ ਸੇਵਾ ਅਤੇ ਬੜੀ ਧੂਮਧਾਮ ਨਾਲ ਸੰਪੰਨ ਹੋਇਆ







ਮਨਟੀਕਾ/ ਕੈਲੀਫੋਰਨੀਆ:- (ਸਾਡੇ ਲੋਕ) ਗੁਰਦੁਆਰਾ ਸਾਹਿਬ ਗੁਰਮਤ ਪ੍ਰਕਾਸ਼ ਦਮਦਮੀ ਟਕਸਾਲ ਮਨਟੀਕਾ ਵੱਲੋਂ ਸਾਹਿਬ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ 556ਵੇਂ ਪ੍ਰਕਾਸ਼ ਦਿਵਸ ਉਪਰ ਪਹਿਲੀ ਵਾਰ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਰੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਮਹਾਨ ਨਗਰ ਕੀਰਤਨ ਤੋਂ ਪਹਿਲਾਂ ਰਾਤ ਤੇ ਸਵੇਰੇ ਭਾਰੀ ਦੀਵਾਨ ਸਜਾਏ ਗਏ।

ਜਿਸ ਵਿਚ ਪੰਥਕ ਬੁਲਾਰਿਆਂ ਅਤੇ ਸ਼ਹਿਰ ਦੇ ਵੱਡੇ ਸਿਆਸਤਦਾਨਾਂ ਨੇ ਹਾਜ਼ਰੀ ਲਗਵਾਈ।

ਸਿੱਖ ਧਰਮ ਦੇ ਬਾਨੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ, ਮੈਨਟੇਕਾ, ਕੈਲੀਫੋਰਨੀਆ ਵਿਖੇ ਸਾਲਾਨਾ ਸਿੱਖ ਪਰੇਡ (ਨਗਰ ਕੀਰਤਨ) ਐਤਵਾਰ, 9 ਨਵੰਬਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕੱਢੀ ਗਈ। ਇਹ ਸਮਾਗਮ 'ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨੇ' ਦਾ ਹਿੱਸਾ ਸਨ, ਜਿਸ ਨੂੰ ਮਨਟੀਕਾ ਸ਼ਹਿਰ ਵੱਲੋਂ ਨਵੰਬਰ ਮਹੀਨੇ ਦੌਰਾਨ ਅਧਿਕਾਰਤ ਤੌਰ 'ਤੇ ਮਨਾਇਆ ਜਾਂਦਾ ਹੈ।

ਪਰੇਡ ਤੋਂ ਇੱਕ ਰਾਤ ਪਹਿਲਾਂ, ਸ਼ਨੀਵਾਰ ਸ਼ਾਮ ਨੂੰ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ, ਜਿੱਥੇ ਗੁਰਬਾਣੀ ਕੀਰਤਨ ਦੇ ਪ੍ਰਵਾਹ ਚੱਲੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਤੋਂ ਇਲਾਵਾ ਸਮਾਗਮ ਵਾਲੀ ਥਾਂ 'ਤੇ ਵੱਖ-ਵੱਖ ਸਟਾਲ ਵੀ ਲਗਾਏ ਗਏ, ਜੋ ਕਿ ਸਮਾਗਮ ਦੀ ਖਿੱਚ ਦਾ ਕੇਂਦਰ ਬਣੇ।

ਸਿੱਖ ਭਾਈਚਾਰੇ ਨੇ ਇਸ ਲਈ ਸਹਿਯੋਗ ਦੇਣ ਲਈ ਮਨਟੀਕਾ ਦੇ ਸਾਰੇ ਸ਼ਹਿਰ ਵਸਨੀਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਪ੍ਰਬੰਧਕਾਂ ਨੇ ਕਿਹਾ ਕਿ ਮਨਟੀਕਾ ਦੇ ਭਾਈਚਾਰੇ ਨੂੰ ਇਸ ਤਰ੍ਹਾਂ ਸਿੱਖ ਜਾਗਰੂਕਤਾ ਮਹੀਨੇ ਨੂੰ ਮਿਲਕੇ ਮਨਾਉਂਦੇ ਹਨ ਜੋ ਕਿ ਬਹੁਤ ਖੁਸ਼ੀ ਦੀ ਗੱਲ ਹੈ।

ਇਹ ਸਾਲਾਨਾ ਪਰੇਡ ਨਾ ਸਿਰਫ਼ ਗੁਰੂ ਨਾਨਕ ਦੇਵ ਜੀ ਦੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸੰਦੇਸ਼ ਨੂੰ ਦੁਹਰਾਉਂਦੀ ਹੈ, ਬਲਕਿ ਵੱਖ-ਵੱਖ ਭਾਈਚਾਰਿਆਂ ਦਰਮਿਆਨ ਪਿਆਰ ਅਤੇ ਸਾਂਝੀਵਾਲਤਾ ਨੂੰ ਵੀ ਮਜ਼ਬੂਤ ਕਰਦੀ ਹੈ।

ਜ਼ਿਕਰਯੋਗ ਹੈ ਕਿ ਸਿੱਖ ਧਰਮ ਦੇ ਬਾਨੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੇ ਜਸ਼ਨਾਂ ਸਬੰਧੀ ਐਤਵਾਰ, 9 ਨਵੰਬਰ, 2025 ਨੂੰ ਮਨਟੀਕਾ ਸ਼ਹਿਰ ਵਿਖੇ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਸਾਲਾਨਾ ਪਰੇਡ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੀ। ਨਗਰ ਕੀਰਤਨ ਦੀ ਆਰੰਭਤਾ ਅਤੇ ਸਮਾਪਤੀ ਸਿੱਖ ਟੈਂਪਲ ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ ਜੋ ਕੀ 2050 ਨੂੰ ਵੁਡਵਰਡ ਐਵੇਨਿਊ ਉਪਰ ਸਥਿਤ ਹੈ, ਵਿਖੇ ਅਰੰਭ ਹੋਈ। ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਨੂੰ ਇਸ ਪਰੇਡ, ਗੁਰੂ ਕੇ ਲੰਗਰ ਅਤੇ ਹੋਰ ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਸੀ।

ਇਸ ਵਿਸ਼ਾਲ ਨਗਰ ਕੀਰਤਨ ਦੇ ਮੱਦੇਨਜ਼ਰ, ਆਮ ਲੋਕਾਂ ਦੀ ਸਹੂਲਤ ਅਤੇ ਸ਼ਰਧਾਲੂਆਂ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ
























# ਕੈਲੀਫੋਰਨੀਆ ਦੇ ਮਨਟੀਕਾ ਸ਼ਹਿਰ ਦੀ ਧਰਤੀ ਬਾਬੇ ਨਾਨਕ ਦੇ ਰੰਗ 'ਚ ਰੰਗੀ ਗਈ

## ਮਨਟੀਕਾ 'ਚ 556ਵੇਂ ਗੁਰੂ ਨਾਨਕ ਗੁਰਪੁਰਬ ਨੂੰ ਸਮਰਪਿਤ ਸਾਲਾਨਾ ਨਗਰ ਕੀਰਤਨ ਸ਼ਰਧਾ ਸੇਵਾ ਅਤੇ ਬੜੀ ਧੂਮਧਾਮ ਨਾਲ ਸੰਪੰਨ ਹੋਇਆ














ਕੀਤੇ ਗਏ ਸਨ:

ਸੜਕਾਂ ਬੰਦ: ਨਗਰ ਕੀਰਤਨ ਦੇ ਰੂਟ 'ਤੇ ਪੈਂਦੀਆਂ ਸੜਕਾਂ ਸਵੇਰੇ 10:30 ਵਜੇ ਤੋਂ ਸ਼ਾਮ 5 ਵਜੇ ਦੇ ਵਿਚਕਾਰ ਆਵਾਜਾਈ ਲਈ ਬੰਦ ਰਹੀਆਂ। ਸੜਕਾਂ ਬੰਦ ਹੋਣ ਦਾ ਸਹੀ ਸਮਾਂ ਨਗਰ ਕੀਰਤਨ ਦੇ ਅੱਗੇ ਵਧਣ ਦੇ ਨਾਲ-ਨਾਲ ਬਦਲਦਾ ਰਿਹਾ।

ਰੂਟ 'ਤੇ ਰਹਿਣ ਵਾਲੇ ਵਸਨੀਕਾਂ ਨੂੰ ਪੁਲਿਸ ਦੀ ਸਹਾਇਤਾ ਨਾਲ ਉਨ੍ਹਾਂ ਦੇ ਘਰਾਂ ਤੱਕ ਵਾਹਨ ਲਿਜਾਣ ਦੀ ਆਗਿਆ ਦਿੱਤੀ ਗਈ।

ਟਰੈਫਿਕ ਦੀ ਉਮੀਦ: ਗੁਰਦੁਆਰਾ ਗੁਰਮਤਿ ਪ੍ਰਕਾਸ਼ ਦੇ ਆਲੇ-ਦੁਆਲੇ ਅਤੇ ਨਗਰ ਕੀਰਤਨ ਦੇ ਪੂਰੇ ਰੂਟ 'ਤੇ ਪੈਦਲ ਚੱਲਣ ਵਾਲਿਆਂ ਅਤੇ ਗੱਡੀਆਂ ਦੀ ਆਵਾਜਾਈ ਵਿੱਚ ਭਾਰੀ ਵਾਧਾ ਹੋਇਆ।

ਨਗਰ ਕੀਰਤਨ ਦਾ ਜਲੂਸ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਹੇਠ ਲਿਖੇ ਰਸਤਿਆਂ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚਿਆ :

1. ਸ਼ੁਰੂਆਤ (ਸਵੇਰੇ 8 ਵਜੇ): ਗੁਰਦੁਆਰਾ ਗੁਰਮਤ ਪ੍ਰਕਾਸ਼ ਤੋਂ ਸ਼ੁਰੂ ਹੋ ਕੇ ਪੂਰਬ ਵੱਲ ਡਬਲਯੂ. ਵੁਡਵਾਰਡ ਐਵੇਨਿਊ (W. Woodward Ave.) 'ਤੇ ਚੱਲਿਆ।
2. ਮੋੜ: ਫਿਰ ਉੱਤਰ ਵੱਲ ਓਲੀਐਂਡਰ ਐਵੇਨਿਊ (Oleander Ave.) 'ਤੇ ਮੁੜਿਆ।
3. ਅਗਲਾ ਮੋੜ: ਇਸ ਤੋਂ ਬਾਅਦ ਪੱਛਮ ਵੱਲ ਰੈੱਡ ਫੇਜ਼ੈਂਟ ਲੇਨ (Red Pheasant Ln.) 'ਤੇ ਗਿਆ।
4. ਪੜਾਅ: ਡੂਟਰਾ ਅਸਟੇਟਸ ਪਾਰਕ (Dutra Estates Park) ਵਿਖੇ ਸੰਗਤਾਂ ਲਈ 1 ਘੰਟੇ ਦਾ ਵਿਸ਼ਰਾਮ ਹੋਇਆ।
5. ਵਾਪਸੀ: ਅੰਤ ਵਿੱਚ, ਦੱਖਣ ਵੱਲ ਹਾਰਵੈਸਟ ਲੇਨ (Harvest Ln.) ਤੋਂ ਹੁੰਦਾ ਹੋਇਆ ਵਾਪਸ ਪੱਛਮ ਵੱਲ ਵੁਡਵਾਰਡ ਐਵੇਨਿਊ 'ਤੇ ਮੁੜਿਆ ਅਤੇ ਸ਼ਾਮ 5 ਵਜੇ ਤੱਕ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਇਆ।

ਲੰਗਰਾਂ ਦਾ ਪ੍ਰਬੰਧ ਇਸ ਤਰ੍ਹਾਂ ਸੀ ਜਿਵੇਂ ਅਨੰਦਪੁਰ ਸਾਹਿਬ ਵਿਸਾਖੀ ਦੇ ਮੇਲੇ ਉਪਰ ਗਏ ਹੋਈਏ। ਕਈ ਪ੍ਰਕਾਰ ਦੀਆਂ ਮਠਿਆਈਆਂ, ਤਾਜ਼ੀਆਂ ਜਲੇਬੀਆਂ, ਗੁਲਾਬ ਜਾਮਣਾਂ, ਤਾਜ਼ੀਆਂ ਤਾਜ਼ੀਆਂ ਟਿੱਕੀਆਂ, ਛੋਲੇ ਭਟੂਰੇ, ਪਕੌੜੇ, ਸਮੋਸੇ, ਚਾਟ, ਗਜਰੇਲਾ, ਸਾਗ, ਲੰਗਰਾਂ ਵਿੱਚ ਸੰਗਤਾਂ ਪੂਰਾ ਪੂਰਾ ਲੁਤਫ ਲੈ ਰਹੀਆਂ ਸਨ। ਸੰਗਤ ਅਤੇ ਪੰਗਤ ਦੇ ਸੁਮੇਲ ਦਾ ਇਕੱਠ ਠਾਠਾਂ ਮਾਰ ਰਿਹਾ ਸੀ। ਨਾਲ ਨਾਲ ਲੰਗਰਾਂ ਦੇ ਸੇਵਾਦਾਰਾਂ ਵਲੋਂ ਲੰਗਰਾਂ ਦੀ ਸੇਵਾ ਪਹਿਲਾਂ ਦੀ ਤਰ੍ਹਾਂ ਨਿਰੰਤਰ ਜਾਰੀ ਸੀ। ਨਾਲ ਹੀ ਹੋਰ ਨੌਜਵਾਨਾਂ ਨੇ ਸ਼ਰਧਾ ਦੇ ਨਾਲ ਭਾਰੀ ਜਲੇਬੀਆਂ ਪਕੌੜਿਆਂ ਦਾ ਲੰਗਰ ਲਗਾਇਆ ਹੋਇਆ ਸੀ ਤੇ ਪੂਰੀ ਸ਼ਰਧਾ ਨਾਲ ਸੇਵਾ ਕਰ ਰਹੇ ਸਨ।

ਇਸ ਵਾਰ ਗੁਰੂ ਘਰ ਵਲੋਂ ਆਪਣੇ ਤੌਰ ਉੱਤੇ ਕੀਤਾ ਸਕਿਉਰਿਟੀ ਦਾ ਪ੍ਰਬੰਧ ਬੜਾ ਪੁਖਤਾ ਸੀ ਜਿਸ ਵਿੱਚ ਜ਼ਿਆਦਾ ਆਪਣੇ ਸਿੱਖ ਪੰਜਾਬੀ ਭੈਣ ਭਰਾ ਹੀ ਸਨ। ਹਰ ਇੱਕ ਸੇਵਾਦਾਰ ਵਿੱਚ ਸੇਵਾ ਲਈ ਅਥਾਹ ਸ਼ਰਧਾ ਸੀ। ਇਸ ਸਮੇਂ ਗੁਰੂਘਰ ਦੇ ਸੇਵਾਦਾਰਾਂ ਵਲੋਂ ਸਮੂਹ ਸੰਗਤਾਂ ਅਤੇ ਗੁਰੂ ਸਾਹਿਬ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਗਿਆ।














# ਅਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਪੰਨ ਹੋਇਆ





ਅੰਮ੍ਰਿਤਸਰ (ਪੰਜਾਬ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ, ਅਸਾਮ ਦੇ ਇਤਿਹਾਸਕ ਗੁਰਦੁਆਰਾ ਧੁਬੜੀ ਸਾਹਿਬ ਤੋਂ ਆਰੰਭ ਹੋਇਆ ਵਿਸ਼ਾਲ 'ਸ਼ਹੀਦੀ ਨਗਰ ਕੀਰਤਨ' ਬੀਤੇ ਦਿਨ (ਸ਼ੁੱਕਰਵਾਰ, 7 ਨਵੰਬਰ 2025) ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਪਹੁੰਚ ਕੇ ਅਰਦਾਸ ਉਪਰੰਤ ਸੰਪੰਨ ਹੋ ਗਿਆ। ਇਹ ਨਗਰ ਕੀਰਤਨ ਅਗਸਤ ਮਹੀਨੇ ਵਿੱਚ ਸ਼ੁਰੂ ਹੋਇਆ ਸੀ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚੋਂ ਹੁੰਦਾ ਹੋਇਆ ਸ੍ਰੀ ਦਰਬਾਰ ਸਾਹਿਬ ਪਹੁੰਚਿਆ।

**ਮੁੱਖ ਨੁਕਤੇ:**

**ਭਰਵਾਂ ਸਵਾਗਤ:** ਜਦੋਂ ਨਗਰ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਪਹੁੰਚਿਆ ਤਾਂ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਅਤੇ ਜੈਕਾਰਿਆਂ ਦੀ ਗੂੰਜ ਨਾਲ ਇਸ ਦਾ ਨਿੱਘਾ ਸਵਾਗਤ ਕੀਤਾ। ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਇਸ ਇਤਿਹਾਸਕ ਮੌਕੇ ਦੇ ਗਵਾਹ ਬਣੇ।

**ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਬਿਆਨ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼੍ਰੋਮਣੀ ਕਮੇਟੀ) ਦੇ ਪ੍ਰਧਾਨ, ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਨੇ ਇਸ ਮੌਕੇ ਸੰਗਤਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਨਗਰ ਕੀਰਤਨ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਲਈ ਇੱਕ ਵੱਡਾ ਉਪਰਾਲਾ ਸੀ।

**ਸਮਾਗਮ:** ਨਗਰ ਕੀਰਤਨ ਦੇ ਪਹੁੰਚਣ ਤੋਂ ਪਹਿਲਾਂ ਗੁਰਦੁਆਰਾ ਛੇਹਰਟਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਗਿਆਨੀ ਕੇਵਲ ਸਿੰਘ (ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ) ਨੇ ਸੰਗਤਾਂ ਨਾਲ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸਿਖਿਆਵਾਂ ਸਾਂਝੀਆਂ ਕੀਤੀਆਂ।

ਇਹ ਨਗਰ ਕੀਰਤਨ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀ ਲੜੀ ਦਾ ਹਿੱਸਾ ਸੀ, ਜੋ ਕਿ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਭਰ ਵਿੱਚ ਮਨਾਏ ਜਾ ਰਹੇ ਹਨ।

# ਤਰਨ ਤਾਰਨ ਜ਼ਿਮਨੀ ਚੋਣ 'ਚ ਬੰਪਰ ਵੋਟਿੰਗ-61 ਫ਼ੀਸਦੀ ਮਤਦਾਨ

## 15 ਉਮੀਦਵਾਰਾਂ ਦੀ ਕਿਸਮਤ ਵੋਟਿੰਗ ਮਸ਼ੀਨਾਂ 'ਚ ਹੋਈ ਬੰਦ

ਤਰਨ ਤਾਰਨ : ਜ਼ਿਮਨੀ ਚੋਣ ਤਰਨ ਤਾਰਨ 'ਚ ਬੰਪਰ ਵੋਟਿੰਗ ਹੋਈ, ਕੁੱਲ ਮਿਲਾ ਕੇ ਇਥੇ 61 ਫੀਸਦੀ ਤੋਂ ਵੱਧ ਵੋਟਰਾਂ ਨੇ ਮਤਦਾਨ ਕੀਤਾ ਹੈ। ਜ਼ਿਮਨੀ ਚੋਣ 'ਚ ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ, ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰਿੰ. ਸੁਖਵਿੰਦਰ ਕੌਰ ਰੰਧਾਵਾ, ਭਾਜਪਾ ਉਮੀਦਵਾਰ ਹਰਜੀਤ ਸਿੰਘ ਸੰਧੂ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ, ਸ਼੍ਰੋਮਣੀ ਅਕਾਲੀ ਦਲ (ਅ), ਅਕਾਲੀ ਦਲ ਪੁਨਰ ਸੁਰਜੀਤ ਤੋਂ ਇਲਾਵਾ ਹੋਰ ਪੰਥਕ ਜਥੇਬੰਦੀਆਂ ਦੇ ਸਾਂਝੇ ਉਮੀਦਵਾਰ ਵਜੋਂ ਭਾਈ ਮਨਦੀਪ ਸਿੰਘ ਤੋਂ ਇਲਾਵਾ ਕੁੱਲ 15 ਉਮੀਦਵਾਰਾਂ ਦੀ ਕਿਸਮਤ ਵੋਟਿੰਗ ਮਸ਼ੀਨਾਂ 'ਚ ਬੰਦ ਹੋ ਗਈ ਹੈ। ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਹੋਈ ਚੋਣ 'ਚ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਇਹ ਚੋਣ ਅਮਨ ਅਮਾਨ ਨਾਲ ਸੰਪੰਨ ਹੋਈ ਕਿਉਂਕਿ ਜ਼ਿਆਦਾਤਰ ਪੋਲਿੰਗ ਬੂਥਾਂ 'ਤੇ ਪੈਰਾ ਮਿਲਟਰੀ ਫੋਰਸ ਤੇ ਤਰਨ ਤਾਰਨ ਤੋਂ ਇਲਾਵਾ ਹੋਰ ਜ਼ਿਲ਼ਿ?ਹਾ ਤੋਂ ਪੰਜਾਬ ਪੁਲਿਸ ਜਵਾਨ ਤਾਇਨਾਤ ਕੀਤੇ ਹੋਏ ਸਨ। ਵੋਟਾਂ ਤੋਂ ਬਾਅਦ ਈ.ਵੀ.ਐੱਮ. ਮਸ਼ੀਨਾਂ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਇੰਟਰਨੈਸ਼ਨਲ ਨਰਸਿੰਗ ਕਾਲਜ ਪਿੱਦੀ ਵਿਖੇ ਪਹੁੰਚਾਇਆ ਗਿਆ ਹੈ, ਜਿਥੇ 14 ਨਵੰਬਰ ਨੂੰ ਗਿਣਤੀ ਹੋਵੇਗੀ। ਪ੍ਰਿੰ. ਸੁਖਵਿੰਦਰ ਕੌਰ ਨੇ ਪਿੰਡ ਕੱਕਾ ਕੰਡਿਆਲਾ, 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਫਤਹਿਚੱਕ, ਭਾਜਪਾ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਨੇ ਵਾਰਡ ਨੰਬਰ 10 ਤੇ ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ ਨੇ ਪਿੰਡ ਖੈਰਦੀਨ 'ਚ ਆਪਣੀ ਵੋਟ ਦਾ ਇਸਤੇਮਾਲ ਕੀਤਾ। ਪੰਥਕ ਜਥੇਬੰਦੀਆਂ ਦੇ ਉਮੀਦਵਾਰ ਭਾਈ ਮਨਦੀਪ ਸਿੰਘ ਦੀ ਵੋਟ ਹਲਕਾ ਤਰਨ ਤਾਰਨ 'ਚ ਨਾ ਹੋਣ ਕਾਰਨ ਉਹ ਆਪਣੀ ਵੋਟ ਦਾ ਇਸਤੇਮਾਲ ਨਹੀਂ ਕਰ ਸਕੇ। ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰ. ਸੁਖਵਿੰਦਰ ਕੌਰ ਨੇ ਚੋਣ ਕਮਿਸ਼ਨ ਨੂੰ ਇਕ ਸ਼ਿਕਾਇਤ ਦੇ ਕੇ ਕੁਝ ਪੁਲਿਸ ਅਧਿਕਾਰੀਆਂ 'ਤੇ ਦੋਸ਼ ਲਗਾਇਆ ਕਿ ਉਹ ਸੱਤਾਧਾਰੀ ਪਾਰਟੀ ਦੀ ਸ਼ਹਿ 'ਤੇ ਉਨ੍ਹਾਂ ਦੇ ਸਮਰਥਕਾਂ ਨੂੰ ਡਰਾ ਧਮਕਾ ਰਹੇ ਹਨ। ਹਲਕੇ 'ਚ ਤਿੰਨ ਮਸ਼ੀਨਾਂ 'ਚ ਤਕਨੀਕੀ ਖ਼ਰਾਬੀ ਆਉਣ ਕਾਰਨ ਉਥੇ ਚੋਣ ਕੁਝ ਸਮਾਂ ਦੇਰੀ ਨਾਲ ਸ਼ੁਰੂ ਹੋਈ, ਪਰ ਪ੍ਰਸ਼ਾਸਨ ਨੇ ਇਨ੍ਹਾਂ ਮਸ਼ੀਨਾਂ ਨੂੰ ਤਬਦੀਲ ਕਰਕੇ ਵੋਟਿੰਗ ਦਾ ਕੰਮ ਮੁੜ ਸ਼ੁਰੂ ਕਰਵਾਇਆ। ਜ਼ਿਮਨੀ ਚੋਣ 'ਚ ਇਸ ਤਰ੍ਹਾਂ ਦੀ ਬੰਪਰ ਵੋਟਿੰਗ ਘੱਟ ਹੀ ਹੁੰਦੀ ਹੈ ਕਿਉਂਕਿ ਜ਼ਿਮਨੀ ਚੋਣ ਨੂੰ ਸੱਤਾਧਾਰੀ ਧਿਰ ਦੀ ਚੋਣ ਹੀ ਸਮਝਿਆ ਜਾਂਦਾ ਹੈ। ਹਲਕਾ ਤਰਨ ਤਾਰਨ ਦੀਆਂ ਸਿਆਸੀ ਪਾਰਟੀਆਂ ਵਲੋਂ ਜਿਸ ਤਰ੍ਹਾਂ ਪਿੰਡਾਂ ਤੇ ਵਾਰਡਾਂ 'ਚ ਆਪਣੇ ਬੂਥ ਲਗਾ ਕੇ ਪੂਰੀ ਗਰਮਜੋਸ਼ੀ ਨਾਲ ਇਸ ਚੋਣ 'ਚ ਹਿੱਸਾ ਲਿਆ ਗਿਆ, ਉਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਬਹੁਕੋਣੀ ਮੁਕਾਬਲੇ 'ਚ



ਨਤੀਜੇ ਕਿਸੇ ਵੀ ਧਿਰ ਦੇ ਹੱਕ 'ਚ ਭੁਗਤ ਸਕਦੇ ਹਨ। ਇਸ ਚੋਣ 'ਚ ਵੋਟਰਾਂ ਨੇ ਸ਼ੁਰੂ ਤੋਂ ਹੀ ਜੋ ਖਾਮੋਸ਼ੀ ਧਾਰੀ ਰੱਖੀ ਉਹ ਖਾਮੋਸ਼ੀ ਚੋਣਾਂ ਵਾਲੇ ਦਿਨ ਵੀ ਜਾਰੀ ਰਹੀ। ਜਿਥੇ ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ ਦੇ ਬੂਥਾਂ 'ਤੇ ਵੋਟਾਂ ਪਾਉਣ ਵਾਲਿਆਂ ਦੀ ਚਹਿਲ-ਪਹਿਲ ਰਹੀ ਉਥੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਭਾਜਪਾ ਤੇ ਪੰਥਕ ਜਥੇਬੰਦੀਆਂ ਦੇ ਸਾਂਝੇ ਉਮੀਦਵਾਰ ਦੇ ਬੂਥਾਂ 'ਤੇ ਵੀ ਉਨ੍ਹਾਂ ਦੇ ਸਮਰਥਕ ਪੂਰੇ ਜ਼ੋਰਾਂ ਸ਼ੋਰਾਂ ਨਾਲ ਆਪੋ ਆਪਣੀਆਂ ਪਾਰਟੀਆਂ ਦੇ ਹੱਕ 'ਚ ਵੋਟਾਂ ਭੁਗਤਾਉਂਦੇ ਦਿਖਾਈ ਦਿੱਤੇ। ਤਰਨ ਤਰਨ ਹਲਕੇ ਦਾ ਪਿੰਡ ਮੀਆਂਪੁਰ ਇਕਲੌਤਾ ਪਿੰਡ ਰਿਹਾ, ਜਿਥੇ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਹੋਰ ਕਿਸੇ ਪਾਰਟੀ ਦਾ ਬੂਥ ਨਹੀਂ ਲੱਗਾ।

# ਧਾਰਮਿਕ ਸਮਾਗਮਾਂ 'ਚ ਸਰਕਾਰੀ ਦਖ਼ਲ ਠੀਕ ਨਹੀਂ : ਜਥੇਦਾਰ ਗੜਗੱਜ

ਸ੍ਰੀ ਅਨੰਦਪੁਰ ਸਾਹਿਬ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਰੋਹਾਂ ਨੂੰ ਲੈ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਧਾਰਮਿਕ ਕਾਰਜ ਕਰਨ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਹੈ ਪਰੰਤੂ ਸੂਬਾ ਸਰਕਾਰ ਇਨ੍ਹਾਂ ਕੰਮਾਂ ਵਿਚ ਦਖ਼ਲ ਦੇ ਰਹੀ ਹੈ, ਤੇ ਜਿਹੜੇ ਕੰਮ ਸਰਕਾਰ ਨੂੰ ਕਰਨੇ ਚਾਹੀਦੇ ਸਨ, ਉਸ ਵਿਚ ਸਰਕਾਰ ਫ਼ੇਲ੍ਹ ਹੋਈ ਹੈ। ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਮੁੱਖ ਸਮਾਗਮ ਇਤਿਹਾਸਕ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਜਿੱਥੇ ਸੰਗਤਾਂ ਦਾ ਉਤਸ਼ਾਹ ਕਾਬਲੇ-ਤਾਰੀਫ਼ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ ਅਤੇ ਸੰਗਤਾਂ ਦੇ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਲੱਗ ਪਏ ਹਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਇਹ ਸਪੀਕਰ ਤੁਰੰਤ ਹਟਾਏ ਜਾਣ। ਇਸ ਮੌਕੇ ਕਾਰਜਕਾਰਨੀ ਮੈਂਬਰ ਦਲਜੀਤ ਸਿੰਘ ਭਿੰਡਰ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵੀ ਹਾਜ਼ਰ ਸਨ।




## NAME OF CHANGE

I, Vikas S/o Ramesh Puri, H.No. 262 Mohalla Bagh Wala PO and PS Shahkot, Jalandhar Pin : 144702, Punjab, India, Now R/o 5124, Canada Hills Rd Antioch CA 94531, USA have changed my name of Vikas Puri.

# ਜਸਵੀਰ ਗੜ੍ਹੀ ਵੱਲੋਂ ਰਾਜਪਾਲ ਨਾਲ ਮੁਲਾਕਾਤ

## ਅਨੁਸੂਚਿਤ ਜਾਤੀਆਂ ਨੂੰ ਦਰਪੇਸ਼ ਮੁਸ਼ਕਲਾਂ ਦੱਸੀਆਂ ਤੇ ਭਲਾਈ ਲਈ ਸਹਿਯੋਗ ਮੰਗਿਆ



ਚੰਡੀਗੜ੍ਹ : ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਇੱਥੇ ਰਾਜ ਭਵਨ ਵਿੱਚ ਸੂਬੇ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਇਸ ਮੌਕੇ ਜਸਵੀਰ ਗੜ੍ਹੀ ਨਾਲ ਕਮਿਸ਼ਨ ਦੇ ਮੈਂਬਰ ਰੁਪਿੰਦਰ ਸਿੰਘ ਸ਼ੀਤਲ, ਗੁਲਜ਼ਾਰ ਸਿੰਘ ਬੌਬੀ ਅਤੇ ਗੁਰਪ੍ਰੀਤ ਸਿੰਘ ਇੱਟਾਂਵਾਲੀ ਮੌਜੂਦ ਸਨ। ਚੇਅਰਮੈਨ ਸ੍ਰੀ ਗੜ੍ਹੀ ਨੇ ਰਾਜਪਾਲ ਨਾਲ ਅਨੁਸੂਚਿਤ ਜਾਤੀਆਂ ਦੀ ਭਲਾਈ, ਸ਼ਕਤੀਕਰਨ ਅਤੇ ਸਮਾਜਿਕ-ਆਰਥਿਕ ਵਿਕਾਸ ਨਾਲ ਸਬੰਧਤ ਮਾਮਲਿਆਂ 'ਤੇ ਵਿਸਥਾਰ ਵਿੱਚ ਚਰਚਾ ਕੀਤੀ। ਸ੍ਰੀ ਗੜ੍ਹੀ ਨੇ ਰਾਜਪਾਲ ਨੂੰ ਦੱਸਿਆ ਕਿ 2011 ਦੀ ਜਨਗਣਨਾ ਮੁਤਾਬਕ ਸੂਬੇ ਵਿੱਚ ਅਨੁਸੂਚਿਤ ਜਾਤੀਆਂ ਵਰਗ ਦੀ ਕੁੱਲ ਆਬਾਦੀ 32 ਫ਼ੀਸਦ ਬਣਦੀ ਹੈ। ਸਾਲ 2001 ਤੋਂ 2011 ਦਰਮਿਆਨ ਦੀ 26 ਫ਼ੀਸਦ ਦੀ ਔਸਤਨ ਵਾਧਾ ਦਰ ਦੇ ਹਿਸਾਬ ਨਾਲ ਸਾਲ 2025 ਵਿੱਚ ਅਨੁਸੂਚਿਤ ਵਰਗ ਦੀ ਆਬਾਦੀ ਕਰੀਬ 38 ਫ਼ੀਸਦ ਹੋ ਗਈ ਹੈ।

ਇਸ ਦੇ ਨਾਲ ਹੀ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅਨੁਸੂਚਿਤ ਜਾਤੀਆਂ ਭਾਈਚਾਰੇ ਨੂੰ ਦਰਪੇਸ਼ ਚੁਣੌਤੀਆਂ ਬਾਰੇ ਡੂੰਘਾਈ ਨਾਲ ਚਰਚਾ ਕਰਦਿਆਂ ਐੱਸ ਸੀ ਨੌਜਵਾਨਾਂ ਲਈ ਵੱਖ-ਵੱਖ ਭਲਾਈ ਸਕੀਮਾਂ, ਵਿਦਿਅਕ ਪਹਿਲਕਦਮੀਆਂ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਰਾਜਪਾਲ ਦਫ਼ਤਰ ਵੱਲੋਂ ਹੋਰ ਬਿਹਤਰ ਤਾਲਮੇਲ ਕੀਤੇ ਜਾਣ ਦੀ ਮੰਗ ਕੀਤੀ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਮਿਸ਼ਨ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸਮਾਜਿਕ ਨਿਆਂ ਅਤੇ ਬਰਾਬਰਤਾ ਲਈ ਰਾਜ ਭਵਨ ਅਤੇ ਕਮਿਸ਼ਨ ਦਫ਼ਤਰ ਦੇ ਆਪਸੀ ਤਾਲਮੇਲ ਨੂੰ ਮਜ਼ਬੂਤ ਕਰਨ ਦਾ ਖੁੱਲ੍ਹਦਿਲੀ ਨਾਲ ਸੱਦਾ ਦਿੱਤਾ।

# ਮਹਿਲਾ ਆਤੰਕੀ ਡਾ. ਸ਼ਾਹੀਨ ਦੇ ਸਾਬਕਾ ਪਤੀ ਨੇ ਕੀਤੇ ਹੈਰਾਨਕੁੰਨ ਖੁਲਾਸੇ



ਮਹਿਲਾ ਆਤੰਕੀ ਡਾ. ਸ਼ਾਹੀਨ ਸ਼ਾਹਿਦ ਦੇ ਸਾਬਕਾ ਪਤੀ ਡਾ. ਜ਼ਫਰ ਹਯਾਤ ਨੇ ਸ਼ਾਹੀਨ ਬਾਰੇ ਕਈ ਮਹੱਤਵਪੂਰਨ ਖੁਲਾਸੇ ਕੀਤੇ ਹਨ, ਜਿਸਨੇ ਦੇਸ਼ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਡਾ. ਜ਼ਫਰ ਨੇ ਕਿਹਾ ਕਿ ਉਨ੍ਹਾਂ ਦੇ ਵਿਆਹ ਦੌਰਾਨ, ਡਾ. ਸ਼ਾਹੀਨ ਦਾ ਸੁਪਨਾ ਵਿਦੇਸ਼ ਵਿੱਚ ਸੈਟਲ ਹੋਣਾ ਸੀ। ਉਹ ਅਕਸਰ ਆਸਟ ?ਰੇਲੀਆ ਜਾਂ ਯੂਰਪ ਵਿੱਚ ਸੈਟਲ ਹੋਣ ਦੀ ਗੱਲ ਕਰਦੀ ਸੀ। ਹਾਲਾਂਕਿ, ਹੁਣ ਉਸਦਾ ਨਾਮ ਇੱਕ ਅੱਤਵਾਦੀ ਮਾਡਿਊਲ ਦੇ ਸੰਬੰਧ ਵਿੱਚ ਸਾਹਮਣੇ ਆਉਣ ਨਾਲ ਸਾਰੇ ਹੈਰਾਨ ਹਨ।

ਡਾ. ਜ਼ਫਰ ਹਯਾਤ ਕਾਨਪੁਰ ਦੇ ਬਿਰਹਾਨਾ ਰੋਡ 'ਤੇ ਕੇਪੀਐਮ ਹਸਪਤਾਲ ਵਿੱਚ ਕੰਮ ਕਰਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਅਤੇ ਡਾ. ਸ਼ਾਹੀਨ ਨਾਲ ਅਰੇਂਜ ਮੈਰਿਜ ਹੋਈ ਸੀ। ਡਾਕਟਰ ਹੋਣ ਕਰਕੇ, ਉਹ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ, ਅਤੇ ਸ਼ੁਰੂ ਵਿੱਚ, ਸਭ ਕੁਝ ਆਮ ਸੀ। ਹਾਲਾਂਕਿ, ਸਮੇਂ ਦੇ ਨਾਲ, ਸ਼ਾਹੀਨ ਦੀ ਸੋਚ ਬਦਲ ਗਈ। ਉਹ ਹਮੇਸ਼ਾ ਕਹਿੰਦੀ ਸੀ ਕਿ ਕਾਨਪੁਰ ਵਿੱਚ ਰਹਿ ਕੇ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਅਤੇ ਉਨ੍ਹਾਂ ਨੂੰ ਵਿਦੇਸ਼ ਜਾ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਚਾਹੀਦੀ ਹੈ।

ਡਾ. ਜ਼ਫਰ ਨੇ ਕਿਹਾ ਕਿ ਉਨ੍ਹਾਂ ਦੇ ਦੋ ਬੱਚੇ ਹਨ, ਇੱਕ ਸੱਤ ਸਾਲ ਦਾ ਅਤੇ ਦੂਜਾ ਚਾਰ ਸਾਲ ਦਾ, ਜੋ ਇਸ ਸਮੇਂ ਉਨ੍ਹਾਂ ਨਾਲ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਸ਼ਾਹੀਨ ਅਜਿਹੇ ਵਿਵਾਦ ਜਾਂ ਇੰਨੇ ਗੰਭੀਰ ਮਾਮਲੇ ਵਿੱਚ ਫਸ ਜਾਵੇਗੀ। ਡਾ. ਸ਼ਾਹੀਨ ਸ਼ਾਹਿਦ ਦਾ ਨਾਮ ਹਾਲ ਹੀ ਵਿੱਚ ਇੱਕ ਅੱਤਵਾਦੀ ਮਾਡਿਊਲ ਨਾਲ ਜੁੜੇ ਹੋਣ ਦੇ ਦੋਸ਼ਾਂ ਵਿੱਚ ਸਾਹਮਣੇ ਆਇਆ ਸੀ। ਉਸਨੂੰ ਫਰੀਦਾਬਾਦ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿੱਥੋਂ ਵੱਡੀ ਮਾਤਰਾ ਵਿੱਚ ਵਿਸਫੋਟਕ ਵੀ ਬਰਾਮਦ ਕੀਤਾ ਗਿਆ ਸੀ। ਜਾਂਚ ਏਜੰਸੀਆਂ ਦੇ ਅਨੁਸਾਰ, ਸ਼ਾਹੀਨ "ਜਮਾਤ-ਉਲ-ਮੋਮਿਨਤ"ਨਾਲ ਜੁੜੀ ਹੋਈ ਸੀ, ਜੋ ਕਿ ਜੈਸ਼-ਏ-ਮੁਹੰਮਦ (ਜੇਈਐਮ) ਦੀ ਮਹਿਲਾ ਵਿੰਗ ਹੈ। ਰਿਪੋਰਟਾਂ ਦੇ ਅਨੁਸਾਰ, ਉਸਨੂੰ ਇਸ ਵਿੰਗ ਨੂੰ ਸੰਗਠਿਤ ਕਰਨ ਅਤੇ ਨਵੇਂ ਮੈਂਬਰਾਂ ਦੀ ਭਰਤੀ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਡਾ. ਜ਼ਫਰ ਨੇ ਕਿਹਾ ਕਿ ਜਦੋਂ ਉਹ ਸ਼ਾਹੀਨ ਨਾਲ ਰਹਿੰਦਾ ਸੀ, ਤਾਂ ਉਸਨੇ ਕਦੇ ਵੀ ਕਿਸੇ ਗਲਤ ਕੰਮ ਦੇ ਕੋਈ ਸੰਕੇਤ ਨਹੀਂ ਦੇਖੇ। ਉਸਨੇ ਦੱਸਿਆ ਕਿ ਸ਼ਾਹੀਨ ਦਾ ਭਰਾ ਉਸ ਸਮੇਂ ਆਗਰਾ ਵਿੱਚ ਐਮਡੀ ਦੀ ਡਿਗਰੀ ਕਰ ਰਿਹਾ ਸੀ। ਡਾ. ਜ਼ਫਰ ਨੇ ਕਿਹਾ ਕਿ ਉਹ ਮੌਜੂਦਾ ਸਥਿਤੀ 'ਤੇ ਟਿੱਪਣੀ ਨਹੀਂ ਕਰਨਾ ਚਾਹੁੰਦਾ, ਪਰ ਇੱਕ ਪਿਤਾ ਅਤੇ ਡਾਕਟਰ ਹੋਣ ਦੇ ਨਾਤੇ, ਉਸਦਾ ਧਿਆਨ ਇਸ ਸਮੇਂ ਆਪਣੇ ਬੱਚਿਆਂ ਅਤੇ ਆਪਣੇ ਪੇਸ਼ੇ ਦੀ ਦੇਖਭਾਲ 'ਤੇ ਸੀ।

ਇਸ ਦੌਰਾਨ, ਸੁਰੱਖਿਆ ਏਜੰਸੀਆਂ ਹੁਣ ਸ਼ਾਹੀਨ ਨਾਲ ਜੁੜੇ ਨੈੱਟਵਰਕ ਦੀ ਡੂੰਘਾਈ ਨਾਲ ਜਾਂਚ ਕਰ ਰਹੀਆਂ ਹਨ। ਲਖਨਊ ਅਤੇ ਕਾਨਪੁਰ ਵਿੱਚ ਵੀ ਛਾਪੇਮਾਰੀ ਕੀਤੀ ਗਈ ਹੈ। ਸ਼ਾਹੀਨ ਦੇ ਪਰਿਵਾਰਕ ਮੈਂਬਰਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਡਾ. ਸ਼ਾਹੀਨ, ਜੋ ਕਦੇ ਵਿਦੇਸ਼ ਵਿੱਚ ਨਵੀਂ ਜ਼ਿੰਦਗੀ ਦੀ ਭਾਲ ਕਰਨਾ ਚਾਹੁੰਦੀ ਸੀ, ਹੁਣ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਦੀ ਨਿਗਰਾਨੀ ਹੇਠ ਹੈ। ਉਸਦੇ ਸਾਬਕਾ ਪਤੀ ਦੇ ਖੁਲਾਸਿਆਂ ਨੇ ਵਿਵਾਦ ਨੂੰ ਹੋਰ ਤੇਜ਼ ਕਰ ਦਿੱਤਾ ਹੈ, ਜਿਸ ਨਾਲ ਸੂਬੇ ਭਰ ਵਿੱਚ ਹਲਚਲ ਮਚ ਗਈ ਹੈ।

# 37 ਲੱਖ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦਾ ਵਿਧਾਇਕ ਰਾਜਾ ਗਿੱਲ ਵਲੋਂ ਕੀਤਾ ਉਦਘਾਟਨ



ਖੇਡ ਸਟੇਡੀਅਮ ਦਾ ਉਦਘਾਟਨ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਜਸਵੰਤ ਸਿੰਘ ਬਿੱਟੂ ਅਤੇ ਹੋਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਬਣੀ ਹੈ, ਉਦੋਂ ਤੋਂ ਹੀ ਪੰਜਾਬ ਵਿੱਚ ਲੋਕਾਂ ਨੂੰ ਬਹੁਤ ਸਾਰੀਆਂ ਸਹੂਲਤਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ ਤੇ ਕਦਮ ਚੁੱਕੇ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਅੱਜ ਟਾਂਡਾ ਦੇ ਪਿੰਡ ਜਲਾਲਪੁਰ ਵਿਖੇ 37 ਲੱਖ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦੇ ਉਦਘਾਟਨ ਮੌਕੇ ਕਰਦਿਆਂ ਕੀਤਾ ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੰਜਾਬ ਸਰਕਾਰ ਪੰਜਾਬ ਦੀ ਜਵਾਨੀ ਨੂੰ ਖੇਡਾਂ ਦਾ ਉਹ ਸਾਰਾ ਸਮਾਨ ਉਪਲੱਬਧ ਕਰਵਾ ਰਹੀ ਹੈ ਜਿਨ੍ਹਾਂ ਨਾਲ ਅੰਤਰਰਾਸ਼ਟਰੀ ਪੱਧਰ ਤੇ ਖੇਡਾਂ ਚ ਆਪਣਾ ਨਾ ਰੋਸ਼ਨ ਕਰ ਸਕਣ ਇਸ ਮੌਕੇ ਉਹਨਾਂ ਨੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਹੈਲਥ ਸਬੰਧੀ ਸਕੀਮਾਂ ਦੀ ਜਾਣਕਾਰੀ ਦਿੱਤੀ ਅਤੇ ਉਹਨਾਂ ਕਿਹਾ ਕਿ ਪੰਜਾਬ ਦੇ ਵਿੱਚ ਜੋ ਲੋਕ ਮਹਿੰਗੇ ਇਲਾਜ ਨਹੀਂ ਕਰਵਾ ਸਕਦੇ ਉਹਨਾਂ ਦੇ ਲਈ ਸਰਕਾਰ ਵੱਲੋਂ ਸਿਹਤ ਬੀਮਾ ਯੋਜਨਾ ਤਹਿਤ ਕਾਰਡ ਬਣਾਏ ਜਾ ਰਹੇ ਹਨ ਅਤੇ ਇਹਨਾਂ ਕਾਰਡਾਂ ਦਾ ਪੰਜਾਬ ਦੇ ਲੋਕਾਂ ਨੂੰ ਕਾਫੀ ਲਾਭ ਮਿਲੇਗਾ। ਇਸ ਮੌਕੇ ਉਹਨਾਂ ਨਾਲ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਸਰਪੰਚ ਜਸਵੰਤ ਸਿੰਘ ਬਿੱਟੂ ਜਲਾਲਪੁਰ, ਰਵਿੰਦਰ ਸਿੰਘ ਜੇ.ਈ. ਬਲਾਕ ਟਾਂਡਾ, ਲਖਵਿੰਦਰ ਸਿੰਘ ਸੇਠੀ ਆਦਿ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰੀ ਹਾਈ ਸਕੂਲ ਮਸੀਤਪਲ ਕੋਟ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਾਈ ਗਈ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਬਲਾਕ ਟਾਂਡਾ ਅਧੀਨ ਆਉਂਦੇ ਪਿੰਡ ਮਸੀਤਪਲ ਕੋਟ ਦੇ ਸਰਕਾਰੀ ਹਾਈ ਸਕੂਲ ਵਿਖੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਅੱਜ ਦੇ ਸੈਮੀਨਾਰ ਦੀ ਅਗਵਾਈ ਕਰਦਿਆ ਆਈ ਡੋਨਰ ਇੰਚਾਰਜ ਟਾਂਡਾ ਸਟੇਟ ਅਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ੍ਹ ਹੈਡਮਾਸਟਰ ਸੰਦੀਪ ਸਿੰਘ ਤੁੱਲੀ,ਸਟਾਫ ਤੇ ਵਿਦਿਆਰਥੀਆਂ ਵੱਲੋਂ ਉਹਨਾਂ ਦਾ ਸਕੂਲ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ9 ਇਸ ਦੌਰਾਨ ਹੈਡ ਮਾਸਟਰ ਸੰਦੀਪ ਸਿੰਘ ਤੁੱਲੀ ਅਤੇ ਭਾਈ ਬਰਿੰਦਰ ਸਿੰਘ ਮਸੀਤੀ ਨੇ ਵਿਦਿਆਰਥੀਆਂ ਨੂੰ ਇਨਸਾਨੀ ਸਰੀਰ ਤੇ ਪੈਣ ਵਾਲੇ ਨਸ਼ਿਆਂ ਦੇ ਮਾੜੇ ਪ੍ਰਭਾਵ ਦੀ ਜਾਣਕਾਰੀ ਦਿੱਤੀ, ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਇਨਸਾਨ ਹੌਲੀ ਹੌਲੀ ਨਸ਼ਿਆਂ ਦੀ ਦਲ ਦਲ ਵਿੱਚ ਫਸ ਕੇ ਆਪਣਾ ਤੇ ਆਪਣੇ ਪੂਰੇ ਪਰਿਵਾਰ ਦਾ ਨੁਕਸਾਨ ਕਰ ਲੈਂਦਾ ਹੈ। ਉਹਨਾਂ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਏ ਗਏ ਅਭਿਆਨ ਦੀ ਜੰਮ ਕੇ ਤਾਰੀਫ ਕੀਤੀ, ਤੇ ਵਿਦਿਆਰਥੀਆਂ ਨੂੰ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ। ਇਸ ਮੌਕੇ ਭਾਈ ਮਸੀਤੀ ਨੇ ਵਿਦਿਆਰਥੀਆਂ ਨੂੰ ਅੱਖਾਂ ਦਾਨ, ਖ਼ੂਨ ਦਾਨ, ਅਤੇ ਅੰਗ ਦਾਨ ਕਰਨ ਦੀ ਜਾਣਕਾਰੀ ਵੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈਡਮਾਸਟਰ ਸੰਦੀਪ ਸਿੰਘ ਤੁੱਲੀ, ਹਰਪ੍ਰੀਤ ਸਿੰਘ, ਗੁਰਚਰਨ ਸਿੰਘ, ਰਾਮ ਕਿਸ਼ਨ ਸਿੰਘ, ਸੰਦੀਪ ਕੁਮਾਰ, ਦਲਜੀਤ ਸਿੰਘ, ਸੰਦੀਪ ਸਿੰਘ, ਗੁਰਜਿੰਦਰ ਕੌਰ, ਅਮਨਦੀਪ ਕੌਰ, ਪੂਜਾ ਸ਼ਰਮਾ, ਮਨਜੀਤ ਕੌਰ ਆਦਿ ਹਾਜ਼ਰ ਸਨ।

# ਹਲਕਾ ਟਾਂਡਾ ਦੇ ਵੱਖ ਵੱਖ ਇਲਾਕਿਆਂ 'ਚ ਲਗਭਗ 74 ਲੱਖ ਦੀ ਲਾਗਤ ਨਾਲ ਹੋਣ ਵਾਲੇ ਦਾ ਵਿਕਾਸ ਕਾਰਜਾਂ ਦਾ ਵਿਧਾਇਕ ਰਾਜਾ ਗਿੱਲ ਵਲੋਂ ਕੀਤਾ ਉਦਘਾਟਨ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਬਣੀ ਹੈ,ਉਦੋਂ ਤੋਂ ਹੀ ਪੰਜਾਬ ਵਿੱਚ ਲੋਕਾਂ ਨੂੰ ਬਹੁਤ ਸਾਰੀਆਂ ਸਹੂਲਤਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ ਤੇ ਕਦਮ ਚੁੱਕੇ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਵੱਖ ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕਰਦਿਆਂ ਕੀਤਾ।

ਜਿਸ ਵਿੱਚ ਨਾਨਕਸਰ ਧਰਮਸ਼ਾਲਾ ਨੇੜੇ ਸ਼ਿਮਲਾ ਪਹਾੜੀ ਨੂੰ ਦਿੱਤੇ ਗਏ 5 ਲੱਖ ਰੁਪਏ, ਮੁਹੱਲਾ ਖੜਕਾ ਵਿੱਚ 3 ਗਲੀਆਂ ਦਾ ਕੰਮ ਸ਼ੁਰੂ ਕਰਵਾਇਆ ਗਿਆ। ਜਿਸਦੀ ਲਾਗਤ 5.77 ਲੱਖ ਰੁਪਏ ਹੋਵੇਗੀ। ਟਾਂਡਾ ਵਾਰਡ ਨੰ 6, ਸਿੰਧ ਬੈਂਕ ਵਾਲੀ ਮਾਰਕਿਟ ਵਿੱਚ ਸੀਵਰੇਜ , ਵਾਟਰ ਸਪਲਾਈ ਅਤੇ ਗਲੀਆਂ ਦਾ ਕੰਮ ਸ਼ੁਰੂ ਕਰਵਾਇਆ ਗਿਆ। ਜਿਸਦੀ ਲਾਗਤ 25 ਲੱਖ ਤੋਂ ਜ਼ਿਆਦਾ ਆਵੇਗੀ।

ਪਿੰਡ ਬੱਸੀ ਜਲਾਲ ਵਿੱਚ ਨਵੀਂ ਬਣਨ ਜਾ ਰਹੀ ਗ੍ਰਾਉਂਡ ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਗ੍ਰਾਉਂਡ 38 ਲੱਖ ਦੀ ਲਾਗਤ ਨਾਲ ਬਣਾਈ ਜਾਵੇਗੀ। ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੰਜਾਬ ਸਰਕਾਰ ਪੰਜਾਬ ਦੀ ਜਵਾਨੀ ਨੂੰ ਖੇਡਾਂ ਦਾ ਉਹ ਸਾਰਾ ਸਮਾਨ ਉਪਲੱਬਧ ਕਰਵਾ ਰਹੀ ਹੈ ਜਿਨ੍ਹਾਂ ਨਾਲ ਅੰਤਰਰਾਸ਼ਟਰੀ ਪੱਧਰ ਤੇ ਖੇਡਾਂ ਚ ਆਪਣਾ ਨਾ ਰੋਸ਼ਨ ਕਰ ਸਕਣ ਇਸ ਮੌਕੇ ਉਹਨਾਂ ਨੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਹੈਲਥ ਸਬੰਧੀ ਸਕੀਮਾਂ ਦੀ ਜਾਣਕਾਰੀ ਦਿੱਤੀ ਅਤੇ ਉਹਨਾਂ ਕਿਹਾ ਕਿ ਪੰਜਾਬ ਦੇ ਵਿੱਚ ਜੋ ਲੋਕ ਮਹਿੰਗੇ ਇਲਾਜ ਨਹੀਂ ਕਰਵਾ ਸਕਦੇ ਉਹਨਾਂ ਦੇ ਲਈ ਸਰਕਾਰ ਵੱਲੋਂ ਸਿਹਤ ਬੀਮਾ ਯੋਜਨਾ ਤਹਿਤ ਕਾਰਡ ਬਣਾਏ ਜਾ ਰਹੇ ਹਨ ਅਤੇ ਇਹਨਾਂ ਕਾਰਡਾਂ ਦਾ ਪੰਜਾਬ ਦੇ ਲੋਕਾਂ ਨੂੰ ਕਾਫੀ ਲਾਭ ਮਿਲੇਗਾ।

## 15 ਨਵੰਬਰ ਨੂੰ ਸ਼ਹੀਦੀ ਦਿਹਾੜਾ 'ਤੇ ਵਿਸ਼ੇਸ਼

# ਲਾਸਾਨੀ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦ



ਧਰਮਾਂ ਦੇ ਇਤਿਹਾਸ ਅਤੇ ਸ਼ਹੀਦੀ ਪਰੰਪਰਾ ਵਿਚ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਵਿਲੱਖਣ ਸਥਾਨ ਹੈ। ਯੁੱਧ ਦੇ ਮੈਦਾਨ 'ਚ ਸੀਸ ਨੂੰ ਤਲੀ 'ਤੇ ਰੱਖ ਕੇ ਦੁਸ਼ਮਣ ਦੇ ਆਹੂ ਲਾਹ ਸੁੱਟਣ ਵਾਲੇ ਇਸ ਮਹਾਂਬਲੀ ਯੋਧੇ ਦਾ ਜਨਮ 26 ਜਨਵਰੀ, 1682 ਈ: (14 ਮਾਘ) ਨੂੰ ਪਿੰਡ ਪਹੁਵਿੰਡ, ਜ਼ਿਲ੍ਹਾ ਤਰਨ ਤਾਰਨ ਵਿਖੇ ਪਿਤਾ ਬਾਬਾ ਭਗਤਾ ਜੀ ਦੇ ਗ੍ਰਹਿ ਵਿਖੇ ਮਾਤਾ ਜਿਉਣੀ ਜੀ ਦੀ ਕੁੱਖੋਂ ਹੋਇਆ। ਬਚਪਨ 'ਚ ਹੀ ਆਪ ਜੀ ਮਾਤਾ ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਚਲੇ ਗਏ। ਜਿੱਥੇ ਉਨ੍ਹਾਂ ਧੰਨ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤਪਾਨ ਕੀਤਾ। ਭਜਨ ਬੰਦਗੀ ਵਿਚ ਲੀਨ ਰਹਿਣ ਤੋਂ ਇਲਾਵਾ ਜੰਗ, ਯੁੱਧ ਅਤੇ ਹਥਿਆਰ ਚਲਾਉਣ ਦੀ ਮੁਹਾਰਤ ਹਾਸਲ ਕਰਦਿਆਂ, ਇੱਥੇ ਹੀ ਭਾਈ ਮਨੀ ਸਿੰਘ ਜੀ ਤੋਂ ਗੁਰਮੁਖੀ ਲਿਖਣ ਤੇ ਪੜ੍ਹਨ ਦੀ ਸਿੱਖਿਆ ਪ੍ਰਾਪਤ ਕੀਤੀ।

1703 ਵਿਚ ਆਪ ਜੀ ਦੇ ਮਾਤਾ ਪਿਤਾ ਜੀ ਵੱਲੋਂ ਆਪ ਜੀ ਨੂੰ ਪਿੰਡ ਲਿਜਾਣ ਦੀ ਗੁਰੂ ਸਾਹਿਬ ਤੋਂ ਆਗਿਆ ਲਈ। ਇਸੇ ਸਮੇਂ ਦੌਰਾਨ ਹੀ ਸ੍ਰੀ ਅਨੰਦਪੁਰ ਸਾਹਿਬ 'ਤੇ ਪਹਾੜੀ ਰਾਜਿਆਂ ਅਤੇ ਮੁਗ਼ਲ ਹਕੂਮਤ ਵੱਲੋਂ ਹਮਲਾ ਕਰ ਦਿੱਤਾ ਗਿਆ ਤੇ ਗੁਰੂ ਸਾਹਿਬ ਦਾ ਪਰਿਵਾਰ ਅਤੇ ਗੁਰਸਿੱਖਾਂ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ।

1704 ਈ: 'ਚ ਮੁਕਤਸਰ ਦੀ ਜੰਗ ਅਤੇ ਭਾਈ ਮਹਾਂ ਸਿੰਘ ਦੀ ਬੇਨਤੀ 'ਤੇ 40 ਸਿੰਘਾਂ ਦੀ ਟੁੱਟੀ ਗੰਢਣ ਤੋਂ ਉਪਰੰਤ ਸ੍ਰੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ। ਗੁਰੂ ਸਾਹਿਬ ਦੇ ਬੁਲਾਵੇ 'ਤੇ ਬਾਬਾ ਦੀਪ ਸਿੰਘ ਜੀ ਹਾਜ਼ਰ ਹੋਏ।

ਦਮਦਮਾ ਸਾਹਿਬ ਵਿਖੇ ਮਹਾਰਾਜ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੰਘਾਂ ਨਾਲ ਕੀਤੇ ਵਾਅਦੇ ਮੁਤਾਬਿਕ ਗੁਰਬਾਣੀ ਦੇ ਅਰਥ ਪੜ੍ਹਾਉਣ ਅਤੇ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਤੋਂ ਅੰਮ੍ਰਿਤਸਰ ਸਾਹਿਬ ਵਿਖੇ ਲਿਖਵਾਏ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹੀ ਸਰੂਪ ਧੀਰ ਮੱਲ ਤੋਂ ਲਿਆਉਣ ਲਈ ਸਿੰਘਾਂ ਨੂੰ ਕਰਤਾਰਪੁਰ ਭੇਜਿਆ। ਧੀਰ ਮਲੀਆਂ ਨੇ ਅੱਗੋਂ ਤਰਕ ਪੈਦਾ ਕਰ ਦਿੱਤੀ, ਕਹਿਣ ਲੱਗੇ ਕਿ ਜੇ ਤੁਸੀਂ ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਗੁਰੂ ਅਰਜਨ ਦੇਵ ਜੀ ਦੀ ਜੋਤ ਸਮਝਦੇ ਹੋ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪ ਗੁਰੂ ਅਰਜਨ ਦੇਵ ਜੀ ਵਾਂਗ ਕਿਉਂ ਨਹੀਂ ਸਾਰੀ ਬਾਣੀ ਆਪਣੇ ਕੰਠ 'ਚੋਂ ਉਚਾਰਨ ਕਰ ਲੈਂਦੇ। ਧੀਰ ਮਲੀਆਂ ਵੱਲੋਂ ਸਰੂਪ ਦੇਣ ਤੋਂ ਨਾਂਹ ਹੋਣ 'ਤੇ ਸਤਿਗੁਰੂ ਜੀ ਨੇ ਕਿਹਾ ਕਿ ਸਾਨੂੰ ਪਤਾ ਸੀ ਉਨ੍ਹਾਂ ਆਦਿ ਬੀੜ ਨਹੀਂ ਦੇਣੀ , ਪਰ ਆਪ ਸਭ ਦੀ ਸ਼ੰਕਾ ਦੂਰ ਕਰਨੀ ਵੀ ਜ਼ਰੂਰੀ ਸੀ। ਕਿ ਸ਼ਾਇਦ ਗੁਰੂ ਜੋਤੀ ਵਿਚ ਫ਼ਰਕ ਹੈ।

ਗੁਰੂ ਸਾਹਿਬ ਜੀ ਨੇ ਆਪ ਗੁਰਬਾਣੀ ਉਚਾਰਨ ਕਰਦਿਆਂ ਭਾਈ ਮਨੀ ਸਿੰਘ ਜੀ ਨੂੰ ਲਿਖਣ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਸੇਵਾ ਲਿਖਣ ਦਾ ਸਾਮਾਨ ਕਲਮਾਂ, ਸਿਆਹੀ ਅਤੇ ਕਾਗ਼ਜ਼ ਦਾ ਪ੍ਰਬੰਧ ਕਰਨ ਦੀ ਲਾਈ ਗਈ। ਗੁਰੂ ਸਾਹਿਬ ਜਦ ਬਾਣੀ ਲਿਖਵਾਉਣੀ ਆਰੰਭ ਕੀਤੀ। ਤਦ ਭਾਈ ਮਨੀ ਸਿੰਘ ਜੀ ਨੇ ਬਾਣੀ ਲਿਖਣ ਪ੍ਰਤੀ ਅਸਮਰਥਾ ਜਤਾਈ ਤਾਂ ਗੁਰੂ ਸਾਹਿਬ ਨੇ ਕਿਹਾ ਭਾਈ ਮਨੀ ਸਿੰਘਾਂ ਤੂ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਅੰਗਾਂ 'ਤੇ ਕਲਮ ਰੱਖ ਤੇਰੀ ਕਮਲ ਅਗਾਮੀ ਚੱਲੇਗੀ। ਇੰਝ ਹੀ ਹੋਇਆ। ਸੋ ਗੁਰੂ ਸਾਹਿਬ ਜੀ ਨਿਤਾ ਪ੍ਰਤੀ ਤੰਬੂ ਵਿਚ ਬੈਠ ਕੇ ਗੁਰਬਾਣੀ ਉਚਾਰਦੇ, ਭਾਈ ਮਨੀ ਸਿੰਘ ਜੀ ਗੁਰਬਾਣੀ ਲਿਖਣ ਦੀ ਸੇਵੀ ਨਿਭਾਉਂਦੇ , ਤੇ ਸ਼ਾਮ ਨੂੰ ਗੁਰੂ ਸਾਹਿਬ ਉਚਾਰੀ ਹੋਈ ਬਾਣੀ ਦੇ ਅਰਥ ਸਾਰੇ ਸਿੰਘਾਂ ਨੂੰ ਸੁਣਾਉਂਦੇ। ਇਸ ਪ੍ਰਕਾਰ 9 ਮਹੀਨੇ 9 ਦਿਨ 9 ਘੜੀਆਂ 9 ਪਲਾਂ ਵਿਚ ਸੰਨ 1706ਈ. 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਰੂਪ ਸੰਪੂਰਨ ਹੋਇਆ। ਇਸੇ ਵਕਤ ਹੀ ਅਰਥਾਂ ਦੀ ਟਕਸਾਲ ਆਰੰਭ ਹੋਈ। ਇੱਥੇ ਹੀ ਸਤਿਗੁਰਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਟਕਸਾਲ ਦਾ ਮੁਖੀ ਥਾਪਦਿਆਂ ਸੰਗਤ ਨੂੰ ਗੁਰਬਾਣੀ ਦਾ ਸ਼ੁੱਧ ਉਚਾਰਨ ਸਰਵਣ ਕਰਾਉਣ ਅਤੇ ਅਰਥ ਪੜ੍ਹਾਉਣ ਦੀ ਸੇਵਾ ਸੌਂਪੀ। ਗੁਰੂ ਸਾਹਿਬ ਨੇ ਫ਼ਰਮਾਇਆ ਕਿ ਭਾਈ ਦੀਪ ਸਿੰਘ ਜੀ ਜੇ ਧਰਮ ਦੀ ਰੱਖਿਆ ਕਰਦਿਆਂ ਤੁਹਾਡਾ ਸੀਸ ਧਰ ਨਾਲੋਂ ਅਲਹਿਦਾ ਵੀ ਹੋ ਗਿਆ, ਤੁਹਾਡੇ ਅਨੰਦ 'ਚ ਫ਼ਰਕ ਨਹੀਂ ਪਵੇਗਾ। ਜੋ ਅੱਗੇ ਚੱਲ ਕੇ ਸੱਚ ਸਾਬਤ ਹੋਇਆ। ਇੰਝ ਹੀ ਸਤਿਗੁਰੂ ਨੇ ਭਾਈ ਮਨੀ ਸਿੰਘ ਜੀ ਨੂੰ ਵੀ ਰਹਿਮਤਾਂ ਨਾਲ ਨਿਵਾਜਿਆ।

ਇਹ ਪਾਵਨ ਬੀੜ ਦਮਦਮਾ ਸਾਹਿਬ ਤਿਆਰ ਹੋਣ ਕਰਕੇ 'ਦਮਦਮੀ ਬੀੜ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹ ਕੇ ਦਸਮੇਸ਼ ਪਿਤਾ ਜੀ ਜਦੋਂ ਦੱਖਣ 'ਚ ਸ੍ਰੀ ਹਜ਼ੂਰ ਸਾਹਿਬ ਗਏ ਤਾਂ ਬਾਬਾ ਦੀਪ ਸਿੰਘ ਜੀ ਸ਼ਹੀਦ ਉਸ ਸਮੇਂ ਗੁਰੂ ਸਾਹਿਬ ਜੀ ਦੇ ਨਾਲ ਹੀ ਗਏ। ਜਿਸ ਸਮੇਂ ਗੁਰੂ ਸਾਹਿਬ ਜੀ ਨੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ 'ਤੇ ਸੁਸ਼ੋਭਿਤ ਕੀਤਾ, ਉਸ ਸਮੇਂ ਭਾਈ ਮਨੀ ਸਿੰਘ ਜੀ ਨੇ ਤਾਬਿਆ ਚੌਰ ਸਾਹਿਬ ਜੀ ਦੀ ਸੇਵਾ ਕੀਤੀ ਅਤੇ ਬਾਬਾ ਦੀਪ ਸਿੰਘ ਜੀ, ਪਿਆਰੇ ਧਰਮ ਸਿੰਘ ਜੀ, ਭਾਈ ਹਰਿ ਸਿੰਘ ਜੀ, ਭਾਈ ਸੰਤੋਖ ਸਿੰਘ ਜੀ, ਭਾਈ ਗੁਰਬਖ਼ਸ਼ ਸਿੰਘ ਸ਼ਹੀਦ ਜੀ ਨੂੰ ਦਸਮੇਸ਼ ਪਿਤਾ ਜੀ ਨੇ ਪੰਜਾਂ ਪਿਆਰਿਆਂ ਦੇ ਰੂਪ ਵਿਚ ਆਪਣੇ ਪਾਸ ਖੜ੍ਹੇ ਕਰਕੇ ਗੁਰਤਾ ਗੱਦੀ ਦਾ ਅਰਦਾਸਾ ਸੋਧਿਆ। ਬਾਬਾ ਜੀ ਉਸ ਵੇਲੇ ਪੰਜਾਂ ਪਿਆਰਿਆਂ ਵਿਚ ਵੀ ਸ਼ਾਮਿਲ ਸਨ। ਬਾਅਦ ਵਿਚ ਬਾਬਾ ਦੀਪ ਸਿੰਘ ਜੀ ਨੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਆਗਿਆ ਪਾ ਕੇ ਦਮਦਮਾ ਸਾਹਿਬ ਵਿਖੇ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਦੀ ਵਿਆਖਿਆ, ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਆਰੰਭ ਕਰ ਦਿੱਤਾ। ਸਵੇਰੇ ਸ਼ਾਮ ਗੁਰੂ ਕਾ ਲੰਗਰ ਅਤੁੱਟ ਵਰਤਦਾ, ਰਾਤ ਨੂੰ ਢਾਡੀ ਵਾਰਾਂ ਗਾਉਂਦੇ, ਸੰਗਤਾਂ ਵਿਚ ਬੀਰ ਰਸ ਦਾ ਉਤਸ਼ਾਹ ਭਰਿਆ ਜਾਂਦਾ। ਜਦੋਂ ਵੀ ਸਮਾਂ ਮਿਲਦਾ ਬਾਬਾ ਜੀ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਵੱਖ-ਵੱਖ ਸਥਾਨਾਂ ਤੇ ਭੇਜਦੇ। ਬਾਬਾ ਜੀ ਨੇ ਥੋੜ੍ਹੇ ਜਿਹੇ ਹੀ ਸਮੇਂ ਵਿਚ ਗੁਰਮਤਿ ਦਾ ਬੜਾ ਭਾਰੀ ਪ੍ਰਚਾਰ ਕੀਤਾ। ਗੁਰਦੁਆਰਾ ਸਾਹਿਬ ਵਿਖੇ ਇਕ ਖੂਹ ਲਗਵਾਇਆ, ਗੁਰਦੁਆਰਾ ਸਾਹਿਬ ਨੂੰ ਵੱਡਾ ਅਤੇ ਪੱਕਾ ਕਰਵਾ ਭਾਰੀ ਸੇਵਾ ਕੀਤੀ।

ਪ੍ਰੋ. ਸਰਚਾਂਦ ਸਿੰਘ ਖਿਆਲਾ
9781355522



ਬਾਬਾ ਜੀ ਨੇ ਸੰਨ 1708 ਤੋਂ 1715 ਤਕ ਭਾਈ ਗੁਰਬਖ਼ਸ਼ ਸਿੰਘ ਜਿਸ ਨੂੰ ਅਸੀਂ ਸਾਰੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ ਨਾਲ ਜਾਣਦੇ ਹਾਂ ਦੀ ਹਰ ਯੁੱਧ ਅਤੇ ਹਰ ਮੁਹਿੰਮ ਵਿਚ ਸਹਾਇਤਾ ਕੀਤੀ। ਸਰਹੰਦ ਨੂੰ ਫ਼ਤਿਹ ਕਰਨ ਸਮੇਂ ਦਿਖਾਏ ਜੌਹਰ ਕਾਰਨ ਬਾਬਾ ਦੀਪ ਸਿੰਘ ਜੀ ਨੂੰ ਸ਼ਹੀਦ ਦਾ ਖ਼ ?ਤਾਬ ਮਿਲਿਆ। ਜਦ ਬੰਦਾ ਸਿੰਘ ਬਹਾਦਰ ਅਨੰਦਪੁਰ ਸਾਹਿਬ ਆਏ ਤਾਂ ਬਾਬਾ ਜੀ ਵੀ ਉਨ੍ਹਾਂ ਨਾਲ ਤਿੰਨ ਮਹੀਨੇ ਰਹੇ। ਦੋਨੋਂ ਵਕਤ ਦੀਵਾਨ ਸਜਾਉਂਦੇ ਰਹੇ। ਬਾਬਾ ਬੰਦਾ ਸਿੰਘ ਬਹਾਦਰ ਬਾਬਾ ਜੀ ਦਾ ਬਹੁਤ ਸਤਿਕਾਰ ਕਰਿਆ ਕਰਦੇ ਸਨ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ 1716 ਈ: ਤੋਂ ਬਾਅਦ ਜਦ ਬੰਦਈ ਖ਼ਾਲਸਾ ਅਤੇ ਤੱਤ ਖ਼ਾਲਸੇ ਦਾ ਝਗੜਾ ਬਹੁਤ ਵਧ ਗਿਆ ਤਾਂ ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਨੇ ਕਿਹਾ ਫ਼ੈਸਲਾ ਗੁਰੂ 'ਤੇ ਛੱਡ ਦਿਓ। ਦੋਹਾਂ ਧਿਰਾਂ ਨੇ ਤਜਵੀਜ਼ ਮੰਨ ਲਈ ਤੇ ਇਕ ਪਰਚੀ 'ਤੇ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਅਤੇ ਦੂਜੀ 'ਤੇ ਫ਼ਤਿਹ ਦਰਸ਼ਨ ਲਿਖ ਗੁਰੂ ਅੱਗੇ ਅਰਦਾਸ ਕਰਦਿਆਂ ਅੰਮ੍ਰਿਤ ਸਰੋਵਰ 'ਚ ਪਰਚੀਆਂ ਪਾ ਕੇ ਝਗੜਾ ਨਿਬੇੜਿਆ। ਇਸ ਸਮੇਂ ਦੇ 11 ਸਾਲਾਂ ਦੌਰਾਨ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਦਾ ਆਪਣੇ ਹੱਥੀਂ ਉਤਾਰਾ ਕੀਤਾ ਅਤੇ ਤਖ਼ਤ ਸਾਹਿਬਾਨਾਂ 'ਤੇ ਸੁਸ਼ੋਭਿਤ ਕਰਾਏ। ਆਪ ਜੀ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ ਸੋ ਆਪ ਜੀ ਨੇ ਅਰਬੀ ਭਾਸ਼ਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉਤਾਰਾ ਕਰ ਕੇ ਅਰਬ ਦੇਸ਼ 'ਚ ਭਿਜਵਾਇਆ। ਅਰਬ ਦੇਸ਼ ਦੇ ਲੋਕ ਉਸ ਬੀੜ ਦਾ ਬਹੁਤ ਸਤਿਕਾਰ ਕਰਿਆ ਕਰਦੇ ਹਨ।

ਜਦ 1733 'ਚ ਜ਼ਕਰੀਆ ਖ਼ਾਨ ਵੱਲੋਂ ਦਿਲੀ ਦੇ ਬਾਦਸ਼ਾਹ ਦੀ ਮਨਜ਼ੂਰੀ ਨਾਲ ਸਿੰਘਾਂ ਨਾਲ ਸੁਲਾਹ ਕਰਨ ਲਈ ਭਾਈ ਸੁਬੇਗ ਸਿੰਘ ਰਾਹੀਂ ਨਵਾਬੀ ਦੀ ਖਿੱਲਤ (ਪੁਸ਼ਾਕ) ਅੰਮ੍ਰਿਤਸਰ ਭੇਜਿਆ ਗਿਆ, ਤਾਂ ਪੰਥ ਨੇ ਫ਼ੈਸਲਾ ਲੈ ਕੇ ਉਸ ਵਕਤ ਸੰਗਤਾਂ ਨੂੰ ਪੱਖਾ ਝੱਲ ਰਹੇ ਪੰਥ ਦੇ ਮਹਾਨ ਸੇਵਾਦਾਰ ਨਵਾਬ ਕਪੂਰ ਸਿੰਘ ਫੈਜਲਪੁਰੀਆ ਜੋ ਖ਼ਾਲਸੇ ਦੇ ਘੋੜਿਆਂ ਸੇਵਾ ਕਰਿਆ ਕਰਦੇ ਸਨ, ਨੂੰ ਨਵਾਬੀ ਦਿੱਤੀ ਗਈ, ਉਨ੍ਹਾਂ ਦੀ ਸ਼ਰਤ ਮੁਤਾਬਿਕ ਨਵਾਬੀ ਭੇਟਾ ਨੂੰ ਜਿਨ੍ਹਾਂ ਪੰਜ ਪਿਆਰਿਆਂ ਦੇ ਚਰਨਾਂ ਨਾਲ ਛੁਹਾਇਆ ਗਿਆ ਉਨ੍ਹਾਂ 'ਚ ਬਾਬਾ ਦੀਪ ਸਿੰਘ ਜੀ ਤੋਂ ਇਲਾਵਾ ਭਾਈ ਕਰਮ ਸਿੰਘ ਕਰਤਾਰਪੁਰ ਵਾਲੇ, ਭਾਈ ਹੀਰਾ ਸਿੰਘ ਹਜ਼ੂਰੀਆ, ਭਾਈ ਬੁੱਧ ਸਿੰਘ ਸੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਪੜਦਾਦਾ) ਤੇ ਭਾਈ ਜੱਸਾ ਸਿੰਘ ਰਾਮਗੜ੍ਹੀਆ ਵੀ ਸ਼ਾਮਿਲ ਸਨ। ਇਹ ਸਮਝੌਤਾ 1735 ਤਕ ਰਿਹਾ। ਉਪਰੰਤ ਸਿੰਘਾਂ ਨੂੰ ਅੰਮ੍ਰਿਤਸਰ ਛੱਡਣਾ ਪਿਆ। ਇਸੇ ਦੌਰਾਨ ਭਾਈ ਮਨੀ ਸਿੰਘ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ।

ਜਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਦੇ ਸੱਚਖੰਡ ਪਿਆਨੇ ਤੋਂ ਬਾਅਦ 1734 ਈ: 'ਚ ਸਮੇਂ ਦੀ ਲੋੜ ਮੁਤਾਬਿਕ ਤਰਨਾ ਦਲ ਅਤੇ ਬੁੱਢਾ ਦਲ ਦੇ ਰੂਪ 'ਚ ਜਥੇ ਬਣਾਏ ਗਏ। ਤਰਨਾ ਦਲ ਪੰਚ ਹਿੱਸਿਆਂ 'ਚ ਵੰਡਿਆ ਗਿਆ। ਇਕ ਜਥੇ ਦਾ ਜਥੇਦਾਰ ਬਾਬਾ ਦੀਪ ਸਿੰਘ ਜੀ ਨੂੰ ਬਣਾਇਆ ਗਿਆ ਜਿਸ ਦੇ ਜਥੇ 'ਚ 2 ਹਜ਼ਾਰ ਘੋੜ ਸਵਾਰ ਹਰ ਸਮੇਂ ਤਿਆਰ ਭਰ ਤਿਆਰ ਰਹਿੰਦੇ ਸਨ।

ਜਦ 1740 'ਚ ਮਸੇ ਰੰਘੜ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਗਈ ਤਾਂ ਬਾਬਾ ਜੀ ਦੇ ਜਥੇ ਦੇ ਜਥੇਦਾਰ ਬਾਬਾ ਬੁੱਢਾ ਸਿੰਘ ਦੇ ਜਥੇ ਦੇ ਸਿੰਘ ਭਾਈ ਸੁਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਹੀ ਮਸੇ ਦਾ ਸਿਰ ਵੱਢ ਕੇ ਬਾਬਾ ਜੀ ਅੱਗੇ ਲਿਆ ਪੇਸ਼ ਕੀਤਾ।

1748 'ਚ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਵਿਚ ਸਿੱਖਾਂ ਦੇ ਵੱਖ ਵੱਖ 65 ਵੱਡੇ ਛੋਟੇ ਜਥਿਆਂ ਨੂੰ 12 ਵੱਡੇ ਜਥਿਆਂ - ਮਿਸਲਾਂ ਵਿਚ ਸੰਗਠਿਤ ਕਰ ਦਿੱਤਾ ਗਿਆ ਤੇ ਰਾਖੀ ਪ੍ਰਣਾਲੀ ਲਾਗੂ ਕਰ ਦਿੱਤੀ ਗਈ। ਜਿਸ ਤਹਿਤ ਸਿੰਘਾਂ ਦੇ ਜਥੇ ਰਾਖੀ ਵਾਲੇ ਪਿੰਡਾਂ ਦੀ ਜਾਨ ਮਾਲ ਦੀ ਰਾਖੀ ਕਰਿਆ ਕਰਦੇ ਸਨ। ਮਿਸਲ ਸ਼ਹੀਦਾਂ ਦੇ ਪ੍ਰਥਮ ਮੁਖੀ ਬਾਬਾ ਦੀਪ ਸਿੰਘ ਜੀ ਨੂੰ ਬਣਾਇਆ ਗਿਆ।

18 ਵੀਂ ਸਦੀ ਦੌਰਾਨ ਵਿਦੇਸ਼ੀ ਹਮਲਾਵਰ ਅਫ਼ਗ਼ਾਨ ਧਾੜਵੀਆਂ ਨੇ ਭਾਰਤ ਨੂੰ ਖ਼ੂਬ ਲੁੱਟਿਆ। ਉਸ ਸਮੇਂ ਸਿੱਖ ਹੀ ਸਨ ਜਿਨ੍ਹਾਂ ਨੇ ਇਨ੍ਹਾਂ ਅਫ਼ਗ਼ਾਨ ਧਾੜਵੀਆਂ ਦਾ ਮੁਕਾਬਲਾ ਕਰਦਿਆਂ ਭਾਰਤ ਦਾ ਲੁੱਟਿਆ ਬਹੁ-ਕੀਮਤੀ ਮਾਲ-ਅਸਬਾਬ ਹੀ ਨਾ ਕੇਵਲ ਵਾਪਸ ਖੋਹ ਲਿਆ ਜਾਂਦਾ ਰਿਹਾ। ਸਗੋਂ ਗ਼ਜ਼ਨੀ ਦੇ ਬਜ਼ਾਰਾਂ 'ਚ ਮੁੱਲ ਵੱਟਣ ਲਈ ਲੈ ਜਾਈਆਂ ਜਾ ਰਹੀਆਂ ਹਿੰਦ ਦੀਆਂ ਬਹੂ ਬੇਟੀਆਂ ਨੂੰ ਅਫ਼ਗ਼ਾਨੀਆਂ ਤੋਂ ਛੁਡਵਾ ਕੇ ਘਰੋ-ਘਰੀਂ ਭੇਜੀਆਂ ਜਾਂਦੀਆਂ ਰਹੀਆਂ।

1757 ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਦਿੱਲੀ, ਆਗਰਾ, ਮਥੁਰਾ ਤੋਂ ਲੁੱਟ-ਮਾਰ ਦੀ ਧਨ ਦੌਲਤ ਅਤੇ ਬੇਕਸੂਰ ਨੌਜਵਾਨ ਲੜਕੀਆਂ ਨੂੰ ਬੰਦੀ ਬਣਾ ਕੇ ਅਫ਼ਗ਼ਾਨਿਸਤਾਨ ਲਿਜਾ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਜੀ ਦੇ ਜਥੇ ਨੇ ਹਮਲਾ ਬੋਲ ਕੇ ਲੁੱਟਿਆ ਹੋਇਆ ਖ਼ਜ਼ਾਨਾ ਅਤੇ ਲੜਕੀਆਂ ਨੂੰ ਛਡਾ ਲਿਆ। ਜਿਸ ਕਰਕੇ ਅਬਦਾਲੀ ਹੋਰ ਗ਼ੁੱਸੇ ਵਿਚ ਆ ਗਿਆ ਤੇ ਸਿਖਾ ਦਾ ਸਖ਼ਤ ਵਿਰੋਧੀ ਬਣ ਗਿਆ ਅਤੇ ਸਿੱਖਾਂ ਨੂੰ ਖ਼ਤਮ







ਕਰਨ 'ਤੇ ਤੁੱਲ ਗਿਆ। ਉਸ ਨੇ ਬੇਟਾ ਤੈਮੂਰ ਨੂੰ ਲਾਹੌਰ ਦਾ ਗਵਰਨਰ ਬਣਾ ਦਿੱਤਾ ਅਤੇ ਜਨਰਲ ਜਹਾਨ ਖ਼ਾਨ ਅਧੀਨ 10000 ਫ਼ੌਜ ਛੱਡ ਕੇ ਆਪ ਵਾਪਸ ਕਾਬਲ ਚਲਾ ਗਿਆ ਅਤੇ ਫ਼ਰਮਾਨ ਜਾਰੀ ਕਰ ਦਿੱਤਾ ਕਿ ਅੰਮ੍ਰਿਤਸਰ ਸ਼ਹਿਰ ਤੇ ਦਰਬਾਰ ਸਾਹਿਬ ਦੋਹਾਂ ਨੂੰ ਤਹਿਸ-ਨਹਿਸ ਕਰ ਦਿੱਤਾ ਜਾਵੇ। ਹੁਕਮ ਦੀ ਤਾਮੀਲ ਹੁੰਦਿਆਂ ਹੀ ਹਰਮਿੰਦਰ ਸਾਹਿਬ ਦੀ ਬੇਅਦਬੀ ਸ਼ੁਰੂ ਹੋ ਗਈ। ਖ਼ਬਰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨਿਵਾਸ ਕਰ ਰਹੇ ਬਾਬਾ ਦੀਪ ਸਿੰਘ ਜੀ ਨੂੰ ਮਿਲੀ ਤਾਂ ਉਹ ਕਰੋਧ ਵਿਚ ਆ ਗਏ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ ਅਤੇ ਆਸ-ਪਾਸ ਦੇ ਨਗਰਾਂ ਅਤੇ ਸਿੰਘਾਂ ਦੇ ਟਿਕਾਣਿਆਂ 'ਤੇ ਇਤਲਾਹ ਦਿੱਤੀ। ਜਿੱਥੋਂ ਅਨੇਕਾਂ ਸਿੰਘ ਬਾਬਾ ਜੀ ਦੀ ਅਗਵਾਈ ਵਿਚ ਧਰਮ ਹੇਤ ਸੀਸ ਦੇਣ ਲਈ ਹਾਜ਼ਰ ਹੋਏ। ਬਾਬਾ ਜੀ ਨੇ ਅਖੰਡ ਪਾਠ ਕਰਾਇਆ ਅਤੇ ਨਗਾਰਿਆਂ 'ਤੇ ਚੋਟਾਂ ਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦੇਣ ਦਾ ਹੁਕਮ ਕੀਤਾ। ਇਸ ਤਰ੍ਹਾਂ ਦਲ ਖ਼ਾਲਸਾ ਦੀ ਗਿਣਤੀ ਕਾਫ਼ੀ ਹੋ ਗਈ ਸੀ। ਹਰੀਕੇ ਪੱਤਣ ਤੋਂ ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜਥਾ ਮਾਝੇ ਦੇ ਇਲਾਕੇ ਵਿਚ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ 'ਤੇ ਪਹੁੰਚ ਕੇ ਸਿੰਘਾਂ ਅਤੇ ਬਾਬਾ ਜੀ ਦੀਪ ਸਿੰਘ ਨੇ ਸਣੇ ਕੇਸੀਂ ਇਸ਼ਨਾਨ ਕੀਤਾ। ਘੋੜਿਆਂ ਨੂੰ ਵੀ ਖ਼ੁਰਕ ਦਿੱਤੀ ਗਈ। ਕੜਾਹ ਪ੍ਰਸਾਦਿ ਲੈ ਕੇ ਸੇਵਕਾਂ ਦੀ ਭੇਟਾ ਗੁਰੂ ਚਰਨਾਂ 'ਚ ਪਰਵਾਨ ਹੋਣ ਦੀ ਅਰਦਾਸ ਕੀਤੀ ਗਈ। ਕਿ, ਜਿੰਨਾ ਚਿਰ ਹਰਿਮੰਦਰ ਸਾਹਿਬ ਨੂੰ ਅਜ਼ਾਦ ਨਹੀਂ ਕਰਵਾ ਲੈ ਦੇ ਸ਼ਹੀਦੀ ਨਹੀਂ ਪਾਵਾਂਗਾ।

**"ਮੁਹਿ ਮਰਨੇ ਕਾ ਚਾਉ ਹੈ,**
**ਮਰਉ ਤ ਹਰਿ ਕੈ ਦੁਆਰ।"**


ਬਾਬਾ ਦੀਪ ਸਿੰਘ ਜੀ ਕੇਸਰੀ ਰੰਗ ਦਾ ਪੁਸ਼ਾਕ ਪਹਿਨਿਆ। ਸਾਰੇ ਸ਼ਸਤਰ ਸਰੀਰ 'ਤੇ ਸਜਾ ਲਏ। ਦੋ ਧਾਰਾ ਖੰਡਾ ਹੱਥ 'ਚ ਪਕੜਿਆ। ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਯੋਧਿਆਂ ਦੀ ਪਰਖ ਕਰਨ ਲਈ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਗੁਰੂ ਮਹਾਰਾਜ ਦੇ ਸਤਿਕਾਰ ਖ਼ਾਤਰ ਲੜ ਕੇ ਸ਼ਹੀਦੀ ਪਾਉਣ ਲਈ ਜਿਹੜਾ ਵੀ ਸਿੰਘ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜੋ ਕੋਈ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚੱਲਿਆ ਜਾਵੇ। ਇਸ ਵਕਤ ਬਾਬਾ ਜੀ ਨਾਲ ਅਨੇਕਾਂ ਮਝੈਲ ਵੀ ਆਣ ਮਿਲੇ ਸਨ, ਸਾਰੇ ਸਿੰਘ ਜੈਕਾਰੇ ਗਜਾਉਂਦੇ ਨਗਾਰਿਆਂ 'ਤੇ ਚੋਟਾਂ ਲਾਉਂਦੇ ਹੋਏ ਲਕੀਰ ਟੱਪ ਕੇ ਅੰਮ੍ਰਿਤਸਰ ਵੱਲ ਕੂਚ ਕਰਨਾ ਸ਼ੁਰੂ ਕੀਤਾ। ਸਿੰਘਾਂ ਦੀ ਚੜ੍ਹਾਈ ਬਾਰੇ ਅਫ਼ਗਾਨੀਆਂ ਨੂੰ ਖ਼ਬਰ ਮਿਲ ਚੁੱਕੀ ਸੀ। ਉਸ ਵਕਤ ਅੰਮ੍ਰਿਤਸਰ ਸ਼ਹਿਰ ਦੇ ਇੰਚਾਰਜ ਜਹਾਨ ਖ਼ਾਨ ਸਿੰਘਾਂ ਦਾ ਟਾਕਰਾ ਕਰਨ ਲਈ 20 ਹਜ਼ਾਰ ਦੀ ਫ਼ੌਜ ਲੈ ਕੇ ਗੋਹਲਵੜ ਪਿੰਡ ਕੋਲ ਪਹੁੰਚਿਆ। ਬਾਬਾ ਜੀ ਨੇ ਜਥੇ ਦੇ ਸਿੰਘਾਂ ਨਾਲ ਦੁਸ਼ਮਣ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ ?ਹਾ 'ਤੇ ਹੁਣ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਸਿੰਘਾਂ ਅਤੇ ਅਫ਼ਗਾਨਾਂ ਦੀ ਜ਼ਬਰਦਸਤ ਟੱਕਰ ਹੋਈ। ਰਣ ਤੱਤੇ ਮੈਦਾਨ 'ਚ ਰਣ ਸਿੰਗਾਂ ਅਤੇ ਨਗਾਰਿਆਂ ਦੀ ਗੂੰਜ ਵਿਚ ਦੋਹਾਂ ਦਲਾਂ ਦੇ ਸੂਰਬੀਰ ਇਕ ਦੂਜੇ ਨੂੰ ਲਲਕਾਰ ਕੇ ਟੁੱਟ ਕੇ ਪੈ ਗਏ। ਬੇਖ਼ੌਫ ਵੀਰਤਾ ਨਾਲ ਭਰਪੂਰ ਕੋਈ ਵੀ ਇਕ ਵੀ ਪੈਰ ਪਿਛਾਂਹ ਖਿੱਚੇ ਨਹੀਂ । ਸਾਰਾ ਮੈਦਾਨ-ਏ -ਜੰਗ ਖ਼ੂਨ ਨਾਲ ਲੱਥ ਪਥ ਹੋ ਗਿਆ। ਸਰੀਰ ਲਹੂ ਲੁਹਾਨ, ਕੱਪੜੇ ਖ਼ੂਨ ਨਾਲ ਰੰਗੇ ਹੋਏ, ਜਿਵੇਂ ਹੋਲੀ ਖੇਡ ਰਹੇ ਹੋਣ, ਪਰ ਮੈਦਾਨ ਛੱਡਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਫਿਰ ਅਫ਼ਗਾਨਾਂ ਦੇ ਪੈਰ ਉੱਖੜਨ ਲੱਗੇ ਤੇ ਸਿੰਘਾਂ ਦਾ ਟਾਕਰਾ ਨਾ ਕਰ ਸਕੇ। ਸਿੰਘ ਅਫ਼ਗਾਨਾਂ ਨੂੰ ਪਛਾੜ ਦੇ ਹੋਏ ਅੰਮ੍ਰਿਤਸਰ ਵਲ ਨੂੰ ਵਧ ਰਹੇ ਸਨ। ਇਤਨੇ ਨੂੰ ਜਹਾਨ ਖ਼ਾਨ ਦਾ ਸਹਾਇਕ ਅਤਾਈ ਖ਼ਾਨ ਆਪਣੀ ਭਾਰੀ ਫ਼ੌਜ ਲੈ ਕੇ ਆ ਗਿਆ, ਜਿਸ ਨਾਲ ਮੈਦਾਨ-ਏ-ਜੰਗ ਦਾ ਰੂਪ ਬਦਲ ਗਿਆ। ਇਸ ਘਮਸਾਣ ਦੀ ਜੰਗ ਅੰਦਰ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਣਾ ਸ਼ੁਰੂ ਹੋ ਗਿਆ। ਸਿੰਘ ਇਕ-ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਦਾ ਮੈਦਾਨ ਤਿੰਨ ਕੋਹਾਂ ਵਿਚ ਫੈਲ ਚੁੱਕਿਆ ਸੀ। ਸਾਰਾ ਮੈਦਾਨ ਖ਼ੂਨ ਨਾਲ ਲੱਥ ਪਥ ਹੋ ਚੁਕਾ ਸੀ । ਬਾਬਾ ਜੀ ਅਤੇ ਸਿੰਘ ਵੀ ਤਬਾਹੀ ਮਚਾ ਰਹੇ ਸਨ। ਪੰਜ ਹਜ਼ਾਰੀ ਫ਼ੌਜ ਦਾ ਮਾਲਕ ਅਮੀਰ ਜਾਨ ਖ਼ਾਨ ਹਾਥੀ ਉੱਤੋਂ ਲੜਦਾ ਅਤੇ ਆਪਣੀ ਫ਼ੌਜ ਨੂੰ ਕਮਾਂਡ ਦੇ ਰਿਹਾ ਸੀ। ਉਸ ਵਕਤ ਪੰਜ ਸੌ ਸਿੰਘਾਂ ਦੇ ਜਥੇ ਨਾਲ ਆਪਣਾ ਜੰਗੀ ਜੌਹਰ ਦਿਖਾ ਰਹੇ ਭਾਈ ਦਿਆਲ ਸਿੰਘ ਨੇ ਘੋੜੇ ਦਾ ਪੌੜ ਜਾਨ ਖ਼ਾਨ ਦੇ ਹਾਥੀ ਦੇ ਮੱਥੇ 'ਤੇ ਰਖਾ ਕੇ ਤਲਵਾਰ ਦੇ ਵਾਰ ਨਾਲ ਅਮੀਰ ਜਾਨ ਖ਼ਾਨ ਦਾ ਸਿਰ ਲਾਹ ਦਿੱਤਾ। ਅਯੂਬ ਖਾਂ ਦਿਆਲ ਸਿੰਘ ਦੀ ਫੁਰਤੀ ਅਤੇ ਬਹਾਦਰੀ ਦੇਖ ਰਿਹਾ ਸੀ। ਇੰਨੇ ਨੂੰ ਅਮਾਨ ਖਾਂ, ਯਕੂਬ ਖਾਂ ਤੇ ਹੋਰ ਅਫ਼ਗਾਨੀ ਜਰਨੈਲ ਵੀ ਲਾਹੌਰ ਤੋਂ ਮੈਦਾਨ ਏ ਜੰਗ ਵਿਚ ਅੱਪੜ ਗਏ। ਸਿੰਘ ਪਠਾਣਾਂ ਦੇ ਹੰਕਾਰ ਦੂਰ ਕਰ ਰਹੇ ਸਨ। ਸਿੰਘਾਂ ਨੂੰ ਅੱਗੇ ਵਧਦਾ ਦੇਖ ਅਬਦਾਲੀਆਂ ਨੇ ਗਊਆਂ ਲਿਆ ਖੜੀਆਂ ਕੀਤੀਆਂ। ਬਾਬਾ ਦੀਪ ਸਿੰਘ ਜੀ ਦੇ ਆਦੇਸ਼ 'ਤੇ ਸਿੰਘਾਂ ਨੇ ਤੀਰ ਅਤੇ ਬੰਦੂਕਾਂ ਛੱਡ ਕੇ ਤਲਵਾਰਾਂ ਸੂਤ ਲਈਆਂ। ਉਸ ਵਕਤ ਯਕੂਬ ਖਾਂ ਨੇ ਬਾਬਾ ਦੀਪ ਸਿੰਘ ਨੂੰ ਯੁੱਧ ਲਈ ਵੰਗਾਰਿਆ। ਦੋਹਾਂ 'ਚ ਜ਼ਬਰਦਸਤ ਜੰਗ ਹੋਈ। ਦੋਹਾਂ ਦੇ ਘੋੜੇ ਮਾਰੇ ਗਏ। ਫਿਰ ਹੱਥੋਂ ਪਾਈ ਹੋ ਕੇ ਲੜੇ, ਬਾਬਾ ਦੀਪ ਸਿੰਘ ਜੀ ਨੇ ਗੁਰਜ ਦਾ ਵਾਰ ਕਰਦਿਆਂ ਯਕੂਬ ਖਾਂ ਦਾ ਸਿਰ ਸਣੇ ਫ਼ੌਲਾਦੀ ਟੋਪ ਚੂਰ-ਚੂਰ ਕਰ ਦਿੱਤਾ। ਅਫ਼ਗਾਨੀ ਸਿੰਘਾਂ ਦੇ ਕਰਤਬ ਦੇਖ ਅਸ਼ ਅਸ਼ ਕਰ ਉੱਠੇ। ਇੱਥੇ ਹੀ ਅਫ਼ਗਾਨ ਕਮਾਂਡਰ ਜਹਾਨ ਖ਼ਾਨ (ਗਿਆਨੀ ਗਿਆਨ ਸਿੰਘ ਅਨੁਸਾਰ ਅਮਾਨ ਖ਼ਾਨ) ਨੇ ਵੀ ਬਾਬਾ ਦੀਪ ਸਿੰਘ ਨਾਲ ਦਵੰਦ ਯੁੱਧ ਦੀ ਇੱਛਾ ਜਤਾਈ। ਬਾਬਾ ਦੀਪ ਸਿੰਘ ਨੇ ਉਸ ਨਾਲ ਦਵੰਦ ਯੁੱਧ ਕੀਤਾ। ਜਿੱਥੇ ਦੋਹਾਂ ਦੇ ਘੋੜੇ ਮਾਰੇ ਗਏ ਅਤੇ ਸੰਜੋਅ ਵੀ ਟੁੱਟ ਗਈਆਂ। ਅਖੀਰ ਦੋਹਾਂ ਦੇ ਆਪਸ ਵਿਚੀਂ ਸਾਂਝੇ ਵਾਰ ਨਾਲ ਦੋਹਾਂ ਦੇ ਸੀਸ ਲੱਥ ਗਏ।

**"ਚਲੀ ਤੇਗ ਅਤਿ ਬੇਗ ਸੈਂ,**
**ਦੁਹੂੰ ਕੇਰ ਬਲ-ਵਾਰ।।**
**ਉਤਰ ਗਏ ਸਿਰ ਦੁਹੂੰ ਕੇ,**
**ਪਰਸ-ਪਰੈਂ ਇਕ ਸਾਰ।।"**

ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਜਾਣ ਸਦਕਾ ਸਰੀਰ ਜ਼ਮੀਨ 'ਤੇ ਡਿੱਗ ਪਿਆ। ਇਹ ਕੌਤਕ ਦੇਖ ਇਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਬਾਬਾ ਜੀ ਤੁਸਾਂ ਅਰਦਾਸ ਕੀਤੀ ਸੀ ਸੀਸ ਸੁਧਾਸਰ ਜਾ ਕੇ ਗੁਰੂ ਦੇ ਚਰਨਾਂ 'ਚ ਭੇਟ ਕਰਨਾ ਹੈ। ਇਹ ਹੁਣ ਕੀ ਭਾਣਾ ਵਰਤਾਇਆ ਜੇ ? ਸੁਧਾਸਰ ਇੱਥੋਂ ਦੋ ਕੋਹ ਦੂਰ ਹੈ।

**"ਢਿਗ ਤੈ ਏਕ ਸਿੰਘ ਪਿਖਿ ਕਹਯੋ।**
**ਪਰਣ ਤੁਮਾਰਾ ਦੀਪ ਸਿੰਘ ਰਹਯੋ।**
**ਗੁਰਪੁਰਿ ਜਾਇ ਸੀਸ ਮੈਂ ਦੈਹੋਂ।**
**ਸੋ ਤੇ ਦੋਇ ਕੋਸ ਇਸ ਠੈਹੋਂ।'**

ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿਚ ਆਇਆ ਅਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਸਜੇ ਹੱਥ ਨਾਲ ਤਿੱਖਾ ਖੰਡਾ ਵਾਹੁੰਦੇ ਹੋਏ ਲੜਦੇ ਗਏ। ਗੋਲੀਆਂ, ਤਲਵਾਰਾਂ ਦੀ ਖਣਕ ਅਤੇ ਜੈਕਾਰਿਆਂ ਦੀ ਗੂੰਜ 'ਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਸ਼ਸਤਰ ਤੇ ਸ਼ਾਸਤਰ ਦਾ ਸੁਮੇਲ, 75 ਸਾਲਾਂ ਦੇ ਬੁੱਢਾ



ਜਰਨੈਲ ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਖੱਬੇ ਹੱਥ ਦੀ ਹਥੇਲੀ 'ਤੇ ਸੀਸ ਟਿਕਾਈ ਦੁਸ਼ਮਣਾਂ ਦੀ ਆਹੂ ਲਾਹ ਕੇ ਜਮਪੁਰੀ ਪਹੁੰਚਾ ਰਿਹਾ ਤੇ ਪਿੱਛੇ ਗੁਰੂ ਕੇ ਸਿੰਘ ਰਣ ਸਿੰਗਾ ਵਜਾਉਂਦੇ ਹੋਏ ਪੂਰੇ ਜੌਹਰ ਨਾਲ ਲੜਦੇ ਹਨ। ਸਿੰਘਾਂ ਦੇ ਧੜ ਸਿਰਾਂ ਤੋਂ ਬਿਨਾ ਲੜਨ ਦੀ ਇਸ ਅਸਚਰਜਤਾ ਅਤੇ ਅਜਿਹੇ ਅਲੋਕਾਰ ਅਲੌਕਿਕ ਦ੍ਰਿਸ਼ ਨੂੰ ਦੇਖ ਕੇ ਸਾਰੀ ਤੁਰਕਾਂ ਦੀ ਅਫ਼ਗਾਨੀ ਫ਼ੌਜ ਹੈਰਾਨ - ਪ੍ਰੇਸ਼ਾਨ ਅਤੇ ਭੈ-ਭੀਤ ਹੋ ਨੱਠਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਸ ਘਮਸਾਣ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਤੇ ਬਾਬਾ ਜੀ ਵੱਲੋਂ ਕਈ ਪਠਾਣ ਤੇ ਅਫ਼ਗਾਨੀਆਂ ਨੂੰ ਮਾਰ ਮੁਕਾਏ ਜਾਣ ਨਾਲ ਅਫ਼ਗਾਨੀ ਫ਼ੌਜ ਦੇ ਹੌਸਲੇ ਟੁੱਟ ਗਏ। ਬਾਬਾ ਦੀਪ ਸਿੰਘ ਜੀ ਲੜਦੇ ਹੋਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਸਿੰਘਾਂ ਨੇ ਜਿੱਤ ਦੇ ਜੈਕਾਰੇ ਗੁੰਜਾਏ, ਬਾਬਾ ਜੀ ਨੇ ਸੀਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਭੇਟ ਕਰਦਿਆਂ ਸੱਚਖੰਡ ਨੂੰ ਪਿਆਨਾ ਕੀਤਾ। ਇਸ ਤਰ੍ਹਾਂ ਇਹ ਸਾਰਾ ਕੌਤਕ ਅਕਾਲ ਪੁਰਖ ਜੀ ਨੇ ਬਾਬਾ ਦੀਪ ਸਿੰਘ ਜੀ ਰਾਹੀਂ ਗੁਰਬਾਣੀ ਦੇ ਮਹਾਂਵਾਕ

**ਜਉ ਤਉ ਪ੍ਰੇਮ ਖੇਲਣ ਕਾ ਚਾਉ**
**ਸਿਰੁ ਧਰਿ ਤਲੀ ਗਲੀ ਮੇਰੀ ਆਉ।**
**ਇਤੁ ਮਾਰਿਗ ਪੈਰੁ ਧਰੀਜੈ**
**ਸਿਰ ਦੀਜੈ ਕਾਣਿ ਨ ਕੀਜੈ।**
**ਨੂੰ ਅਮਲੀ ਰੂਪ 'ਚ ਸਿੱਧ ਕੀਤਾ।**

ਇਸੇ ਤਰ੍ਹਾਂ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਇਸ ਜੰਗ ਵਿੱਚ ਸਰਾਇ ਗੋਤ ਦਾ ਜੱਟ ਮਹਿਤ ਸਿੰਘ ਵੀ ਬਿਨ ਸੀਸ ਚਾਟੀਵਿੰਡ ਤਕ ਲੜਿਆ। "ਜੱਟ ਸਰਾਇ ਮਹਿਤ ਸਿੰਘ ਤਯੋਂ ਹੀ ... ਲਰਯੋ ਕਬੰਧ ਤਾਂਹਿ ਕਾ ਭਾਰਾ"। ਜਥੇਦਾਰ ਰਾਮ ਸਿੰਘ ਵੀ ਬਿਨਾ ਸੀਸ ਲੜਿਆ। "ਲਰਯੋ ਕਬੰਧ ਰਾਮ ਸਿੰਘ ਕੇਰਾ" ਬੀਸ ਹਜ਼ਾਰੀ ਜ਼ਬਰਦਸਤ ਖਾਂ ਨਾਲ ਭਾਈ ਬਲਵੰਤ ਸਿੰਘ ਨੇ ਅਤੇ ਇਸੇ ਤਰਾਂ ਕਈ ਹੋਰਨਾਂ ਨੇ ਵੀ ਦਵੰਦ ਯੁੱਧ ਕੀਤੇ। ਇਸ ਘਮਸਾਣ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫ਼ੌਜ ਦੇ ਹੌਸਲੇ ਟੁੱਟ ਗਏ। ਇੰਨੇ ਨੂੰ ਪਿੰਡ ਚੱਬੇ ਕੋਲ ਮੀਰ ਜਾਨ ਖਾਂ ਨੇ ਬਾਬੇ ਨੌਧ ਸਿੰਘ ਗਿੱਲ ਨੂੰ ਵੰਗਾਰਿਆ ਤਾਂ ਨੌਧ ਸਿੰਘ ਗਿੱਲ ਘੋੜਾ ਲੈ ਕੇ ਮੀਰ ਜਾਨ ਖਾਂ ਦੇ ਮੂਹਰੇ ਹੋ ਗਿਆ। ਲੜਾਈ 'ਚ ਦੋਹਾਂ ਦੇ ਘੋੜੇ ਢਿਗ ਪਏ, ਫਿਰ ਤਲਵਾਰਾਂ ਵੀ ਟੁੱਟ ਗਈਆਂ, ਸੰਜੋਆਂ ਅਤੇ ਢਾਲਾਂ ਵੀ ਟੁੱਟ ਗਈਆਂ, ਅਖੀਰ ਦੋਹਾਂ ਨੇ ਕਟਾਰਾਂ ਪਕੜ ਲਈਆਂ ਅਤੇ ਦੋਹਾਂ ਨੇ ਇੱਕੋ ਵਾਰ ਹੀ ਕਟਾਰਾਂ ਨੂੰ ਇਕ ਦੂਜੇ ਦੇ ਪੇਟ 'ਚ ਧਸਾ ਦਿੱਤੀਆਂ। ਬਾਬਾ ਨੌਧ ਸਿੰਘ ਜੀ ਜਿੱਥੇ ਸ਼ਹੀਦੀ ਪਾ ਗਏ ਉਸ ਥਾਂ ਤਰਨ ਤਾਰਨ ਰੋਡ 'ਤੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

ਇਸੇ ਤਰਾਂ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ 'ਚ ਬਾਬਾ ਦੀਪ ਸਿੰਘ ਜੀ ਦੇ ਨਾਮਵਰ ਸਾਥੀ ਸਿੰਘਾਂ ਜਥੇਦਾਰ ਰਾਮ ਸਿੰਘ, ਜਥੇਦਾਰ ਸਜਣ ਸਿੰਘ, ਜਥੇਦਾਰ ਬਹਾਦਰ ਸਿੰਘ, ਜਥੇਦਾਰ ਹੀਰਾ ਸਿੰਘ, ਭਾਈ ਨਿਹਾਲ ਸਿੰਘ, ਭਾਈ ਸੰਤ ਸਿੰਘ, ਭਾਈ ਕੌਰ ਸਿੰਘ, ਭਾਈ ਸੁੱਧਾ ਸਿੰਘ, ਭਾਈ ਬਸੰਤ ਸਿੰਘ, ਭਾਈ ਬੀਰ ਸਿੰਘ, ਭਾਈ ਮੰਨਾ ਸਿੰਘ, ਭਾਈ ਹੀਰਾ ਸਿੰਘ, ਭਾਈ ਗੰਡਾ ਸਿੰਘ, ਭਾਈ ਲਹਿਣਾ ਸਿੰਘ, ਭਾਈ ਗੁਪਾਲ ਸਿੰਘ, ਭਾਈ ਰਣ ਸਿੰਘ, ਭਾਈ ਭਾਗ ਸਿੰਘ, ਭਾਈ ਨੱਥਾ ਸਿੰਘ,ਭਾਈ ਬਾਲ ਸਿੰਘ, ਭਾਈ ਤਾਰਾ ਸਿੰਘ ਕੰਗ ਦੇ ਨਾਮ ਗਿਆਨੀ ਗਿਆਨ ਸਿੰਘ ਨੇ ਗਿਣਵਾਏ ਹਨ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਧਰਮ ਤੋਂ ਪ੍ਰੇਰਿਤ ਸਾਡੇ ਬਜ਼ੁਰਗਾਂ ਵੱਲੋਂ ਕੀਤੇ ਗਏ ਕਾਰਨਾਮੇ ਕੌਮਾਂ ਦੀ ਸਮੁੱਚੀ ਚੇਤਨਤਾ - ਸਿਮਰਿਤੀਆਂ ਦਾ ਹਿੱਸਾ ਹੋ ਕੇ ਆਉਣ ਵਾਲੀਆਂ ਪੀੜੀਆਂ ਲਈ ਪ੍ਰੇਰਣਾ ਸਰੋਤ ਹੋ ਨਿੱਬੜਦੀਆਂ ਹਨ।

ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉੱਥੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।ਤਰਨ ਤਾਰਨ ਵਾਲੀ ਸੜਕ 'ਤੇ ਜਿੱਥੇ ਪਾਪਾ ਜੀ ਦਾ ਸਸਕਾਰ ਕੀਤਾ ਗਿਆ ਉੱਥੇ ਗੁਰਦੁਆਰਾ ਸ਼ਹੀਦ ਗੰਜ ਅਤੇ ਜਿਸ ਅਸਥਾਨ 'ਤੇ ਬਾਬਾ ਜੀ ਦਾ ਸੀਸ ਧੜ ਨਾਲੋਂ ਅਲੱਗ ਹੋਇਆ ਸੀ ਇਸ ਅਸਥਾਨ 'ਤੇ ਬਹੁਤ ਵੱਡੇ ਆਕਾਰ ਦਾ ਟਾਹਲੇ ਦਾ ਰੁੱਖ ਹੋਣ ਕਰਕੇ ਉੱਥੇ ਹੁਣ ਸ਼ਾਨਦਾਰ ਅਤੇ ਅਤਿ ਸੁੰਦਰ ਗੁਰਦੁਆਰਾ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਜਿਸ ਦੀ ਕਾਰਸੇਵਾ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਦਰਸ਼ਨ ਸਿੰਘ ਜੀ ਟਾਹਲਾ ਸਾਹਿਬ ਵਾਲੇ ਕਰਵਾ ਰਹੇ ਹਨ। ਇੱਥੇ ਲੰਗਰ ਹਾਲ ਦੀ ਤਿੰਨ ਮੰਜ਼ਲੀ ਨਵੀਂ ਇਮਾਰਤ ਦੀ ਉਸਾਰੀ ਦੀ ਕਾਰ ਸੇਵਾ ਚੱਲ ਰਹੀ ਹੇ। ਇੱਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਮੱਥਾ ਟੇਕਣ, ਸੇਵਾ ਅਤੇ ਮੁਰਾਦਾਂ ਪਾਉਣ ਆਉਂਦੀਆਂ ਹਨ। ਜਦ ਕਿ ਐਤਵਾਰ ਨੂੰ ਚੁਪਹਿਰਾ ਗੁਰਮਤਿ ਸਮਾਗਮ 'ਚ ਅਣਗਿਣਤ ਸੰਗਤਾਂ ਦੀ ਆਮਦ ਨਾਲ ਗੁਰਦੁਆਰਾ ਟਾਹਲਾ ਸਾਹਿਬ ਅੱਜ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਦਾ ਕੇਂਦਰ ਬਣ ਚੁੱਕਿਆ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਸਤਰਾਂ ਵਿਚ ਸੰਭਾਲ ਕੇ ਰੱਖਿਆ ਗਿਆ ਹੈ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। 15 ਨਵੰਬਰ ਨੂੰ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਹੈ।

## ਸ਼ਹੀਦੀ ਦਿਹਾੜੇ ’ਤੇ ਵਿਸ਼ੇਸ਼

# ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸੱਤ ਗ਼ਦਰੀ ਸ਼ਹੀਦ ਅਤੇ ਕੈਨੇਡਾ ਦੇ ਸ਼ਹੀਦ ਲੂਈਸ ਰਿਆਲ

16 ਨਵੰਬਰ ਦਾ ਦਿਨ ਜਿੱਥੇ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਛੇ ਹੋਰ ਸਾਥੀਆਂ ਦਾ ਸ਼ਹੀਦੀ ਦਿਨ ਹੈ, ਉੱਥੇ ਹੀ ਕੈਨੇਡਾ ਦੇ ਮਹਾਨ ਯੋਧੇ ਲੂਈਸ ਰਿਆਲ ਦਾ ਵੀ ਸ਼ਹੀਦੀ ਦਿਹਾੜਾ ਹੈ। 16 ਨਵੰਬਰ 1885 ਵਿੱਚ ਕੈਨੇਡਾ ਦੀ ਧਰਤੀ ਤੇ ਮੈਟੀਸ ਭਾਈਚਾਰੇ ਦੇ ਆਗੂ ਅਤੇ ਮੈਨੀਟੋਬਾ ਦੇ ਵਿਦਰੋਹੀ ਯੋਧੇ ਲੂਈਸ ਰਿਆਲ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। 16 ਨਵੰਬਰ 2018 ਨੂੰ ਬੀਸੀ ਵਿਧਾਨ ਸਭਾ ਵਿਖੇ ਲੂਇਸ ਰਿਆਲ ਦਿਵਸ ਮਨਾਇਆ। ਇਸ ਮੌਕੇ ’ਤੇ ਪ੍ਰੋਕਲੇਮੇਸ਼ਨ ਵੀ ਜਾਰੀ ਕੀਤਾ ਗਿਆ, ਜੋ ਕਿ ਇਕ ਚੰਗੀ ਗੱਲ ਹੈ। ਮਹਾਨ ਯੋਧਿਆਂ ਦੇ ਸੰਘਰਸ਼ ਯਾਦ ਰੱਖਣੇ ਜ਼ਰੂਰੀ ਹਨ। ਕੈਨੇਡਾ ਦੇ ਮੈਟੀਸ ਭਾਈਚਾਰੇ ਵਾਸਤੇ ਇਹ ਐਲਾਨਨਾਮਾ ਲੁਈਸ ਰਿਆਲ ਨੂੰ ਸੱਚੀ ਸ਼ਰਧਾਂਜਲੀ ਹੈ। ਅੱਜ-ਕੱਲ ਸਰਕਾਰੀ ਅਤੇ ਦਰਬਾਰੀ ਲੋਕਾਂ ਵੱਲੋਂ ਇਹ ਬਿਰਤਾਂਤ ਜ਼ੋਰ-ਸ਼ੋਰ ਨਾਲ ਘੜਿਆ ਜਾ ਰਿਹਾ ਹੈ ਕਿ ਕੀ ਵਿਦੇਸ਼ਾਂ ’ਚ ਰਹਿੰਦੇ ਹੋਏ ਵੀ ਆਪਣੇ ਦੇਸ ਲਈ ਆਜ਼ਾਦੀ ਦਾ ਸੰਘਰਸ਼ ਲੜਿਆ ਜਾ ਸਕਦਾ ਹੈ ਅਤੇ ਸਰਕਾਰੀ ਜਬਰ ਖਤਮ ਕੀਤਾ ਜਾ ਸਕਦਾ ਹੈ? ਜੀ ਹਾਂ, ਅਜਿਹਾ ਬਿਲਕੁਲ ਹੋ ਸਕਦਾ ਹੈ। ਮਿਸਾਲ ਦੇਖਣੀ ਹੋਵੇ, ਤਾਂ ਗਦਰ ਲਹਿਰ ਦੇ ਮਹਾਨ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸੈਂਕੜੇ ਹੀ ਉਹਨਾਂ ਯੋਧਿਆਂ ਤੋਂ ਮਿਲਦੀ ਹੈ, ਜਿਨ੍ਹਾਂ ਨੇ ਅਮਰੀਕਾ ਅਤੇ ਕੈਨੇਡਾ ਆ ਕੇ ਪਹਿਲਾਂ ਨਸਲਵਾਦ ਅਤੇ ਬਸਤੀਵਾਦ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਇੱਥੋਂ ਹੀ ਬ੍ਰਿਟਿਸ਼ ਇੰਡੀਆ ਸਰਕਾਰ ਦੇ ਖਿਲਾਫ ਐਲਾਨੇ-ਜੰਗ ਕੀਤਾ। ਇਥੇ ਅਖਬਾਰ ਕੱਢੇ, ਸੰਸਥਾਵਾਂ ਕਾਇਮ ਕੀਤੀਆਂ ਅਤੇ ਫਿਰ ਭਾਰਤ ਵਿੱਚੋਂ ਜ਼ਾਲਮ ਹਕੂਮਤ ਦੀ ਜੜ ਪੱਟੀ। ਅੱਜ ਵੀ ਇਹ ਗੱਲ ਕਹਿਣੀ ਉਚਿਤ ਹੋਵੇਗੀ ਕਿ ਕਿਸੇ ਦੇਸ ਦੀ ਜ਼ਾਲਮ ਸਰਕਾਰ ਅਤੇ ਗੁਲਾਮੀ ਦੇ ਖਾਤਮੇ ਲਈ ਕਿ ਬਾਹਰਲੇ ਦੇਸ਼ਾਂ ਤੋਂ ਸੰਘਰਸ਼ ਲੜਿਆ ਜਾ ਸਕਦਾ ਹੈ। ਇਹ ਗੱਲ ਯਕੀਨਨ ਤੌਰ ’ਤੇ ਸਹੀ ਹੈ। ਅੱਜ ਦੇ ਭਾਰਤ ਵਿੱਚ ਸਿਆਸੀ ਚੋਰਾਂ ਦੇ ਵੱਸ ਪੈ ਕੇ ਕੁਰਲਾ ਰਹੇ ਦੇਸਵਾਸੀਆਂ ਲਈ ਸੰਘਰਸ਼ ਕਰਨ ਵਾਲੇ ਜੁਝਾਰੂ, ਸ਼ਹੀਦ ਸਰਾਭਾ ਦੇ ਵਾਰਿਸ ਫਾਸ਼ੀਵਾਦੀ ਇੰਡੀਅਨ ਸਟੇਟ ਖਿਲਾਫ ਵਿਦੇਸ਼ਾਂ ਦੀ ਧਰਤੀ ਤੋਂ ਆਜ਼ਾਦੀ ਦੀ ਲਹਿਰ ਰਾਹੀਂ ਗ਼ਦਰੀ ਬਾਬਿਆਂ ਦਾ ਇਤਿਹਾਸ ਦੁਹਰਾ ਰਹੇ ਹਨ।

ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ (19 ਸਾਲ 5 ਮਹੀਨੇ 23 ਦਿਨ) ਦੇ ਮਹਾਨ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸੱਤ ਗ਼ਦਰੀ ਯੋਧਿਆਂ ਵੱਲੋਂ ਸ਼ਹੀਦੀ ਖੁਮਾਰੀਆਂ ਮੌਕੇ, ਇਸ ਮਕਬੂਲ ਕਵਿਤਾ ਦਾ ਗਾਇਨ ਕੀਤਾ ਦੱਸਿਆ ਜਾਂਦਾ ਹੈ। ਭਾਈ ਕਰਤਾਰ ਸਿੰਘ ਸਰਾਭਾ ਦਾ ਜਨਮ ਪੰਜਾਬ ਵਿੱਚ ਜ਼ਿਲ੍ਹਾ ਲੁਧਿਆਣਾ ’ਚ ਪਿੰਡ ਦੇ ਪਿੰਡ ਸਰਾਭਾ ਦੇ ਬਾਬਾ ਬਚਨ ਸਿੰਘ ਦੇ ਪੁੱਤਰ ਸਰਦਾਰ ਮੰਗਲ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਾਹਿਬ ਕੌਰ ਦੀ ਕੁੱਖੋਂ 24 ਮਈ 1896 ਨੂੰ ਹੋਇਆ। ਗ਼ਦਰ ਲਹਿਰ ਦੇ ਜਰਨੈਲ, ਦਲੇਰ, ਸੂਰਬੀਰ ਅਤੇ ਤੂਫ਼ਾਨਾਂ ਦਾ ਸ਼ਾਹ ਅਸਵਾਰ ਭਾਈ ਕਰਤਾਰ ਸਿੰਘ ਸਿਰਫ਼ ਉੱਨੀ ਕੁ ਵਰਿਆਂ ਦੀ ਉਮਰ ਵਿੱਚ ਜੀਵਨ ਕੁਰਬਾਨ ਕਰ ਗਏ। 16 ਨਵੰਬਰ 1915 ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ ਦੇ ਮਹਾਨ ਯੋਧੇ ਅਤੇ ‘ਗਦਰ’ ਅਖ਼ਬਾਰ ਦੇ ਸੰਪਾਦਕ ਭਾਈ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਲਾਹੌਰ ਜੇਲ੍ਹ ’ਚ ਫਾਂਸੀ ਚੜ੍ਹਨ ਵਾਲੇ ਸੂਰਮਿਆਂ ਵਿੱਚ, ਅੰਮ੍ਰਿਤਸਰ ਜ਼ਿਲ੍ਹੇ ਦੇ ਸ਼ਹੀਦ ਭਾਈ ਜਗਤ ਸਿੰਘ ਪਿੰਡ ਸੁਰ ਸਿੰਘ, ਸ਼ਹੀਦ ਭਾਈ ਬਖਸ਼ੀਸ਼ ਸਿੰਘ ਪਿੰਡ ਗਿੱਲਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਛੋਟਾ) ਪਿੰਡ ਗਿੱਲ ਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਵੱਡਾ) ਪਿੰਡ ਗਿੱਲਵਾਲੀ, ਸ਼ਹੀਦ ਭਾਈ ਹਰਨਾਮ ਸਿੰਘ ਪਿੰਡ ਭੱਟੀ ਗੋਰਾਇਆ (ਸਿਆਲਕੋਟ), ਸ਼ਹੀਦ ਭਾਈ ਵਿਸ਼ਨੂੰ ਗਣੇਸ਼ ਪਿੰਗਲੇ ਯਰਵਦਾ (ਮਹਾਰਾਸ਼ਟਰ) ਸੱਤ ਗ਼ਦਰੀ ਯੋਧੇ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਚਾਲੀ ਹੋਰਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਹੋਰ ਲੰਮੀਆਂ ਸਜ਼ਾਵਾਂ ਹੋਈਆਂ ਇਨ੍ਹਾਂ ਵਿੱਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਨਿਧਾਨ ਸਿੰਘ ਚੁਘਾ, ਬਾਬਾ ਜੁਆਲਾ ਸਿੰਘ ਠੱਠੀਆਂ, ਬਾਬਾ ਵਿਸਾਖਾ ਸਿੰਘ ਦਦੇਹਰ, ਪੰਡਿਤ ਜਗਤ ਰਾਮ ਤੇ ਪਰਮਾਨੰਦ ਜੀ ਸ਼ਾਮਲ ਸਨ।

ਇਤਿਹਾਸ ਦੇ ਪੰਨੇ ਫਰੋਲੀਏ, ਤਾਂ ਪਤਾ ਲੱਗਦਾ ਹੈ ਕਿ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਚੜ੍ਹਦੀ ਜਵਾਨੀ ਵਿੱਚ ਅਮਰੀਕਾ ਪਹੁੰਚੇ। ਇੱਥੇ ਆ ਕੇ ਆਪਣੇ ਸਾਥੀਆਂ ਸਮੇਤ 21 ਅਪ੍ਰੈਲ 1913 ਨੂੰ ਗਦਰ ਪਾਰਟੀ ਦੀ ਨੀਂਹ ਰੱਖੀ ਅਤੇ ਪਹਿਲੀ ਨਵੰਬਰ 1913 ਵਿੱਚ ਆਰੰਭ ਹੋਏ ਗ਼ਦਰ ਅਖਬਾਰ ਦੇ ਪੰਜਾਬੀ ਅੰਕ ਦੇ ਮੋਢੀ ਸੰਪਾਦਕ ਬਣੇ। ਇਸੇ ਦੌਰਾਨ ਸੰਨ 1914 ਵਿੱਚ ਦੇਸ ਨੂੰ ਫ਼ਿਰੰਗੀਆਂ ਤੋਂ ਆਜ਼ਾਦ ਕਰਵਾਉਣ ਲਈ ਅਮਰੀਕਾ ਤੋਂ ਪੰਜਾਬ ਨੂੰ ਚਾਲੇ ਪਾ ਦਿੱਤੇ, ਜਿੱਥੇ ਜਾ ਕੇ 16 ਨਵੰਬਰ 1915 ਨੂੰ ਲਾਹੌਰ ਵਿਖੇ ਸ਼ਹੀਦੀ ਜਾਮ ਪੀ ਕੇ ਅਮਰ ਹੋ ਗਏ। ਸ਼ਹੀਦ ਭਾਈ ਸਰਾਭਾ ਦੇ ਸ਼ਹੀਦੀ ਦਿਹਾੜੇ ’ਤੇ ਇਤਿਹਾਸ ਵਿਚਾਰਦਿਆਂ ਇਹ ਵੇਖਣਾ ਬਣਦਾ ਹੈ ਕਿ ਜਿਸ ਉਦੇਸ਼ ਲਈ ਇਨ੍ਹਾਂ ਯੋਧਿਆ ਨੇ ਸ਼ਹੀਦੀਆਂ ਦਿੱਤੀਆਂ, ਕੀ ਉਹ ਉਦੇਸ਼ ਪੂਰਾ ਹੋਇਆ? ਕੀ ਇਨ੍ਹਾਂ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਏ? ਸੱਚ ਇਸ ਦੇ ਬਿਲਕੁਲ ਉਲਟ ਹੈ। ਅਸਲ ਨਾਇਕਾਂ ਗਦਰੀ ਸ਼ੇਰਾਂ ਦੀਆਂ ਮਾਰਾਂ ’ਤੇ ਅੱਜ ਦੇ ਖਲਨਾਇਕ ਫਾਸ਼ੀਵਾਦੀ ਗਿੱਦੜ ਕਲੋਲਾਂ ਕਰ ਰਹੇ ਹਨ ਅਤੇ ਇਸ ਦੇ ਖਿਲਾਫ ਅੱਜ ਆਵਾਜ਼ ਬੁਲੰਦ ਕਰਨ ਵਾਲੇ ਮਰਜੀਵੜੇ ਹੀ ਸ਼ਹੀਦ ਸਰਾਭਾ ਅਤੇ ਗਦਰੀ ਬਾਬਿਆਂ ਦੇ ਵਾਰਿਸ ਹਨ। ਵੀਹਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਪਹਿਲਾ ਵਿਸ਼ਵ ਯੁੱਧ ਛਿੜਨ ਕਾਰਨ ਵੱਡੀ ਗਿਣਤੀ ਵਿੱਚ ਫਿਰੰਗੀ ਸੈਨਾ ਇੰਗਲੈਂਡ ਦੀ ਹਿਫਾਜ਼ਤ ਲਈ ਭੇਜੀ ਗਈ। ਇਹਨਾਂ ਹਾਲਤਾਂ ਨੂੰ ਸੁਨਹਿਰੀ ਮੌਕਾ ਭਾਪਦਿਆਂ ਹੋਇਆਂ ਸੰਨ 1914 ਵਿੱਚ ਗ਼ਦਰ ਪਾਰਟੀ ਦੁਆਰਾ, ਕੈਨੇਡਾ, ਅਮਰੀਕਾ ਸਮੇਤ ਵਿਦੇਸ਼ਾਂ ’ਚ ਬੈਠੇ ਗਦਰੀਆਂ ਨੂੰ ਦੇਸ ਪਰਤਣ ਦਾ ਸੱਦਾ ਦਿੱਤਾ ਗਿਆ। ਵਤਨ ਵਾਪਸੀ ਮਗਰੋਂ ਉੱਤਰੀ ਭਾਰਤ ਦੀਆਂ ਪ੍ਰਮੁੱਖ ਛਾਉਣੀਆਂ ਦੇ ਦੇਸੀ ਫ਼ੌਜੀਆਂ ਅੰਦਰ ਬਗ਼ਾਵਤ ਫ਼ੈਲਾਉਣ ਲਈ ‘ਗ਼ਦਰ’ ਅਖਬਾਰ ਰਾਹੀਂ ਕ੍ਰਾਂਤੀਕਾਰੀ ਸਾਹਿਤਕ ਵਿਚਾਰਾਂ ਨੂੰ, ਵੱਧ ਤੋਂ ਵੱਧ ਵਰਤੋਂ ਵਿਚ ਲਿਆਂਦਾ ਗਿਆ।

ਦੇਸ ਭਰ ਦੇ ਗ਼ਦਰੀਆਂ ’ਚ ਬਹੁਗਿਣਤੀ ਸਾਬਕਾ ਸਿੱਖ ‘ਫ਼ੌਜੀਆਂ’ ਦੀ ਹੋਣ ਕਾਰਨ, ਇਨਕਲਾਬੀਆਂ ਦੀ ਗ਼ਦਰ ਸਫਲਤਾ ਵਾਸਤੇ, ਆਸ ਦਾ ਚਾਨਣ ਵਧੇਰੇ ਫੈਲਿਆ। ਇਹ ਸੱਚ ਹੈ ਕਿ ਗ਼ਦਰ ਲਹਿਰ ਚ ਬੇਸ਼ੱਕ ਨੱਬੇ ਫ਼ੀਸਦੀ ਇਨਕਲਾਬੀ ਸਿੱਖ ਸਨ, ਪਰ ਗ਼ਦਰ ਪਾਰਟੀ ਅਤੇ ਗ਼ਦਰ ਲਹਿਰ ਵਿੱਚ ਸਭ ਧਰਮਾਂ ਨੂੰ ਸਮਾਨਤਾ ਦਿੱਤੀ ਗਈ ਸੀ। ਗ਼ਦਰ ਦੀਆਂ ਕੋਸ਼ਿਸ਼ਾਂ ਨੂੰ ਫਿਰੰਗੀ ਭਾਰਤੀ ਸਰਕਾਰ ਨੇ ਅਸਫਲ ਬਣਾ ਦਿੱਤਾ ਸੀ। ਅਜਿਹੀ ਸਥਿਤੀ ਵਿੱਚ ਗ਼ਦਰ ਲਹਿਰ ਦੇ ਕਈ ਆਗੂਆਂ ਨੇ ਵਿਚਾਰ ਕੀਤੀ ਕਿ ਆਪਣੇ ਆਪ ਨੂੰ ਸਰਕਾਰੀ ਪੰਜਿਆਂ ਦੀ ਪਕੜ ਤੋਂ ਬਚਾਇਆ ਜਾਵੇ ਤੇ ਸਮਾਂ ਪਾ ਕੇ ਫਿਰ ਤੋਂ ਦੇਸ਼-ਭਗਤਾਂ ਨੂੰ ਸੰਗਠਿਤ ਕੀਤਾ ਜਾਏ। ਨੌਜਵਾਨ ਕਰਤਾਰ ਸਿੰਘ ਸਰਾਭਾ ਤੇ ਹਰਨਾਮ ਸਿੰਘ ਟੁੰਡੀਲਾਟ ਨੇ ਰਾਸ ਬਿਹਾਰੀ ਬੋਸ ਨੂੰ ਪੁਲਿਸ ਹੱਥੋਂ ਬਚਾਉਣ ਲਈ ਲਾਹੌਰ ਸਟੇਸ਼ਨ ਤੇ ਪਹੁੰਚਾਇਆ, ਜਿੱਥੋਂ ਬੋਸ ਬਨਾਰਸ ਚੱਲਿਆ ਗਿਆ। ਮਗਰੋਂ ਉਹ ਸਰਕਾਰ ਤੋਂ ਬਚਦੇ-ਬਚਾਉਂਦੇ ਜਾਪਾਨ ਪਹੁੰਚ ਗਿਆ, ਜਿੱਥੇ ਕੁੱਝ ਸਮਾਂ ਬਾਅਦ ਬੋਸ ਦੀ ਮੌਤ ਹੋ ਗਈ। ਏਧਰ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਲਾਇਲਪੁਰ ਚਲੇ ਗਏ ਤੇ ਉੱਥੋਂ ਪਠਾਣਾਂ ਦਾ ਭੇਸ ਬਦਲ ਕੇ ਪੇਸ਼ਾਵਰ ਦੇ ਕਬਾਇਲੀ ਇਲਾਕੇ ਵਿੱਚ ਪਹੁੰਚ ਗਏ।

ਪਠਾਣੀ ਭੇਸ ਵਿੱਚ ਪੇਸ਼ਾਵਰ ’ਚ ਭਾਈ ਸਰਾਭਾ

ਡਾ. ਗੁਰਵਿੰਦਰ ਸਿੰਘ
604 825 1550



ਅਤੇ ਉਨਾਂ ਦੇ ਸਾਥੀ ਪੂਰੀ ਤਰ੍ਹਾਂ ਸੁਰੱਖਿਅਤ ਸਨ, ਪਰ ਇਕ ਸਮੇਂ ਅਚਾਨਕ ਹੀ ਉਨ੍ਹਾਂ ਗ਼ਦਰ ਦੀ ਗੂੰਜ ਵਿੱਚ ਛਪੀ ਇਨਕਲਾਬੀ ਨਜ਼ਮ ‘ਬਣੀ ਸਿਰ ਸ਼ੇਰਾਂ ਕੀ ਜਾਣਾ ਭੱਜ ਕੇ!’ ਪੜੀ, ਤਾਂ ਮਨ ਅੰਦਰ ਆਪਣੀਆਂ ਜਾਨਾਂ ਬਚਾ ਕੇ, ਛੁਪਣ ’ਤੇ ਡੂੰਘਾ ਅਫਸੋਸ ਹੋਇਆ। ਨਾਲ ਹੀ ਇਹ ਖ਼ਿਆਲ ਆਇਆ ਕਿ ਜੇਕਰ ਜਾਨ ਹੀ ਬਚਾਉਣੀ ਸੀ, ਤਾਂ ਅਮਰੀਕਾ ਤੋਂ ਸ਼ਹੀਦੀਆਂ ਦੇ ਵਾਅਦੇ ਕਰਕੇ ਆਉਣ ਦੀ ਕੀ ਲੋੜ ਸੀ। ਅਜਿਹੀ ਮਨ ਅੰਤਰ ਦੀ ਪੀੜਾ ਨੂੰ ਪਛਾਣਦਿਆਂ ਇਹ ਇਹ ਮਰਜੀਵੜੇ ਮੁੜ ਮੌਤ ਦੇ ਮੂੰਹ ਵਿੱਚ ਪਰਤਣ ਲਈ ਤਿਆਰ ਹੋਏ ਤੇ ਪੇਸ਼ਾਵਰ ਤੋਂ ਪੰਜਾਬ ਵੱਲ ਚੱਲ ਪਏ। ਤਿੰਨੇ ਸੂਰਮੇ 22ਵੇਂ ਰਸਾਲੇ ਦੇ ਘੋੜਿਆਂ ਦੇ ਫਾਰਮ ਕੋਲ ਚੱਕ ਨੰਬਰ ਪੰਜ, ਸਰਗੋਧਾ ਪਹੁੰਚੇ, ਜਿੱਥੋਂ ਉਨਾਂ ਹਥਿਆਰ ਲੈ ਕੇ ਆਪਣੇ ਬੰਦੀ ਸਾਥੀਆਂ ਨੂੰ ਛੁਡਾਉਣ ਦੀ ਯੋਜਨਾ ਬਣਾਈ, ਪਰ ਉਨ੍ਹਾਂ ਦੀ ਇਹ ਵਿਉਂਤ ਸਿਰੇ ਨਾ ਚੜ੍ਹੀ, ਕਿਉਂਕਿ ਇੱਕ ਹੋਰ ਗੱਦਾਰ ਗੰਡਾ ਸਿੰਘ ਰਸਾਲਦਾਰ ਨੇ 2 ਮਾਰਚ 1915 ਈਸਵੀ ਨੂੰ ਤਿੰਨੇ ਸੂਰਮਿਆਂ ਨੂੰ ਪੁਲਿਸ ਪਾਸ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਗ਼ਦਰੀ ਇਕੱਠੇ ਕਰਨ ਲਈ ਪੰਜਾਬ ਆ ਰਹੇ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਲੁਧਿਆਣਾ ਜ਼ਿਲਾ ਦੇ ਪਿੰਡ ਕਮਾਲਪੁਰਾ ਕੋਲੋਂ ਫੜ ਲਿਆ ਗਿਆ। ਦੂਜੇ ਪਾਸੇ ਸਾਜ਼ਿਸ਼ ਰਚਣ ਦੇ ਦੋਸ਼ ਅਧੀਨ ਮੀਆਂ ਜਵਾਹਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਕਿਲੇ ’ਚ ਹੀ ਨਜ਼ਰਬੰਦ ਕਰ ਦਿੱਤਾ ਗਿਆ। ਗ਼ਦਰ 1915 ਦੇ ਇਤਿਹਾਸ ਵਿੱਚ ਇਹ ਮੁਕੱਦਮਾ ‘ਮੰਡੀ ਸਾਜ਼ਿਸ਼ ਕੇਸ’ ਦੇ ਨਾਂ ਵਜੋਂ ਪ੍ਰਸਿੱਧ ਹੈ।

ਗ਼ਦਰ ਲਹਿਰ ਦੇ ਇਨਕਲਾਬੀਆਂ ਨੂੰ ਵੱਡੀ ਗਿਣਤੀ ਵਿੱਚ ਫੜੇ ਜਾਣ ਮਗਰੋਂ ਹਿੰਦ ਰੱਖਿਆ ਕਾਨੂੰਨ (ਡਿਫੈਂਸ ਆਫ਼ ਇੰਡੀਆ ਐਕਟ) ਦੀਆਂ ਧਾਰਾਵਾਂ ਅਨੁਸਾਰ ਬਹੁਤ ਸਾਰੇ ਮੁਕੱਦਮੇ ਚਲਾਏ ਗਏ। ਇਹਨਾਂ ਕੇਸਾਂ ਦਾ ਮੂਲ ਮੰਤਵ ‘ਇਨਕਲਾਬੀਆਂ ਨੂੰ ਆਜ਼ਾਦੀ ਸੰਗਰਾਮੀਆਂ ਸਾਬਤ ਕਰ ਕੇ ਸਜ਼ਾਵਾਂ ਦੇਣ ਦਾ ਨਹੀਂ, ਬਲਕਿ ਲੁਟੇਰੇ ਤੇ ਕਾਤਲ ਦਰਸਾ ਕੇ ਫਾਂਸੀਆਂ’ ਦੇਣ ਦਾ ਸੀ। ਜਿਵੇਂ ਅੱਜ ਵੀ ਇੰਡੀਅਨ ਫਾਸ਼ੀਵਾਦੀ ਸਰਕਾਰ ਖਿਲਾਫ ਦੇਸ਼ ਅੰਦਰ ਅਤੇ ਵਿਦੇਸ਼ ਵਿੱਚ ਲੜਨ ਵਾਲੇ ਯੋਧਿਆਂ ਨੂੰ, ਅੱਤਵਾਦੀ ਵੱਖਵਾਦੀਅਤੇ ਹਤਿਆਰੇ ਆਖ ਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਜਾਦੀਆਂ ਹਨ। ਇਹ ਮੁਕੱਦਮਾ 26 ਅਪਰੈਲ 1915 ਈਸਵੀ ਨੂੰ ਸੈਂਟਰਲ ਜੇਲ੍ਹ ਲਾਹੌਰ ’ਚ ਸ਼ੁਰੂ ਹੋਇਆ ਅਤੇ 13 ਸਤੰਬਰ 1915 ਈਸਵੀ ਨੂੰ ਬਾਦਸ਼ਾਹ ਬਨਾਮ ਆਨੰਦ ਕਿਸ਼ੋਰ ਤੇ ਹੋਰਨਾਂ ਦੇ ਨਾਂ ਅਧੀਨ ਅੰਕਿਤ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਇਸ ਮੁਕੱਦਮੇ ਵਿੱਚ 64 ਮੁਲਜ਼ਮ ਰੱਖੇ ਗਏ ਸਨ, ਜਿਹੜੀ ਗਿਣਤੀ ਉਸੇ ਵੇਲੇ ਪੂਰੇ ਦੇਸ਼ ’ਚ ਹੋਏ ਕਿਸੇ ਵੀ ਕੇਸ ’ਚ ਸ਼ਾਮਲ ਮੁਲਜ਼ਮਾਂ ਤੋਂ ਵੱਧ ਸੀ।

ਇਸ ਕੇਸ ਵਿੱਚ ਸੱਤ ਗ਼ਦਰੀ ਯੋਧਿਆਂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਭੱਟੀ ਗੁਰਾਇਆ, ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ ਗਿੱਲਵਾਲੀ, ਵਿਸ਼ਨੂੰ ਗਣੇਸ਼ ਪਿੰਗਲੇ ਪੂਨਾ, ਸੁਰੈਣ ਸਿੰਘ ਗਿਲਵਾਲੀ ਤੇ ਇੱਕ ਹੋਰ ਯੋਧੇ ਸੁਰੈਣ ਸਿੰਘ ਨੂੰ 16 ਨਵੰਬਰ 1915 ਈਸਵੀ ਨੂੰ ਫਾਂਸੀ ਦਿੱਤੀ ਗਈ। ਇਸ ਤੋਂ ਇਲਾਵਾ ਚਾਲੀ ਹੋਰਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਹੋਰ ਲੰਮੀਆਂ ਸਜ਼ਾਵਾਂ ਸੁਣਾਈਆਂ ਗਈਆਂ। ‘ਵਤਨ ਵਾਸੀਉ ਰੱਖਣਾ ਯਾਦ ਸਾਨੂੰ’ ਸ਼ਹੀਦ ਸਰਾਭੇ ਦੀ ਮਸ਼ਹੂਰ ਕਵਿਤਾ ਹੈ, (ਗਦਰੀਆਂ ਦੀ ਸਾਂਝੀ ਕਵਿਤਾ) ਜੋ ਪਾਠ ਪੁਸਤਕਾਂ ’ਚ ਵੀ ਪੜ੍ਹਾਈ ਜਾਂਦੀ ਹੈ, ਬੜੀ ਕਮਾਲ ਦੀ ਰਚਨਾ ਹੈ, ਜੋ ਇਨ੍ਹਾਂ ਗ਼ਦਰੀ ਯੋਧਿਆਂ ਨੇ ਫਾਂਸੀ ਦੇ ਰੱਸੇ ਚੁੰਮਣ ਤੋਂ ਕੁਝ ਦਿਨ ਪਹਿਲਾਂ ਸਾਂਝੇ ਤੌਰ ’ਤੇ ਤਿਆਰ ਕੀਤੀ ਸੀ ਅਤੇ ਮਿਲ ਕੇ ਗਾਇਨ ਕਰਦੇ ਸਨ। ਇਸ ਦੇ ਕੁਝ ਬੰਦ ਕੱਟ ਦਿੱਤੇ ਗਏ ਸਨ, ਪਰ ਕਿਰਤੀ ਅਖ਼ਬਾਰ ਦੇ ਅਗਸਤ- ਸਤੰਬਰ 1926 ਦੇ ਅੰਕ ਵਿੱਚ ਅਤੇ ‘ਭਾਈ ਮੋਹਨ ਸਿੰਘ ਵੈਦ’ ਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪਏ ‘ਕਿਰਤੀ’ ਦੇ ਅੰਕ ਇਤਿਹਾਸਕਾਰ ਰਾਜਵਿੰਦਰ ਸਿੰਘ ਰਾਹੀ ਦੀ ਮਦਦ ਨਾਲ, ਸਿੱਖ ਚਿੰਤਕ ਅਜਮੇਰ ਸਿੰਘ ਨੇ ਹਾਸਲ ਕਰਕੇ ਆਪਣੀ ਕਿਤਾਬ ‘ਤੂਫ਼ਾਨਾਂ ਦਾ ਸ਼ਾਹ ਅਸਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ’ ਵਿੱਚ ਪੰਨਾ 340 ’ਤੇ ਸ਼ਾਮਿਲ ਕੀਤੇ ਹਨ, ਜੋ ਕਿ ਮਨ ਨੂੰ ਹਲੂਣਾ ਦੇਣ ਵਾਲੇ ਹਨ। ਇਨ੍ਹਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਬਾਕੀ ਸਾਰੇ ਯੋਧੇ ਸਿੱਖੀ ਦੀ ਮਹਾਨ ਵਿਰਾਸਤ, ਇਤਿਹਾਸ ਅਤੇ ਸ਼ਹਾਦਤਾਂ ਤੋਂ ਸੇਧ ਲੈਂਦੇ ਪ੍ਰਤੀਤ ਹੁੰਦੇ ਹਨ:

**‘ਸਾਡੇ ਵੀਰਨੋ ਤੁਸਾਂ ਨਾ ਫਿਕਰ ਕਰਨਾ,**
**ਵਿਦਾ ਬਖ਼ਸ਼ਣੀ ਖ਼ੁਸ਼ੀ ਦੇ ਨਾਲ ਸਾਨੂੰ**
**ਫਾਂਸੀ ਤੋਪ ਬੰਦੂਕ ਤੇ ਤੀਰ ਬਰਛੀ,**
**ਕੱਟ ਸਕਦੀ ਨਹੀਂ ਤਲਵਾਰ ਸਾਨੂੰ**






ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸੱਤ ਆਜ਼ਾਦੀ ਨਾਇਕ, ਸ਼ਹੀਦ ਸਰਾਭਾ ਦੀ ਗਦਰੀ ਯੋਧਿਆਂ ਨੂੰ ਸੰਬੋਧਨ ਕਰਦਿਆਂ ਦੀ, ਚਿਤਰਕਾਰ ਜਰਨੈਲ ਸਿੰਘ ਵੱਲੋਂ ਤਿਆਰ ਕੀਤੀ ਪੇਂਟਿੰਗ।



ਕੈਨੇਡਾ ਦੇ ਸ਼ਹੀਦ ਲੂਈਸ ਰਿਆਲ ਦਾ ਹੈਨਰੀ ਜੇਮਜ਼ ਵੱਲੋਂ ਤਿਆਰ ਕੀਤਾ ਚਿੱਤਰ।

ਸਾਡੀ ਆਤਮਾ ਸਦਾ ਅਡੋਲ ਵੀਰੋ,
ਕਰੂ ਕੀ ਤੁਫੰਗ ਦਾ ਵਾਰ ਸਾਨੂੰ
ਖ਼ਾਤਰ ਧਰਮ ਦੀ ਪਿਤਾ ਨੇ ਪੁੱਤ ਵਾਰੇ,
ਦਿਸੇ ਚਮਕਦੀ ਨੇਕ ਮਿਸਾਲ ਸਾਨੂੰ।'
'ਸਾਡੇ ਵੀਰਨੋ ਤੁਸਾਂ ਨੇ ਖ਼ੁਸ਼ ਰਹਿਣਾ
ਅਸੀ ਆਪਣੀ ਆਪ ਨਿਭਾ ਦਿਆਂਗੇ
ਦੁੱਖ ਝੱਲਾਂਗੇ ਹੱਸਕੇ ਵਾਂਗ ਮਰਦਾਂ
ਨਾਲ ਖ਼ੁਸ਼ੀ ਦੇ ਸੀਸ ਲਹਾ ਦਿਆਂਗੇ
ਖ਼ਾਤਰ ਧਰਮ ਦੀ ਜਿੰਦ ਕੁਰਬਾਨ ਕਰਕੇ
ਜੜ੍ਹ ਜ਼ੁਲਮ ਦੀ ਪੁੱਟ ਦਿਖਾ ਦਿਆਂਗੇ
ਥੋੜੇ ਦਿਨਾਂ ਤਾਂਈ ਬੇੜਾ ਪਾਰ ਹੋਸੀ
ਸਰੋਂ ਹੱਥ ਤੇ ਅਸੀ ਜਮਾਂ ਦਿਆਂਗੇ'

ਗ਼ਦਰੀ ਯੋਧਿਆਂ ਦੀਆਂ ਸ਼ਹੀਦੀਆਂ ਬਸਤੀਵਾਦ ਦੇ ਖਿਲਾਫ ਸਨ, ਪਰ ਅੱਜ ਵੀ ਫਾਸ਼ੀਵਾਦ ਜ਼ੋਰਾਂ 'ਤੇ ਹੈ ਅਤੇ 'ਅਖੌਤੀ ਆਜ਼ਾਦੀ' ਦੇ ਬਾਵਜੂਦ ਭਾਰਤ ਅੰਦਰ ਘੱਟ- ਗਿਣਤੀਆਂ 'ਤੇ ਜ਼ੁਲਮ ਦਿਨੋਂ-ਦਿਨ ਵਧ ਰਹੇ ਹਨ। ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਦੀ ਰੂਹ ਅੱਜ ਦੇ ਅਖੌਤੀ ਲੋਕਤੰਤਰੀ ਆਗੂਆਂ ਨੂੰ ਲਾਅਣਤ ਪਾ ਰਹੀ ਹੈ ਕਿ ਉਨ੍ਹਾਂ ਨੂੰ ਕੋਈ ਹੱਕ ਨਹੀਂ ਅਜਿਹੇ ਯੋਧਿਆਂ ਦੇ ਸ਼ਹੀਦੀ ਦਿਨ ਮਨਾਉਣ ਦਾ, ਜਿਨ੍ਹਾਂ ਦੇ ਸਿਧਾਂਤਾਂ ਦੇ ਉਲਟ ਫਾਸ਼ੀਵਾਦੀ ਰਾਜ ਕਰ ਰਹੇ ਹਨ। ਇੱਥੇ ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਮੈਟੀਸ ਭਾਈਚਾਰੇ ਦੇ ਕੈਨੇਡਾ ਦੇ ਸ਼ਹੀਦ ਲੁਈਸ ਰਿਆਲ ਵਾਂਗ ਹੀ ਕੈਨੇਡਾ ਦੇ ਮਹਾਨ ਸਿੱਖ ਗ਼ਦਰੀ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੂੰ ਵੀ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਨੂੰ 11 ਜਨਵਰੀ 1915 ਵਿੱਚ ਨਿਊਵੈਸਟਮਨਿਸਟਰ, ਵੈਨਕੂਵਰ 'ਚ ਫਾਂਸੀ ਦਿੱਤੀ ਗਈ। ਸਵਾਲ ਇਹ ਹੈ ਕਿ ਕੀ ਲੂਈਸ ਰਿਆਲ ਵਾਂਗ ਸ਼ਹੀਦ ਮੇਵਾ ਸਿੰਘ ਨੂੰ ਵੀ ਕਦੇ ਇਸੇ ਤਰ੍ਹਾਂ ਯਾਦ ਕੀਤਾ ਜਾਏਗਾ? ਕੀ ਸਾਡੀ ਕੌਮ ਅਤੇ ਮਨੁੱਖੀ ਅਧਿਕਾਰ ਕਾਰਕੁਨ ਇਸ ਗੱਲ ਲਈ ਲਾਮਬੰਦੀ ਕਰਨਗੇ? ਕੀ ਸਾਡੇ ਸਿਆਸਤਦਾਨ ਚੁੱਪ ਤੋੜਨਗੇ ਅਤੇ ਪਾਰਲੀਮੈਂਟ ਜਾਂ ਵਿਧਾਨ ਸਭਾਵਾਂ ਚ ਕਦੇ ਭਾਈਮੇਵਾ ਸਿੰਘ ਦੀ ਸ਼ਹਾਦਤ ਸਮੇਤ, ਹੋਰਨਾਂ ਗਦਰੀ ਯੋਧਿਆਂ ਦੀਆਂ ਸ਼ਹੀਦੀਆਂ ਨੂੰ ਵੀ ਮਾਨਤਾ ਦੇਣਗੇ ਤੇ ਉਨ੍ਹਾਂ ਦੇ ਨਾਵਾਂ ਨਾਲ ਅਜੇ ਤੱਕ ਵਰਤੇ ਜਾ ਰਹੇ 'ਕਾਤਲ' ਸ਼ਬਦ ਹਟਾਉਣਗੇ? ਇਸ ਸਬੰਧ ਵਿਚ ਚਾਹੇ ਨਿਊਵੈਸਟਮਨਿਸਟਰ, ਬ੍ਰਿਟਿਸ਼ ਕੋਲੰਬੀਆ ਦੇ ਸਿਟੀ ਕੌਂਸਲਰ ਚੱਕਪਿੱਕਮਾਇਰ ਨੇ ਪਹਿਲਕਦਮੀ ਕਰਦਿਆਂ, ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ ਨਾਂ 'ਤੇ ਐਲਾਨਨਾਮਾ ਜਾਰੀ ਕਰਵਾਇਆ ਹੈ, ਪਰ ਹੁਣ ਇਸ ਕਾਰਜ ਨੂੰ ਬ੍ਰਿਟਿਸ਼ ਕੋਲੰਬੀਆ ਸੂਬਾਈ ਪੱਧਰ ਅਤੇ ਕੈਨੇਡਾ ਪੱਧਰ 'ਤੇ ਲਿਜਾਣ ਲਈ, ਸਾਡੇ ਸਮੂਹ ਸਿਆਸਤਦਾਨਾਂ ਨੂੰ ਅੱਗੇ ਨਿੱਤਰਨਾ ਚਾਹੀਦਾ ਹੈ।

16 ਨਵੰਬਰ ਨੂੰ 'ਲੁਈਸ ਡੇ' ਦੇ ਮੌਕੇ ਪ੍ਰਣ ਕਰਨਾ ਚਾਹੀਦਾ ਹੈ ਕਿ ਕਦੇ ਸ਼ਹੀਦ 'ਭਾਈ ਮੇਵਾ ਸਿੰਘ ਦਿਵਸ' ਅਤੇ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਦਿਹਾੜਾ ਵੀ ਕੈਨੇਡਾ ਭਰ ਵਿੱਚ ਮਨਾਇਆ ਜਾਏ। ਸਾਡੇ ਸਿਆਸੀ ਆਗੂ ਚੁੱਪ ਤੋੜਦਿਆਂ, ਸ਼ਹੀਦ ਭਾਈ ਮੇਵਾ ਸਿੰਘ ਨੂੰ, 'ਕੈਨੇਡਾ ਦਾ ਸ਼ਹੀਦ ਯੋਧਾ' ਆਖਣ ਦੀ ਹਿੰਮਤ ਕਰਨ। ਆਓ ਇਸ ਮਕਸਦ ਲਈ ਸਾਰੇ ਇਕਮੁੱਠ ਹੋ ਕੇ ਯਤਨ ਕਰੀਏ ਅਤੇ ਇਨ੍ਹਾ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰੀਏ। ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀਆਂ ਦੇ ਸ਼ਹੀਦੀ ਦਿਨ 'ਤੇ ਪ੍ਰਣ ਕਰਨਾ ਚਾਹੀਦਾ ਹੈ ਕਿ ਭਾਰਤ ਅੰਦਰ ਫਾਸ਼ੀਵਾਦੀ ਤਾਕਤਾਂ ਦਾ ਮੂੰਹ ਭੰਨਿਆ ਜਾਏ ਅਤੇ ਹੱਕਾਂ ਲਈ ਜੂਝ ਰਹੇ ਪੀੜਤ ਵਰਗ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ, ਸੰਘਰਸ਼ ਜਾਰੀ ਰੱਖਿਆ ਜਾਏ। ਕੌਮਾਂਤਰੀ ਪੱਧਰ ਤੇ ਜਿਵੇਂ ਅੱਜ ਇਜ਼ਰਾਇਲ ਵੱਲੋਂ ਫਲਸਤੀਨ 'ਤੇ ਹਮਲੇ ਕਰਕੇ, ਹਜ਼ਾਰਾਂ ਬੱਚਿਆਂ ਸਮੇਤ ਬੇਗੁਨਾਹ ਲੋਕਾਂ ਦੀ ਜਾਨ ਲਈ ਜਾ ਰਹੀ ਹੈ, ਉਸ ਖਿਲਾਫ਼ ਸੰਘਰਸ਼ ਛੇੜਿਆ ਜਾਏ ਅਤੇ ਗ਼ਦਰੀ ਯੋਧਿਆਂ ਦੇ ਸਿਧਾਂਤਾਂ ਦੀ ਡਟ ਕੇ ਪਹਿਰਾ ਦਿੱਤਾ ਜਾਏ। ਤਦ ਹੀ ਇਹ ਸ਼ਹੀਦੀ ਦਿਨ ਮਨਾਉਣੇ ਸਾਰਥਕ ਹੋ ਸਕਦੇ ਹਨ, ਨਹੀਂ ਤਾਂ ਇਹ ਸਿਰਫ ਰਸਮਾਂ ਹੀ ਹਨ, ਇਸ ਤੋਂ ਵੱਧ ਕੁਝ ਨਹੀਂ।

**ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁਢਲੀ, ਐਬਸਫੋਰਡ, ਕੈਨੇਡਾ**

## ਸਰੀ ਇਨਸਾਫ਼ ਰੈਲੀ ਦਾ ਮੁਲਾਂਕਣ :

# ਕੈਨੇਡਾ 'ਚ ਪੰਜਾਬੀਆਂ 'ਤੇ ਹਮਲੇ : ਜ਼ਿੰਮੇਵਾਰ ਤੇ ਜੁਆਬਦੇਹ ਕੌਣ ?

ਡਾ. ਗੁਰਵਿੰਦਰ ਸਿੰਘ
604 825 1550



ਕੈਨੇਡਾ ਦੀ ਧਰਤੀ 'ਤੇ ਦਿਨੋ-ਦਿਨ ਵਧ ਰਹੀਆਂ ਹਿੰਸਕ ਘਟਨਾਵਾਂ ਇਸ ਵੇਲੇ ਗੰਭੀਰ ਮੁੱਦਾ ਬਣ ਚੁੱਕੀਆਂ ਹਨ। ਸ਼ਾਇਦ ਹੀ ਕੋਈ ਦਿਨ ਖਾਲੀ ਜਾਂਦਾ ਹੋਵੇ, ਜਦੋਂ ਲੁੱਟ-ਖੋਹ, ਕਤਲ ਜਾਂ ਧਮਕੀਆਂ ਦੀ ਖ਼ਬਰ ਮੀਡੀਆ 'ਚ ਸੁਰਖ਼ੀ ਨਾ ਬਣੇ। ਵਾਰਦਾਤ ਵਾਪਰਦੇ ਸਾਰ ਹੀ ਭਾਰਤ ਦਾ ਲਾਰੈਂਸ ਬਿਸ਼ਨੋਈ ਜਾਂ ਕੋਈ ਹੋਰ, ਉਸ ਦੀ ਜ਼ਿੰਮੇਵਾਰੀ ਸ਼ਰੇਆਮ ਲੈਂਦਾ ਹੈ। ਇਸ ਦੀ ਪਹਿਲੀ ਖ਼ਬਰ ਵੀ ਭਾਰਤੀ ਮੀਡੀਆ ਕੋਲੋਂ ਹੀ ਮਿਲਦੀ ਹੈ। ਪੁਲਿਸ, ਪ੍ਰਸ਼ਾਸ਼ਨ, ਸੂਬਾ ਸਰਕਾਰਾਂ ਜਾਂ ਫੈਡਰਲ ਸਰਕਾਰ ਹਿੰਸਾ ਨੂੰ ਨੱਥ ਪਾਉਣ 'ਚ ਅਸਫਲ ਸਾਬਿਤ ਹੋਏ ਹਨ। ਲੋਕਾਂ ਅੰਦਰ ਸਹਿਮ ਦਾ ਮਾਹੌਲ ਹੈ। ਖਾਸ ਕਰਕੇ, ਕੈਨੇਡਾ ਵਸਦਾ ਪੰਜਾਬੀ ਭਾਈਚਾਰਾ ਇਸ ਵੇਲੇ ਨਿਰਾਸ਼ਾ ਦੇ ਆਲਮ ਵਿਚ ਹੈ। ਵਧੇਰੇ ਕਰਕੇ ਪੰਜਾਬੀ ਕਾਰੋਬਾਰੀ ਅਤੇ ਆਗੂ ਇਨ੍ਹਾਂ ਵਾਰਦਾਤਾਂ ਦਾ ਨਿਸ਼ਾਨਾ ਬਣ ਰਹੇ ਹਨ। ਉਹ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਇਨ੍ਹੀਂ ਦਿਨੀਂ ਐਬਸਫੋਰਡ, ਬੀਸੀ ਵਾਸੀ ਨਾਮਵਰ ਸ਼ਖ਼ਸੀਅਤ ਦਰਸ਼ਨ ਸਿੰਘ ਸਾਹਸੀ ਦੀ ਦਿਨ-ਦਿਹਾੜੇ, ਘਰ ਦੇ ਡਰਾਈਵ ਵੇਅ 'ਤੇ ਗੱਡੀ 'ਚ ਬੈਠਦਿਆਂ ਗੋਲੀਆ ਮਾਰ ਕੇ ਕੀਤੀ ਹੱਤਿਆ ਨੇ ਤਾਂ ਲੋਕਾਂ ਨੂੰ ਧੁਰ ਤੱਕ ਹਿਲਾ ਦਿੱਤਾ ਹੈ। ਪਰਿਵਾਰ ਤੇ ਭਾਈਚਾਰੇ ਦੀ ਇਸੇ ਚਿੰਤਾ 'ਚੋਂ 'ਇਨਸਾਫ ਰੈਲੀ' ਉਲੀਕੀ ਗਈ ਸੀ, ਜਿਸ ਦੌਰਾਨ ਤਾਜ ਕਨਵੈਨਸ਼ਨ ਸੈਂਟਰ, ਸਰੀ 'ਚ ਪੰਜਾਬੀਆਂ ਦਾ ਵੱਡਾ ਇਕੱਠ ਹੋਇਆ। ਇਨਸਾਫ਼ ਰੈਲੀ 'ਚ ਸ਼ਾਮਿਲ ਹਰੇਕ ਵਿਅਕਤੀ ਦੇ ਮਨ 'ਚ ਪ੍ਰਮੁਖ ਸੁਆਲ ਇਹ ਸਨ;

ਕੈਨੇਡਾ ਸਰਕਾਰ ਅਪਰਾਧੀਆਂ ਨੂੰ ਸਖ਼ਤ ਸਜਾਵਾਂ ਦੇਣ ਲਈ ਕਾਨੂੰਨੀ ਸੋਧਾਂ ਕਿਉਂ ਨਹੀਂ ਕਰ ਰਹੀ? ਕੈਨੇਡਾ ਵਸਦੇ ਪੰਜਾਬੀਆਂ 'ਤੇ ਹੋ ਰਹੇ ਹਮਲਿਆਂ ਦੇ ਮੁੱਦੇ ਨੂੰ 'ਪੰਜਾਬੀਆਂ ਦਾ ਮਸਲਾ' ਕਿਉਂ ਸਮਝਿਆ ਜਾ ਰਿਹਾ ਹੈ? ਇਸ ਮਸਲੇ ਨੂੰ 'ਕੈਨੇਡੀਅਨ ਮੁੱਦਾ' ਕਿਉਂ ਨਹੀਂ ਮੰਨਿਆ ਜਾ ਰਿਹੈ? ਲੋਕ ਇਹ ਮਹਿਸੂਸ ਕਰਦੇ ਹਨ ਕਿ ਪੰਜਾਬੀਆਂ 'ਤੇ ਹੁੰਦੇ ਹਮਲਿਆਂ ਨੂੰ ਸਖਤੀ ਨਾਲ ਰੋਕਣ ਲਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਇਹ ਕਹਿਣ ਵਿਚ ਵੀ ਕੋਈ ਗੁਰੇਜ ਨਹੀਂ ਕਿ ਜੇਕਰ ਅਜਿਹਾ ਦੁਖਾਂਤ 'ਮੇਨ ਸਟਰੀਮ' ਭਾਈਚਾਰੇ 'ਚ ਵਾਪਰਿਆ ਹੋਵੇ, ਤਾਂ ਉਸ ਵੇਲੇ ਸਰਕਾਰ ਤੇ ਪ੍ਰਸ਼ਾਸਨ ਦੀ ਕਾਰਵਾਈ 'ਜ਼ੀਰੋ ਟੌਲਰੈਂਸ' ਵਾਲੀ ਹੋਵੇਗੀ।

ਕੈਨੇਡਾ 'ਚ ਅਜਿਹੇ ਦੋਹਰੇ ਮਾਪਦੰਡ ਕਿਉਂ? ਇਹ ਵਰਤਾਰਾ ਨਸਲਵਾਦ ਤੋਂ ਘੱਟ ਨਹੀਂ। ਕੈਨੇਡਾ ਵਸਦੇ ਪੰਜਾਬੀ ਵਿਦੇਸ਼ੀ ਨਹੀਂ, ਸਗੋਂ ਉਹ ਕੈਨੇਡੀਅਨ ਹਨ। ਉਹ ਕੈਨੇਡਾ ਦੀ ਤਰੱਕੀ 'ਚ ਹਰ ਪੱਧਰ 'ਤੇ ਵਧ-ਚੜ੍ਹ ਕੇ ਹਿੱਸਾ ਪਾ ਰਹੇ ਹਨ। ਮਿਹਨਤ ਕਰ ਕੇ ਵੱਧ ਤੋਂ ਵੱਧ ਟੈਕਸ ਅਦਾ ਕਰ ਰਹੇ ਹਨ। ਅਣਥੱਕ ਕਮਾਈ ਕਰ ਰਹੇ ਹਨ ਤੇ ਪਰਿਵਾਰ ਪਾਲ ਰਹੇ ਹਨ। ਇਸ ਦੇ ਬਾਵਜੂਦ ਉਹਨਾਂ ਨੂੰ ਇਨਸਾਫ਼ ਨਾ ਮਿਲਣਾ ਨੰਗਾ ਚਿੱਟਾ ਵਿਤਕਰਾ ਹੈ। ਪੰਜਾਬੀਆਂ 'ਤੇ ਕੈਨੇਡਾ 'ਚ ਹੋ ਰਹੀ ਹਿੰਸਾ ਨੂੰ 'ਕੈਨੇਡੀਅਨ ਮਸਲਾ' ਮੰਨ ਕੇ ਹੱਲ ਕਰਨ ਤੋਂ ਬਗ਼ੈਰ, ਇਹ ਸਮੱਸਿਆ ਖਤਮ ਨਹੀਂ ਹੋਵੇਗੀ।

ਕੈਨੇਡਾ ਦੀ ਧਰਤੀ 'ਤੇ ਸ਼ਹਿਰੀ, ਸੂਬੇ ਤੇ ਫੈਡਰਲ ਪੱਧਰ 'ਤੇ ਚੁਣੇ ਨੁਮਾਇੰਦਿਆਂ ਵਿਚ ਵੱਡੀ ਗਿਣਤੀ 'ਚ ਪੰਜਾਬੀ ਮੂਲ ਦੇ ਸਿਆਸਤਦਾਨ ਹਨ। ਕੈਨੇਡਾ ਉਹਨਾਂ ਨੂੰ ਬਹੁ-ਸਭਿਆਚਾਰਕ ਪ੍ਰਾਪਤੀ ਦੇ ਵਜੋਂ ਪ੍ਰਚਾਰਦਾ ਹੈ। ਸਾਡੇ ਭਾਈਚਾਰੇ 'ਚੋਂ ਚੁਣੇ ਰਾਜਸੀ ਨੁਮਾਇੰਦਿਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕੈਨੇਡਾ ਦੇ ਬਾਕੀ ਸਾਰੇ ਮੁੱਦਿਆਂ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਦੇ ਮਸਲੇ ਵੀ ਜ਼ਰੂਰ ਉਠਾਉਣ।

ਇਸ ਵੇਲੇ ਕੈਨੇਡਾ ਵਾਸਤੇ ਪੰਜਾਬੀਆਂ 'ਤੇ ਹੋ ਰਹੇ ਹਿੰਸਕ ਹਮਲਿਆਂ ਦਾ ਮਸਲਾ ਪ੍ਰਮੁਖ ਹੈ ਤੇ ਸਾਡੇ ਆਗੂਆਂ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਲੁੱਟਾਂ-ਖੋਹਾਂ, ਧਮਕੀਆਂ ਅਤੇ ਕਤਲਾਂ ਮਸਲੇ ਨੂੰ ਵੱਡੇ ਪੱਧਰ 'ਤੇ ਉਠਾਉਂਦੇ, ਪਰ ਉਹ ਅਜਿਹਾ ਕਰਨ 'ਚ ਫੇਲ੍ਹ ਰਹੇ ਹਨ। ਪੰਜਾਬੀ ਭਾਈਚਾਰਾ ਆਪਣੇ ਸਿਆਸਤਦਾਨਾਂ ਤੋਂ ਜ਼ਿਆਦਾ ਉਮੀਦ ਰੱਖਦਾ ਹੈ ਅਤੇ ਆਪਣੇ ਸਿਆਸਤਦਾਨਾਂ ਤੇ ਵੱਧ ਇਤਰਾਜ਼ ਇਹ ਹੋਣਾ ਸੁਭਾਵਿਕ ਹੈ, ਕਿਉਂਕਿ ਉਹਨਾਂ ਦੀ ਚੋਣ ਵਿਚ ਭਾਈਚਾਰਾ ਵੱਧ ਤੋਂ ਵੱਧ ਜ਼ੋਰ ਲਾਉਂਦਾ ਹੈ। ਜਦੋਂ ਸਿਆਸਤਦਾਨ ਮੂੰਹ 'ਚ ਘੁੱਗੂਣੀਆਂ ਪਾ ਲੈਣ, ਤਾਂ ਫੇਰ ਲੋਕਾਂ ਦੀ ਪੀੜ ਦਾ ਹੱਲ ਕਿਵੇਂ ਨਿਕਲੇਗਾ?



ਪੰਜਾਬੀ ਭਾਈਚਾਰੇ ਦੇ ਸਿਆਸਤਦਾਨਾਂ ਨੂੰ ਬਗੈਰ ਦੇਰੀ ਕੀਤਿਆਂ, ਆਪਣੀਆਂ ਪਾਰਟੀਆਂ ਦੇ ਹੋਰਨਾਂ ਚੁਣੇ ਨੁਮਾਇੰਦਿਆਂ ਅਤੇ ਪਾਰਟੀ ਲੀਡਰਾਂ ਤੱਕ ਲੋਕਾਂ ਦੀ ਆਵਾਜ਼ ਪਹੁੰਚਾਉਣੀ ਚਾਹੀਦੀ ਹੈ। ਜੇਕਰ ਫਿਰ ਵੀ ਉਹਨਾਂ ਦੀ ਸੁਣਵਾਈ ਨਹੀਂ ਹੁੰਦੀ, ਤਾਂ ਪਾਰਟੀ ਕੋਲ ਇਤਰਾਜ਼ ਪ੍ਰਗਟਾਉਣ ਤੇ ਦਬਾਉ ਬਣਾਉਣ ਦਾ ਹਰ ਹੀਲਾ ਵਰਤਣਾ ਚਾਹੀਦਾ ਹੈ। ਸੱਚ ਇਹ ਹੈ ਕਿ ਰਾਜ-ਸੱਤਾ ਦੀ ਕੁਰਸੀ 'ਤੇ ਬੈਠ ਕੇ, ਲੋਕਾਂ ਵੱਲ ਪਿੱਠ ਕਰ ਲੈਣਾ ਨਾ-ਮੁਆਫ਼ੀ ਯੋਗ ਗੁਨਾਹ ਹੈ ਤੇ ਅਜਿਹਾ ਕਰਨ ਤੋਂ ਪਹਿਲਾਂ ਅਹੁਦੇ ਤੋਂ ਲਾਂਭੇ ਹੋ ਜਾਣਾ ਬਿਹਤਰ ਹੈ।

**'ਕੁਰਸੀ ਹੈ, ਤੁਮਰਾ ਜਨਾਜ਼ਾ ਤੋਂ ਨਹੀਂ,**
**ਕੁਛ ਕਰ ਨਹੀਂ ਸਕਤੇ, ਤੋ ਉਤਰ ਕਿਉਂ ਨਹੀਂ ਜਾਤੇ।'**
(ਸ਼ਾਇਰ ਇਰਤਜ਼ਾ ਨਿਸ਼ਾਤ)

ਪੰਜਾਬੀ ਭਾਈਚਾਰੇ ਦਾ ਵੀ ਇਹ ਫਰਜ਼ ਬਣਦਾ ਹੈ ਕਿ ਕੈਨੇਡਾ 'ਚ ਹੋ ਰਹੀ ਹਿੰਸਾ ਲਈ ਜਵਾਬਦੇਹ ਕੇਵਲ ਆਪਣੇ ਰੰਗ ਦੇ ਹੀ ਸਿਆਸਤਦਾਨਾਂ ਨੂੰ ਨਾ ਬਣਾਇਆ ਜਾਵੇ। ਇਸ ਲਈ ਜ਼ਿੰਮੇਵਾਰ ਆਪੋ-ਆਪਣੇ ਹਲਕੇ ਦੇ ਹਰ ਚੁਣੇ ਸਿਆਸੀ ਆਗੂ ਨੂੰ ਬਣਾਇਆ ਜਾਵੇ, ਚਾਹੇ ਉਹ ਕਿਸੇ ਵੀ ਰੰਗ ਨਸਲ, ਬੋਲੀ ਅਤੇ ਪਾਰਟੀ ਨਾਲ ਸਬੰਧ ਰੱਖਦਾ ਹੋਵੇ। ਸਾਡਾ ਭਾਈਚਾਰਾ ਇਸ ਮਾਮਲੇ 'ਚ ਦੋਹਰੇ ਮਾਪਦੰਡ ਵਰਤਦਾ ਹੈ। ਉਹ ਆਪਣਿਆਂ ਦੇ ਗਲ 'ਚ ਸਾਫ਼ਾ ਤਾਂ ਪਾ ਲੈਂਦਾ ਹੈ, ਪਰ ਦੂਜਿਆਂ ਨੂੰ ਜਵਾਬਦੇਹ ਨਹੀਂ ਠਹਿਰਾਉਂਦਾ। ਇਸ ਕਾਰਨ ਹੀ ਬਾਕੀ ਸਿਆਸਤਦਾਨ ਸਾਨੂੰ ਸੰਜੀਦਗੀ ਨਾਲ ਨਹੀਂ ਲੈਂਦੇ।

ਉਨ੍ਹਾਂ 'ਚੋਂ ਬਹੁਤੇ ਤਾਂ ਇਥੋਂ ਤੱਕ ਮੰਨਦੇ ਹਨ ਕਿ ਹਮਲੇ ਹੋ ਵੀ ਪੰਜਾਬੀਆਂ 'ਤੇ ਰਹੇ ਹਨ, ਹਮਲੇ ਕਰਨ ਵਾਲੇ ਵੀ ਪੰਜਾਬੀ ਜਾਂ ਭਾਰਤੀ ਹੀ ਹਨ ਅਤੇ ਰਾਜਸੀ ਪੱਧਰ 'ਤੇ ਲੋਕ ਜਵਾਬ ਵੀ ਪੰਜਾਬੀ ਜਾਂ ਭਾਰਤੀ ਰਾਜਨੀਤਕਾਂ ਤੋਂ ਹੀ ਪੁੱਛਣਗੇ। ਇਸ ਕਰਕੇ ਹੋਰਨਾਂ ਕੈਨੇਡੀਅਨ ਸਿਆਸਤਦਾਨਾਂ ਨੂੰ ਲੋਕਾਂ ਤੋਂ ਡਰਨ ਦੀ ਲੋੜ ਨਹੀਂ। ਸੱਚ ਤਾਂ ਇਹ ਹੈ ਕਿ ਪੰਜਾਬੀ ਜਦੋਂ ਤੱਕ ਹਰੇਕ ਲੀਡਰ ਨੂੰ ਕਟਿਹਰੇ 'ਚ ਖੜ੍ਹਾ ਨਹੀਂ ਕਰਦੇ, ਉਦੋਂ ਤੱਕ ਇਨਸਾਫ ਨਹੀਂ ਮਿਲਣਾ।

ਇਕ ਹੋਰ ਵੱਡਾ ਸੁਆਲ ਇਹ ਹੈ ਕਿ ਹਿੰਸਕ ਹਮਲਿਆਂ ਦੀ ਜ਼ਿੰਮੇਵਾਰੀ ਕੌਣ ਲੈ ਰਿਹਾ ਹੈ? ਬਿਨਾ ਸ਼ੱਕ, ਭਾਰਤ ਵਿਚ ਗੁਜਰਾਤ ਦੀ ਜੇਲ੍ਹ ਅੰਦਰ ਬੰਦ ਬਿਸ਼ਨੋਈ ਗੈਂਗ ਦਾ ਸਰਗਨਾ ਲਾਰੇਂਸ ਬਿਸ਼ਨੋਈ।

ਚਾਹੇ ਕੈਨੇਡਾ ਸਰਕਾਰ ਨੇ ਸੂਬਾ ਸਰਕਾਰਾਂ ਦੇ ਦਬਾਓ ਮਗਰੋਂ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨ ਦਿੱਤਾ ਹੈ, ਪਰ ਕੀ ਅਜਿਹਾ ਕਰਨ ਨਾਲ ਹਿੰਸਾ ਰੁਕ ਗਈ ਹੈ? ਲੁੱਟਾਂ-ਖੋਹਾਂ ਬੰਦ ਹੋ ਗਈਆਂ ਹਨ? ਹੁਣ ਕਤਲ ਨਹੀਂ ਹੋ ਰਹੇ? ਸੱਚ ਇਹ ਹੈ ਕਿ ਸਭ ਕੁਝ ਪਹਿਲਾਂ ਵਾਂਗ ਹੀ ਜਾਰੀ ਹੈ। ਇਹ ਸਰਕਾਰ ਦੀ ਅਸਫਲਤਾ ਨਹੀਂ, ਤਾਂ ਹੋਰ ਕੀ ਹੈ?

ਕੈਨੇਡਾ ਤੇ ਭਾਰਤ 'ਚ ਅਪਰਾਧੀਆਂ ਦੀ ਹਵਾਲਗੀ ਦੀ ਸੰਧੀ ਹੈ। ਕੀ ਕੈਨੇਡਾ ਲਾਰੇਂਸ ਬਿਸ਼ਨੋਈ ਜਾਂ ਹੋਰ ਜ਼ਿੰਮੇਵਾਰ ਸਰਗਨੇ ਦੀ ਹਵਾਲਗੀ ਦੀ ਭਾਰਤ ਤੋਂ ਮੰਗ ਨਹੀਂ ਕਰ ਸਕਦਾ? ਇਸ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਜੇਲ੍ਹ 'ਚ ਬੰਦ ਅਪਰਾਧੀ ਕੋਲ ਕੈਨੇਡਾ 'ਚ ਹਮਲੇ ਕਰਵਾਉਣ ਦੀ ਏਨੀ ਤਾਕਤ ਕਿਥੋਂ ਆ ਗਈ ਹੈ? ਇਸਦਾ ਸੱਚ ਜਾਨਣ ਲਈ ਕੈਨੇਡਾ ਨੂੰ ਆਪਣੀ ਹੀ ਖੁਫੀਆ ਏਜੰਸੀ 'ਸੀਸਿਜ਼' ਅਤੇ ਪੁਲਿਸ 'ਆਰ. ਸੀ. ਐਸ. ਪੀ.' ਦੇ ਦਸਤਾਵੇਜ਼ਾਂ ਨੂੰ ਅੱਖੋ ਪਰੋਖੇ ਕਿਉਂ ਕਰ ਰਹੀ ਹੈ? ਇਨ੍ਹਾਂ ਦਸਤਾਵੇਜ਼ਾਂ 'ਚ ਕੈਨੇਡਾ ਦੀ ਧਰਤੀ 'ਤੇ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਪਿੱਛੇ ਭਾਰਤੀ ਏਜੰਸੀਆਂ ਦੇ ਹੱਥ ਹੋਣ ਦੇ ਸਨਸਨੀਖੇਜ਼ ਪ੍ਰਗਟਾਵੇ ਹਨ।

ਭਾਈ ਨਿੱਜਰ ਕਤਲ 'ਚ ਫੜੇ ਗਏ ਕਥਿਤ ਚਾਰ ਦੋਸ਼ੀ ਬੇਸ਼ੱਕ ਬਿਸ਼ਨੋਈ ਗੈਂਗ ਨਾਲ ਸਬੰਧਤ ਦੱਸੇ ਗਏ ਹਨ, ਪਰ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਲੀਮੈਂਟ 'ਚ ਖੁੱਲ੍ਹ ਕੇ ਕਿਹਾ ਸੀ ਕਿ ਕੈਨੇਡੀਅਨ ਨਾਗਰਿਕ ਦੀ ਕੈਨੇਡਾ ਦੀ ਧਰਤੀ 'ਤੇ ਹੱਤਿਆ ਦਾ ਦੋਸ਼ ਭਾਰਤ ਸਰਕਾਰ ਦੇ ਏਜੰਟਾਂ ਦੇ ਸਿਰ 'ਤੇ ਹੈ।' ਹੁਣ ਤਾਂ ਬਲੂਮਵਰਗ ਦੀ ਰਿਪੋਰਟ ਨੇ ਇਸ ਗੱਲ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਹੈ ਕਿ ਕੈਨੇਡਾ 'ਚ ਸਿੱਖ ਆਗੂ ਦੀ ਹੱਤਿਆ ਤੋਂ ਇਲਾਵਾ, ਇੰਗਲੈਂਡ ਤੇ ਅਮਰੀਕਾ 'ਚ ਵੀ ਖਾਲਿਸਤਾਨੀ ਸਿੱਖਾਂ ਖਿਲਾਫ ਹਮਲਿਆਂ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਕਿਸ ਹੱਦ ਤੱਕ ਹੈ।

ਹੈਰਾਨੀ ਇਸ ਗੱਲ ਦੀ ਹੈ ਕਿ ਇਹ ਸਭ ਕੁਝ ਜਾਣਦਿਆਂ ਵੀ ਆਪਣੇ ਹੀ ਸਾਬਕਾ ਪ੍ਰਧਾਨ ਮੰਤਰੀ ਦੇ ਦਾਅਵਿਆਂ ਦੇ ਉਲਟ ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਤੇ ਵਿਦੇਸ਼ੀ ਮੰਤਰੀ ਅਨੀਤਾ ਆਨੰਦ ਕੈਨੇਡਾ ਦੀ ਧਰਤੀ 'ਤੇ, ਇਸ ਸਮੇਂ ਭਾਰਤੀ ਵਿਦੇਸ਼ ਮੰਤਰੀ ਜੈ ਸ਼ੰਕਰ ਪ੍ਰਸਾਦ ਦਾ ਸੁਆਗਤ ਤਾਂ ਕਰ ਰਹੇ ਹਨ, ਪਰ ਵਿਦੇਸ਼ੀ ਦਖਲ ਅੰਦਾਜ਼ੀ ਲਈ ਜਵਾਬਦੇਹ ਨਹੀਂ ਬਣਾ ਰਹੇ। ਜਦੋਂ ਤੱਕ ਕੈਨੇਡਾ 'ਚ ਵਿਦੇਸ਼ੀ ਦਖਲ-ਅੰਦਾਜ਼ੀ ਹੁੰਦੀ ਰਹੇਗੀ, ਉਦੋਂ ਤੱਕ ਹੱਤਿਆਵਾਂ ਤੇ ਲੁੱਟਾਂ-ਖੋਹਾਂ ਦੀਆਂ ਕਾਰਵਾਈਆਂ ਵੀ ਹੁੰਦੀਆਂ ਰਹਿਣਗੀਆਂ।

ਇਨਸਾਫ਼ ਰੈਲੀ 'ਚ ਜ਼ੋਰਦਾਰ ਢੰਗ ਨਾਲ ਇੱਕ ਹੋਰ ਮਸਲਾ ਉੱਭਰਿਆ ਹੈ ਕਿ ਸਮੂਹ ਪੰਜਾਬੀ ਭਾਈਚਾਰਾ ਆਪਣੀ ਇੱਕਜੁੱਟਤਾ ਵਿਖਾਏ। ਜਿਥੇ ਸਿਆਸਤ ਪੱਖੋਂ ਪੰਜਾਬੀ ਨੁਮਾਇੰਦਿਆਂ ਦੀ ਏਕਤਾ ਦੀ ਲੋੜ ਜ਼ਰੂਰੀ ਹੈ, ਜਿੱਥੇ ਮੀਡੀਆ ਪੱਖੋਂ ਪੰਜਾਬੀ ਅਦਾਰਿਆਂ ਦੀ ਏਕਤਾ ਜ਼ਰੂਰੀ ਹੈ, ਉੱਥੇ ਹੀ ਪੰਜਾਬੀ ਭਾਈਚਾਰੇ ਦੇ ਸਾਰੇ ਧੜਿਆਂ ਤੇ ਧਰਮਾਂ ਦੇ ਲੋਕਾਂ ਨੂੰ ਇੱਕ ਮੁੱਠ ਹੋਣਾ ਪਵੇਗਾ। ਮੁੱਦਿਆਂ ਤੇ ਆਪਣੇ ਵਿਚਾਰਾਂ ਦੇ ਵਖਰੇਵਿਆਂ ਦੇ ਬਾਵਜੂਦ ਕਤਲਾਂ, ਲੁੱਟਾਂ-ਖੋਹਾਂ ਤੇ ਧਮਕੀਆਂ ਦੇ ਮਾਮਲੇ 'ਚ ਸਿਰ-ਜੋੜ ਕੇ ਬੈਠਣਾ ਪਵੇਗਾ। ਅੱਜ ਜੇਕਰ ਅਸੀਂ ਦੂਜਿਆਂ ਲਈ ਨਹੀਂ ਬੋਲਾਂਗੇ, ਤਾਂ ਕੱਲ੍ਹ ਕੋਈ ਸਾਡੇ ਲਈ ਨਹੀਂ ਬੋਲੇਗਾ।

ਸੰਸਾਰ ਪ੍ਰਸਿੱਧ ਚਿੰਤਕ ਮਾਰਟਨ ਨਿਮੋਲਰ ਦੇ ਕਥਨ ਨੂੰ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ 'ਤੇ ਹੋ ਰਹੇ ਹਮਲਿਆਂ ਦੇ ਪ੍ਰਸੰਗ 'ਚ ਇਸ ਤਰ੍ਹਾਂ ਬਿਆਨਿਆ ਜਾ ਸਕਦਾ ਹੈ :

**'ਪਹਿਲਾਂ ਉਹ ਹਰਦੀਪ ਸਿੰਘ ਨਿੱਝਰ ਲਈ ਆਏ,**
**ਤੇ ਮੈਂ ਨਾ ਬੋਲਿਆ,**
**ਕਿਉਂਕਿ ਮੈਂ ਖਾਲਿਸਤਾਨੀ ਨਹੀਂ ਸੀ।**
**ਫੇਰ ਉਹ ਸਤੀਸ਼ ਕੁਮਾਰ ਸ਼ਰਮਾ ਲਈ ਆਏ,**
**ਤੇ ਮੈਂ ਨਾ ਬੋਲਿਆ,**
**ਕਿਉਂਕਿ ਮੈਂ ਹਿੰਦੂ ਨਹੀਂ ਸੀ।**
**ਫੇਰ ਉਹ ਕੁਲਵੰਤ ਢੇਸੀ ਲਈ ਆਏ,**
**ਤੇ ਮੈਂ ਨਾ ਬੋਲਿਆ,**
**ਕਿਉਂਕਿ ਮੈਂ ਮਾਡਰੇਟ ਸਿੱਖ ਨਹੀਂ ਸੀ।**
**ਫੇਰ ਉਹ ਦਰਸ਼ਨ ਸਾਹਸੀ ਲਈ ਆਏ,**
**ਤੇ ਮੈਂ ਨਾ ਬੋਲਿਆ,**
**ਕਿਉਂਕਿ ਮੈਂ ਕਾਰੋਬਾਰੀ ਨਹੀਂ ਸੀ।**
**ਫੇਰ ਉਹ ਮੇਰੇ ਲਈ ਆਏ,**
**ਤੇ ਹੁਣ ਕੋਈ ਨਹੀਂ ਸੀ ਬਚਿਆ,**
**ਜੋ ਮੇਰੇ ਲਈ ਬੋਲ ਸਕੇ।'**





# ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਸ਼ਰਧਾ ਤੇ ਸੇਵਾ ਭਾਵਨਾ ਨਾਲ ਮਨਾਇਆ ਗਿਆ





ਸਿਲੀਕਾਨ ਵੈਲੀ (ਕੈਲੀਫੋਰਨੀਆ), (ਸਾਡੇ ਲੋਕ) : ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ, ਕੈਲੀਫੋਰਨੀਆ ਵਿਖੇ ਸਿੱਖ ਧਰਮ ਦੇ ਬਾਨੀ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਬੜੀ ਹੀ ਸ਼ਰਧਾ, ਪਿਆਰ ਅਤੇ ਸੇਵਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂਘਰ ਹਾਜ਼ਰੀ ਭਰੀ, ਗੁਰਬਾਣੀ ਕੀਰਤਨ ਦਾ ਅਨੰਦ ਮਾਣਿਆ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸਮਾਗਮ ਦੌਰਾਨ ਸੇਵਾਦਾਰਾਂ ਵੱਲੋਂ ਤਨ-ਮਨ ਨਾਲ ਸੇਵਾ ਕੀਤੀ ਗਈ। ਸਵੇਰ ਤੋਂ ਹੀ ਸੰਗਤਾਂ ਗੁਰੂਘਰ ਪਹੁੰਚੀਆਂ ਅਤੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਆਪਣੀ ਅਟੁੱਟ ਸ਼ਰਧਾ ਦਾ ਪ੍ਰਗਟਾਵਾ ਕੀਤਾ। ਪੂਰੇ ਪਰਿਸਰ ਵਿੱਚ ਧਾਰਮਿਕ ਮਹੌਲ ਅਤੇ ਭਗਤੀ ਭਾਵਨਾ ਦਾ ਸੁਹਣਾ ਮਿਲਾਪ ਦਿੱਖ ਰਿਹਾ ਸੀ।



ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਸੰਗਤਾ ਨੇ ਮੋਮਬੱਤੀਆਂ ਦੀਵੇ ਜਗਾਕੇ ਸੇਵਾ ਕੀਤੀ। ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਕੈਲੀਫੋਰਨੀਆ ਵਿਖੇ ਗ੍ਰੰਥੀ ਸਿੰਘ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਪੂਰੀ ਮਨੁੱਖਤਾ ਲਈ ਰਾਹ-ਦਿਖਾਉਣ ਵਾਲੇ ਹਨ। ਉਨ੍ਹਾਂ ਨੇ ਮਨੁੱਖੀ ਸਮਾਜ ਵਿੱਚ ਜਾਤ-ਪਾਤ, ਉਚ-ਨੀਚ ਤੇ ਭੇਦਭਾਵ ਦੀਆਂ ਰੁਕਾਵਟਾਂ ਨੂੰ ਦੂਰ ਕਰਕੇ ਇਕਤਾ ਅਤੇ ਪ੍ਰੇਮ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਦੇਵ ਮਹਾਰਾਜ ਨੇ ਸਾਨੂੰ ਸੱਚ









ਮਹਾਨ ਸਮਾਗਮ ਦੀਆਂ ਝਲਕੀਆਂ ਤਸਵੀਰਾਂ ਦੀ ਜੁਬਾਨੀ



# ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਸ਼ਰਧਾ ਤੇ ਸੇਵਾ ਭਾਵਨਾ ਨਾਲ ਮਨਾਇਆ ਗਿਆ





ਦੇ ਮਾਰਗ ’ਤੇ ਤੁਰਨ, ਨਾਮ ਜਪਣ ਅਤੇ ਸੇਵਾ-ਸਿਮਰਨ ਦੀ ਪ੍ਰੇਰਨਾ ਬਖ਼ਸ਼ੀ। ਉਨ੍ਹਾਂ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਸਿਧਾਂਤਾਂ ’ਤੇ ਅਮਲ ਕਰਨ ਲਈ ਪ੍ਰੇਰਿਤ ਕੀਤਾ।

ਬੱਚਿਆਂ ਨੇ ਇਲਾਹੀ ਬਾਣੀ ਦਾ ਜਾਪ ਕਰਦਿਆਂ ਗਤਕਾ ਖੇਡਦਿਆਂ, ਬੱਚਿਆਂ ਦੀਆਂ ਖੇਡਾਂ ਖੇਡਦਿਆਂ ਸੇਵਾ ਸ਼ਰਧਾ ਅਤੇ ਧੂਮ-ਧਾਮ ਨਾਲ ਪ੍ਰਕਾਸ਼ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ।

ਗੁਰੂ ਕੀਆਂ ਸੰਗਤਾਂ ਨੇ ਲੰਬੀਆਂ ਕਤਾਰਾਂ ਵਿਚ ਖੜ੍ਹ ਕੇ ਮੱਥਾ ਟੇਕਿਆ ਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਗੁਰਦੁਆਰਾ ਸਾਹਿਬ ਵਿਖੇ ਗੁਰੂ ਕੇ ਲੰਗਰਾਂ ਦੀ ਸੇਵਾ ਅਤੁਟ ਚਲ ਰਹੀ ਸੀ। ਇਸ ਸਮੇਂ ਕੈਲੀਫੋਰਨੀਆ ਤੋਂ ਨੌਜਵਾਨ ਸਿੱਖ ਆਗੂ ਅਤੇ ਬਾਬਾ ਫਤਿਹ ਸਿੰਘ ਜ਼ੋਰਾਵਰ ਸਿੰਘ ਫਤਿਹਗੜ੍ਹ ਸੇਵਾ ਸੁਸਾਇਟੀ ਦੇ ਸੀਨੀਅਰ ਸੇਵਾਦਾਰ ਭਾਈ ਸੁਖਵਿੰਦਰ ਸਿੰਘ ਗੋਗੀ ਨੇ ‘ਸਾਡੇ ਲੋਕ’ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਗਤ ਗੁਰੂ ਬਾਬਾ ਨਾਨਕ ਨੇ ਸਾਰੀ ਮਨੁੱਖਤਾ ਲਈ ਸਾਂਝਾ ਉਪਦੇਸ ਦਿੱਤਾ ਸੇਵਾ, ਭਾਈਚਾਰੇ ਕਿਰਤ ਕਰੋ ਨਾਮ ਜੱਪੋ ਵੰਡ ਛਕੋ ਦਾ ਉਪਦੇਸ ਦਿੱਤਾ। ਉਪਰੰਤ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਗਈ। ਸਿੱਖ ਭਾਈਚਾਰੇ ਨੂੰ ਗੁਰੂਘਰ ਦੇ ਸਮੂਹ ਪ੍ਰਬੰਧਕਾਂ ਵਲੋਂ ਗੁਰੂ ਸਾਹਿਬ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ।







ਮਹਾਨ ਸਮਾਗਮ ਦੀਆਂ ਝਲਕੀਆਂ ਤਸਵੀਰਾਂ ਦੀ ਜੁਬਾਨੀ





# ਦੁਨੀਆਂ ਭਰ ਦੇ ਸਿੱਖਾਂ ਲਈ ਵੱਡੀ ਖਬਰ

## 1984 ਸਿੱਖ ਨਸਲਕੁਸ਼ੀ (Sikh Genocide) ਨੂੰ ਮਾਨਤਾ ਦਿਵਾਉਣ ਲਈ ਕਾਂਗਰਸਮੈਨ ਡੇਵਿਡ ਵਲਾਡਾਓ ਵਲੋਂ H.R. 841 ਅਮਰੀਕੀ ਕਾਂਗਰਸ 'ਚ ਮਤਾ ਪੇਸ਼

ਵਾਸ਼ਿੰਗਟਨ/ਅਮਰੀਕਾ (ਸਾਡੇ ਲੋਕ) ਅਮਰੀਕਾ ਵਿੱਚ ਵਸਦੇ ਸਿੱਖ ਭਾਈਚਾਰੇ ਲਈ ਇੱਕ ਵੱਡੀ ਇਤਿਹਾਸਕ ਪਹਿਲਕਦਮੀ ਤਹਿਤ, 1984 ਦੇ ਸਿੱਖ ਕਤਲੇਆਮ ਨੂੰ ਰਸਮੀ ਤੌਰ 'ਤੇ 'ਨਸਲਕੁਸ਼ੀ' (Genocide) ਵਜੋਂ ਮਾਨਤਾ ਦੇਣ ਲਈ ਅਮਰੀਕੀ ਕਾਂਗਰਸ (U.S. Congress) ਵਿੱਚ ਇੱਕ ਮਤਾ ਪੇਸ਼ ਕੀਤਾ ਗਿਆ ਹੈ।

ਕਾਂਗਰਸਮੈਨ ਡੇਵਿਡ ਵਲਾਡਾਓ (R-CA) ਦੁਆਰਾ ਪੇਸ਼ ਕੀਤੇ ਗਏ ਇਸ ਮਤੇ (H.R. 841) ਦਾ ਮਕਸਦ ਚਾਰ ਦਹਾਕਿਆਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਪੀੜਤਾਂ ਨੂੰ ਨਿਆਂ ਦਿਵਾਉਣ ਦੀ ਮੰਗ ਨੂੰ ਮਜ਼ਬੂਤ ਕਰਨਾ ਹੈ।

ਪ੍ਰਮੁੱਖ ਸਿੱਖ ਜਥੇਬੰਦੀ ਅਮੈਰੀਕਨ ਸਿੱਖ ਕਾਕਸ ਕਮੇਟੀ, ਸਿੱਖ ਕੌਲੀਸ਼ਨ', ਇਨਸਾਫ਼ (Ensaaf), ਜਕਾਰਾ ਮੂਵਮੈਂਟ, ਸੈਲਡੇਫ (SALDEF), ਯੂਨਾਈਟਿਡ ਸਿੱਖਸ ਅਤੇ ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਨੇ ਦੁਨੀਆ ਭਰ ਦੀ ਸਿੱਖ ਸੰਗਤ ਨੂੰ ਤੁਰੰਤ ਕਾਰਵਾਈ (TAKE ACTION) ਕਰਨ ਦਾ ਸੱਦਾ ਦਿੰਦਿਆਂ ਅਪੀਲ ਕੀਤੀ ਹੈ ਕਿ ਉਹ ਆਪੋ-ਆਪਣੇ ਕਾਂਗਰਸ ਦੇ ਨੁਮਾਇੰਦਿਆਂ ਨੂੰ ਇਸ ਮਤੇ ਨੂੰ ਸਹਿ-ਪ੍ਰਾਯੋਜਿਤ (Co-sponsor) ਕਰਨ ਲਈ ਕਹਿਣ।

**ਮਤੇ ਦੇ ਮੁੱਖ ਨੁਕਤੇ:** ਇਹ ਮਤਾ ਅਮਰੀਕੀ ਸਰਕਾਰ ਨੂੰ ਹੇਠ ਲਿਖੀਆਂ ਗੱਲਾਂ ਸਵੀਕਾਰ ਕਰਨ ਲਈ ਕਹਿੰਦਾ ਹੈ:

1. **ਦੁੱਖ ਦੀ ਸਵੀਕ੍ਰਿਤੀ:** 1984 ਦੌਰਾਨ ਅਤੇ ਬਾਅਦ ਵਿੱਚ ਸਿੱਖਾਂ ਵੱਲੋਂ ਸਹੇ ਗਏ ਅਥਾਹ ਦੁੱਖ, ਪੀੜਾ ਅਤੇ ਨੁਕਸਾਨ ਨੂੰ ਸਵੀਕਾਰ ਕਰਨਾ।
2. **ਸਰਕਾਰੀ ਹਿੰਸਾ ਦੀ ਨਿੰਦਾ:** ਇੱਕ ਧਾਰਮਿਕ ਘੱਟ-ਗਿਣਤੀ (ਸਿੱਖਾਂ) ਨੂੰ ਨਿਸ਼ਾਨਾ ਬਣਾਉਣ ਵਾਲੀ 'ਸਰਕਾਰ ਦੁਆਰਾ ਪ੍ਰਾਯੋਜਿਤ ਨਸਲਕੁਸ਼ੀ ਹਿੰਸਾ' ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਨਾ।
3. **ਪੀੜਤਾਂ ਨਾਲ ਇਕਜੁੱਟਤਾ:** ਉਨ੍ਹਾਂ ਸਿੱਖ-ਅਮਰੀਕੀ ਪਰਿਵਾਰਾਂ ਨਾਲ ਇਕਜੁੱਟਤਾ ਦਿਖਾਉਣਾ ਜੋ ਅੱਜ ਵੀ ਨਿਆਂ ਅਤੇ ਆਪਣੇ ਜ਼ਖ਼ਮ ਭਰਨ ਦੀ ਮੰਗ ਕਰ ਰਹੇ ਹਨ।



U.S. Congressman David G. Valadao
Representing California's 21St District.

4. **ਮਨੁੱਖੀ ਅਧਿਕਾਰਾਂ ਦੀ ਵਚਨਬੱਧਤਾ:** ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰਾਂ, ਜਵਾਬਦੇਹੀ, ਅਤੇ ਧਾਰਮਿਕ ਆਜ਼ਾਦੀ ਦੀ ਸੁਰੱਖਿਆ ਲਈ ਅਮਰੀਕਾ ਦੀ ਵਚਨਬੱਧਤਾ ਨੂੰ ਦੁਹਰਾਉਣਾ।

**1984 ਦਾ ਉਹ ਕਾਲਾ ਦੌਰ**

ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਨਵੰਬਰ 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ, ਭਾਰਤ ਸਰਕਾਰ ਦੀ ਅਗਵਾਈ ਹੇਠ ਪੂਰੇ ਭਾਰਤ ਵਿੱਚ ਸਿੱਖਾਂ ਵਿਰੁੱਧ ਇੱਕ ਯੋਜਨਾਬੱਧ ਤਰੀਕੇ ਨਾਲ ਹਿੰਸਾ ਕੀਤੀ ਗਈ ਸੀ। ਹਜ਼ਾਰਾਂ ਬੇਕਸੂਰ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਉਨ੍ਹਾਂ ਨੂੰ ਜਿਊਂਦਿਆਂ ਸਾੜ ਦਿੱਤਾ ਗਿਆ ਸੀ। ਸੈਂਕੜੇ ਸਿੱਖ ਔਰਤਾਂ ਅਤੇ ਬੱਚੀਆਂ ਨਾਲ ਕਈ-ਕਈ ਦਿਨ ਸਮੂਹਿਕ ਬਲਾਤਕਾਰ ਕੀਤੇ ਗਏ।

ਚਾਰ ਦਹਾਕੇ ਬੀਤ ਜਾਣ ਦੇ ਬਾਵਜੂਦ, ਪੀੜਤ ਪਰਿਵਾਰ ਇਨਸਾਫ਼ ਲਈ ਭਟਕ ਰਹੇ ਹਨ ਅਤੇ ਸੱਜਣ ਕੁਮਾਰ ਵਰਗੇ ਕੁਝ ਮਾਮਲਿਆਂ ਨੂੰ ਛੱਡ ਕੇ, ਇਸ ਭਿਆਨਕ ਨਸਲਕੁਸ਼ੀ ਦੇ ਜ਼ਿਆਦਾਤਰ ਵੱਡੇ ਦੋਸ਼ੀ ਅਜੇ ਵੀ ਕਾਨੂੰਨੀ ਸਜ਼ਾ ਤੋਂ ਬਾਹਰ ਹਨ।

**ਕਿਹੜੀਆਂ ਜਥੇਬੰਦੀਆਂ ਕਰ ਰਹੀਆਂ ਹਮਾਇਤ ?**

ਕਾਂਗਰਸਮੈਨ ਵਲਾਡਾਓ ਦੀ ਇਸ ਪਹਿਲਕਦਮੀ ਨੂੰ ਕਈ ਹੋਰ ਆਗੂਆਂ ਦਾ ਸਮਰਥਨ ਵੀ ਹਾਸਲ ਹੋਇਆ ਹੈ, ਜਿਨ੍ਹਾਂ ਵਿੱਚ ਕਾਂਗਰਸਮੈਨ ਵਿੰਸ ਫੌਂਗ, ਜੋਸ਼ ਹਾਰਡਰ, ਜਿਮ ਕੋਸਟਾ, ਰੋ ਖੰਨਾ ਅਤੇ ਐਡਮ ਗ੍ਰੇ ਸ਼ਾਮਲ ਹਨ।

ਇਸ ਤੋਂ ਇਲਾਵਾ ਅਮੈਰੀਕਨ ਸਿੱਖ ਕਾਕਸ ਕਮੇਟੀ, ਸਿੱਖ ਕੌਲੀਸ਼ਨ, ਇਨਸਾਫ਼ (Ensaaf), ਜਕਾਰਾ ਮੂਵਮੈਂਟ, ਸੈਲਡੇਫ (SALDEF), ਯੂਨਾਈਟਿਡ ਸਿੱਖਸ ਅਤੇ ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਸਮੇਤ ਕਈ ਹੋਰ ਪ੍ਰਮੁੱਖ ਸਿੱਖ ਸੰਸਥਾਵਾਂ ਨੇ ਵੀ ਇਸ ਮਤੇ ਦਾ ਜ਼ੋਰਦਾਰ ਸਮਰਥਨ ਕੀਤਾ ਹੈ।

ਇਹ (ਮਤਾ) ਅੰਤਰਰਾਸ਼ਟਰੀ ਪੱਧਰ 'ਤੇ ਸਿੱਖਾਂ ਦੀ ਹੋਈ ਨਸਲਕੁਸ਼ੀ ਨੂੰ ਦੁਨੀਆ ਭਰ ਵਿੱਚ ਮਾਨਤਾ ਦਿਵਾਏਗਾ ਅਤੇ 41 ਸਾਲ ਬੀਤ ਜਾਣ ਦੇ ਬਾਵਜੂਦ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਅਤੇ ਉਨ੍ਹਾਂ ਦੇ ਅੱਜ ਵੀ ਭਾਰਤੀ ਉੱਚ ਅਹੁਦਿਆਂ 'ਤੇ ਹੋਣ ਦੀ ਜਾਣਕਾਰੀ ਦੇਵੇਗਾ ਅਤੇ ਇਹ ਮਤਾ ਰਸਮੀ ਨਿਆਂ, ਜਵਾਬਦੇਹੀ ਅਤੇ ਜ਼ਖ਼ਮ ਭਰਨ ਵੱਲ ਇੱਕ ਅਹਿਮ ਕਦਮ ਸਾਬਿਤ ਹੋਵੇਗਾ।

**ਕਾਂਗਰਸਮੈਨ ਡੇਵਿਡ ਵਲਾਡਾਓ ਵਲੋਂ ਪੇਸ਼ ਕੀਤੇ ਮਤੇ ਹੇਠ ਲਿਖੇ ਅਨੁਸਾਰ ਹਨ**

AUTHENTICATED U.S. GOVERNMENT INFORMATION GPO

119TH CONGRESS
1ST SESSION

# H. RES. 841

**Expressing support for the recognition and commemoration of the Sikh Genocide of 1984.**

## IN THE HOUSE OF REPRESENTATIVES

**OCTOBER 28, 2025**

**Mr. VALADAO (for himself, Mr. FONG, Mr. HARDER of California, and Mr. COSTA) submitted the following resolution; which was referred to the Committee on Foreign Affairs**

## RESOLUTION

Expressing support for the recognition and commemoration of the Sikh Genocide of 1984.

Whereas the Sikh religion, originating in the Punjab region of South Asia, is the fifth-largest faith in the world with over 25,000,000 followers, and is a monotheistic faith rooted in truth, service, and justice;

Whereas Sikhism is practiced by over 500,000 individuals in the United States, and Sikhs have been part of the American fabric for more than 120 years, arriving initially to work on farms, in lumber mills, mines, and on the Western Pacific Railroad, and subsequently settling in every State and territory, contributing significantly to the Nation's social, cultural, and economic landscape across diverse fields such as art, music, trucking, agriculture, information technology, law, medicine, and many more;

Whereas systemic and orchestrated genocidal violence was perpetrated against Sikhs in 1984 in the capital territory of Delhi, the states of Jharkhand, Madhya Pradesh, Haryana, Uttarakhand, Bihar, Uttar Pradesh, West Bengal, Himachal Pradesh, Rajasthan, Odisha, Chhattisgarh, Tripura, Tamil Nadu, Gujarat, Andhra Pradesh, Kerala, and Maharashtra, and India-administered Jammu and Kashmir;

Whereas, during the Sikh genocide, Sikhs were assaulted, tortured, burned alive, and murdered, and Sikh women, many of whom lost their families during the genocide, were sexually assaulted and raped by groups of attackers;

Whereas Sikh homes, businesses, and gurdwaras, or houses of worship, were looted, damaged, and destroyed during the genocide, causing the intentional destruction of many Sikh families, communities, homes, and businesses;

Whereas the Indian government, through officials and Members of Parliament and with the support of the police and other state institutions, led genocidal attacks and participated in, and failed to intervene to prevent, the genocide;

Whereas, in 1984, over 30,000 Sikhs were murdered; Whereas the "Widow Colony" in New Delhi still houses Sikh women who were assaulted, raped, tortured, and forced to witness the dismemberment, burning, and murder of their families, and who are still calling for justice against the perpetrators;

Whereas the Sikh community in the United States has not recovered from the physical and psychological trauma of the genocide, as they keep alive the memory of those who were killed, and will never forget the Sikh genocide; and

Whereas recognizing the state-sponsored violence that targeted Sikhs across India is an important and historic step toward justice, accountability, and reconciliation, which should be an example to other governments: Now, therefore, be it

Resolved, That it is the sense of the House of Representatives that it is the policy of the United States to- (1) commemorate the Sikh Genocide of 1984 through official recognition and remembrance; (2) call for all perpetrators, regardless of rank or status, to be brought to account; and (3) reject efforts to enlist, engage, or otherwise associate the United States Government with denial of the Sikh Genocide.

# ਗੁਰਦੁਆਰਾ ਸਾਹਿਬ ਸਿੱਖ ਸੈਂਟਰ ਵਰਜੀਨੀਆ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਸ਼ਰਧਾ ਤੇ ਸੇਵਾ ਭਾਵਨਾ ਨਾਲ ਮਨਾਇਆ ਗਿਆ















ਵਰਜੀਨੀਆ (ਸਾਡੇ ਲੋਕ) ਗੁਰਦੁਆਰਾ ਸਾਹਿਬ ਸਿੱਖ ਸੈਂਟਰ ਵਰਜੀਨੀਆ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਸ਼ਰਧਾ ਤੇ ਸੇਵਾ ਭਾਵਨਾ ਨਾਲ ਮਨਾਇਆ ਗਿਆ ਸ਼੍ਰੀ ਅਖੰਡਪਾਠ ਸਾਹਿ ਜੀ ਦੇ ਭੋਗ ਤੋਂ ਬਾਅਦ ਸ੍ਰ. ਪ੍ਰਤਾਪ ਸਿੰਘ ਗਿੱਲ ਦੇ ਪੋਤੇ ਨੇ ਬਹੁਤ ਹੀ ਮਿੱਠੀ ਜ਼ੁਬਾਨ ਵਿਚ ਪਾਠ ਕੀਤਾ ਤੇ ਗੁਰੂ ਘਰ ਵਲੋਂ ਬੇਟੇ ਨੂੰ ਬਾਬਾ ਜੀ ਨੇ ਪਿਆਰ ਸਾਲ ਸ਼ਬਦ ਦੀ ਬੁੱਕ ਭੇਟਾਂ ਕੀਤੇ। ਸੰਗਤ ਵਿਚ ਸ੍ਰ. ਦਵਿੰਦਰ ਸਿੰਘ ਜੋ ਕਿ ਬਹੁਤ ਹੋਣਹਾਰ ਹਨ ਹਰ ਕੰਮ ਅੱਗੇ ਹੋ ਕੇ ਸੇਵਾ ਕਰਦੇ ਹਨ, ਇਸ ਤਰ੍ਹਾਂ ਸ੍ਰ. ਪ੍ਰਤਾਪ ਸਿੰਘ ਗਿੱਲ ਜੋ ਕਿ ਗੁਰੂ ਘਰ ਦੇ ਪ੍ਰਧਾਨ ਹਨ ਇਨ੍ਹਾਂ ਦੇ ਨਾਲ ਸ੍ਰ. ਇੰਦਰਜੀਤ ਸਿੰਘ (ਰਾਣਾ) ਜੋ ਕੌਮ ਦੀ ਬਹੁਤ ਅੱਗੇ ਹੋ ਕੇ ਸੇਵਾ ਕਰਦੇ ਹਨ। ਇਨ੍ਹਾਂ ਦੇ ਨਾਲ Josh A. Thomas ਤੇ ਨਾਲ ਹੀ ਸ੍ਰ. ਗੁਰਮੇਲ ਸਿੰਘ ਸਿੱਧੂ ਤੇ ਬਾਅਦ ਵਿਚ ਸੁਖਵਿੰਦਰ ਸਿੰਘ ਗਿੱਲ ਹਨ। ਇਸ ਸਾਰੀ ਟੀਮ ਦਾ ਆਪਸ ਵਿਚ ਬਹੁਤ ਪਿਆਰ ਹੈ ਅਤੇ ਗੁਰੂਘਰ ਅਤੇ ਸੰਗਤਾਂ ਦੀ ਸੇਵਾ ਇੱਕ ਪਰਵਾਰ ਦੀ ਤਰਾਂ ਮਿਲਕੇ ਨਿਮਰਤਾ ਅਤੇ ਸ਼ਰਧਾ ਨਾਲ ਕਰਦੇ ਹਨ।

ਸਾਰੀ ਟੀਮ ਸਮੂਹ ਸੰਗਤ ਦੇ ਸਹਿਯੋਗ ਨਾਲ ਹਰ ਕੰਮ ਤਾਲਮੇਲ ਨਾਲ ਕਰਦੇ ਹਨ। ਇਸ ਸਮੇਂ ਸਵੇਰੇ ਸਾਹਿਬ ਸ਼੍ਰੀ ਗੁਰੁ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਤੜਕੇ 4.00 ਵਜੇ ਪ੍ਰਭਾਤ ਫੇਰੀਆਂ ਕੱਢੀਆਂ ਗਈਆਂ। ਇਨ੍ਹਾਂ ਦੀ ਅਗਵਾਈ ਸੰਧੂ ਸਾਹਿਬ ਤੇ ਭਾਜੀ ਰਾਣਾ ਜੀ ਸ਼ਰਧਾ ਅਤੇ ਸੇਵਾ ਨਾਲ ਕਰ ਰਹੇ ਹਨ। ਪਵਿੱਤਰ ਪ੍ਰਕਾਸ ਦਿਵਸ ਪ੍ਰਤੀ ਵਰਜੀਨੀਅਨ ਤੋਂ 'ਸਾਡੇ ਲੋਕ' ਦੇ ਸੀਨੀਅਰ ਪੱਤਰਕਾਰ ਸ੍ਰ. ਬਲਜੀਤ ਸਿੰਘ ਨੇ ਦੱਸਿਆ ਕਿ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਸੰਗਤਾਂ ਨੇ ਮੋਮਬੱਤੀਆਂ ਦੀਵੇ ਜਗਾਕੇ ਸੇਵਾ ਕੀਤੀ। ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਕੈਲੀਫੋਰਨੀਆ ਵਿਖੇ ਗ੍ਰੰਥੀ ਸਿੰਘ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਪੂਰੀ ਮਨੁੱਖਤਾ ਲਈ ਰਾਹ-ਦਿਖਾਉਣ ਵਾਲੇ ਹਨ। ਉਨ੍ਹਾਂ ਨੇ ਮਨੁੱਖੀ ਸਮਾਜ ਵਿੱਚ ਜਾਤ-ਪਾਤ, ਉਚ-ਨੀਚ ਤੇ ਭੇਦਭਾਵ ਦੀਆਂ ਰੁਕਾਵਟਾਂ ਨੂੰ ਦੂਰ ਕਰਕੇ ਇਕੱਤਰਤਾ ਅਤੇ ਪ੍ਰੇਮ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਦੇਵ ਮਹਾਰਾਜ ਨੇ ਸਾਨੂੰ ਸੱਚ ਦੇ ਮਾਰਗ 'ਤੇ ਤੁਰਨ, ਨਾਮ ਜਪਣ ਅਤੇ ਸੇਵਾ-ਸਿਮਰਨ ਦੀ ਪ੍ਰੇਰਨਾ ਬਖ਼ਸ਼ੀ। ਉਨ੍ਹਾਂ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਸਿਧਾਂਤਾਂ 'ਤੇ ਅਮਲ ਕਰਨ ਲਈ ਪ੍ਰੇਰਿਤ ਕੀਤਾ।

ਸ੍ਰ. ਪ੍ਰਤਾਪ ਸਿੰਘ ਗਿੱਲ ਮੁੱਖ ਸੇਵਾਦਾਰ ਅਤੇ ਸਿੱਖ ਆਗੂ ਸ੍ਰ. ਇੰਦਰਜੀਤ ਸਿੰਘ (ਰਾਣਾ) ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਗਤ ਗੁਰੂ ਬਾਬਾ ਨਾਨਕ ਨੇ ਸਾਰੀ ਮਨੁੱਖਤਾ ਲਈ 'ਸੇਵਾ ਕਰਨ, ਕਿਰਤ ਕਰੋ



ਨਾਮ ਜੱਪੋ ਵੰਡ ਛਕੋ' ਦਾ ਉਪਦੇਸ ਦਿੱਤਾ। ਉਪਰੰਤ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਗਈ। ਸਿੱਖ ਭਾਈਚਾਰੇ ਨੂੰ ਗੁਰੁਘਰ ਦੇ ਸਮੂਹ ਪ੍ਰਬੰਧਕਾਂ ਵਲੋਂ ਗੁਰੁ ਸਾਹਿਚ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ।

ਅੱਜ Sikh Center of Virginia ਵਿਚ Josha Thomas-Delegate District 21 VA ਆਏ ਜੋ ਕਿ ਸਾਡੀ ਬੇਟੀ ਰੂਪ ਕੌਰ ਨੂੰ ਆਪਣੇ ਨਾਲ ਲੈ ਕੇ ਆਏ। ਅਸੀਂ ਇਸ ਤਰ੍ਹਾਂ ਦੇ ਬੱਚਿਆਂ 'ਤੇ ਮਾਣ ਕਰਦੇ ਹਾਂ। ਇਹ ਬੇਟੀ ਸਰਦਾਰ ਗੁਰਮੇਲ ਸਿੰਘ ਸਿੱਧੂ ਸਾਹਿਬ ਦੀ ਦੋਤੀ ਹੈ। ਸ੍ਰ. ਗੁਰਮੇਲ ਸਿੰਘ ਸਿੱਧੂ ਪੰਜਾਬ ਵਿਚ, ਪੰਜਾਬ ਪੁਲਿਸ ਵਿਚ ਤਿੰਨ ਸਟਾਰ ਇੰਸਪੈਕਟਰ ਸਨ ਤੇ ਸਾਡੇ ਬਹੁਤ ਪਿਆਰ ਵਾਲੇ ਸੱਜਣ ਮਿੱਤਰ ਹਨ। ਕਮਿਊਨਟੀ ਨੂੰ ਇਹਨਾਂ ਉਪਰ ਮਾਣ ਹੈ। ਅਸੀ ਸਮੁੱਚੇ ਪ੍ਰਵਾਰ ਅਤੇ ਸਮੂਹ ਸੰਗਤ ਨੂੰ ਪ੍ਰਕਾਸ਼ ਦਿਵਸ ਦੀ ਲੱਖ ਲੱਖ ਵਧਾਈ ਦਿੰਦੇ ਹਾਂ।



ਸਰਦਾਰ ਬਲਜੀਤ ਸਿੰਘ ਘੁੰਮਣ ਵਰਜੀਨੀਆ

# ਸ਼ਹੀਦੀ ਸ਼ਤਾਬਦੀ ’ਤੇ ਕਰਤਾਰਪੁਰ ਲਾਂਘਾ ਖੋਲ੍ਹਿਆ ਜਾਵੇ: ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

## ਜਥੇਦਾਰ ਗੁਰੂ ਨਾਨਕ ਦੇਵ ਦਾ ਗੁਰਪੁਰਬ ਮਨਾ ਕੇ ਵਤਨ ਪਰਤੇ









ਅੰਮ੍ਰਿਤਸਰ : ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੇਂਦਰ ਸਰਕਾਰ ਨੂੰ ਗੁਰੂ ਤੇਗ ਬਹਾਦਰ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਇਤਿਹਾਸਕ ਮੌਕੇ ’ਤੇ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਾ ਲਾਂਘਾ ਸਿੱਖ ਸੰਗਤ ਲਈ ਖੋਲ੍ਹਣ ਦੀ ਅਪੀਲ ਕੀਤੀ ਹੈ। ਉਹ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਗਏ ਸਿੱਖ ਜਥੇ ਨਾਲ ਪਾਕਿਸਤਾਨ ਗਏ ਸਨ। ਗੁਰਦੁਆਰਾ ਕਰਤਾਰਪੁਰ ਸਾਹਿਬ ਸਮੇਤ ਲਹਿੰਦੇ ਪੰਜਾਬ ਦੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਕਰਨ ਮਗਰੋਂ ਉਹ ਅੱਜ ਅਟਾਰੀ-ਵਾਹਗਾ ਸਰਹੱਦ ਰਾਹੀਂ ਭਾਰਤ ਪਰਤ ਆਏ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਲਹਿੰਦੇ ਪੰਜਾਬ ਦੀ ਸਰਕਾਰ ਦੇ ਕੈਬਨਿਟ ਮੰਤਰੀ ਰਮੇਸ਼ ਸਿੰਘ ਅਰੋੜਾ ਉਨ੍ਹਾਂ ਨੂੰ ਬਾਰਡਰ ’ਤੇ ਵਿਦਾ ਕਰਨ ਆਏ।


ਭਾਰਤ ਪਰਤਣ ਮਗਰੋਂ ਜਥੇਦਾਰ ਗੜਗੱਜ ਨੇ ਕਿਹਾ ਕਿ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਹਾਲਾਤ ਸੁਖਾਵੇਂ ਹਨ ਤਾਂ 25 ਨਵੰਬਰ ਨੂੰ ਮਨਾਈ ਜਾ ਰਹੀ ਸ਼ਹੀਦੀ ਸ਼ਤਾਬਦੀ ਮੌਕੇ ਸਰਕਾਰ ਨੂੰ ਲਾਂਘਾ ਖੋਲ੍ਹਣ ਦਾ ਐਲਾਨ ਕਰਨਾ ਚਾਹੀਦਾ ਹੈ। ਇਹ ਸਾਰੇ ਸੰਸਾਰ ਦੇ ਸਿੱਖਾਂ ਦੇ ਜਜ਼ਬਾਤ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਪਾਕਿਸਤਾਨ ਵਿੱਚ ਸਿੱਖਾਂ ਦੀ ਢੇਡ ਲੱਖ ਏਕੜ ਦੇ ਕਰੀਬ ਜ਼ਮੀਨ ਹੈ ਅਤੇ ਜੇ ਸਿੱਖ ਉੱਧਰ ਜਾਣਗੇ ਤਾਂ ਉਹ ਗੁਰਧਾਮਾਂ ਅਤੇ ਉਨ੍ਹਾਂ ਨਾਲ ਜੁੜੀਆਂ ਜ਼ਮੀਨਾਂ ਦੀ ਸਾਂਭ ਸੰਭਾਲ ਕਰ ਸਕਣਗੇ। ਉਨ੍ਹਾਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ ਕੀਤੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਲਹਿੰਦੇ ਪੰਜਾਬ ਦੀ ਸਰਕਾਰ 1947 ਤੋਂ ਬੰਦ 17 ਹੋਰ ਇਤਿਹਾਸਕ ਗੁਰਦੁਆਰੇ ਸੇਵਾ-ਸੰਭਾਲ ਤੋਂ ਬਾਅਦ ਅਪਰੈਲ ਤੱਕ ਸੰਗਤ ਲਈ ਖੋਲ੍ਹ ਰਹੀ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਲਹਿੰਦੇ ਪੰਜਾਬ ਦੀ ਸਰਕਾਰ ਨਾਲ ਮਿਲ ਕੇ ਚੰਗੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਸਿੱਖਾਂ ਲਈ ਮਾਣ ਵਾਲੀ ਗੱਲ ਹੈ ਕਿ ਲਹਿੰਦੇ ਪੰਜਾਬ ਦੀ ਸਰਕਾਰ ਨੇ ਇੱਕ ਸਿੱਖ ਨੂੰ ਮੰਤਰੀ ਬਣਾਇਆ ਹੋਇਆ ਹੈ। ਜਥੇਦਾਰ ਨੇ ਭਾਰਤ ਸਰਕਾਰ ਨੂੰ ਵੀ ਪਾਕਿਸਤਾਨ ਵਿੱਚ ਵੱਸਦੇ ਸਿੱਖਾਂ ਅਤੇ ਹਿੰਦੂਆਂ ਨੂੰ ਭਾਰਤ ਵਿੱਚ ਸਥਿਤ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਖੁੱਲ੍ਹੇ ਦਿਲ ਨਾਲ ਵੀਜ਼ੇ ਦੇਣ ਦੀ ਅਪੀਲ ਕੀਤੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਵਲੋਂ ਨਨਕਾਣਾ ਸਾਹਿਬ ਵਿਖੇ ਨਗਰ ਕੀਰਤਨ ਦੌਰਾਨ ਗੁਰਦੁਆਰਾ ਪੰਜਵੀਂ ਅਤੇ ਛੇਵੀਂ ਪਾਤਸ਼ਾਹੀ ਦੇ ਪਵਿੱਤਰ ਦਰਸ਼ਨ ਕੀਤੇ ਗਏ, ਜਿੱਥੇ ਸੰਗਤ ਨੇ ਬੜੀ ਸ਼ਰਧਾ ਅਤੇ ਭਾਵਨਾ ਨਾਲ ਅਰਦਾਸ ਕੀਤੀ। ਇਸ ਤੋਂ ਅੱਗੇ ਗੁਰਦੁਆਰਾ ਮਾਲ ਜੀ ਸਾਹਿਬ ਦੇ ਦਰਸ਼ਨ ਕੀਤੇ ਗਏ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਅਸਥਾਨ ਹੈ। ਉਸ ਤੋਂ ਬਾਅਦ ਗੁਰਦੁਆਰਾ ਸ੍ਰੀ ਕਿਆਰਾ ਸਾਹਿਬ ਪਹੁੰਚ ਕੇ ਦਰਸ਼ਨ ਕੀਤੇ ਗਏ, ਜਿੱਥੇ ਗੁਰੂ ਨਾਨਕ ਸਾਹਿਬ ਜੀ ਨੇ ਉੱਜੜੀਆਂ ਫਸਲਾਂ ਨੂੰ ਹਰੀਆਂ ਕਰ ਦਿੱਤਾ ਸੀ। ਨਗਰ ਕੀਰਤਨ ਦੌਰਾਨ ਸਿੱਖ ਸੰਗਤਾਂ ਦਾ ਬੇਮਿਸਾਲ ਉਤਸ਼ਾਹ ਤੇ ਸ਼ਰਧਾ ਦੇਖਣਯੋਗ ਸੀ। ਹਰ ਥਾਂ ਤੇ ਪ੍ਰਬੰਧਕਾਂ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।










# "ਗੁਰਮੁਖ ਮਿਲੈ ਮਿਲਾਏ ਆਪੇ"

ਡਾ. ਕਲਿਆਣ ਸਿੰਘ ਕਲਿਆਣ
ਜੀ.ਸੀ. ਯੂਨੀਵਰਸਿਟੀ, ਲਾਹੌਰ

ਹਿੰਦੁਸਤਾਨ ਦੀ ਧਰਤੀ ਉੱਤੇ ਪੰਜਾਬ ਉਹ ਇਕੱਲਾ ਖਿੱਤਾ ਸੀ ਜਿਸ ਨੂੰ ਆਪਣੀ ਸ਼ਊਰੀ ਤਾਕਤ ਦੀ ਵਜ੍ਹਾ ਨਾਲ ਬਰ-ਏ-ਸਗੀਰ ਦੇ ਹੋਰ ਸਾਰੇ ਇਲਾਕਿਆਂ ਤੇ ਬਰ੍ਹਤ ਹਾਸਲ ਸੀ। ਇਸੇ ਕਾਰਨ ਆਲੇ-ਦੁਆਲੇ ਦੇ ਇਲਾਕੇ ਅਕਸਰ ਪੰਜਾਬ ਨਾਲ ਰਸ਼ਕ ਕਰਦੇ ਸਨ, ਤੇ ਜਦੋਂ ਵੀ ਮੌਕਾ ਮਿਲਦਾ, ਉਹ ਹਮਲਾਵਰਾਂ ਨਾਲ ਮਿਲ ਕੇ ਇਸ ਨੂੰ ਤਬਾਹ ਕਰਨ ਵਿਚ ਕੋਈ ਕਸਰ ਨਾ ਛੱਡਦੇ। ਹਮਲਾਵਰ ਪੰਜਾਬ ਵਿਚ ਆ ਕੇ ਸਮਝਿਆ। ਪੰਜਵੇਂ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਗੁਰੂ ਸਾਹਿਬ ਨੇ ਸ਼ਊਰ ਦੇ ਨਾਲ-ਨਾਲ ਆਪਣੀ ਤੇ ਹੋਰਨਾਂ ਦੀ ਹਿਫ਼ਾਜ਼ਤ ਲਈ ਆਵਾਜ਼ ਉਠਾਉਣ ਨੂੰ ਵੀ ਲਾਜ਼ਮੀ ਕਰਾਰ ਦਿੱਤਾ। ਇਹੀ ਨਜ਼ਰੀਆ ਸਿੱਖ ਧਰਮ ਦੇ ਬੁਨਿਆਦੀ ਅਕੀਦਿਆਂ ਵਿਚ ਸ਼ਾਮਲ ਕਰ ਲਿਆ ਗਿਆ।

ਗੁਰੂ ਨਾਨਕ ਸਾਹਿਬ ਜੀ ਦੇ ਪੈਗਾਮ ਤੇ ਨੌਵੇਂ ਗੁਰੂ ਦੀ ਸ਼ਹਾਦਤ ਤੋਂ ਬਾਅਦ ਦਸਵੇਂ ਗੁਰੂ, ਗੁਰੂ ਦੀ ਬਾਣੀ ਤੇ ਗੁਰੂ ਦੀਆਂ ਪੰਜ ਨਿਸ਼ਾਨੀਆਂ ਦੀ ਬਰਕਤ ਸੀ। ਇਹ ਉਹ ਲੋਕ ਸਨ ਜੋ ਹਰ ਵੇਲੇ ਹਥਿਆਰਬੰਦ ਵੀ ਰਹਿੰਦੇ ਸਨ ਤੇ ਰੂਹਾਨੀ ਤੌਰ 'ਤੇ ਵਾਹਿਗੁਰੂ ਦੇ ਖ਼ਾਸ ਕਰਮ ਹਾਸਲ ਕਰਨ ਵਾਲੇ ਵੀ। 'ਪੰਜ ਕਕਾਰ' ਦੇਣ ਦਾ ਮਕਸਦ ਕੀ ਸੀ—ਇਸ ਕਿਤਾਬ ਵਿਚ ਇਸ ਦੀ ਤਫ਼ਸੀਲ ਦਿੱਤੀ ਗਈ ਹੈ। ਮੈਂ ਖੁੱਲ੍ਹੇ ਦਿਲ ਨਾਲ ਮੰਨਦਾ ਹਾਂ ਕਿ ਪਹਿਲਾਂ ਮੈਨੂੰ ਇਨ੍ਹਾਂ ਨਿਸ਼ਾਨੀਆਂ ਬਾਰੇ ਇਹਨਾ ਗਿਆਨ ਨਾ ਸੀ।



ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਤੇ ਵਰਲਡ ਸੈਂਟਰ ਫਾਰ ਪੰਜਾਬੀ ਲਾਹੌਰ ਵਿਚ 'ਪੰਜ ਕਕਾਰ' ਉਰਦੂ ਵਿਚ ਮੁੱਖ ਵਖਾਲੀ ਹੋ ਰਹੀ ਹੈ

ਲੋਕਾਂ ਦੇ ਨਾਲ-ਨਾਲ ਇਸ ਦੀ ਫ਼ਸਲ ਤੇ ਧਰਤੀ ਨੂੰ ਵੀ ਨੁਕਸਾਨ ਪਹੁੰਚਾਉਂਦੇ ਸਨ, ਜਿਸ ਕਾਰਨ ਇੱਥੋਂ ਦੇ ਲੋਕ ਸਦੀਆਂ ਤੱਕ ਗਰੀਬੀ ਤੇ ਅਫ਼ਲਾਸ ਨਾਲ ਲੜਦੇ ਰਹੇ। ਫਿਰ ਉਹ ਆਪਣੀ ਸਖ਼ਤ ਮਿਹਨਤ ਤੇ ਆਬਾਦੀ ਦੀ ਤਾਕਤ ਨਾਲ ਮੁੜ ਆਪਣਾ ਮਕਾਮ ਹਾਸਲ ਕਰਨ ਦੀ ਕੋਸ਼ਿਸ਼ ਕਰਦੇ। ਇਸ ਤਰ੍ਹਾਂ ਸਦੀਆਂ ਲੰਘ ਗਈਆਂ ਪਰ ਕੋਈ ਪੱਕਾ ਹੱਲ ਨਾ ਨਿਕਲ ਸਕਿਆ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਜਦੋਂ ਲੋਕਾਂ ਦੀ ਇਹ ਹਾਲਤ ਵੇਖੀ ਤਾਂ ਅਕਾਲੀ ਬਾਣੀ ਵਿਚ ਆਮ ਫ਼ਹਿਮ ਭਾਸ਼ਾ ਵਿਚ ਇਸ 'ਤੇ ਸਖ਼ਤ ਤਨਕੀਦ ਕੀਤੀ ਤੇ ਇਕ ਆਫ਼ਾਕੀ ਪੈਗਾਮ ਦਿੱਤਾ ਕਿ ਲੋਕ ਇਸ ਦੇ ਵਿਰੁੱਧ ਘੱਟੋ-ਘੱਟ ਆਪਣੀ ਆਵਾਜ਼ ਜ਼ਰੂਰ ਬੁਲੰਦ ਕਰਨ। ਇਸ ਪੈਗਾਮ ਨੂੰ ਗੁਰੂ ਸਾਹਿਬਾਨ ਨੇ ਅਮਲੀ ਤੌਰ 'ਤੇ ਅੱਗੇ ਵਧਾਉਣਾ ਜ਼ਰੂਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਅੰਮ੍ਰਿਤ ਜਲ' ਰਾਹੀਂ ਪੰਜਾਬੀਆਂ ਨੂੰ ਰੂਹਾਨੀ ਤੌਰ 'ਤੇ ਅਮਰ ਕਰਨ ਦੇ ਨਾਲ-ਨਾਲ ਆਪਣੀ ਹਿਫ਼ਾਜ਼ਤ ਲਈ ਇਕ ਨਵੀਂ ਸੋਚ ਨੂੰ ਤਾਕਤ ਬਖ਼ਸ਼ੀ। ਆਮ ਲੋਕਾਂ ਨੇ 'ਖ਼ਾਲਸਾ' ਬਣ ਕੇ ਆਪਣੀ ਧਰਤੀ ਦਾ ਬਚਾਅ ਸ਼ੁਰੂ ਕਰ ਦਿੱਤਾ।

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਮੁਕਰਰ ਕੀਤੇ ਪੰਜ 'ਕਕਾਰ' ਹਰ ਸਿੱਖ ਲਈ ਆਪਣੀ ਜਾਨ ਤੋਂ ਵੀ ਪਿਆਰੇ ਹਨ। ਇਨ੍ਹਾਂ ਦੇ ਜ਼ਰੀਏ ਧਰਤੀ ਮਾਂ ਦੀ ਰੱਖਿਆ ਤੇ ਲੋਕਾਂ ਦਾ ਬਚਾਅ ਸ਼ੁਰੂ ਹੋਇਆ। ਹੁਣ ਹਮਲਾਵਰ ਪੰਜਾਬ ਦੇ ਵਾਸੀਆਂ, ਖ਼ਾਸ ਕਰ ਕੇ ਖ਼ਾਲਸਾ ਦੇ ਨੇੜੇ ਆਉਣ ਤੋਂ ਡਰਣ ਲੱਗ ਪਏ। ਇਹ ਸਾਰਾ ਕੁਝ ਇਸ ਕਿਤਾਬ ਨੇ ਮੈਨੂੰ ਉਹ ਗਿਆਨ ਬਖ਼ਸ਼ਿਆ ਕਿ ਹੁਣ ਮੈਂ 'ਪੰਜ ਕਕਾਰ' ਦੀ ਵਧੀਆ ਤੌਰ 'ਤੇ ਵਿਆਖਿਆ ਕਰ ਸਕਦਾ ਹਾਂ।

ਜਿੱਥੇ ਤੱਕ ਇਸ ਕਿਤਾਬ ਦੇ ਲੇਖਕ ਨਾਲ ਸਬੰਧ ਦੀ ਗੱਲ ਹੈ ਤਾਂ ਗੁਰੂ ਅਮਰਦਾਸ ਸਾਹਿਬ ਦਾ ਫ਼ਰਮਾਨ ਹੈ:

**'ਗੁਰਮੁਖਿ ਮਿਲੈ ਮਿਲਾਏ ਆਪੇ'**
**(ਗੁਰੂ ਗ੍ਰੰਥ ਸਾਹਿਬ, ਅੰਗ 124)**

ਜਦੋਂ ਵੀ ਮੈਂ ਆਪਣੇ ਪਿਤਾ ਜੀ ਦੇ ਕੋਲ ਬੈਠਦਾ, ਉਹ ਉਹਨਾਂ ਲੋਕਾਂ ਲਈ ਅਰਦਾਸ ਕਰਦੇ ਜੋ ਗੁਰੂ ਸਾਹਿਬ ਦੇ ਦਰ ਖੋਲ੍ਹਣ ਦੀ ਕੁੰਜੀ ਮੇਰੇ ਪਿਤਾ ਜੀ ਅਤੇ ਗਿਆਨੀ ਪ੍ਰਤਾਪ ਸਿੰਘ ਨੂੰ ਦੇ ਗਏ ਸਨ। ਕੁਝ ਨਾਮ ਉਹ ਬਹੁਤ ਪਿਆਰ ਤੇ ਇੱਜ਼ਤ ਨਾਲ ਲੈਂਦੇ ਸਨ—ਗਿਆਨੀ ਬਖਸ਼ੀਸ਼ ਸਿੰਘ, ਜਗਜੀਤ ਸਿੰਘ ਚੌਹਾਨ, ਚਰਨ ਸਿੰਘ ਪੰਛੀ ਤੇ ਸੰਤ ਹਰਬੰਸ ਸਿੰਘ ਡੋਮੀਲੀ ਵਾਲੇ ਦੇ ਨਾਮ ਖ਼ਾਸ ਤੌਰ 'ਤੇ ਯਾਦ ਕਰਦੇ ਸਨ।


ਦਿਆਲ ਸਿੰਘ ਲਾਇਬ੍ਰੇਰੀ ਦੇ ਬਾਹਰ ਡਾਇਰੈਕਟਰ ਵਰਲਡ ਸੈਂਟਰ ਫਾਰ ਪੰਜਾਬੀ ਦੇ ਨਾਲ ਲਿਖਾਰੀ ਤੇ ਦਾਸ



ਗੁ. ਸਿੰਘ ਸਿੰਘਣੀਆਂ ਦੇ ਗਿਆਨੀ ਜੀ ਤੇ ਸਤਵੰਤ ਕੌਰ ਨਾਲ



ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਤੇ ਨਨਕਾਣਾ ਸਾਹਿਬ ਵਿਚ ਪਾਕਿਸਤਾਨ ਸਿੱਖ ਗੁਰਦੁਆਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਰਮੇਸ਼ ਸਿੰਘ ਅਰੋੜਾ ਤੇ ਮਿਮਬਰਾਂ ਵਲੋਂ 'ਪੰਜ ਕਕਾਰ' ਨੂੰ ਉਰਦੂ ਐਡੀਸ਼ਨ ਵਿਚ ਸੰਗਤ ਅਰਪਣ ਕਰ ਰਹਿ ਹਨ


ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਤੇ ਲਾਹੌਰ ਕਾਲਜ ਫਾਰ ਵੂਮੈਨ ਯੂਨੀਵਰਸਿਟੀ ਲਾਹੌਰ ਵਿਚ 'ਪੰਜ ਕਕਾਰ' ਉਰਦੂ ਵਿਚ ਲੋਕ ਅਰਪਣ ਕਰ ਰਹਿ ਹਨ

ਬਾਅਦ ਵਿਚ ਸੰਤ ਹਰਬੰਸ ਸਿੰਘ ਡੋਮੀਲੀ ਵਾਲੇ ਅਤੇ ਕਸ਼ਮੀਰ ਕੌਰ (ਪਤਨੀ ਰਾਮ ਸਿੰਘ ਢੱਲੋਂ) ਦਾ ਜਥਾ ਨਨਕਾਣਾ ਸਾਹਿਬ ਅਤੇ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਯਾਤਰਾ ਲਈ ਆਉਣ ਲੱਗਾ। ਪਿਤਾ ਜੀ ਉਹਨਾਂ ਦੇ ਲੰਗਰ ਦੀ ਸੇਵਾ ਲਾਜ਼ਮੀ ਤੌਰ 'ਤੇ ਘਰ 'ਚ ਕਰਦੇ ਸਨ। ਇਸ ਤਰ੍ਹਾਂ ਮੈਨੂੰ ਵੀ ਉਹਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਤੇ ਪਿਤਾ ਜੀ ਅਕਸਰ ਉਹਨਾਂ ਦੀਆਂ ਗੱਲਾਂ ਸਾਨੂੰ ਸੁਣਾਉਂਦੇ। ਉਹ ਕਹਿੰਦੇ: "ਮੈਂ ਰਹਾਂ ਜਾਂ ਨਾ ਰਹਾਂ, ਇਹਨਾਂ ਲੋਕਾਂ ਦਾ ਉਪਕਾਰ ਹਮੇਸ਼ਾ ਯਾਦ ਰੱਖਣਾ ਅਤੇ ਕੋਸ਼ਿਸ਼ ਕਰਨੀ ਕਿ ਗਿਆਨੀ ਬਖਸ਼ੀਸ਼ ਸਿੰਘ ਦੇ ਪਰਿਵਾਰ ਨਾਲ ਮਿਲਣਾ ਹੋਵੇ। ਉਹ ਬਹੁਤ ਵੱਡੇ ਗੁਰਮੁਖ ਪਿਆਰੇ ਹਨ ਕਿਉਂਕਿ ਉਹ ਗੁਰਮੁਖ ਨੂੰ ਹਮੇਸ਼ਾ 'ਹਨ' ਕਹਿੰਦੇ ਸਨ, 'ਸਨ' ਨਹੀਂ।

ਇਸ ਵਾਰ ਜਦੋਂ ਮੈਂ ਯੂ.ਕੇ. ਗਿਆ ਅਤੇ ਆਪਣੇ ਦੋਸਤਾਂ ਨੂੰ ਮਿਲਿਆ, ਤਾਂ ਗਿਆਨੀ ਰਣਜੀਤ ਸਿੰਘ ਰਾਣਾ (ਪੰਜਾਬੀ ਦੇ ਵੱਡੇ ਸ਼ਾਇਰ) ਨੇ ਵੱਖ-ਵੱਖ ਗੁਰਦੁਆਰਿਆਂ ਦੇ ਪ੍ਰਬੰਧਕਾਂ ਦੇ ਸਾਹਮਣੇ ਕਿਹਾ ਕਿ "ਤੁਹਾਡੇ ਪਰਿਵਾਰ ਨੂੰ ਨਨਕਾਣਾ ਸਾਹਿਬ ਦੇ ਜਨਮ ਅਸਥਾਨ ਦੀ ਕੁੰਜੀ ਉਹਨਾਂ ਦੇ ਪਿਤਾ ਗਿਆਨੀ ਬਖਸ਼ੀਸ਼ ਸਿੰਘ ਜੀ ਨੇ ਦਿੱਤੀ ਸੀ।" ਇਹ ਸੁਣ ਕੇ ਮੇਰੇ ਪਿਤਾ ਜੀ ਅਤੇ ਉਹਨਾਂ ਦੇ ਬੋਲ ਮੇਰੀਆਂ ਅੱਖਾਂ ਅੱਗੇ ਆ ਗਏ। ਮੇਰੇ ਲਈ ਇਹ ਬਹੁਤ ਵੱਡਾ ਦਿਨ ਸੀ ਕਿ ਮੈਂ ਉਸ ਪਰਿਵਾਰ ਦੇ ਦਰਸ਼ਨ ਕੀਤੇ ਜਿਨ੍ਹਾਂ ਨੂੰ ਪਿਤਾ ਜੀ ਸਾਰੀ ਉਮਰ ਖੋਜਦੇ ਰਹੇ।

ਪ੍ਰੋਗਰਾਮ ਦੇ ਅੰਤ 'ਚ ਮੈਂ ਉਹਨਾਂ ਨਾਲ ਮੁੜ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਉਹ ਸਾਨੂੰ (ਮੈਂਨੂੰ ਅਤੇ ਮੇਰੀ ਭੈਣ ਸਤਵੰਤ ਕੌਰ ਨੂੰ) ਆਪਣੇ ਘਰ ਲੈ ਗਏ ਜਿੱਥੇ ਅਸੀਂ ਉਹਨਾਂ ਨਾਲ ਰਾਤ ਦਾ ਲੰਗਰ ਕੀਤਾ। ਅਸੀਂ ਦੇਰ ਤੱਕ ਉਹਨਾਂ ਨਾਲ ਬੈਠੇ ਪਿਤਾ ਜੀ ਦੀਆਂ ਗੱਲਾਂ ਕਰਦੇ ਰਹੇ। ਉਹਨਾਂ ਨੇ ਸਾਨੂੰ ਇਤਿਹਾਸਕ ਤਸਵੀਰਾਂ ਅਤੇ ਗਿਆਨੀ ਜੀ ਦੀਆਂ ਚੀਜ਼ਾਂ ਵਿਖਾਈਆਂ। ਆਖ਼ਰ ਵਿਚ ਗਿਆਨੀ ਜਸਮੇਰ ਸਿੰਘ ਹੋਠੀ ਨੇ ਆਪਣੀਆਂ ਕਿਤਾਬਾਂ ਤੋਹਫ਼ੇ ਵਿਚ ਦਿੱਤੀਆਂ।

ਅਸੀਂ ਯੂ.ਕੇ. ਵਿਚ ਹੀ ਸਨ ਕਿ ਉਹਨਾਂ ਨਾਲ ਮੁੜ ਮੁਲਾਕਾਤ ਹੋਈ। ਮੈਂ ਉਹਨਾਂ ਨੂੰ ਕਿਹਾ ਕਿ ਮੈਂ ਉਹਨਾਂ ਦੀ ਕਿਤਾਬ ਦਾ ਪਾਕਿਸਤਾਨ ਵਿਚ ਉਰਦੂ ਤਰਜਮਾ ਅਤੇ ਗੁਰੂ ਨਾਨਕ ਪੰਥੀ ਸਿੱਖ ਸਮਾਜ ਦਾ ਜ਼ਿਕਰ ਕਰਾਂ ਤਾਂ ਜੋ ਉਹ ਇਸ ਕਿਤਾਬ ਨੂੰ ਪੜ੍ਹ ਕੇ ਖ਼ਾਲਸਾ ਪੰਥ ਦਾ ਹਿੱਸਾ ਬਣ ਸਕਣ। ਉਹ ਸਹਿਮਤ ਹੋ ਗਏ। ਇਸ ਤਰ੍ਹਾਂ ਮੈਨੂੰ ਤਰਜਮਾ ਕਰਨ ਦਾ ਮੌਕਾ ਮਿਲਿਆ। ਤਰਜਮੇ ਦੌਰਾਨ ਮੈਨੂੰ ਗਿਆਨੀ ਜਸਮੀਰ ਸਿੰਘ ਹੋਠੀ ਦੀ ਸ਼ਊਰੀ ਤਾਕਤ ਦਾ ਅਹਿਸਾਸ ਹੁੰਦਾ ਗਿਆ।

ਇਹ ਕਿਤਾਬ ਹਜ਼ਾਰਾਂ ਦੀ ਗਿਣਤੀ ਵਿਚ ਛਪ ਚੁੱਕੀ ਹੈ ਅਤੇ ਇਸ ਨੂੰ ਪੜ੍ਹਨ ਵਾਲੇ ਦੇ ਦਿਲ ਵਿਚ ਖ਼ਾਲਸਾ ਬਣਨ ਦੀ ਇੱਛਾ ਜਨਮ ਲੈਂਦੀ ਹੈ। ਇਹੀ ਕਾਰਨ ਹੈ ਕਿ ਮੈਂ ਇਸ ਦਾ ਤਰਜਮਾ ਕੀਤਾ ਤਾਂ ਜੋ ਗੁਰੂ ਨਾਨਕ ਪੰਥੀ ਵੀ ਇਸ ਨੂੰ ਪੜ੍ਹ ਕੇ ਦਿਲ ਵਿਚ ਖ਼ਾਲਸਾ ਬਣਨ ਦੀ ਆਰਜ਼ੂ ਪੈਦਾ ਕਰ ਸਕਣ। ਜਿਵੇਂ ਜਿਵੇਂ ਪਾਕਿਸਤਾਨ ਵਿਚ ਖ਼ਾਲਸਿਆਂ ਦੀ ਗਿਣਤੀ ਵੱਧੇਗੀ, ਤਿਵੇਂ ਤਿਵੇਂ ਇੱਥੇ ਖ਼ਾਲਸਾ ਦੀ ਚੜ੍ਹਦੀ ਕਲਾ ਹੋਵੇਗੀ।

ਮੈਂ ਉਮੀਦ ਕਰਦਾ ਹਾਂ ਕਿ ਹਰ ਸਮਝਦਾਰ ਵਿਅਕਤੀ ਇਸ ਕਿਤਾਬ ਦਾ ਅਧਿਐਨ ਕਰੇ ਤਾਂ ਜੋ ਉਸ ਵਿਚ 'ਖ਼ਾਲਸਾ' ਹੋਣ ਦਾ ਸ਼ਊਰ ਜਾਗ ਪਏ। ਇਹੀ ਉਹ ਗਿਆਨ ਹੈ ਜੋ ਗੁਰੂ ਸਾਹਿਬ ਦੀ ਬਖ਼ਸ਼ਿਸ਼ ਰਾਹੀਂ ਹਰ ਗੁਰਮੁਖ ਵਿਚ ਗੁਰੂ ਜੀ ਦਾ ਜ਼ਹੂਰ ਬਣ ਕੇ ਪ੍ਰਗਟ ਹੁੰਦਾ ਹੈ, ਜਿਸ ਦਾ ਜ਼ਿਕਰ ਦਸਵੇਂ ਪਾਤਸ਼ਾਹ ਗੁਰੂ ਸਾਹਿਬ ਨੇ ਕੀਤਾ ਸੀ।

ਵਾਹਿਗੁਰੂ ਸੱਚੇ ਪਾਤਸ਼ਾਹ ਗਿਆਨੀ ਜਸਮੇਰ ਸਿੰਘ ਹੋਠੀ ਨੂੰ ਇਸ ਕਿਤਾਬ ਦੇ ਹਰ ਸ਼ਬਦ ਨੂੰ ਬਖ਼ਸ਼ਿਸ਼ ਦਾ ਸਾਧਨ ਬਣਾਉਣ ਦੀ ਤਾਕਤ ਬਖ਼ਸ਼ਣ, ਤਾਂ ਜੋ ਉਹ ਆਪਣਾ ਕੰਮ ਇਸੇ ਤਰ੍ਹਾਂ ਜਾਰੀ ਰੱਖ ਸਕਣ।




ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਦੇ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿੱਚ -'ਰਾਸ਼ਟਰੀ ਗੋਧਨ ਮਹਾਂਸੰਘ' ਦੀ ਸਰਪ੍ਰਸਤੀ ਹੇਠ ਨਾਮਧਾਰੀ ਸਿੱਖਾਂ ਦੁਆਰਾ ਆਯੋਜਿਤ ਸ੍ਰੀ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਦੌਰਾਨ ਸੰਬੋਧਨ ਕੀਤਾ।




ਕਟਿਹਾਰ ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਦੇ ਦੂਜੇ ਪੜਾਅ ਲਈ ਵੋਟ ਪਾਉਣ ਲਈ ਮਹਿਲਾ ਵੋਟਰ ਕਤਾਰ ਵਿੱਚ ਖੜ੍ਹੀਆਂ ਹਨ।

## ਅਮਰੀਕਾ ਵਿਚ 43 ਦਿਨਾਂ ਤੋਂ ਜਾਰੀ ਤਾਲਾਬੰਦੀ ਖ਼ਤਮ ; ਟਰੰਪ ਨੇ ਬਿੱਲ 'ਤੇ ਸਹੀ ਪਾਈ



ਵਾਸ਼ਿੰਗਟਨ : ਰਾਸ਼ਟਰਪਤੀ ਡੋਨਲਡ ਟਰੰਪ ਨੇ ਬੁੱਧਵਾਰ ਰਾਤ ਨੂੰ ਸਰਕਾਰੀ ਫੰਡਾਂ ਨਾਲ ਸਬੰਧਤ ਬਿੱਲ 'ਤੇ ਦਸਤਖ਼ਤ ਕਰ ਦਿੱਤੇ, ਜਿਸ ਨਾਲ ਪਿਛਲੇ ਰਿਕਾਰਡ 43 ਦਿਨਾਂ ਤੋਂ ਜਾਰੀ ਤਾਲਾਬੰਦੀ (Shutdown) ਦਾ ਭੋਗ ਪੈ ਗਿਆ। ਤਾਲਾਬੰਦੀ ਕਰਕੇ ਸੰਘੀ ਮੁਲਾਜ਼ਮਾਂ ਨੂੰ ਵੱਡਾ ਵਿੱਤੀ ਦਬਾਅ ਝੱਲਣਾ ਪੈ ਰਿਹਾ ਸੀ। ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲੀਆਂ, ਵੱਡੀ ਗਿਣਤੀ ਯਾਤਰੀ ਹਵਾਈ ਅੱਡਿਆਂ 'ਤੇ ਫਸ ਗਏ ਤੇ ਕੁਝ ਖ਼ੁਰਾਕੀ ਬੈਂਕਾਂ ਦੇ ਬਾਹਰ ਲੰਮੀਆਂ ਕਤਾਰਾਂ ਲੱਗ ਗਈਆਂ। ਬਿੱਲ 'ਤੇ ਟਰੰਪ ਦੀ ਸਹੀ ਨਾਲ ਵ੍ਹਾਈਟ ਹਾਊਸ ਵਿਚ ਉਨ੍ਹਾਂ ਦੀ ਸਰਕਾਰ ਵੱਲੋਂ ਚਲਾਈ ਗਈ ਦੂਜੀ ਸਰਕਾਰੀ ਤਾਲਾਬੰਦੀ ਸਮਾਪਤ ਹੋ ਗਈ। ਇਸ ਤਾਲਾਬੰਦੀ ਨੇ ਵਾਸ਼ਿੰਗਟਨ ਵਿਚ ਪੱਖਪਾਤੀ ਵੰਡ ਨੂੰ ਹੋਰ ਹਵਾ ਦਿੱਤੀ ਕਿਉਂਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਬੇਮਿਸਾਲ ਇਕਤਰਫ਼ਾ ਕਾਰਵਾਈ ਕੀਤੀ- ਜਿਸ ਵਿਚ ਪ੍ਰਾਜੈਕਟਾਂ ਨੂੰ ਰੱਦ ਕਰਨਾ ਤੇ ਸੰਘੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੀ ਕੋਸ਼ਿਸ਼ ਕਰਨਾ ਸ਼ਾਮਲ ਸੀ- ਤਾਂ ਕਿ ਡੈਮੋਕਰੈਟਸ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਨਰਮ ਰੁਖ਼ ਅਪਣਾਉਣ ਲਈ ਦਬਾਅ ਬਣਾਇਆ ਜਾ ਸਕੇ। ਸਦਨ ਵੱਲੋਂ 222-209 ਦੇ ਬਹੁਮਤ ਨਾਲ ਬਿੱਲ ਪਾਸ ਕਰਨ ਤੋਂ ਕੁਝ ਘੰਟਿਆਂ ਬਾਅਦ ਟਰੰਪ ਨੇ ਇਸ 'ਤੇ ਸਹੀ ਪਾ ਦਿੱਤੀ। ਸੈਨੇਟ ਨੇ ਸੋਮਵਾਰ ਨੂੰ ਇਸ ਬਿੱਲ ਨੂੰ ਪਾਸ ਕਰ ਦਿੱਤਾ ਸੀ।

## ਬਿਕਰਮ ਸਿੰਘ ਮਜੀਠੀਆ ਮਾਮਲਾ: ਸੁਣਵਾਈ ਸੋਮਵਾਰ ਤੱਕ ਮੁਅੱਤਲ

ਚੰਡੀਗੜ੍ਹ: ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਦੀ ਅੱਜ ਜਸਟਿਸ ਤ੍ਰਿਭੁਵਨ ਦਹੀਆ ਦੀ ਅਦਾਲਤ ਵਿਚ ਸੁਣਵਾਈ ਹੋਈ। ਸੁਣਵਾਈ ਦੌਰਾਨ ਸੂਬਾ ਪੱਖ ਦੇ ਵਕੀਲ ਨੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਸਰਕਾਰ ਨੂੰ ਹਿਦਾਇਤ ਕੀਤੀ ਕਿ ਮਜੀਠੀਆ ਖ਼ਿਲਾਫ਼ ਚੱਲ ਰਹੀ ਜਾਂਚ ਦੀ ਤਾਜ਼ਾ ਸਥਿਤੀ ਰਿਪੋਰਟ ਅਦਾਲਤ 'ਚ ਪੇਸ਼ ਕੀਤੀ ਜਾਵੇ। ਅਦਾਲਤ ਨੇ ਅਗਲੀ ਸੁਣਵਾਈ ਲਈ ਮਾਮਲੇ ਨੂੰ ਸੋਮਵਾਰ, 17 ਨਵੰਬਰ ਤੱਕ ਮੁਅੱਤਲ ਕਰ ਦਿੱਤਾ ਹੈ।

## ਸ਼੍ਰੀ ਗੁਰੂ ਅਮਰਦਾਸ ਜੀ ਸੇਵਾ ਸੰਸਥਾ ਉੜਮੁੜ ਟਾਂਡਾ ਵੱਲੋਂ ਲੋੜਵੰਦ ਮਰੀਜ਼ਾਂ ਲਈ ਫ਼ਰੀ ਸੇਵਾ ਦੀ ਸ਼ੁਰੂਆਤ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸ਼੍ਰੀ ਗੁਰੂ ਅਮਰਦਾਸ ਜੀ ਸੇਵਾ ਸੰਸਥਾ ਉੜਮੁੜ ਟਾਂਡਾ ਵੱਲੋਂ ਅੱਜ ਗੁਰੂ ਅਮਰਦਾਸ ਜੀ ਦਾ ਓਟ ਆਸਰਾ ਲੈ ਕੇ ਲੋੜਵੰਦ ਮਰੀਜ਼ਾਂ ਲਈ ਫ਼ਰੀ ਹਸਪਤਾਲ ਵਾਲੇ ਬੈਡ, ਵਹੀਲ ਚੇਅਰ, ਆਕਸੀਜਨ ਸੇਲੈਂਡਰ, ਵਾਕਰ ਦੀ ਸੇਵਾ ਬਾਬਾ ਹਰੀ ਸਿੰਘ ਜੀ ਹੋਰਾਂ ਵੱਲੋਂ ਸਰਬਤ ਦੇ ਭਲੇ ਦੀ ਅਰਦਾਸ ਕਰ ਕੇ ਸ਼ੁਰੂ ਕੀਤੀ ਗਈ। ਸੰਸਥਾ ਦੇ ਮੁੱਖ ਸੇਵਾਦਾਰ ਗੁਰਮੁਖ ਸਿੰਘ ਮਸੀਤੀ ਜੀ ਹੋਰਾਂ ਨੇ ਦੱਸਿਆ ਕਿ ਇਹ ਸੇਵਾ ਪਿੰਡ ਮਸੀਤ ਪਲ ਕੋਟ ਤੋਂ ਧਰਮਿੰਦਰ ਜੀਤ ਸਿੰਘ ਹੋਰਾਂ ਦੇ ਦਸਵੰਧ ਨਾਲ ਸ਼ੁਰੂ ਕੀਤੀ ਗਈ ਹੈ, ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਵੀ ਸੰਸਥਾ ਵੱਲੋਂ ਸਾਰੀ ਸੰਗਤ ਦੇ ਸਹਿਯੋਗ ਨਾਲ ਰੋਜ਼ਾਨਾ ਟਾਂਡਾ ਦੇ ਹਸਪਤਾਲਾਂ 'ਚ ਦੁੱਧ ਦੀ ਸੇਵਾ, ਅੰਬੂਲੈਂਸ ਦੀ ਸੇਵਾ ਅਤੇ ਹੋਰ ਲੋਕ ਭਲਾਈ ਦੇ ਕਾਰਜ ਕੀਤੇ ਜਾ ਰਹੇ ਹਨ ਅਤੇ ਅੱਗੇ ਤੋਂ ਵੀ ਸੰਸਥਾ ਮਨੁੱਖਤਾ ਦੀ ਸੇਵਾ ਹਿੱਤ ਕਾਰਜ ਕਰਦੀ ਰਹੇਗੀ।



ਇਸ ਮੌਕੇ ਰਾਜ ਵਿਰਕ, ਬਾਬਾ ਬਲਬਿੰਦਰ ਸਿੰਘ ਜੀ, ਰਾਜੇਸ਼ ਭੱਲਾ ਜੀ, ਭਾਈ ਮਨਜੀਤ ਸਿੰਘ ਜੀ ਖਾਲਸਾ, ਰਾਜਿੰਦਰ ਮਾਰਸ਼ਲ ਜੀ ਸੋਨੂ ਮਾਰਸ਼ਲ ਜੀ, ਅਮਰੀਕ ਸਿੰਘ ਜੀ, ਦਵਿੰਦਰ ਸਿੰਘ ਮੂਨਕ ਸਰਬਤ ਦਾ ਭਲਾ ਸੋਸਾਇਟੀ ਤੋਂ, ਡਾ. ਸ਼ਿਵਰਾਜ ਰੇਖੀ, ਡਾ. ਕੇਬਲ ਸਿੰਘ ਜੀ, ਦੁਆਬਾ ਕਿਸਾਨ ਕਮੇਟੀ ਤੋਂ ਜੰਗਵੀਰ ਸਿੰਘ ਜੀ ਚੌਹਾਨ ਅਤੇ ਉਨ੍ਹਾਂ ਦੇ ਸਾਥੀ, ਹਰਦੀਪ ਖੁੱਡਾ ਜੀ, ਇਕ ਓਮਕਾਰ ਤੇਰਾਂ ਤੇਰਾਂ ਸੋਸਾਇਟੀ ਤੋਂ ਸੁਖਵਿੰਦਰ ਸਿੰਘ ਜੌਹਲ ਅਤੇ ਉਨ੍ਹਾਂ ਦੇ ਸਾਥੀ, ਗੁਰੂ ਨਾਨਕ ਦੇਵ ਜੀ ਬਲੱਡ ਅਤੇ ਸੇਵਾ ਸੋਸਾਇਟੀ ਤੋਂ ਪਰਮਵੀਰ ਸਿੰਘ, ਸੰਨੀ ਪੰਡਿਤ, ਪਰਮਜੀਤ ਸਿੰਘ ਬਾਬੂ, ਸਤਨਾਮ ਸਿੰਘ ਜੀ, ਹਰਜਿੰਦਰ ਸਿੰਘ ਜੀ, ਸੁਖਜੀਤ ਕੌਰ ਟਿੰਮੀ, ਪਰਮਜੀਤ ਕੌਰ, ਪੱਲਵੀ ਮਦਾਨ, ਗੁਰਪ੍ਰੀਤ ਕੌਰ, ਕੁਲਦੀਪ ਕੌਰ, ਜਸਤੇਜ, ਹਰਮਨ ਅਭਿਸ਼ੇਕ, ਕੁਲਤੇਜ, ਅਰਸ਼ਵੀਰ, ਨਿਧੀ ਭੱਲਾ, ਵਿਸਾਖਾ ਭੱਲਾ ਅਤੇ ਹੋਰ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ। ਇਹ ਸਾਰਾ ਉਪਰਾਲਾ ਗੁਰਵਿੰਦਰ ਸਿੰਘ ਸਿੱਧੂ ਹੈਪੀ (ਬੰਬ) ਜੀ ਸੰਸਥਾ ਦੇ ਮੁੱਖ ਸਲਾਹਕਾਰ ਦੇ ਸਹਿਯੋਗ ਨਾਲ ਕੀਤਾ ਗਿਆ। ਸੰਸਥਾ ਦੇ ਮੁੱਖੀ ਗੁਰਮੁਖ ਸਿੰਘ ਮਸੀਤੀ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

## ਇੱਕ ਯੁੱਗ ਦਾ ਅੰਤ

### ਅਮਰੀਕਾ ਨੇ 230 ਸਾਲ ਪੁਰਾਣੀ 'ਪੈਨੀ' (1-ਸੈਂਟ ਸਿੱਕਾ) ਬਣਾਉਣੀ ਕੀਤੀ ਬੰਦ

ਵਾਸਿੰਗਟਨ/ਅਮਰੀਕਾ (ਸਾਡੇ ਲੋਕ): ਸੰਯੁਕਤ ਰਾਜ ਅਮਰੀਕਾ ਨੇ ਇੱਕ ਇਤਿਹਾਸਕ ਫੈਸਲਾ ਲੈਂਦਿਆਂ, 230 ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਹੇ 'ਪੈਨੀ' ਸਿੱਕੇ ਦਾ ਉਤਪਾਦਨ ਰੋਕ ਦਿੱਤਾ ਹੈ। ਇਸਦਾ ਮੁੱਖ ਕਾਰਨ ਇਸਨੂੰ ਬਣਾਉਣ 'ਤੇ ਆਉਣ ਵਾਲੀ ਲਾਗਤ ਦਾ ਇਸਦੀ ਕੀਮਤ ਤੋਂ ਵੱਧ ਹੋਣਾ ਹੈ।

**ਮੁੱਖ ਕਾਰਨ ਅਤੇ ਪ੍ਰਭਾਵਘਾਟੇ ਦਾ ਸੌਦਾ:** ਇੱਕ ਪੈਨੀ (ਜਿਸਦੀ ਕੀਮਤ 1 ਸੈਂਟ ਹੈ) ਬਣਾਉਣ 'ਤੇ ਲਗਭਗ 3.7 ਤੋਂ 4 ਸੈਂਟ ਦਾ ਖਰਚਾ ਆ ਰਿਹਾ ਸੀ, ਜਿਸ ਨਾਲ ਸਰਕਾਰ ਨੂੰ ਭਾਰੀ ਵਿੱਤੀ ਨੁਕਸਾਨ ਹੋ ਰਿਹਾ ਸੀ।

**ਸਾਲਾਨਾ ਵੱਡੀ ਬੱਚਤ:** ਇਸ ਕਦਮ ਨਾਲ ਅਮਰੀਕੀ ਖਜ਼ਾਨਾ ਵਿਭਾਗ ਨੂੰ ਹਰ ਸਾਲ ਲਗਭਗ 56 ਮਿਲੀਅਨ ਡਾਲਰ ਦੀ ਬੱਚਤ ਹੋਣ ਦਾ ਅਨੁਮਾਨ ਹੈ।

**ਇਤਿਹਾਸਕ ਮਹੱਤਵ:** ਇਹ ਸਿੱਕਾ 230 ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕੀ ਅਰਥਵਿਵਸਥਾ ਅਤੇ ਲੋਕਾਂ ਦੀਆਂ 'ਗੋਲਕਾਂ' (piggy banks) ਦਾ ਅਹਿਮ ਹਿੱਸਾ ਰਿਹਾ ਹੈ।

ਇਸ ਫੈਸਲੇ ਦੀ ਨੀਂਹ ਇਸ ਸਾਲ ਦੇ ਸ਼ੁਰੂ ਵਿੱਚ ਰੱਖੀ ਗਈ ਸੀ:

**ਫਰਵਰੀ 2025:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸਨੂੰ 'ਬੇਲੋੜਾ ਖਰਚਾ' ਦੱਸਦਿਆਂ ਖਜ਼ਾਨਾ ਵਿਭਾਗ ਨੂੰ ਉਤਪਾਦਨ ਰੋਕਣ ਦੇ ਨਿਰਦੇਸ਼ ਦਿੱਤੇ।

ਮਈ 2025: ਖਜ਼ਾਨਾ ਵਿਭਾਗ ਨੇ ਪੈਨੀ ਨੂੰ ਬੰਦ ਕਰਨ ਦੀ ਯੋਜਨਾ ਦਾ ਅਧਿਕਾਰਤ ਤੌਰ 'ਤੇ ਐਲਾਨ ਕੀਤਾ।



**ਅੰਤਿਮ ਉਤਪਾਦਨ (2026):** ਯੂਐਸ ਮਿੰਟ (ਟਕਸਾਲ) ਨੇ ਸਿੱਕੇ ਬਣਾਉਣ ਵਾਲੀ ਧਾਤ ਦਾ ਆਖਰੀ ਆਰਡਰ ਦੇ ਦਿੱਤਾ ਹੈ। ਮੌਜੂਦਾ ਸਟਾਕ ਖਤਮ ਹੁੰਦਿਆਂ ਹੀ (2026 ਦੇ ਸ਼ੁਰੂ ਤੱਕ) ਉਤਪਾਦਨ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ।

**ਜ਼ਰੂਰੀ ਜਾਣਕਾਰੀ:** ਪੁਰਾਣੇ ਸਿੱਕਿਆਂ ਦਾ ਕੀ ਬਣੇਗਾ ?

ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜਿਹੜੇ ਸਿੱਕੇ ਪਹਿਲਾਂ ਹੀ ਲੋਕਾਂ ਕੋਲ ਜਾਂ ਮਾਰਕੀਟ ਵਿੱਚ ਮੌਜੂਦ ਹਨ, ਉਹ ਪੂਰੀ ਤਰ੍ਹਾਂ ਕਾਨੂੰਨੀ (legal tender) ਰਹਿਣਗੇ। ਲੋਕ ਪਹਿਲਾਂ ਦੀ ਤਰ੍ਹਾਂ ਇਨ੍ਹਾਂ ਦੀ ਵਰਤੋਂ ਕਰ ਸਕਣਗੇ। ਸਿਰਫ਼ ਨਵੇਂ ਸਿੱਕੇ ਬਣਾਏ ਨਹੀਂ ਜਾਣਗੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ

# 'ਧਰਮ ਰੱਖਿਅਕ ਯਾਤਰਾ' ਸ੍ਰੀ ਅਨੰਦਪੁਰ ਸਾਹਿਬ ਤੋਂ ਜੈਕਾਰਿਆਂ ਦੀ ਗੂੰਜ 'ਚ ਆਰੰਭ











ਅਨੰਦਪੁਰ ਸਾਹਿਬ, (ਸਾਡੇ ਲੋਕ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਨਾਲ ਸ਼ਹੀਦ ਹੋਏ ਮਹਾਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ "ਧਰਮ ਰੱਖਿਅਕ ਯਾਤਰਾ" ਨਗਰ ਕੀਰਤਨ ਦੇ ਰੂਪ ਵਿੱਚ ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅਨੰਦਪੁਰ ਸਾਹਿਬ ਤੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪੂਰੀ ਸ਼ਾਨੋ ਸ਼ੌਕਤ ਨਾਲ ਆਰੰਭ ਹੋਈ ।

ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਨਾਲ ਸ਼ਹੀਦ ਹੋਏ ਮਹਾਨ ਗੁਰਸਿੱਖਾਂ—ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ—ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਿਸ਼ਾਲ 'ਧਰਮ ਰੱਖਿਅਕ ਯਾਤਰਾ' ਦਾ ਆਯੋਜਨ ਕੀਤਾ ਗਿਆ ਹੈ।

ਇਹ ਪਵਿੱਤਰ ਯਾਤਰਾ, ਜੋ ਕਿ ਇੱਕ ਵਿਸ਼ਾਲ ਨਗਰ ਕੀਰਤਨ ਦੇ ਰੂਪ ਵਿੱਚ ਹੈ, ਅੱਜ ਪੂਰੀ ਸ਼ਰਧਾ ਅਤੇ ਸ਼ਾਨੋ-ਸ਼ੌਕਤ ਨਾਲ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅਨੰਦਪੁਰ ਸਾਹਿਬ ਤੋਂ ਆਰੰਭ ਹੋਈ।

**ਯਾਤਰਾ ਦੇ ਮੁੱਖ ਅੰਸ਼:**


**-ਅਗਵਾਈ:** ਯਾਤਰਾ ਦੀ ਆਰੰਭਤਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਕੀਤੀ ਗਈ।

- **ਮਾਹੌਲ:** ਇਸ ਮੌਕੇ 'ਤੇ ਸੰਗਤਾਂ ਦਾ ਉਤਸ਼ਾਹ ਦੇਖਣਯੋਗ ਸੀ ਅਤੇ ਸਾਰਾ ਮਾਹੌਲ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।
- **ਮੰਜ਼ਿਲ:** ਇਹ ਯਾਤਰਾ ਪੰਜਾਬ ਦੇ ਵੱਖ-ਵੱਖ ਇਤਿਹਾਸਕ ਸਥਾਨਾਂ ਤੋਂ ਹੁੰਦੀ ਹੋਈ ਦਿੱਲੀ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਂਕ ਵਿਖੇ ਸਮਾਪਤ ਹੋਵੇਗੀ।
- **ਉਦੇਸ਼:** ਇਸ ਯਾਤਰਾ ਦਾ ਮੁੱਖ ਉਦੇਸ਼ ਗੁਰੂ ਸਾਹਿਬ ਜੀ ਦੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿੱਤੀ ਲਾਸਾਨੀ ਸ਼ਹਾਦਤ ਦੇ ਸੰਦੇਸ਼ ਨੂੰ ਦੁਨੀਆ ਭਰ ਵਿੱਚ ਫੈਲਾਉਣਾ ਹੈ।

ਇਸ ਯਾਤਰਾ ਦਾ ਵੱਖ-ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਥਾਂ-ਥਾਂ 'ਤੇ ਲੰਗਰ ਅਤੇ ਜਲ ਦੀ ਸੇਵਾ ਕੀਤੀ ਜਾ ਰਹੀ ਹੈ।

















## ਰੌਕੀਫੈਲਰ ਸੈਂਟਰ (Rockefeller Center New York) ਵਿਖੇ 75-ਫੁੱਟਾ ਕ੍ਰਿਸਮਸ ਦਰੱਖਤ (TREE) : ਪਤੀ ਦੀ ਯਾਦ ਵਿੱਚ ਦੁਨੀਆ ਲਈ ਤੋਹਫ਼ਾ





ਰੌਕੀਫੈਲਰ ਸੈਂਟਰ/ਨਿਊਯਾਰਕ (ਸਾਡੇ ਲੋਕ) : ਇਸ ਸਾਲ ਨਿਊਯਾਰਕ ਦੇ ਮਸ਼ਹੂਰ ਰੌਕੀਫੈਲਰ ਸੈਂਟਰ (Rockefeller Center) 'ਤੇ ਲੱਗਣ ਵਾਲਾ ਕ੍ਰਿਸਮਸ ਟ੍ਰੀ ਇੱਕ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਬਿਆਨ ਕਰਦਾ ਹੈ। ਇਹ ਰੁੱਖ ਇੱਕ ਵਿਧਵਾ, ਜੂਡੀ ਰਸ (Judy Russ) ਵੱਲੋਂ ਆਪਣੇ ਮਰਹੂਮ ਪਤੀ ਡੈਨ (Dan) ਨੂੰ ਸ਼ਰਧਾਂਜਲੀ ਦੇਣ ਲਈ ਦਾਨ ਕੀਤਾ ਗਿਆ ਹੈ।

**ਇੱਕ ਸਾਂਝਾ ਸੁਪਨਾ**

ਇਹ 75 ਫੁੱਟ ਉੱਚਾ 'ਨਾਰਵੇ ਸਪ੍ਰੂਸ' ਦਰੱਖਤ ਜੂਡੀ ਅਤੇ ਉਸਦੇ ਪਤੀ ਡੈਨ ਦਾ ਇੱਕ ਸਾਂਝਾ ਸੁਪਨਾ ਸੀ। ਡੈਨ ਦੀ 32 ਸਾਲ ਦੀ ਛੋਟੀ ਉਮਰ ਵਿੱਚ ਮੌਤ ਹੋ ਗਈ ਸੀ। ਉਸਦੀ ਮੌਤ ਤੋਂ ਪੰਜ ਸਾਲ ਬਾਅਦ, ਜੂਡੀ ਨੇ ਆਪਣੇ ਪਤੀ ਦੇ ਉਸ ਸੁਪਨੇ ਨੂੰ ਪੂਰਾ ਕਰਨ ਦਾ ਫੈਸਲਾ ਕੀਤਾ ਕਿ ਉਨ੍ਹਾਂ ਦੇ ਘਰ ਦਾ ਇਹ ਰੁੱਖ ਇੱਕ ਦਿਨ ਦੁਨੀਆ ਦਾ ਸਭ ਤੋਂ ਮਸ਼ਹੂਰ ਕ੍ਰਿਸਮਸ ਟ੍ਰੀ ਬਣੇ।

ਇਹ ਰੁੱਖ ਉਨ੍ਹਾਂ ਦੇ ਪਰਿਵਾਰ ਦੀ ਵਿਰਾਸਤ ਹੈ, ਜਿਸਨੂੰ ਲਗਭਗ 75 ਸਾਲ ਪਹਿਲਾਂ ਡੈਨ ਦੇ ਪੜਦਾਦਾ-ਪੜਦਾਦੀ ਨੇ ਲਾਇਆ ਸੀ। ਮਾਂ-ਪੁੱਤ ਲਈ ਖਾਸ ਪਲ।

ਇਸ ਰੁੱਖ ਨੂੰ 8 ਨਵੰਬਰ ਨੂੰ ਉਨ੍ਹਾਂ ਦੇ ਘਰ ਤੋਂ ਮੈਨਹਟਨ ਲਿਆਂਦਾ ਗਿਆ। ਜੂਡੀ ਅਤੇ ਉਸਦਾ 7 ਸਾਲਾ ਬੇਟਾ, ਲੀਅਮ (Liam), 3 ਦਸੰਬਰ ਨੂੰ ਹੋਣ ਵਾਲੇ ਲਾਈਟਿੰਗ ਸਮਾਰੋਹ ਵਿੱਚ ਸ਼ਾਮਲ ਹੋਣਗੇ।

'ਇਹ ਬਹੁਤ ਖਾਸ ਹੈ ਕਿ ਮੇਰੇ ਪਰਿਵਾਰ ਦਾ ਰੁੱਖ ਹੁਣ ਅਮਰੀਕਾ ਦਾ, ਜਾਂ ਸ਼ਾਇਦ ਦੁਨੀਆ ਦਾ, ਕ੍ਰਿਸਮਸ ਟ੍ਰੀ ਬਣ ਰਿਹਾ ਹੈ।' — ਜੂਡੀ ਰਸ (ਮਰਹੂਮ ਡੈਨ ਦੀ ਪਤਨੀ)

ਲੀਅਮ ਨੇ ਵੀ ਕਿਹਾ, 'ਮੈਂ ਬਹੁਤ ਖੁਸ਼ ਹਾਂ ਕਿ ਪੂਰੀ ਦੁਨੀਆ ਇਸਨੂੰ ਦੇਖ ਸਕੇਗੀ।'

**50,000 ਰੌਸ਼ਨੀਆਂ ਨਾਲ ਸ਼ਰਧਾਂਜਲੀ**

3 ਦਸੰਬਰ ਨੂੰ ਇਸ ਰੁੱਖ ਨੂੰ 50,000 ਲਾਈਟਾਂ ਅਤੇ ਇੱਕ ਵੱਡੇ ਸਵਾਰੋਵਸਕੀ (Swarovski) ਸਿਤਾਰੇ ਨਾਲ ਸਜਾਇਆ ਜਾਵੇਗਾ। ਜੂਡੀ ਦਾ ਕਹਿਣਾ ਹੈ ਕਿ ਉਹ ਉਸ ਦਿਨ ਬਹੁਤ ਭਾਵੁਕ ਹੋਵੇਗੀ ਅਤੇ ਰੁੱਖ 'ਤੇ ਜਗਣ ਵਾਲੀ ਹਰ ਰੌਸ਼ਨੀ ਨੂੰ ਉਹ ਆਪਣੇ ਮਰਹੂਮ ਪਤੀ ਨੂੰ ਸਮਰਪਿਤ ਕਰੇਗੀ। ਉਸਨੇ ਲੋਕਾਂ ਨੂੰ ਸੰਦੇਸ਼ ਦਿੱਤਾ: 'ਖੁਸ਼ੀਆਂ ਵੰਡੋ, ਇੱਕ ਦੂਜੇ ਨੂੰ ਪਿਆਰ ਕਰੋ... ਅਸੀਂ ਇਸਨੂੰ ਸਾਰਿਆਂ ਨਾਲ ਸਾਂਝਾ ਕਰਕੇ ਬਹੁਤ ਖੁਸ਼ ਹਾਂ।'

**ਫੋਟੋ ਧੰਨਵਾਦ ਸਹਿਤ The Rockefeller Center facebook**

# ਦੁਨੀਆ ਦੇ ਸਭ ਤੋਂ ਮਸ਼ਹੂਰ ਕ੍ਰਿਸਮਸ ਰੁੱਖ ਦੀ ਕਹਾਣੀ

ਇਹ ਸਿਰਫ਼ ਇੱਕ ਰੁੱਖ ਨਹੀਂ ਹੈ; ਇਹ ਨਿਊਯਾਰਕ ਸ਼ਹਿਰ ਵਿੱਚ ਕ੍ਰਿਸਮਸ ਦੀ ਰੂਹ ਹੈ। ਹਰ ਸਾਲ, ਦੁਨੀਆ ਭਰ ਦੇ ਲੋਕ ਨਿਊਯਾਰਕ ਦੇ ਮਸ਼ਹੂਰ 'ਰੌਕੀਫੈਲਰ ਸੈਂਟਰ' (Rockefeller Center) ਵੱਲ ਦੇਖਦੇ ਹਨ, ਅਤੇ ਇਸ ਸਭ ਦੇ ਕੇਂਦਰ ਵਿੱਚ ਹੁੰਦਾ ਹੈ ਇੱਕ ਵਿਸ਼ਾਲ, ਜਗਮਗਾਉਂਦਾ ਕ੍ਰਿਸਮਸ ਟ੍ਰੀ।

ਪੇਸ਼ ਹੈ 2025 ਦੇ ਇਸ 'ਰਾਜੇ' ਰੁੱਖ ਦੀ ਕਹਾਣੀ।

**130 ਮੀਲ ਦਾ ਸਫ਼ਰ:** ਜੰਗਲ ਤੋਂ ਸ਼ਹਿਰ ਤੱਕ

ਇਸ ਸਾਲ (2025) ਦੇ ਰੁੱਖ ਦਾ ਸਫ਼ਰ ਈਸਟ ਗ੍ਰੀਨਬੁਸ਼ (East Greenbush) ਤੋਂ ਸ਼ੁਰੂ ਹੋਇਆ। 6 ਨਵੰਬਰ ਨੂੰ ਇਸਨੂੰ ਬੜੇ ਸਤਿਕਾਰ ਨਾਲ ਕੱਟਿਆ ਗਿਆ। ਇਸ ਤੋਂ ਬਾਅਦ, ਇਸਨੇ ਮੈਨਹਟਨ ਤੱਕ ਲਗਭਗ 130 ਮੀਲ (ਕਰੀਬ 209 ਕਿਲੋਮੀਟਰ) ਦੀ ਯਾਤਰਾ ਤੈਅ ਕੀਤੀ।

8 ਨਵੰਬਰ ਦੀ ਸਵੇਰ ਨੂੰ, ਜਦੋਂ ਇਹ ਰੁੱਖ ਰੌਕੀਫੈਲਰ ਪਲਾਜ਼ਾ ਪਹੁੰਚਿਆ, ਤਾਂ ਇਹ ਸਿਰਫ਼ ਇੱਕ ਰੁੱਖ ਨਹੀਂ ਸੀ, ਬਲਕਿ ਲੱਖਾਂ ਲੋਕਾਂ ਦੀਆਂ ਉਮੀਦਾਂ ਦਾ ਪ੍ਰਤੀਕ ਸੀ। ਇਸਨੂੰ ਪੂਰੀ ਸ਼ਾਨੋ-ਸ਼ੌਕਤ ਨਾਲ ਇਸਦੀ ਥਾਂ 'ਤੇ ਖੜ੍ਹਾ ਕੀਤਾ ਗਿਆ।


**ਇੱਕ ਜਾਦੂਈ ਬਦਲਾਅ:** 50,000 ਰੌਸ਼ਨੀਆਂ ਅਤੇ 30 ਲੱਖ ਕ੍ਰਿਸਟਲ

ਇੱਕ ਵਾਰ ਖੜ੍ਹਾ ਹੋਣ ਤੋਂ ਬਾਅਦ, ਇਸਦਾ ਅਸਲੀ ਜਾਦੂ ਸ਼ੁਰੂ ਹੁੰਦਾ ਹੈ:

-**50,000 ਲਾਈਟਾਂ:** ਇਸ ਵਿਸ਼ਾਲ ਰੁੱਖ ਨੂੰ 50,000 ਤੋਂ ਵੱਧ ਰੰਗ-ਬਿਰੰਗੀਆਂ LED ਲਾਈਟਾਂ ਨਾਲ ਸਜਾਇਆ ਜਾਂਦਾ ਹੈ।

- **5 ਮੀਲ ਲੰਬੀ ਤਾਰ:** ਇਹ ਸਾਰੀਆਂ ਲਾਈਟਾਂ ਲਗਭਗ 5 ਮੀਲ (8 ਕਿਲੋਮੀਟਰ) ਲੰਬੀ ਤਾਰ 'ਤੇ ਲਪੇਟੀਆਂ ਜਾਂਦੀਆਂ ਹਨ।

- **ਸ਼ਾਹੀ ਤਾਜ:** ਸਭ ਤੋਂ ਖਾਸ ਹੁੰਦਾ ਹੈ ਇਸਦਾ ਤਾਜ। ਰੁੱਖ ਦੇ ਸਿਖਰ 'ਤੇ ਇੱਕ 9-ਫੁੱਟ ਉੱਚਾ 'ਸਵਾਰੋਵਸਕੀ ਸਟਾਰ' (Swarovski star) ਲਗਾਇਆ ਜਾਂਦਾ ਹੈ। 900 ਪੌਂਡ (ਲਗਭਗ 408 ਕਿਲੋ) ਭਾਰੇ ਇਸ ਸਿਤਾਰੇ ਵਿੱਚ 3 ਮਿਲੀਅਨ (30 ਲੱਖ) ਕ੍ਰਿਸਟਲ ਜੜੇ ਹੁੰਦੇ ਹਨ, ਜੋ ਦਿਨ-ਰਾਤ ਚਮਕਦੇ ਹਨ।





ਉਹ ਪਲ ਜਿਸਦਾ ਸਭ ਨੂੰ ਇੰਤਜ਼ਾਰ ਹੁੰਦਾ ਹੈ।

ਸਾਰੀ ਦੁਨੀਆ 3 ਦਸੰਬਰ, ਬੁੱਧਵਾਰ ਦੀ ਸ਼ਾਮ ਦਾ ਇੰਤਜ਼ਾਰ ਕਰਦੀ ਹੈ। ਸ਼ਾਮ 7 ਵਜੇ, NBC ਚੈਨਲ 'ਤੇ 'ਕ੍ਰਿਸਮਸ ਇਨ ਰੌਕੀਫੈਲਰ ਸੈਂਟਰ' ਦਾ ਲਾਈਵ ਪ੍ਰਸਾਰਣ ਸ਼ੁਰੂ ਹੁੰਦਾ ਹੈ। ਜਿਵੇਂ ਹੀ ਬਟਨ ਦਬਾਇਆ ਜਾਂਦਾ ਹੈ, 50,000 ਲਾਈਟਾਂ ਇੱਕੋ ਸਮੇਂ ਜਗਮਗਾ ਉੱਠਦੀਆਂ ਹਨ ਅਤੇ ਨਿਊਯਾਰਕ ਦੀ ਸ਼ਾਮ ਰੌਸ਼ਨ ਹੋ ਜਾਂਦੀ ਹੈ।

ਇੱਕ ਪਰੰਪਰਾ ਜੋ 90 ਸਾਲਾਂ ਤੋਂ ਵੱਧ ਪੁਰਾਣੀ ਹੈ।

ਇਹ ਪਰੰਪਰਾ ਅੱਜ ਦੀ ਨਹੀਂ, ਬਲਕਿ ਲਗਭਗ ਇੱਕ ਸਦੀ ਪੁਰਾਣੀ ਹੈ:

- **1931:** ਸਭ ਤੋਂ ਪਹਿਲਾਂ, ਰੌਕੀਫੈਲਰ ਸੈਂਟਰ ਬਣਾ ਰਹੇ ਮਜ਼ਦੂਰਾਂ ਨੇ ਮਿਲ ਕੇ ਇੱਕ ਛੋਟਾ ਕ੍ਰਿਸਮਸ ਟ੍ਰੀ ਲਗਾਇਆ ਸੀ।

-**1933:** ਪਹਿਲੀ ਵਾਰ ਰਸਮੀ ਤੌਰ 'ਤੇ 'ਟ੍ਰੀ ਲਾਈਟਿੰਗ ਸੈਰੇਮਨੀ' (Tree Lighting Ceremony) ਹੋਈ। ਉਸ ਸਮੇਂ ਰੁੱਖ 'ਤੇ 700 ਲਾਈਟਾਂ ਸਨ।

- **1942 (ਜੰਗ ਦਾ ਸਮਾਂ):** ਦੂਜੇ ਵਿਸ਼ਵ ਯੁੱਧ ਦੌਰਾਨ, ਫੌਜੀਆਂ ਦੇ ਸਮਰਥਨ ਵਿੱਚ ਤਿੰਨ ਰੁੱਖ ਲਗਾਏ ਗਏ—ਇੱਕ ਲਾਲ, ਇੱਕ ਚਿੱਟਾ ਅਤੇ ਇੱਕ ਨੀਲੇ ਰੰਗ ਵਿੱਚ।

-**1999:** ਇਤਿਹਾਸ ਦਾ ਸਭ ਤੋਂ ਵੱਡਾ ਰੁੱਖ ਲਗਾਇਆ ਗਿਆ, ਜੋ 100 ਫੁੱਟ ਉੱਚਾ ਸੀ।

-2007: ਪਹਿਲੀ ਵਾਰ, ਊਰਜਾ ਬਚਾਉਣ ਵਾਲੀਆਂ LED ਲਾਈਟਾਂ ਦੀ ਵਰਤੋਂ ਸ਼ੁਰੂ ਹੋਈ। ਇਹ ਲਾਈਟਾਂ ਸੋਲਰ ਪੈਨਲਾਂ ਨਾਲ ਚੱਲਦੀਆਂ ਹਨ।

**ਕ੍ਰਿਸਮਸ ਤੋਂ ਬਾਅਦ ਵੀ ਜਾਰੀ ਰਹਿੰਦਾ ਹੈ ਸਫ਼ਰ**

ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਜਦੋਂ ਛੁੱਟੀਆਂ ਖਤਮ ਹੁੰਦੀਆਂ ਹਨ, ਤਾਂ ਇਸ ਰੁੱਖ ਦੀ ਕਹਾਣੀ ਖਤਮ ਨਹੀਂ ਹੁੰਦੀ।

ਇਸਨੂੰ ਸੁੱਟਿਆ ਨਹੀਂ ਜਾਂਦਾ। ਇਸਨੂੰ ਕੱਟ ਕੇ, ਇਸਦੀ ਲੱਕੜ ਨੂੰ 'ਹੈਬੀਟੈਟ ਫਾਰ ਹਿਊਮੈਨਿਟੀ' (Habitat for Humanity) ਨਾਮ ਦੀ ਸੰਸਥਾ ਨੂੰ ਦਾਨ ਕਰ ਦਿੱਤਾ ਜਾਂਦਾ ਹੈ। ਇਹ ਸੰਸਥਾ ਉਸ ਲੱਕੜ ਦੀ ਵਰਤੋਂ ਲੋੜਵੰਦ ਅਤੇ ਬੇਘਰ ਲੋਕਾਂ ਲਈ ਘਰ ਬਣਾਉਣ ਵਾਸਤੇ ਕਰਦੀ ਹੈ।

ਇਸ ਤਰ੍ਹਾਂ, ਇਹ ਰੁੱਖ ਜੋ ਪੂਰੇ ਸੀਜ਼ਨ ਵਿੱਚ ਲੱਖਾਂ ਲੋਕਾਂ ਨੂੰ ਖੁਸ਼ੀ ਅਤੇ ਉਮੀਦ ਦਿੰਦਾ ਹੈ, ਅੰਤ ਵਿੱਚ ਕਿਸੇ ਪਰਿਵਾਰ ਲਈ ਛੱਤ ਬਣ ਜਾਂਦਾ ਹੈ।

## ਫਿਲੌਰ ਦੇ DSP ਸਰਵਨ ਸਿੰਘ ਖਿਲਾਫ਼ ਪੋਕਸੋ ਐਕਟ ਤਹਿਤ ਮਾਮਲਾ ਦਰਜ ਕਰਨ ਦੇ ਹੁਕਮ

ਇੱਕ ਨਾਬਾਲਗ ਲੜਕੀ ਨਾਲ ਕਥਿਤ ਤੌਰ 'ਤੇ ਅਸ਼ਲੀਲ ਹਰਕਤਾਂ ਕਰਨਾ ਅਤੇ ਦੂਜੀ ਔਰਤ ਨਾਲ ਵੀਡੀਓ ਕਾਲ 'ਤੇ ਕਥਿਤ ਤੌਰ 'ਤੇ ਅਸ਼ਲੀਲ ਗੱਲਬਾਤ ਕਰਨ ਵਾਲੇ ਪੁਲਿਸ ਅਫਸਰ ਖਿਲਾਫ ਕਾਰਵਈ ਨਾ ਕਰਨ ਕਾਰਨ ਫਿਲੌਰ ਦੇ DSP ਸਰਵਨ ਸਿੰਘ ਖਿਲਾਫ਼ ਪੋਕਸੋ ਐਕਟ ਤਹਿਤ ਮਾਮਲਾ ਦਰਜ ਕਰਨ ਦੇ ਹੁਕਮ ਦਿੱਤੇ ਹਨ।



ਮਾਮਲਾ ਕੀ ਹੈ? ਇਹ ਹੁਕਮ ਫਿਲੌਰ ਦੇ ਡੀਐਸਪੀ ਸਰਵਨ ਸਿੰਘ ਬੱਲ ਖ਼ ?ਲਾਫ਼ ਜਾਰੀ ਕੀਤੇ ਗਏ ਹਨ। ਉਨ੍ਹਾਂ 'ਤੇ ਪੋਕਸੋ ਐਕਟ (POCSO Act) ਅਤੇ ਹੋਰ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰਨ ਲਈ ਕਿਹਾ ਗਿਆ ਹੈ।

ਡੀਐਸਪੀ 'ਤੇ ਦੋਸ਼ ਕਿਉਂ ਲੱਗੇ? ਡੀਐਸਪੀ ਸਰਵਨ ਸਿੰਘ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਆਪਣੇ ਅਧੀਨ ਕੰਮ ਕਰਦੇ ਇੱਕ ਥਾਣਾ ਮੁਖੀ (SHO) ਖ਼ਿਲਾਫ਼ ਗੰਭੀਰ ਸ਼ਿਕਾਇਤ ਮਿਲਣ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ।

ਮੁੱਖ ਦੋਸ਼ੀ ਕੌਣ ਹੈ? ਇਸ ਕੇਸ ਦਾ ਮੁੱਖ ਦੋਸ਼ੀ ਫਿਲੌਰ ਥਾਣੇ ਦਾ ਸਾਬਕਾ ਐਸਐਚਓ ਭੂਸ਼ਣ ਕੁਮਾਰ ਹੈ।

SHO 'ਤੇ ਕੀ ਦੋਸ਼ ਹਨ? ਸਾਬਕਾ ਐਸਐਚਓ ਭੂਸ਼ਣ ਕੁਮਾਰ 'ਤੇ ਦੋ ਬਹੁਤ ਗੰਭੀਰ ਦੋਸ਼ ਲੱਗੇ ਹਨ:

2. ਇੱਕ ਨਾਬਾਲਗ ਲੜਕੀ ਨਾਲ ਕਥਿਤ ਤੌਰ 'ਤੇ ਅਸ਼ਲੀਲ ਹਰਕਤਾਂ ਕਰਨਾ।

3. ਕਿਸੇ ਹੋਰ ਔਰਤ ਨਾਲ ਵੀਡੀਓ ਕਾਲ 'ਤੇ ਕਥਿਤ ਤੌਰ 'ਤੇ ਅਸ਼ਲੀਲ ਗੱਲਬਾਤ ਕਰਨਾ।

ਸੰਖੇਪ ਵਿੱਚ: ਮੁੱਖ ਦੋਸ਼ ਐਸਐਚਓ ਭੂਸ਼ਣ ਕੁਮਾਰ 'ਤੇ ਸਨ। ਜਦੋਂ ਇਸ ਦੀ ਸ਼ਿਕਾਇਤ ਡੀਐਸਪੀ ਸਰਵਨ ਸਿੰਘ ਬੱਲ ਕੋਲ ਪਹੁੰਚੀ, ਤਾਂ ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਜਾਂ ਲਾਪਰਵਾਹੀ ਵਰਤਦਿਆਂ ਦੋਸ਼ੀ ਐਸਐਚਓ 'ਤੇ ਕੋਈ ਕਾਰਵਾਈ ਨਹੀਂ ਕੀਤੀ। ਇਸੇ ਕਾਰਨ ਹੁਣ ਅਦਾਲਤੀ ਹੁਕਮਾਂ (ਜਾਂ ਵਿਭਾਗੀ ਜਾਂਚ) ਤੋਂ ਬਾਅਦ ਡੀਐਸਪੀ ਸਰਵਨ ਸਿੰਘ 'ਤੇ ਵੀ, ਦੋਸ਼ੀ ਨੂੰ ਬਚਾਉਣ ਜਾਂ ਕਾਰਵਾਈ ਨਾ ਕਰਨ ਦੇ ਦੋਸ਼ ਹੇਠ, ਪੋਕਸੋ ਐਕਟ ਤਹਿਤ ਮਾਮਲਾ ਦਰਜ ਕਰਨ ਦੇ ਹੁਕਮ ਦਿੱਤੇ ਗਏ ਹਨ।

# ਡੰਪ ਟਰੱਕ ਹਾਦਸੇ ਵਿੱਚ ਮਾਰੇ ਗਏ ਡਰਾਈਵਰ ਦਾ ਤਿੰਨ ਮਹੀਨੇ ਪਹਿਲਾਂ ਵੀ ਹੋਇਆ ਸੀ ਰੋਲਓਵਰ ਹਾਦਸਾ

ਮਿਲਫੋਰਡ : ਵੀਰਵਾਰ ਨੂੰ ਇੱਕ ਡੰਪ ਟਰੱਕ ਦੇ ਹਾਈਵੇਅ ਓਵਰਪਾਸ ਨਾਲ ਟਕਰਾਉਣ ਕਾਰਨ ਮਾਰੇ ਗਏ ਡਰਾਈਵਰ ਦੀ ਪਛਾਣ 63 ਸਾਲਾ ਐਡਵਰਡ ਡਰੋਜ਼ਡ ਵਜੋਂ ਹੋਈ ਹੈ। ਇਹ ਸਾਹਮਣੇ ਆਇਆ ਹੈ ਕਿ ਡਰੋਜ਼ਡ ਤਿੰਨ ਮਹੀਨੇ ਪਹਿਲਾਂ ਵੀ ਇੱਕ ਹੋਰ ਰੋਲਓਵਰ ਹਾਦਸੇ ਵਿੱਚ ਸ਼ਾਮਲ ਸੀ।

ਵੀਰਵਾਰ ਸਵੇਰੇ ਕਰੀਬ 7:45 ਵਜੇ ਮਿਲਫੋਰਡ ਵਿੱਚ ਇੰਟਰਸਟੇਟ 95 (9-95) 'ਤੇ ਐਗਜ਼ਿਟ 41 ਨੇੜੇ ਕਵਾਰੀ ਲੇਨ ਓਵਰਪਾਸ ਨਾਲ ਡਰੋਜ਼ਡ ਦਾ ਡੰਪ ਟਰੱਕ ਟਕਰਾ ਗਿਆ। ਟੱਕਰ ਤੋਂ ਬਾਅਦ ਉਹ ਟਰੱਕ ਵਿੱਚੋਂ ਬਾਹਰ ਡਿੱਗ ਗਿਆ। ਉਸਨੂੰ ਗੰਭੀਰ ਹਾਲਤ ਵਿੱਚ ਯੇਲ ਨਿਊ ਹੈਵਨ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ।

ਕਨੈਕਟੀਕਟ ਸਟੇਟ ਪੁਲਿਸ ਨੇ ਦੱਸਿਆ ਕਿ ਇਹ ਟਰੱਕ ਨੌਰਵਾਕ ਦੀ ਕੈਂਪੋਸ ਟਰੱਕਿੰਗ ਕੰਪਨੀ ਦਾ ਸੀ। ਪੁਲਿਸ ਰਿਪੋਰਟ ਅਨੁਸਾਰ, 'ਕਿਸੇ ਕਾਰਨ ਟਰੱਕ ਦਾ ਪਿਛਲਾ ਡੰਪ ਹਿੱਸਾ ਉੱਪਰ ਉੱਠਿਆ ਹੋਇਆ ਸੀ, ਜਾਂ ਅਣਜਾਣੇ ਵਿੱਚ ਉੱਪਰ ਰਹਿ ਗਿਆ ਸੀ, ਜਿਸ ਕਾਰਨ ਇਹ ਓਵਰਪਾਸ ਨਾਲ ਟਕਰਾ ਗਿਆ।'

ਟੱਕਰ ਇੰਨੀ ਜ਼ਬਰਦਸਤ ਸੀ ਕਿ ਟਰੱਕ ਦਾ ਪਿਛਲਾ ਹਿੱਸਾ ਪਹੀਆਂ ਤੋਂ ਵੱਖ ਹੋ ਗਿਆ ਅਤੇ ਟਰੱਕ ਦਾ ਕੈਬਿਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਹਾਦਸੇ ਤੋਂ ਬਾਅਦ ਟਰੱਕ ਪਲਟ ਗਿਆ, ਜਿਸ ਕਾਰਨ 9-95 ਹਾਈਵੇਅ ਨੂੰ ਲਗਭਗ ਸੱਤ ਘੰਟਿਆਂ ਲਈ ਬੰਦ ਕਰਨਾ ਪਿਆ।



**ਪਿਛਲਾ ਹਾਦਸਾ :** ਹਾਲਾਂਕਿ ਵੀਰਵਾਰ ਦੇ ਹਾਦਸੇ ਦੀ ਜਾਂਚ ਅਜੇ ਜਾਰੀ ਹੈ, ਪਰ ਰਿਕਾਰਡ ਦੱਸਦੇ ਹਨ ਕਿ ਐਡਵਰਡ ਡਰੋਜ਼ਡ ਇਸ ਸਾਲ ਜੁਲਾਈ ਵਿੱਚ ਵੀ ਇੱਕ ਹਾਦਸੇ ਵਿੱਚ ਸ਼ਾਮਲ ਸੀ।

ਜੁਲਾਈ ਵਿੱਚ, ਬ੍ਰਿਜਪੋਰਟ ਨੇੜੇ ਰੂਟ 8 'ਤੇ ਭਾਰੀ ਟਰੈਫਿਕ ਕਾਰਨ ਇੱਕ SUV ਅਤੇ ਇੱਕ ਸੇਡਾਨ ਗੱਡੀ ਰੁਕੀ ਹੋਈ ਸੀ। ਡਰੋਜ਼ਡ, ਜੋ ਉਸ ਸਮੇਂ ਵੀ ਡੰਪ ਟਰੱਕ ਚਲਾ ਰਿਹਾ ਸੀ, ਸਮੇਂ ਸਿਰ ਬ੍ਰੇਕ ਨਹੀਂ ਲਗਾ ਸਕਿਆ ਅਤੇ ਟਰੱਕ ਨੂੰ ਪਹਿਲਾਂ ਸੇਡਾਨ ਵਿੱਚ ਮਾਰਿਆ, ਜੋ ਅੱਗੇ SUV ਨਾਲ ਟਕਰਾ ਗਈ। ਇਸ ਤੋਂ ਬਾਅਦ ਡਰੋਜ਼ਡ ਨੇ ਟਰੱਕ ਨੂੰ ਸੱਜੇ ਪਾਸੇ ਮੋੜਿਆ, ਕੰਟਰੋਲ ਗੁਆ ਬੈਠਾ ਅਤੇ ਟਰੱਕ ਡਰਾਈਵਰ ਵਾਲੇ ਪਾਸੇ ਪਲਟ ਗਿਆ।

ਉਸ ਹਾਦਸੇ ਵਿੱਚ ਦੋਵੇਂ ਕਾਰਾਂ ਦੀਆਂ ਮਹਿਲਾ ਡਰਾਈਵਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ। ਗਰਮੀਆਂ ਦੀ ਉਸ ਘਟਨਾ ਤੋਂ ਬਾਅਦ, ਡਰੋਜ਼ਡ 'ਤੇ ਵਾਹਨਾਂ ਵਿਚਕਾਰ ਵਾਜਬ ਦੂਰੀ ਨਾ ਬਣਾਈ ਰੱਖਣ ਅਤੇ ਹਾਲਾਤਾਂ ਮੁਤਾਬਕ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਦੇ ਦੋਸ਼ ਲਗਾਏ ਗਏ ਸਨ।

ਫੋਟੋ ਧੰਨਵਾਦ ਸਾਹਿਤ ਸੋਸ਼ਲ ਮੀਡੀਆ

# ਬਹੁਪੱਖੀ ਸੰਕਟਾਂ ਵਿਚ ਘਿਰੇ ਪੰਜਾਬ ਨੂੰ ਬਚਾਉਣ ਦੀ ਲੋੜ

*ਨਵੰਬਰ ਵਿਚ ਗੁਰੂ ਤੇਗ਼ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਵਸ ਆ ਰਿਹਾ ਹੈ। ਇਸ ਨੂੰ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਦਰਮਿਆਨ ਕਈ ਪੱਖਾਂ ਤੋਂ ਮੁਕਾਬਲੇਬਾਜ਼ੀ ਹੁੰਦੀ ਨਜ਼ਰ ਆ ਹੀ ਹੈ। ਇਸ ਸੰਦਰਭ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਬਿਨਾਂ ਸ਼ੱਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਲੋਂ ਮਾਨਵਤਾ ਲਈ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਵੱਡੀ ਸ਼ਹਾਦਤ ਨੂੰ ਪੂਰੇ ਸਤਿਕਾਰ ਨਾਲ ਮਨਾਉਣਾ ਚਾਹੀਦਾ ਹੈ। ਪਰ ਸਾਡੀਆਂ ਸਾਰੀਆਂ ਰਾਜਨੀਤਕ ਅਤੇ ਧਾਰਮਿਕ ਜਥੇਬੰਦੀਆਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਮੁੱਚਾ ਪੰਜਾਬ ਗੁਰੂਆਂ ਦੀ ਵਿਰਾਸਤ ਹੈ।*

ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਦਾ ਆਜ਼ਾਦੀ ਤੋਂ ਪਹਿਲਾਂ ਵੀ ਅਤੇ ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੇ ਇਤਿਹਾਸ, ਰਾਜਨੀਤੀ ਤੇ ਆਰਥਿਕਤਾ ਵਿਚ ਵੱਡਾ ਯੋਗਦਾਨ ਰਿਹਾ ਹੈ। ਰਬਿੰਦਰ ਨਾਥ ਟੈਗੋਰ ਨੇ ਰਾਸ਼ਟਰੀ ਗੀਤ ਵਿਚ ਵੀ ਰਾਜਾਂ ਦਾ ਜ਼ਿਕਰ ਕਰਦਿਆਂ ਸਭ ਤੋਂ ਪਹਿਲਾਂ ਪੰਜਾਬ ਦਾ ਨਾਂਅ ਲਿਆ ਹੈ।

ਇਕ ਲੰਮੇ ਸਮੇਂ ਤੱਕ ਇਸ ਧਰਤੀ ਦੇ ਜਾਏ ਕੇਂਦਰੀ ਏਸ਼ੀਆ ਤੋਂ ਆਉਣ ਵਾਲੇ ਹਮਲਾਵਰਾਂ ਦਾ ਮੂੰਹ ਮੋੜਦੇ ਰਹੇ ਹਨ। 1469 ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨੇ ਇਸ ਸਮੁੱਚੇ ਖੇਤਰ ਨੂੰ ਇਕ ਨਵੀਂ ਦਿਸ਼ਾ ਦਿੱਤੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 10ਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਸਿੱਖਿਆ ਅਤੇ ਦੀਖਿਆ ਦੀ ਇਕ ਅਜਿਹੀ ਲਹਿਰ ਚੱਲੀ, ਜਿਸ ਨੇ ਇਸ ਧਰਤੀ 'ਤੇ ਅਣਖੀ ਤੇ ਗ਼ੈਰਤਮੰਦ ਮਨੁੱਖ ਪੈਦਾ ਕੀਤਾ, ਜੋ ਨਾ ਤਾਂ ਜ਼ੁਲਮ ਕਰਨ ਦੇ ਹੱਕ ਵਿਚ ਸੀ ਅਤੇ ਨਾ ਹੀ ਜ਼ੁਲਮ ਸਹਿਣ ਦੇ ਹੱਕ ਵਿਚ ਸੀ। ਗੁਰੂ ਸਾਹਿਬਾਨ ਨੇ ਆਪਣੀ ਕਰਨੀ ਅਤੇ ਕਥਨੀ ਰਾਹੀਂ ਲੋਕਾਂ ਦੀ ਮਾਨਸਿਕਤਾ ਵਿਚ ਵੱਡੀ ਤਬਦੀਲੀ ਲਿਆਂਦੀ। ਜਾਤ-ਪਾਤ ਤੋਂ ਰਹਿਤ ਅਤੇ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਵਿਚ ਵੱਡਾ ਯੋਗਦਾਨ ਪਾਇਆ। ਇਸ ਪ੍ਰਸੰਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਕ ਵੱਡਾ ਕ੍ਰਾਂਤੀਕਾਰੀ ਕਾਰਜ ਸੀ। ਇਸੇ ਰਾਜਨੀਤਕ ਅਤੇ ਸਮਾਜਿਕ ਚੇਤਨਾ ਦਾ ਸਿੱਟਾ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸ਼ਕਤੀਸ਼ਾਲੀ ਰਾਜ ਦੇ ਰੂਪ ਵਿਚ ਸਾਹਮਣੇ ਆਇਆ, ਜਿਸ ਨੇ ਪੰਜਾਬ ਦੇ ਮਹੱਤਵ ਅਤੇ ਮਾਣ-ਸਨਮਾਨ ਨੂੰ ਪੂਰੀ ਦੁਨੀਆ ਵਿਚ ਬੁਲੰਦ ਕੀਤਾ।

1849 ਵਿਚ ਅੰਗਰੇਜ਼ਾਂ ਦੁਆਰਾ ਪੰਜਾਬ 'ਤੇ ਕਾਬਜ਼ ਹੋਣ ਤੋਂ ਤੁਰੰਤ ਬਾਅਦ ਹੀ ਗੁਰੂ ਸਾਹਿਬਾਨ ਦੁਆਰਾ ਚੇਤਨ ਕੀਤੇ ਅਤੇ ਜਗਾਏ ਹੋਏ ਪੰਜਾਬੀਆਂ ਨੇ ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਲੜਾਈ ਵਿੱਢ ਦਿੱਤੀ। ਸੌ ਸਾਲ ਤੱਕ ਚੱਲੀ ਇਸ ਲੜਾਈ ਵਿਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਨੇ ਵੱਡਾ ਹਿੱਸਾ ਪਾਇਆ। ਇਹ ਧਰਤੀ ਏਨੀ ਜ਼ਰਖੇਜ਼ ਸੀ ਕਿ ਇੱਥੇ ਇਕ ਤੋਂ ਬਾਅਦ ਇਕ ਆਜ਼ਾਦੀ ਲਈ ਲਹਿਰਾਂ ਉੱਠਦੀਆਂ ਰਹੀਆਂ, ਜਿਨ੍ਹਾਂ ਨੇ ਅੰਗਰੇਜ਼ ਸਾਮਰਾਜ ਨੂੰ ਟਿਕ ਕੇ ਨਹੀਂ ਬੈਠਣ ਦਿੱਤਾ। ਲੋਕਾਂ ਨੂੰ ਗੁਰੂ ਸਾਹਿਬਾਨ ਦੇ ਵਿਰਸੇ ਨਾਲ ਜੋੜਨ ਅਤੇ ਆਪਣੇ ਇਤਿਹਾਸ ਤੋਂ ਜਾਣੂ ਕਰਾਉਣ ਲਈ ਸਭ ਤੋਂ ਪਹਿਲਾਂ ਸਿੰਘ ਸਭਾ ਲਹਿਰ ਸਾਹਮਣੇ ਆਈ, ਜਿਸ ਨੇ ਲੋਕਾਂ ਨੂੰ ਇਕ ਵਾਰ ਫਿਰ ਤੋਂ ਪੰਜਾਬ ਦੇ ਗੌਰਵਸ਼ਾਲੀ ਇਤਿਹਾਸ ਅਤੇ ਗੁਰਬਾਣੀ ਨਾਲ ਜੋੜਿਆ। ਪੰਜਾਬੀ ਸਮਾਜ ਵਿਚ ਆਈਆਂ ਕਮੀਆਂ ਕਮਜ਼ੋਰੀਆਂ ਨੂੰ ਦੂਰ ਕੀਤਾ। ਇਸ ਦੇ ਨਾਲ ਹੀ ਚੀਫ਼ ਖ਼ਾਲਸਾ ਦੀਵਾਨ ਨੇ ਵਿੱਦਿਅਕ ਅਦਾਰੇ ਬਣਾ ਕੇ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਵਿਚ ਵੱਡਾ ਯੋਗਦਾਨ ਪਾਇਆ। ਇਸ ਤੋਂ ਬਾਅਦ ਨਾਮਧਾਰੀ ਲਹਿਰ, ਗ਼ਦਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ ਅਤੇ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਜੱਦੋ-ਜਹਿਦ ਨੇ ਅੰਗਰੇਜ਼ਾਂ ਨੂੰ ਇਹ ਚੰਗੀ ਤਰ੍ਹਾਂ ਅਹਿਸਾਸ ਕਰਵਾ ਦਿੱਤਾ ਸੀ ਕਿ ਨਾ ਪੰਜਾਬ ਅਤੇ ਨਾ ਹੀ ਇਹ ਦੇਸ਼ ਬਹੁਤੀ ਦੇਰ ਤੱਕ ਉਨ੍ਹਾਂ ਦੀ ਗ਼ੁਲਾਮੀ ਅਧੀਨ ਰਹੇਗਾ। ਬਿਨਾਂ ਸ਼ੱਕ ਕੌਮੀ ਪੱਧਰ 'ਤੇ ਕਾਂਗਰਸ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੀ ਇਕ ਵੱਡੀ ਧਿਰ ਸੀ, ਪਰ ਇਸ ਦੇ ਨਾਲ-ਨਾਲ ਪੰਜਾਬ, ਬੰਗਾਲ, ਮਹਾਰਾਸ਼ਟਰ, ਬਿਹਾਰ ਅਤੇ ਇਸ ਵਿਸ਼ਾਲ ਦੇਸ਼ ਦੇ ਵੱਖ-ਵੱਖ ਹੋਰ ਖੇਤਰਾਂ ਵਿਚ ਉੱਠੀਆਂ ਸਥਾਨਕ ਲਹਿਰਾਂ ਨੇ ਵੀ ਅਹਿਮ ਯੋਗਦਾਨ ਪਾਇਆ। ਇਸ ਪ੍ਰਸੰਗ ਵਿਚ ਪੰਜਾਬ ਦਾ ਯੋਗਦਾਨ ਬਿਨਾਂ ਸ਼ੱਕ ਸਭ ਤੋਂ ਵਧੇਰੇ ਰਿਹਾ ਹੈ। ਪਰ ਦੇਸ਼ ਦੀ ਵੰਡ ਪਹਿਲਾ ਅਜਿਹਾ ਵੱਡਾ ਘਟਨਾਕ੍ਰਮ ਸੀ, ਜਿਸ ਨੇ ਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ। ਪੰਜਾਬੀ ਵਸੇਬੇ ਦਾ ਲੱਕ ਤੋੜ ਦਿੱਤਾ। ਪੰਜਾਬ ਨਾ ਕੇਵਲ ਭੂਗੋਲਿਕ ਤੌਰ 'ਤੇ ਵੰਡਿਆ ਗਿਆ, ਸਗੋਂ ਇਸ ਦੀ ਇਤਿਹਾਸਕ ਵਿਰਾਸਤ ਜੋ ਵੰਡ ਤੋਂ ਬਾਅਦ ਪਾਕਿਸਤਾਨ (ਲਹਿੰਦਾ ਪੰਜਾਬ) ਵਿਚ ਰਹਿ ਗਈ ਸੀ, ਉਸ ਦੀ ਸਾਂਭ ਸੰਭਾਲ ਦੇ ਰਾਹ ਵਿਚ ਵੀ ਵੱਡੀਆਂ ਰੁਕਾਵਟਾਂ ਪੈਦਾ ਹੋਈਆਂ। ਬਹੁਤ ਸਾਰੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਵਾਲੇ ਅਸਥਾਨਾਂ ਦੀ ਹੋਂਦ ਬਰਕਰਾਰ ਨਾ ਰੱਖੀ ਜਾ ਸਕੀ ਅਤੇ ਨਾ ਹੀ ਭਾਰਤੀ ਪੰਜਾਬ ਦੇ ਲੋਕ ਆਸਾਨੀ ਨਾਲ ਉਨ੍ਹਾਂ ਥਾਵਾਂ ਦੇ ਦਰਸ਼ਨ-ਦੀਦਾਰ ਕਰ ਸਕੇ। ਦੇਸ਼ ਦੀ ਵੰਡ ਸਮੇਂ ਇਕ ਅੰਦਾਜ਼ੇ ਮੁਤਾਬਿਕ 250 ਤੋਂ ਵੀ ਵੱਧ ਗੁਰਦੁਆਰੇ ਅਤੇ ਸੱਭਿਆਚਾਰਕ ਤੌਰ 'ਤੇ ਅਹਿਮੀਅਤ ਰੱਖਣ ਵਾਲੇ ਸਥਾਨ ਪਾਕਿਸਤਾਨ (ਲਹਿੰਦਾ ਪੰਜਾਬ) ਵਿਚ ਸਨ। ਇਨ੍ਹਾਂ ਵਿਚੋਂ ਕੁਝ ਖ਼ਾਸ ਅਸਥਾਨਾਂ ਨੂੰ ਹੀ ਸੰਭਾਲਿਆ ਜਾ ਸਕਿਆ।

ਇਧਰ ਭਾਰਤ ਵਿਚ ਪੰਜਾਬ ਦਾ ਪੁਨਰਗਠਨ ਨਿਆਂਸੰਗਤ ਢੰਗ ਨਾਲ ਨਾ ਹੋਣ ਕਾਰਨ ਨਵਾਂ ਬਣਿਆ ਪੰਜਾਬੀ ਸੂਬਾ ਆਪਣੀ ਰਾਜਧਾਨੀ ਅਤੇ ਆਪਣੇ ਦਰਿਆਵਾਂ ਦੇ ਪਾਣੀ 'ਤੇ ਆਪਣੇ ਅਧਿਕਾਰ ਤੇ ਕੰਟਰੋਲ ਤੋਂ ਵੀ ਇਕ ਤਰ੍ਹਾਂ ਨਾਲ ਵਾਂਝਾ ਹੋ ਗਿਆ ਬੈਠਾ। ਇਸ ਸੰਬੰਧੀ ਰੇੜਕੇ ਅਜੇ ਤੱਕ ਚਲਦੇ ਆ ਰਹੇ ਹਨ। ਕਾਂਗਰਸ ਪਾਰਟੀ ਤੋਂ ਲੈ ਕੇ ਭਾਰਤੀ ਜਨਤਾ ਪਾਰਟੀ ਤੱਕ ਕੇਂਦਰ ਵਿਚ ਸੱਤਾਧਾਰੀ ਰਹੀਆਂ ਬਹੁਤੀਆਂ ਸਰਕਾਰਾਂ ਨੇ ਪੰਜਾਬ ਨੂੰ ਇਨਸਾਫ਼ ਨਹੀਂ ਦਿੱਤਾ। ਪਰ ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਪੰਜਾਬੀਆਂ ਨੇ ਆਪਣੀ ਅਣਖ, ਮਿਹਨਤ ਅਤੇ ਗ਼ੈਰਤ ਨਾਲ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਅਤੇ ਕੌਮੀ ਪੱਧਰ 'ਤੇ ਵੀ ਆਪਣੀ ਹੋਂਦ ਦਾ ਸਿੱਕਾ ਮਨਵਾਇਆ। ਬਿਨਾਂ ਸ਼ੱਕ ਹਰੇ ਇਨਕਲਾਬ ਨੇ ਪੰਜਾਬ ਦੇ ਰਾਜਨੀਤਕ ਅਤੇ ਆਰਥਿਕ ਉਭਾਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਸੀ, ਪਰ ਇਕ ਸਮੇਂ ਤੋਂ ਬਾਅਦ ਜਦੋਂ ਹਰਾ ਇਨਕਲਾਬ ਉਲਟ ਪ੍ਰਭਾਵੀ ਹੋ ਗਿਆ ਤਾਂ ਉਸ ਸਮੇਂ ਪੰਜਾਬ ਨੂੰ ਨਵੀਂ ਖੇਤੀ ਨੀਤੀ ਦੇਣ ਦੇ ਨਾਲ-ਨਾਲ ਰਾਜ ਦੀ ਖੇਤੀ ਨੂੰ ਹੰਢਣਸਾਰ ਬਣਾਈ ਰੱਖਣ ਲਈ ਇਥੇ ਖੇਤੀ ਅਧਾਰਿਤ ਸਨਅਤਾਂ ਲਾਉਣ ਦੀ ਲੋੜ ਸੀ, ਪਰ ਪੰਜਾਬ ਵਿਚ ਸਨਅਤਾਂ ਲਗਾਉਣ ਦੀ ਥਾਂ ਕੇਂਦਰ ਵਿਚ ਬਣੀਆਂ ਸਰਕਾਰਾਂ ਦੀ ਮਨਸ਼ਾ ਇਸ ਨੂੰ ਕੱਚੇ ਮਾਲ ਦੀ ਮੰਡੀ ਬਣਾਈ ਰੱਖਣ ਦੀ ਹੀ ਰਹੀ।

ਅੱਜ ਪੰਜਾਬ ਜਿਨ੍ਹਾਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਹ ਉਨ੍ਹਾਂ ਵਿਚੋਂ ਜ਼ਿਆਦਾ ਸਮੱਸਿਆਵਾਂ ਪੰਜਾਬ ਦੀ ਖੇਤੀ ਵਿਚ ਆਈ ਹੋਈ ਖੜੋਤ ਅਤੇ ਰਾਜ ਦਾ ਸਮੇਂ ਸਿਰ ਸਨਅਤੀਕਰਨ ਨਾ ਹੋਣ ਕਾਰਨ ਆਰਥਿਕਤਾ ਵਿਚ ਆਈ ਖੜੋਤ ਵਿਚੋਂ ਪੈਦਾ ਹੋਈਆਂ ਹਨ। ਇਸੇ ਕਾਰਨ ਇਥੇ ਰੁਜ਼ਗਾਰ ਦੇ ਅਵਸਰ ਨਾ ਵਧ ਸਕੇ। ਇਸੇ ਦੇ ਸਿੱਟੇ ਵਜੋਂ ਹੀ ਸਿੱਖਿਆ ਹਾਸਿਲ ਕਰਨ ਦੇ ਬਹਾਨੇ ਨੌਜਵਾਨ ਵਿਦੇਸ਼ਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋ ਗਏ। ਨੌਜਵਾਨਾਂ ਦਾ



ਇਕ ਵੱਡਾ ਹਿੱਸਾ ਜਿਸ ਕੋਲ ਮਿਆਰੀ ਸਿੱਖਿਆ ਨਹੀਂ ਸੀ ਅਤੇ ਉਹ ਆਈਲੈਟਸ ਵਰਗੇ ਟੈਸਟ ਪਾਸ ਕਰਨ ਦੇ ਵੀ ਸਮਰੱਥ ਨਹੀਂ ਸੀ ਉਹ ਬੇਰੁਜ਼ਗਾਰੀ ਦਾ ਮਾਰਿਆ ਜੁਰਮਾਂ ਦੀ ਦੁਨੀਆ ਵਿਚ ਪ੍ਰਵੇਸ਼ ਕਰ ਗਿਆ ਅਤੇ ਅਜੇ ਵੀ ਕਰ ਰਿਹਾ ਹੈ। ਨੌਜਵਾਨ ਹਰ ਦੇਸ਼ ਤੇ ਹਰ ਸਮਾਜ ਦੀ ਚਾਲਕ ਸ਼ਕਤੀ ਹੁੰਦੇ ਹਨ, ਪਰ ਪੰਜਾਬ

**ਸਤਨਾਮ ਸਿੰਘ ਮਾਣਕ**

ਵਿਚ ਹਾਲਾਤ ਇਹ ਬਣ ਗਏ ਹਨ, ਕਿ ਨੌਜਵਾਨਾਂ ਦਾ ਇਕ ਵੱਡਾ ਵਰਗ ਅੱਜ ਆਪਣੇ ਲਈ ਵੀ ਤੇ ਸਮਾਜ ਲਈ ਵੀ ਮੁਸੀਬਤ ਬਣ ਗਿਆ ਹੈ। ਗੈਂਗਸਟਰਵਾਦ ਅਤੇ ਨਸ਼ਿਆਂ ਦੇ ਵਧੇ ਪ੍ਰਕੋਪ ਨੂੰ ਇਸ ਸੰਦਰਭ ਵਿਚ ਹੀ ਦੇਖਿਆ ਤੇ ਸਮਝਿਆ ਜਾ ਸਕਦਾ ਹੈ। ਪੰਜਾਬ ਵਿਚ ਰਾਜ ਕਰਨ ਵਾਲੀਆਂ ਸਰਕਾਰਾਂ ਨੂੰ ਆਰਥਿਕਤਾ ਵਿਚ ਆਈ ਖੜੋਤ ਨੂੰ ਤੋੜਨ ਲਈ ਸਮੇਂ ਸਿਰ ਉਪਰਾਲੇ ਕਰਨੇ ਚਾਹੀਦੇ ਸਨ, ਕੇਂਦਰੀ ਸਰਕਾਰਾਂ ਨੂੰ ਇਸ ਲਈ ਮਜਬੂਰ ਕਰਨਾ ਚਾਹੀਦਾ ਸੀ। ਪਰ ਇਹ ਦੁਖ ਦੀ ਗੱਲ ਹੈ ਕਿ ਰਾਜ ਵਿਚ ਬਣੀਆਂ ਸਰਕਾਰਾਂ ਖ਼ਾਸ ਕਰਕੇ ਖਾੜਕੂਵਾਦ ਤੋਂ ਬਾਅਦ 1997 ਤੋਂ ਬਣੀਆਂ ਸਰਕਾਰਾਂ ਨੇ ਸਿੱਖਿਆ, ਸਿਹਤ ਆਦਿ ਦੇ ਮਹੱਤਵਪੂਰਨ ਖੇਤਰਾਂ ਵਲ ਧਿਆਨ ਦੇਣ ਅਤੇ ਰਾਜ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣ ਲਈ ਕੋਈ ਵੱਡੇ ਉਪਰਾਲੇ ਨਹੀਂ ਕੀਤੇ। ਸਗੋਂ ਰਾਜ ਦੀਆਂ ਸਿਆਸੀ ਪਾਰਟੀਆਂ ਨੇ ਸੱਤਾ ਹਾਸਿਲ ਕਰਨ ਲਈ ਲੋਕਾਂ ਨੂੰ ਵੱਖ-ਵੱਖ ਖੇਤਰਾਂ ਵਿਚ ਤੁਰੰਤ ਸਿੱਧੇ ਵਿੱਤੀ ਲਾਭ ਦੇ ਕੇ ਵੋਟਾਂ ਬਟੋਰਨ ਦਾ ਰਸਤਾ ਅਖ਼ਤਿਆਰ ਕੀਤਾ। ਇਸੇ ਵਿਚੋਂ ਹੀ ਕਿਸਾਨਾਂ ਨੂੰ ਬਿਜਲੀ ਪਾਣੀ ਮੁਫ਼ਤ ਦੇਣ, ਚੁੰਗੀਆਂ ਮੁਆਫ਼ ਕਰਨ, ਸਾਰੀਆਂ ਔਰਤਾਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਦੇਣ ਅਤੇ ਘਰੇਲੂ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਦੇਣ ਵਰਗੀਆਂ ਸਕੀਮਾਂ ਨਿਕਲੀਆਂ ਅਤੇ ਰਾਜ ਦੇ ਵਿੱਤੀ ਸਾਧਨਾਂ ਦਾ ਇਸੇ ਤਰ੍ਹਾਂ ਉਜਾੜਾ ਅੱਗੇ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ। ਬਿਨਾਂ ਸ਼ੱਕ ਸਮੇਂ-ਸਮੇਂ ਸਿਆਸੀ ਪਾਰਟੀਆਂ ਇਨ੍ਹਾਂ ਮੁਫ਼ਤਖੋਰੀਆਂ ਨਾਲ ਸਰਕਾਰਾਂ ਬਣਾਉਣ ਵਿਚ ਸਫ਼ਲ ਰਹੀਆਂ ਹਨ। ਪਰ ਜਿਹੜੇ ਸਾਧਨ ਪੰਜਾਬ ਵਿਚ ਬਿਹਤਰ ਸਿੱਖਿਆ ਅਦਾਰੇ ਖੜ੍ਹ ਕਰਨ, ਬਿਹਤਰ ਸਿਹਤ ਅਦਾਰੇ ਖੜ੍ਹ ਕਰਨ ਅਤੇ ਫਿਰ ਉਨ੍ਹਾਂ ਨੂੰ ਚੰਗੇ ਢੰਗ ਨਾਲ ਚਲਾਉਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ 'ਤੇ ਲੱਗਣੇ ਸਨ, ਉਹ ਮੁਫ਼ਤਖੋਰੀ ਦੀਆਂ ਸਕੀਮਾਂ 'ਤੇ ਲੱਗਣ ਲੱਗ ਪਏ।

ਕਿਸੇ ਸਮੇਂ ਪੰਜਾਬ ਦੇ ਲੋਕ ਬੇਹੱਦ ਮਿਹਨਤੀ ਅਤੇ ਗ਼ੈਰਤਮੰਦ ਮੰਨੇ ਜਾਂਦੇ ਸਨ, ਅਤੇ ਉਹ ਕੁਝ ਵੀ ਮੁਫ਼ਤ ਲੈਣਾ ਚੰਗਾ ਨਹੀਂ ਸਨ ਸਮਝਦੇ, ਸਗੋਂ ਹੱਥੋਂ ਕੁਝ ਦੇਣਾ ਪੁੰਨ ਦਾ ਕੰਮ ਸਮਝਦੇ ਸਨ। ਗੁਰੂ ਸਾਹਿਬਾਨ ਨੇ ਵੀ ਲੋਕਾਂ ਨੂੰ ਕਿਰਤ ਕਰਨ ਤੇ ਵੰਡ ਛਕਣ ਦੀ ਸਿੱਖਿਆ ਦਿੱਤੀ ਸੀ। ਇਸੇ ਕਰਕੇ ਪੰਜਾਬ ਵਿਚ ਭਿੱਖਿਆ ਮੰਗਣ ਦਾ ਪ੍ਰਚਲਨ ਵੀ ਬਹੁਤ ਘੱਟ ਸੀ। ਪਰ ਸਰਕਾਰਾਂ ਵਲੋਂ ਸ਼ੁਰੂ ਕੀਤੀਆਂ ਗਈਆਂ ਮੁਫ਼ਤਖੋਰੀ ਦੀਆਂ ਸਕੀਮਾਂ ਨੇ ਹੌਲੀ-ਹੌਲੀ ਰੰਗ ਦਿਖਾਇਆ ਅਤੇ ਲੋਕਾਂ ਦਾ ਧਿਆਨ ਸਰਕਾਰਾਂ ਤੋਂ ਵਧ ਤੋਂ ਵਧ ਲਾਭ ਲੈਣ ਵੱਲ ਲਗ ਗਿਆ ਅਤੇ ਮੁਫ਼ਤਖੋਰੀ 'ਤੇ ਆਧਾਰਿਤ ਸਕੀਮਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਵੋਟਾਂ ਵੀ ਪਾਉਣ ਲੱਗ ਪਏ। ਪਰ ਪੰਜਾਬ ਅਜਿਹੀਆਂ ਸਕੀਮਾਂ ਨਾਲ ਆਰਥਿਕ ਤੌਰ 'ਤੇ ਦੀਵਾਲੀਆ ਹੋ ਗਿਆ।

ਇਸ ਸਮੇਂ ਵੀ ਹਾਲਤ ਇਹ ਹੈ ਕਿ ਰਾਜ ਸਰਕਾਰ ਨੂੰ ਪਿਛਲਾ ਕਰਜ਼ਾ ਮੋੜਨ ਅਤੇ ਮੌਜੂਦਾ ਸਮੇਂ ਵਿਚ ਪ੍ਰਸ਼ਾਸਨ ਚਲਾਉਣ ਲਈ ਨਿਰੰਤਰ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ। ਰਾਜ ਦੀਆਂ ਸੜਕਾਂ ਬੁਰੀ ਤਰ੍ਹਾਂ ਟੁੱਟੀਆਂ ਪਈਆਂ ਹਨ। ਸ਼ਹਿਰਾਂ ਵਿਚ ਸਫ਼ਾਈ ਤੇ ਸੀਵਰੇਜ ਪ੍ਰਣਾਲੀ ਦਾ ਮੰਦਾ ਹਾਲ ਹੈ। ਸਰਕਾਰੀ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਵੱਡੇ ਪੱਧਰ 'ਤੇ ਅਧਿਆਪਕਾਂ ਤੇ ਹੋਰ ਅਮਲੇ ਤੋਂ ਸੱਖਣੀਆਂ ਹਨ। ਸਰਕਾਰੀ ਹਸਪਤਾਲ ਸਰਕਾਰ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਦਮ ਤੋੜਦੇ ਜਾ ਰਹੇ ਹਨ। ਜਲੰਧਰ ਸਿਵਲ ਹਸਪਤਾਲ ਦੇ ਆਈ.ਸੀ.ਯੂ. ਵਿਚ ਆਕਸੀਜਨ ਬੰਦ ਹੋਣ ਨਾਲ ਮਰੇ ਤਿੰਨ ਮਰੀਜ਼ਾਂ ਦੀ ਘਟਨਾ ਨੇ ਇਹ ਸੱਚ ਨੂੰ ਸਾਹਮਣੇ ਲੈ ਆਂਦਾ ਹੈ। ਸਰਕਾਰ ਦੇ ਹੋਰ ਵੱਖ-ਵੱਖ ਵਿਭਾਗਾਂ ਦਾ ਵੀ ਇਹੀ ਹਾਲ ਹੈ। ਜੇ ਸਰਕਾਰ ਦੀਆਂ ਨੀਤੀਆਂ ਅਜਿਹੀਆਂ ਹੀ ਰਹੀਆਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਅਜਿਹੀ ਸੀਮਾ ਤੱਕ ਪਹੁੰਚ ਜਾਵੇਗਾ, ਕਿ ਇਸ ਨੂੰ ਨਾ ਰਿਜ਼ਰਵ ਬੈਂਕ ਤੋਂ ਅਤੇ ਨਾ ਹੀ ਹੋਰ ਬੈਂਕਾਂ ਤੋਂ ਕਰਜ਼ਾ ਮਿਲ ਸਕੇਗਾ। ਰਾਜ ਵਿੱਤੀ ਐਮਰਜੈਂਸੀ ਦਾ ਸਾਹਮਣਾ ਕਰੇਗਾ। ਜੇਕਰ ਇਸ ਸਮੇਂ ਪੰਜਾਬ ਨੂੰ ਦਰਪੇਸ਼ ਬਹੁਪੱਖੀ ਸੰਕਟਾਂ ਦੇ ਸੰਦਰਭ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਇਥੋਂ ਤੱਕ ਕਿ ਵਿਰੋਧੀ ਪਾਰਟੀਆਂ ਦੇ ਰੋਲ ਨੂੰ ਵੀ ਦੇਖਣ ਤੇ ਸਮਝਣ ਦਾ ਯਤਨ ਕਰੀਏ ਤਾਂ ਨਿਰਾਸ਼ਾ ਹੀ ਹੱਥ ਲਗਦੀ ਹੈ। ਰਾਜ ਵਿਚ ਖੇਤੀ ਗੰਭੀਰ ਸੰਕਟ ਵਿਚ ਹੈ। ਇਕ ਸੁਆਲ ਦੇ ਜਵਾਬ ਵਿਚ ਸੰਸਦ ਵਿਚ ਵੀ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਪੰਜਾਬ ਦੇ ਕਿਸਾਨ ਦੇਸ਼ ਵਿਚ ਸਭ ਤੋਂ ਵਧ ਕਰਜ਼ੇ ਵਿਚ ਡੁੱਬੇ ਹੋਏ ਹਨ। ਇਸੇ ਕਰਕੇ ਹੀ ਬਹੁਤ ਸਾਰੇ ਕਿਸਾਨਾਂ ਵਲੋਂ ਖੇਤੀਬਾੜੀ ਛੱਡਣ ਤੇ ਕਰਜ਼ੇ ਵਿਚ ਡੁੱਬੇ ਕਿਸਾਨਾਂ ਦੇ ਖ਼ੁਦਕੁਸ਼ੀ ਕਰਨ ਦੀਆਂ ਖ਼ਬਰਾਂ ਨਿਰੰਤਰ ਆਉਂਦੀਆਂ ਰਹਿੰਦੀਆਂ ਹਨ। ਪੰਜਾਬ ਸਨਅਤੀਕਰਨ ਦੇ ਖੇਤਰ ਵਿਚ ਵੀ ਕੋਈ ਜ਼ਿਆਦਾ ਅੱਗੇ ਨਹੀਂ ਵਧ ਰਿਹਾ, ਸਗੋਂ ਇਥੇ ਪਹਿਲਾਂ ਲੱਗੀਆਂ ਸਨਅਤਾਂ ਵੀ ਵੱਖ-ਵੱਖ ਰਾਜਾਂ ਨੂੰ ਹਿਜਰਤ ਕਰ ਗਈਆਂ ਹਨ। ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਯੁੱਧ ਛੇੜਨ ਦੇ ਬਾਵਜੂਦ ਨਸ਼ਿਆਂ ਦਾ ਪ੍ਰਚਲਨ ਨਹੀਂ ਰੁਕ ਸਕਿਆ। ਅਜੇ ਵੀ ਨੌਜਵਾਨਾਂ ਦੇ ਵਧੇਰੇ ਨਸ਼ਾ ਲੈ ਕੇ ਮਰਨ ਦੀਆਂ ਨਿਰੰਤਰ ਖ਼ਬਰਾਂ ਆ ਰਹੀਆਂ ਹਨ। ਗੈਂਗਸਟਰਾਂ ਵਲੋਂ ਲੋਕਾਂ ਨੂੰ ਗੋਲੀਆਂ ਮਾਰਨ ਅਤੇ ਫਿਰੌਤੀਆਂ ਵਸੂਲਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਬੇਹੱਦ ਖ਼ਰਾਬ ਹੋ ਚੁੱਕੀ ਹੈ। ਨਾ ਸੱਤਾਧਾਰੀ ਪਾਰਟੀ ਅਤੇ ਨਾ ਹੀ ਵਿਰੋਧੀ ਪਾਰਟੀਆਂ ਪੰਜਾਬ ਦੀਆਂ ਉਕਤ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈ ਰਹੀਆਂ ਹਨ।

ਇਸ ਸਾਲ ਨਵੰਬਰ ਵਿਚ ਗੁਰੂ ਤੇਗ਼ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਵਸ ਆ ਰਿਹਾ ਹੈ। ਇਸ ਨੂੰ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਦਰਮਿਆਨ ਕਈ ਪੱਖਾਂ ਤੋਂ ਮੁਕਾਬਲੇਬਾਜ਼ੀ ਹੁੰਦੀ ਨਜ਼ਰ ਆ ਹੀ ਹੈ। ਇਸ ਸੰਦਰਭ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਬਿਨਾਂ ਸ਼ੱਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਲੋਂ ਮਾਨਵਤਾ ਲਈ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਵੱਡੀ ਸ਼ਹਾਦਤ ਨੂੰ ਪੂਰੇ ਸਤਿਕਾਰ ਨਾਲ ਮਨਾਉਣਾ ਚਾਹੀਦਾ ਹੈ। ਪਰ ਸਾਡੀਆਂ ਸਾਰੀਆਂ ਰਾਜਨੀਤਕ ਅਤੇ ਧਾਰਮਿਕ ਜਥੇਬੰਦੀਆਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਮੁੱਚਾ ਪੰਜਾਬ ਗੁਰੂਆਂ ਦੀ ਵਿਰਾਸਤ ਹੈ। ਇਸ ਦੇ ਚੱਪੇ-ਚੱਪੇ 'ਤੇ ਉਨ੍ਹਾਂ ਦੇ ਚਰਨ ਪਏ ਹੋਏ ਹਨ। ਇਸ ਨੂੰ ਵਸਦਾ-ਰਸਦਾ ਰੱਖਣਾ ਅਤੇ ਇਸ ਨੂੰ ਅੱਗੇ ਵਧਾਉਣਾ ਹੀ ਗੁਰੂਆਂ, ਸੂਫ਼ੀਆਂ ਅਤੇ ਭਗਤੀ ਲਹਿਰ ਦੇ ਸੰਤਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਸ਼ਤਾਬਦੀ ਸਮਾਰੋਹਾਂ ਨੂੰ ਇਸ ਤਰ੍ਹਾਂ ਮਨਾਵੇ ਕਿ ਪੰਜਾਬ ਦੇ ਨੌਜਵਾਨ ਨਸ਼ਿਆਂ ਤੋਂ ਉੱਭਰ ਕੇ ਚੰਗੀ ਜੀਵਨ ਜਾਚ ਅਖ਼ਤਿਆਰ ਕਰਨ ਵੱਲ ਰੁਚਿਤ ਹੋਣ। ਆਪਣੇ ਰਾਗੀਆਂ ਢਾਡੀਆਂ ਤੇ ਪ੍ਰਚਾਰਕਾਂ ਨੂੰ ਉਹ ਰਾਜ ਦੇ ਹਰੇਕ ਕੋਨੇ ਵਿਚ ਭੇਜੇ। ਲੋਕਾਂ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਤੇ ਆਧਾਰਿਤ ਜੀਵਨ-ਜਾਚ ਤੋਂ ਜਾਣੂ ਕਰਵਾਏ। ਦੂਜੇ ਪਾਸੇ ਪੰਜਾਬ ਸਰਕਾਰ ਨੂੰ ਇਹ ਸ਼ਤਾਬਦੀ ਸਮਾਰੋਹ ਇਸ ਤਰ੍ਹਾਂ ਮਨਾਉਣਾ ਚਾਹੀਦੇ ਹਨ ਕਿ ਉਹ ਆਪਣੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਨੂੰ ਬਿਹਤਰ ਬਣਾਉਣ ਲਈ ਸਾਧਨ ਮੁਹੱਈਆ ਕਰੇ। ਇਸ ਤੋਂ ਇਲਾਵਾ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣ ਅਤੇ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਣਾਉਣਾ ਵੀ ਉਸ ਦੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ। ਪੰਜਾਬ ਬਾਰੇ ਪ੍ਰੋ. ਪੂਰਨ ਸਿੰਘ ਨੇ ਵੀ ਕਿਹਾ ਸੀ ਕਿ ਇਹ ਗੁਰਾਂ ਦੇ ਨਾਂਅ 'ਤੇ ਜੀਊਂਦਾ ਹੈ। ਜੇ ਸਾਡੀਆਂ ਰਾਜਨੀਤਕ ਅਤੇ ਧਾਰਮਿਕ ਜਮਾਤਾਂ ਵਾਕਈ ਗੁਰੂ ਸਾਹਿਬ ਵਿਚ ਸ਼ਰਧਾ ਰੱਖਦੀਆਂ ਹਨ ਤਾਂ ਉਨ੍ਹਾਂ ਨੂੰ ਪੰਜਾਬ ਨੂੰ ਬਚਾਉਣ ਤੇ ਹਰ ਪੱਖ ਤੋਂ ਅੱਗੇ ਵਧਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

# ਡਿਪਟੀ ਮੈਡੀਕਲ ਕਮਿਸ਼ਨਰ ਵੱਲੋਂ ਸੀਐਚਸੀ ਸ਼ਾਮ ਚੌਰਾਸੀ ਦਾ ਦੌਰਾ, ਸਿਹਤ ਸੇਵਾਵਾਂ ਦਾ ਲਿਆ ਜਾਇਜ਼ਾ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਾਤੀ ਸ਼ੀਮਾਰ ਨੇ ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਸ਼ਾਮ ਚੌਰਾਸੀ ਦਾ ਦੌਰਾ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਅਸਿਸਟੈਂਟ ਹਸਪਤਾਲ ਐਡਮਿਨਿਸਟ੍ਰੇਟਰ (181) ਡਾ. ਸ਼ਿਪਰਾ ਵੀ ਮੌਜੂਦ ਸਨ। ਡਾ. ਸਵਾਤੀ ਸ਼ੀਮਾਰ ਨੇ ਸੀਐਚਸੀ ਸ਼ਾਮ ਚੌਰਾਸੀ ਦੇ ਸੀਨੀਅਰ ਮੈਡੀਕਲ ਅਫਸਰ ਡਾ. ਜੇ.ਐਸ. ਗਿੱਲ ਦੇ ਸਹਿਯੋਗ ਨਾਲ ਸਿਹਤ ਕੇਂਦਰ ਵਿੱਚ ਮਰੀਜ਼ਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਵੱਖ-ਵੱਖ ਸੇਵਾਵਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ। ਇਸ ਦੌਰਾਨ ਉਹਨਾਂ ਨੇ ਓਪੀਡੀ ਸੇਵਾਵਾਂ, ਐਮਰਜੈਂਸੀ, ਲੈਬੋਰਟਰੀ, ਰੇਡੀਓਲੋਜੀ ਵਿਭਾਗ, ਓਪਰੇਸ਼ਨ ਥੀਏਟਰ, ਫਾਰਮੇਸੀ, ਡਿਸਪੈਂਸਰੀ ਅਤੇ ਵੈਕਸੀਨੇਸ਼ਨ ਵਿਭਾਗ ਦਾ ਮੁਆਇਨਾ ਕੀਤਾ। ਉਹਨਾਂ ਨੇ ਆਯੁਸ਼ਮਾਨ ਭਾਰਤ-ਸਿਹਤ ਬੀਮਾ ਯੋਜਨਾ ਦੇ ਤਹਿਤ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਡਾ. ਸ਼ੀਮਾਰ ਨੇ ਹਸਪਤਾਲ ਰਿਕਾਰਡ, ਦਵਾਈਆਂ ਦੀ ਉਪਲਬਧਤਾ, ਮਰੀਜ਼ਾਂ ਲਈ ਉਪਲਬਧ ਸੁਵਿਧਾਵਾਂ ਅਤੇ ਸਫਾਈ ਪ੍ਰਬੰਧ ਦੀ ਵੀ ਜਾਂਚ ਕੀਤੀ।

ਇਸ ਮੌਕੇ ਉਹਨਾਂ ਨੇ ਮਰੀਜ਼ਾਂ ਨਾਲ ਸਿੱਧੀ ਗੱਲਬਾਤ ਕਰਕੇ ਉਹਨਾਂ ਦੇ ਸੁਝਾਅ ਤੇ ਸੰਤੁਸ਼ਟੀ ਬਾਰੇ ਜਾਣਕਾਰੀ ਲਈ। ਉਹਨਾਂ ਨੇ ਸਟਾਫ ਨੂੰ ਸਿਹਤ ਸੇਵਾਵਾਂ ਦੀ ਗੁਣਵੱਤਾ ਹੋਰ ਸੁਧਾਰਨ ਅਤੇ ਮਰੀਜ਼ਾਂ ਨਾਲ ਅਪਣਤ ਭਰਿਆ ਵਤੀਰਾ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ।

ਅੰਤ ਵਿੱਚ ਡਾ. ਸਵਾਤੀ ਸ਼ੀਮਾਰ ਨੇ ਕਿਹਾ ਕਿ ਸਿਹਤ ਵਿਭਾਗ ਦਾ ਮੁੱਖ ਉਦੇਸ਼ ਹਰ ਨਾਗਰਿਕ ਤੱਕ ਉੱਚ ਗੁਣਵੱਤਾ ਵਾਲੀਆਂ ਅਤੇ ਸਹਿਜ ਉਪਲਬਧ ਸਿਹਤ ਸੇਵਾਵਾਂ ਪਹੁੰਚਾਉਣਾ ਹੈ। ਇਸ ਮਕਸਦ ਦੀ ਪੂਰਤੀ ਲਈ ਹਰੇਕ ਸਿਹਤ ਕੇਂਦਰ ਵਿੱਚ ਨਿਰੰਤਰ ਮਾਨੀਟਰਿੰਗ ਤੇ ਸੁਧਾਰ ਜਾਰੀ ਰਹੇਗਾ।

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਵਿਖੇ ਕੈਰੀਅਰ ਗਾਈਡੈਂਸ ਅਤੇ ਕਾਉਂਸਲਿੰਗ ਮੀਟ ਦਾ ਆਯੋਜਨ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਕੈਰੀਅਰ ਗਾਈਡੈਂਸ ਅਤੇ ਕਾਉਂਸਲਿੰਗ ਮੀਟ 2025 ਦਾ ਸਫਲਤਾਪੂਰਵਕ ਆਯੋਜਨ ਕੀਤਾ, ਜੋ ਕਿ ਇੱਕ ਜ਼ਿਲ੍ਹਾ ਪੱਧਰੀ ਪਹਿਲ ਹੈ ਜਿਸਦਾ ਉਦੇਸ਼ ਸਕੂਲ ਗਾਈਡੈਂਸ ਕੌਂਸਲਰਾਂ ਅਤੇ ਸਿੱਖਿਅਕਾਂ ਨੂੰ ਕਰੀਅਰ-ਮੁਖੀ ਸਿੱਖਿਆ ਵਿੱਚ ਨਵੀਨਤਮ ਸੂਝ-ਬੂਝ ਨਾਲ ਸਸ਼ਕਤ ਬਣਾਉਣਾ ਹੈ। ਇਸ ਸਮਾਗਮ ਵਿੱਚ ਜ਼ਿਲ੍ਹੇ ਭਰ ਦੇ 114 ਸਕੂਲਾਂ ਤੋਂ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ, ਜੋ ਕਿ ਸਕੂਲ ਪੱਧਰ 'ਤੇ ਪ੍ਰਭਾਵਸ਼ਾਲੀ ਕਰੀਅਰ ਗਾਈਡੈਂਸ 'ਤੇ ਵੱਧ ਰਹੇ ਜ਼ੋਰ ਨੂੰ ਦਰਸਾਉਂਦੀ ਹੈ।

ਇਹ ਵਰਕਸ਼ਾਪ ਸ਼੍ਰੀ ਪ੍ਰੇਮ ਕੁਮਾਰ ਮਿੱਤਲ, ਜ਼ਿਲ੍ਹਾ ਸਿੱਖਿਆ ਅਧਿਕਾਰੀ (ਡੀ.ਈ.ਓ.), ਰੂਪਨਗਰ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ ਸੀ ਅਤੇ ਇਸ ਵਿੱਚ ਐਸ. ਨਿਰਮਲ ਸਿੰਘ ਰਿਆਤ, ਮਾਨਯੋਗ ਚਾਂਸਲਰ, ਪ੍ਰੋ. (ਡਾ.) ਏ.ਐਸ. ਚਾਵਲਾ, ਵਾਈਸ ਚਾਂਸਲਰ, ਪ੍ਰੋ. ਬੀ.ਐਸ. ਸਤਿਆਲ, ਰਜਿਸਟਰਾਰ, ਅਤੇ ਸ਼੍ਰੀ ਵਿਮਲ ਮਨਹੋਤਰਾ, ਸੀਈਓ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਸਮੇਤ ਸਤਿਕਾਰਯੋਗ ਪਤਵੰਤੇ ਸ਼ਾਮਲ ਸਨ। ਇਹ ਮੀਟਿੰਗ ਸਕੂਲਾਂ ਵਿੱਚ ਕਰੀਅਰ ਕਾਉਂਸਲਿੰਗ ਦੇ ਢਾਂਚੇ ਨੂੰ ਮਜ਼ਬੂਤ ?ਕਰਨ ਅਤੇ ਸਿੱਖਿਅਕਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਵਿਚਕਾਰ ਮਜ਼ਬੂਤ ਸਹਿਯੋਗ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਸੀ।

ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ ਦੁਆਰਾ ਰਵਾਇਤੀ ਦੀਵੇ ਜਗਾਉਣ ਨਾਲ ਹੋਈ। ਵਾਈਸ ਚਾਂਸਲਰ, ਪ੍ਰੋ. (ਡਾ.) ਏ.ਐਸ. ਚਾਵਲਾ ਨੇ ਆਪਣੇ ਅਕਾਦਮਿਕ ਅਤੇ ਪ੍ਰਸ਼ਾਸਕੀ ਤਜ਼ਰਬੇ ਨੂੰ ਦਰਸਾਉਂਦੇ ਹੋਏ, ਕਰੀਅਰ ਮਾਰਗਦਰਸ਼ਨ ਅਤੇ ਸਲਾਹ-ਮਸ਼ਵਰੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਸੂਝਵਾਨ ਸ਼ਬਦਾਂ ਨੇ ਭਾਗੀਦਾਰਾਂ ਨੂੰ ਪ੍ਰੇਰਿਤ ਕੀਤਾ ਅਤੇ ਦਿਨ ਲਈ ਇੱਕ ਪ੍ਰੇਰਣਾਦਾਇਕ ਸੁਰ ਸਥਾਪਤ ਕੀਤੀ।

ਡਾ.ਆਸ਼ੂਤੋਸ਼ ਸ਼ਰਮਾ, ਕਾਰਜਕਾਰੀ ਡੀਨ, ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ, ਨੇ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਅਤੇ ਦਰਸ਼ਨ ਨੂੰ ਸਾਂਝਾ ਕੀਤਾ, ਨਿਯਮਤ, ਉਦਯੋਗ-ਏਕੀਕ੍ਰਿਤ, ਅਤੇ ਸਰਕਾਰ-ਪ੍ਰਯੋਜਿਤ ਯੋਜਨਾਵਾਂ ਦੇ ਤਹਿਤ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਦਾ ਸੰਖੇਪ ਜਾਣਕਾਰੀ ਪੇਸ਼ ਕੀਤੀ। ਉਨ੍ਹਾਂ ਨੇ ਹੁਨਰ-ਅਧਾਰਤ ਸਿੱਖਿਆ ਦੇ ਖੇਤਰ ਵਿੱਚ ਐਲ ਟੀ ਐਸ ਯੂ ਦੀਆਂ ਵੱਖ-ਵੱਖ ਪ੍ਰਾਪਤੀਆਂ ਅਤੇ ਮੀਲ ਪੱਥਰਾਂ 'ਤੇ ਵੀ ਚਾਨਣਾ ਪਾਇਆ।

ਡਾ. ਨਵਨੀਤ ਚੋਪੜਾ, ਡੀਨ ਅਕਾਦਮਿਕ ਅਤੇ ਖੋਜ ਅਤੇ ਵਿਕਾਸ, ਐਲ ਟੀ ਐਸ ਯੂ ਪੰਜਾਬ, ਨੇ ਰਾਸ਼ਟਰੀ ਸਿੱਖਿਆ ਨੀਤੀ (ਐਨ ਈ ਪੀ) ਅਤੇ ਰਾਸ਼ਟਰੀ ਕ੍ਰੈਡਿਟ ਫਰੇਮਵਰਕ (ਐਨ ਸੀ ਐਫ) ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਨਾਲ ਦੱਸਿਆ, ਸਕੂਲ ਸਿੱਖਿਆ ਅਤੇ ਉੱਚ ਸਿੱਖਿਆ ਵਿਚਕਾਰ ਪਾੜੇ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ।

ਸਰੋਤ ਸੈਸ਼ਨਾਂ ਦਾ ਸੰਚਾਲਨ ਸ਼੍ਰੀ ਪ੍ਰਭਜੀਤ ਸਿੰਘ ਜ਼ਿਲ੍ਹਾ ਗਾਈਡੈਂਸ ਕੌਂਸਲਰ ਅਤੇ ਡਾ. ਜਸਵੀਰ ਸਿੰਘ, ਗਾਈਡੈਂਸ ਕੌਂਸਲਰ, ਡੀਸੀ ਦਫ਼ਤਰ, ਰੂਪਨਗਰ ਦੁਆਰਾ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਲਈ ਪ੍ਰਭਾਵਸ਼ਾਲੀ ਕਾਉਂਸਲਿੰਗ ਰਣਨੀਤੀਆਂ ਅਤੇ ਕਰੀਅਰ ਪਲੈਨਿੰਗ ਮਾਰਗਾਂ ਬਾਰੇ ਕੀਮਤੀ ਸੂਝਾਂ ਸਾਂਝੀਆਂ ਕੀਤੀਆਂ। ਸ਼੍ਰੀ ਬਲਜਿੰਦਰ ਸਿੰਘ, ਗਾਈਡੈਂਸ ਕੌਂਸਲਰ, ਜੀਐਸਐਸਐਸ ਫੂਲਪੁਰ ਗਰੇਵਾਲ ਨੇ ਵਿਦਿਆਰਥੀਆਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਾਰਗਦਰਸ਼ਨ ਅਤੇ ਕਾਉਂਸਲਿੰਗ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਦੇ ਹੋਏ ਇੱਕ ਜਾਣਕਾਰੀ ਭਰਪੂਰ ਭਾਸ਼ਣ ਵੀ ਦਿੱਤਾ।

ਆਪਣੇ ਸਮਾਪਤੀ ਭਾਸ਼ਣ ਵਿੱਚ, ਸ਼੍ਰੀ ਪ੍ਰੇਮ ਕੁਮਾਰ ਮਿੱਤਲ, ਡੀਈਓ ਰੂਪਨਗਰ ਨੇ ਭਾਗ ਲੈਣ ਵਾਲੇ ਸਕੂਲਾਂ ਅਤੇ ਕੌਂਸਲਰਾਂ ਦੀ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਅਤੇ ਉਤਸ਼ਾਹ ਲਈ ਪ੍ਰਸ਼ੰਸਾ ਕੀਤੀ। ਵਰਕਸ਼ਾਪ ਇੱਕ ਇੰਟਰਐਕਟਿਵ ਸੈਸ਼ਨ ਨਾਲ ਸਮਾਪਤ ਹੋਈ, ਜਿੱਥੇ ਸਲਾਹਕਾਰਾਂ ਨੇ ਅਨੁਭਵਾਂ ਦਾ ਆਦਾਨ-ਪ੍ਰਦਾਨ ਕੀਤਾ, ਵਧੀਆ ਅਭਿਆਸ ਸਾਂਝੇ ਕੀਤੇ, ਅਤੇ ਵਿਦਿਆਰਥੀਆਂ ਨੂੰ ਸੂਚਿਤ ਕਰੀਅਰ ਵਿਕਲਪ ਬਣਾਉਣ ਵਿੱਚ ਮਦਦ ਕਰਨ ਲਈ ਸਹਿਯੋਗੀ ਪਹੁੰਚਾਂ 'ਤੇ ਚਰਚਾ ਕੀਤੀ।

# ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਚੁਣੇ ਜਾਣ ਨਾਲ ਸਿੱਖ ਪੰਥ ਵਿੱਚ ਖੁਸ਼ੀ ਦੀ ਲਹਿਰ : ਲਾਲੀ ਬਾਜਵਾ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪਿਛਲੇ ਸਾਲਾਂ ਦੌਰਾਨ ਸ. ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਸ਼ਲਾਘਾਯੋਗ ਕਾਰਜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਮੇਟੀ ਮੈਂਬਰਾਂ ਵੱਲੋਂ ਵੱਡੇ ਬਹੁਮਤ ਨਾਲ ਪੰਜਵੀਂ ਵਾਰ ਸ. ਹਰਜਿੰਦਰ ਸਿੰਘ ਧਾਮੀ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸੇਵਾ ਸੌਂਪੀ ਗਈ ਹੈ, ਇਹ ਪ੍ਰਗਟਾਵਾ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਸ. ਜਤਿੰਦਰ ਸਿੰਘ ਲਾਲੀ ਬਾਜਵਾ ਵੱਲੋਂ ਕੀਤਾ ਗਿਆ। ਲਾਲੀ ਬਾਜਵਾ ਨੇ ਅੱਗੇ ਕਿਹਾ ਕਿ ਸ. ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਚੁਣੇ ਜਾਣ ਨਾਲ ਸਮੂਹ ਸਿੱਖ ਪੰਥ ਵਿੱਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਅੱਗੇ ਕਿਹਾ ਕਿ ਸ. ਹਰਜਿੰਦਰ ਸਿੰਘ ਧਾਮੀ ਨੇ ਜਿੱਥੇ ਸਿੱਖ ਪੰਥ ਦੀ ਨਿਸ਼ਕਾਮ ਸੇਵਾ ਕੀਤੀ ਹੈ ਉੱਥੇ ਹੀ ਅਕਾਲੀ ਦਲ ਦੇ ਫੈਸਲਿਆਂ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਲਾਲੀ ਬਾਜਵਾ ਨੇ ਕਿਹਾ ਕਿ ਪਿਛਲੇ ਸਾਲਾਂ ਦੇ ਆਪਣੇ ਕਾਰਜਕਾਲ ਦੌਰਾਨ ਸ. ਹਰਜਿੰਦਰ ਸਿੰਘ ਧਾਮੀ ਵੱਲੋਂ ਸਿੱਖ ਪੰਥ ਦੀਆਂ ਰਿਵਾਇਤਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ ਗਿਆ ਹੈ, ਉਨ੍ਹਾਂ ਕਿਹਾ ਕਿ ਸਿੱਖ ਪੰਥ ਨੂੰ ਆਪਣੇ ਇਹੋ ਜਿਹੇ ਇਮਾਨਦਾਰ ਅਤੇ ਸਿਰੜੀ ਆਗੂਆਂ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਸ. ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਮੇਤ ਦੇਸ਼-ਵਿਦੇਸ਼ ਵਿੱਚ ਸਿੱਖਾਂ ਦੇ ਮਸਲਿਆਂ ਉੱਪਰ ਹਮੇਸ਼ਾ ਸਪੱਸ਼ਟ ਸਟੈਂਡ ਲੈਂਦੇ ਹੋਏ ਸਿੱਖ ਭਾਵਨਾਵਾਂ ਦੀ ਤਰਜ਼ਮਾਨੀ ਕੀਤੀ ਗਈ ਹੈ।

# ਰੂਪਨਗਰ ਦਾ ਨਾਮ ਬਦਲ ਕੇ ਸ਼੍ਰੀ ਆਨੰਦਪੁਰ ਸਾਹਿਬ ਕੀਤਾ ਜਾਵੇ

## ਹੁਸ਼ਿਆਰਪੁਰ ਨੂੰ ਨਾ ਛੋਟਾ ਕੀਤਾ ਜਾਵੇ : ਡਾ. ਰਮਨ ਘਈ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਯੂਥ ਸਿਟੀਜਨ ਕੌਂਸਿਲ ਪੰਜਾਬ ਵੱਲੋਂ ਸਰਕਾਰ ਦੇ ਉਸ ਫੈਸਲੇ ਦਾ ਵਿਰੋਧ ਕੀਤਾ ਗਿਆ ਹੈ ਜਿਸ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਵੰਡ ਕੇ ਸ਼੍ਰੀ ਆਨੰਦਪੁਰ ਸਾਹਿਬ ਨਾਂ ਦਾ ਨਵਾਂ ਜ਼ਿਲ੍ਹਾ ਬਣਾਉਣ ਤੇ ਗੜਸ਼ੰਕਰ ਤਹਿਸੀਲ ਨੂੰ ਉਸ ਨਾਲ ਜੋੜਨ ਦੀ ਗੱਲ ਕੀਤੀ ਗਈ ਹੈ।ਯੂਥ ਸਿਟੀਜਨ ਕੌਂਸਿਲ ਦੇ ਪ੍ਰਦੇਸ਼ ਪ੍ਰਧਾਨ ਡਾ. ਰਮਨ ਘਈ ਨੇ ਕਿਹਾ ਕਿ ਸ਼੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣਾ ਇੱਕ ਸਰਾਹਣਯੋਗ ਕਦਮ ਹੈ ਜਿਸਦਾ ਸਵਾਗਤ ਨਾ ਕੇਵਲ ਪੰਜਾਬ 'ਚ ਬਲਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕੀਤਾ ਜਾਵੇਗਾ। ਪਰੰਤੂ ਸਰਕਾਰ ਦੀ ਨਿਕੰਮੀ ਨੀਤੀ ਕਾਰਨ ਹੁਸ਼ਿਆਰਪੁਰ ਵਾਸੀਆਂ ਨੂੰ ਆਪਣਾ ਮੱਤ ਪ੍ਰਗਟ ਕਰਨ ਲਈ ਸੰਘਰਸ਼ ਦਾ ਰਾਹ ਅਪਣਾਉਣਾ ਪੈ ਰਿਹਾ ਹੈ।ਡਾ. ਘਈ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਰੂਪਨਗਰ ਦਾ ਨਾਮ ਬਦਲ ਕੇ ਸ਼੍ਰੀ ਆਨੰਦਪੁਰ ਸਾਹਿਬ ਰੱਖ ਦੇਵੇ ਤਾਂ ਇਸਦਾ ਸਵਾਗਤ ਸੰਸਾਰ ਭਰ 'ਚ ਕੀਤਾ ਜਾਵੇਗਾ ਅਤੇ ਕਿਸੇ ਹੋਰ ਜ਼ਿਲ੍ਹੇ ਦਾ ਹਿੱਸਾ ਵੀ ਕੱਟਣਾ ਨਹੀਂ ਪਵੇਗਾ, ਕਿਉਂਕਿ ਸ਼੍ਰੀ ਆਨੰਦਪੁਰ ਸਾਹਿਬ ਪਹਿਲਾਂ ਹੀ ਰੂਪਨਗਰ ਜ਼ਿਲ੍ਹੇ ਦੀ ਤਹਿਸੀਲ ਵਜੋਂ ਮੌਜੂਦ ਹੈ।ਉਨ੍ਹਾਂ ਕਿਹਾ ਕਿ ਜਿਵੇਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਯਨਾਥ ਨੇ ਫੈਜ਼ਾਬਾਦ ਜ਼ਿਲ੍ਹੇ ਦੀ ਅਯੋਧਿਆ ਤਹਿਸੀਲ ਨੂੰ ਜ਼ਿਲ੍ਹਾ ਬਣਾਉਂਦੇ ਹੋਏ ਇਸਦਾ ਨਾਮ ਅਯੋਧਿਆ ਰੱਖਿਆ ਸੀ, ਉਸੇ ਤਰ੍ਹਾਂ ਦੇਸ਼ ਦੇ ਹੋਰ ਇਤਿਹਾਸਕ ਸਥਾਨਾਂ ਨੂੰ ਵੀ ਨਵਾਂ ਦਰਜਾ ਦਿੱਤਾ ਗਿਆ ਹੈ।ਡਾ. ਘਈ ਨੇ ਦੱਸਿਆ ਕਿ ਗੜਸ਼ੰਕਰ ਵਿੱਚ ਸਥਿਤ ਖੁਰਾਲਗੜ੍ਹ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ ਜੋ ਜ਼ਿਲ੍ਹੇ ਦੀ ਗੌਰਵਗਾਥਾ ਨੂੰ ਹੋਰ ਉੱਚਾ ਕਰਦੀ ਹੈ ਅਤੇ ਦੇਸ਼ ਵਿਦੇਸ਼ 'ਚ ਰਹਿੰਦੇ ਭਗਤਾਂ ਦੀਆਂ ਭਾਵਨਾਵਾਂ ਨਾਲ ਗਹਿਰਾ ਨਾਤਾ ਰੱਖਦੀ ਹੈ।ਇਸ ਲਈ ਯੂਥ ਸਿਟੀਜਨ ਕੌਂਸਿਲ ਪੰਜਾਬ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੁਆਰਾ ਹੋਸ਼ਿਆਰਪੁਰ ਨੂੰ ਬਚਾਉਣ ਲਈ ਚਲਾਏ ਜਾ ਰਹੇ ਸੰਘਰਸ਼ ਵਿੱਚ ਪੂਰਾ ਸਹਿਯੋਗ ਦੇਵੇਗੀ।ਅੰਤ ਵਿੱਚ ਡਾ. ਰਮਨ ਘਈ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਹੈ ਕਿ ਸ਼੍ਰੀ ਆਨੰਦਪੁਰ ਸਾਹਿਬ ਜ਼ਿਲ੍ਹਾ ਘੋਸ਼ਿਤ ਕਰਨ ਤੋਂ ਪਹਿਲਾਂ ਹੋਸ਼ਿਆਰਪੁਰ ਦੇ ਕਿਸੇ ਭਾਗ ਨੂੰ ਵੀ ਨਾ ਕੱਟਿਆ ਜਾਵੇ ਤੇ ਰੂਪਨਗਰ ਦੇ ਸਥਾਨ ਤੇ ਹੀ ਨਵਾਂ ਜ਼ਿਲ੍ਹਾ ਸ਼੍ਰੀ ਆਨੰਦਪੁਰ ਸਾਹਿਬ ਘੋਸ਼ਿਤ ਕੀਤਾ ਜਾਵੇ, ਤਾਂ ਕਿ ਹੁਸ਼ਿਆਰਪੁਰ ਵਾਸੀਆਂ ਦੀਆਂ ਭਾਵਨਾਵਾਂ ਦਾ ਆਦਰ ਹੋਵੇ ਅਤੇ ਜ਼ਿਲ੍ਹੇ ਦੀਆਂ ਇਤਿਹਾਸਕ ਪਹਿਚਾਣ ਕਾਇਮ ਰਹੇ।

# ਹੁਣ ਬਿਨਾ ਪ੍ਰਵਾਨਗੀ ਵਿਦੇਸ਼ ਨਹੀਂ ਜਾ ਸਕਣਗੇ ਸਰਪੰਚ

ਚੰਡੀਗੜ੍ਹ : ਪੰਜਾਬ ਦੇ ਸਰਪੰਚਾਂ ਅਤੇ ਪੰਚਾਂ ਲਈ ਨਵੇਂ ਹੁਕਮ ਲਾਗੂ ਹੋ ਗਏ ਹਨ। ਇਨ੍ਹਾਂ ਹੁਕਮਾਂ ਮੁਤਾਬਕ ਸਰਪੰਚ ਅਤੇ ਪੰਚ ਬਿਨਾਂ ਪ੍ਰਵਾਨਗੀ ਦੇ ਵਿਦੇਸ਼ ਨਹੀਂ ਜਾ ਸਕਣਗੇ। ਪੰਜਾਬ ਸਰਕਾਰ ਵਲੋਂ ਬਣਾਈ ਗਈ ਇਸ ਨਵੀਂ ਨੀਤੀ ਤਹਿਤ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਇਸ ਸਬੰਧੀ ਪੱਤਰ ਜਾਰੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਵੀ ਨਿਰਦੇਸ਼ ਜਾਰੀ ਕੀਤੇ ਗਏ ਹਨ। ਸਰਪੰਚਾਂ ਅਤੇ ਪੰਚਾਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਸਮਰੱਥ ਅਥਾਰਟੀ ਤੋਂ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ ਅਤੇ ਜੇਕਰ ਉਨ੍ਹਾਂ ਵਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਫਿਰ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ।

ਦੱਸ ਦੇਈਏ ਕਿ ਪੰਜਾਬ 'ਚ ਕੁੱਲ 13,238 ਸਰਪੰਚ ਅਤੇ 83,437 ਪੰਚਾਇਤ ਮੈਂਬਰ ਹਨ। ਹੁਣ ਜਿਸ ਤਰ੍ਹਾਂ ਸਰਕਾਰੀ ਮੁਲਾਜ਼ਮ ਅਤੇ ਅਧਿਕਾਰੀ ਐਕਸ ਇੰਡੀਆ ਲੀਵ ਲੈਂਦੇ ਹਨ, ਉਸੇ ਤਰਜ਼ 'ਤੇ ਸਰਪੰਚਾਂ ਅਤੇ ਪੰਚਾਂ ਨੂੰ ਵੀ ਵਿਦੇਸ਼ ਜਾਣ ਤੋਂ ਪਹਿਲਾਂ ਦੱਸਣਾ ਪਵੇਗਾ।

ਜੇਕਰ ਉਨ੍ਹਾਂ ਨੂੰ ਪ੍ਰਵਾਨਗੀ ਮਿਲ ਜਾਂਦੀ ਹੈ ਤਾਂ ਹੀ ਉਹ ਵਿਦੇਸ਼ ਜਾ ਸਕਣਗੇ। ਅਕਸਰ ਦੇਖਿਆ ਜਾਂਦਾ ਹੈ ਕਿ ਸੂਬੇ ਦੇ ਜ਼ਿਆਦਾਤਰ ਸਰਪੰਚਾਂ ਅਤੇ ਪੰਚਾਂ ਦੇ ਪਰਿਵਾਰ ਵਿਦੇਸ਼ਾਂ 'ਚ ਵਸੇ ਹੋਏ ਹਨ ਅਤੇ ਜਦੋਂ ਸਰਪੰਚ ਜਾਂ ਪੰਚ ਵਿਦੇਸ਼ ਚਲਾ ਜਾਂਦਾ ਹੈ ਤਾਂ ਪਿੰਡ ਦੇ ਬਹੁਤ ਸਾਰੇ ਕੰਮ ਅਤੇ ਵਿਕਾਸ ਕਾਰਜ ਰੁਕ ਜਾਂਦੇ ਹਨ। ਇਸ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ 'ਚ ਰੱਖਦਿਆਂ ਹੀ ਪੰਜਾਬ ਸਰਕਾਰ ਵਲੋਂ ਉਕਤ ਫ਼ੈਸਲਾ ਲਿਆ ਗਿਆ ਹੈ, ਜਿਸ ਨੂੰ ਮੰਨਣਾ ਸੂਬੇ ਦੇ ਹਰ ਸਰਪੰਚ ਅਤੇ ਪੰਚ ਲਈ ਲਾਜ਼ਮੀ ਹੋਵੇਗਾ।

# ਤਲਵਾੜਾ ਬਲਾਕ ਨੇ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ 'ਚ ਮਾਰੀਆਂ ਮੱਲਾਂ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਬਲਾਕ ਤਲਵਾੜਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਈ ਖੇਡਾਂ ਵਿੱਚ ਜਿੱਤ ਦਰਜ ਕੀਤੀ। ਬਲਾਕ ਦੇ ਖਿਡਾਰੀਆਂ ਨੇ ਆਪਣੇ ਜ਼ਬਰਦਸਤ ਪ੍ਰਦਰਸ਼ਨ ਨਾਲ ਤਲਵਾੜਾ ਦਾ ਨਾਮ ਰੌਸ਼ਨ ਕੀਤਾ। ਕੁਸ਼ਤੀ 25 ਕਿਲੋਗ੍ਰਾਮ ਵਰਗ ਵਿੱਚ ਗੋਲਡ ਮੈਡਲ ਜਿੱਤ ਕੇ ਬਲਾਕ ਦਾ ਮਾਣ ਵਧਾਇਆ। ਯੋਗਾ ਕੁੜੀਆਂ ਦੀ ਟੀਮ ਨੇ ਦੂਸਰਾ ਸਥਾਨ, ਖੋ-ਖੋ ਮੁੰਡਿਆਂ ਦੀ ਟੀਮ ਨੇ ਦੂਸਰਾ ਸਥਾਨ, ਲੰਬੀ ਛਾਲ ਕੁੜੀਆਂ ਨੇ ਦੂਸਰਾ ਸਥਾਨ, ਰੱਸਾ ਕੱਸੀ ਟੀਮ ਨੇ ਤੀਜਾ ਸਥਾਨ, ਤੇ ਯੋਗਾ ਮੁੰਡਿਆਂ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪੁਸ਼ਪਿੰਦਰ ਸਿੰਘ, ਸੁਮਤੀ ਕੁਮਾਰੀ ਬਲਾਕ ਨੋਡਲ ਅਫਸਰ ਤਲਵਾੜਾ, ਚੰਚਲਾ ਕੁਮਾਰੀ, ਗੁਰਬਚਨ ਸਿੰਘ, ਇੰਦਰਜੀਤ, ਜੋਤੀ, ਸੀਮਾ ਕੁਮਾਰੀ, ਰੋਹਿਤ ਬਿੰਨੀ, ਅਤੇ ਸੁਜਾਤਾ ਸਮੇਤ ਸਟਾਫ ਮੈਂਬਰ ਹਾਜ਼ਰ ਸਨ। ਸੁਮਤੀ ਕੁਮਾਰੀ ਬੀ.ਐਨ.ਓ. ਤਲਵਾੜਾ ਨੇ ਆਪਣੇ ਬਿਆਨ ਵਿੱਚ ਕਿਹਾ ਕਿ 'ਇਹ ਜਿੱਤ ਵਿਦਿਆਰਥੀਆਂ ਦੀ ਮਿਹਨਤ, ਅਧਿਆਪਕਾਂ ਦੇ ਯੋਗ ਮਾਰਗਦਰਸ਼ਨ ਅਤੇ ਖੇਡ ਭਾਵਨਾ ਦਾ ਨਤੀਜਾ ਹੈ। ਸਾਨੂੰ ਮਾਣ ਹੈ ਕਿ ਸਾਡੇ ਬਲਾਕ ਦੇ ਵਿਦਿਆਰਥੀ ਨਾ ਸਿਰਫ਼ ਪੜ੍ਹਾਈ ਵਿੱਚ ਸਿਰਮੌਰ ਹਨ, ਸਗੋਂ ਖੇਡ ਮੈਦਾਨਾਂ ਵਿੱਚ ਵੀ ਆਪਣੀ ਛਾਪ ਛੱਡ ਰਹੇ ਹਨ।'

ਸਭ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਸਟੇਟ ਪੱਧਰ ਜੂਨੀਅਰ ਖੋ-ਖੋ ਚੈਂਪੀਅਨਸ਼ਿਪ ਅੰਡਰ-18 ਸਾਲ ਲੜਕੇ/ ਲੜਕੀਆਂ, ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਕਰਵਾਈ

## ਚੈਂਪੀਅਨਸ਼ਿਪ 'ਚ ਵੱਖ-ਵੱਖ ਜਿਲ੍ਹਿਆਂ ਤੋਂ ਲੜਕੇ/ਲੜਕੀਆਂ ਦੀਆਂ 24 ਟੀਮਾਂ ਨੇ ਭਾਗ ਲਿਆ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸਟੇਟ ਪੱਧਰ ਜੂਨੀਅਰ ਖੋ-ਖੋ ਚੈਂਪੀਅਨਸ਼ਿਪ ਅੰਡਰ-18 ਸਾਲ ਲੜਕੇ/ਲੜਕੀਆਂ, ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨਿਵਰਸਿਟੀ ਵਿਖੇ ਖੋ-ਖੋ ਐਸੋਇਏਸ਼ਨ ਆਫ਼ ਹੁਸ਼ਿਆਰਪੁਰ ਵੱਲੋਂ ਕਰਵਾਈ ਗਈ। ਜਿਸ ਦਾ ਉਦਘਾਟਨ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ (ਸਥਾਨਕ ਸਰਕਾਰਾਂ) ਅਤੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਸਾਂਝੇ ਤੌਰ 'ਤੇ ਤਿਰੰਗਾ ਝੰਡਾ ਲਹਿਰਾ ਕੇ ਕੀਤਾ। ਇਸ ਚੈਂਪਿਅਨਸ਼ਿਪ ਵਿੱਚ ਵੱਖ- ਵੱਖ ਜਿਲ੍ਹਆਂ ਤੋਂ ਲੜਕੇ/ ਲੜਕੀਆਂ ਦੀਆਂ 24 ਟੀਮਾਂ ਨੇ ਭਾਗ ਲਿਆ। ਇਸ ਮੌਕੇ ਮਣਯੋਗ ਡਾ. ਰਵਜੋਤ ਸਿੰਘ ਜੀ ਅਤੇ ਡਾ. ਰਾਜ ਕੁਮਾਰ ਜੀ ਨੇ ਖੇਡਾਂ ਵਿੱਚ ਭਾਗ ਲੈ ਰਹੇ ਸਾਰੇ ਖਿਡਾਰੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਖੇਡਾਂ ਦੀਆਂ ਮਹੱਤਾਵਾਂ ਬਾਰੇ ਜਾਣੂ ਕਰਵਾਉਂਦੇ ਹੋਏ। ਨਵੀਂ ਪੀੜੀ ਨੂੰ ਨਿਸ਼ਆਂ ਤੋਂ ਬਚਣ ਤੇ ਖੇਡਾਂ ਵੱਲ ਵਧਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਦੱਸਿਆ ਕਿ ਇਹ ਖੋ-ਖੋ ਖੇਡ ਦੀ ਪ੍ਰਤਿਯੋਗਿਤਾ ਸਾਡੇ ਜ਼ਿਲ੍ਹਾਂ ਹੁਸ਼ਿਆਰਪੁਰ ਵਿੱਚ ਲਗਭਗ 35 ਸਾਲਾਂ ਬਆਦ ਹੋ ਰਹੀ ਹੈ। ਇਹ ਇਕ ਅਜੇਹੀ ਖੇਡ ਹੈ ਜਿਸ ਨੂੰ ਖੇਡਣ ਵਾਲਾ ਖਿਡਾਰੀ ਕੋਈ ਵੀ ਗੇਮ ਖੇਡ ਸਕਦਾ ਹੈ। ਇਸ ਖੇਡ ਨੂੰ ਖੇਡਣ ਲਈ ਬਹੁਤ ਮੇਹਨਤ ਦੀ ਲੋੜ ਹੁੰਦੀ ਹੈ। ਉਨ੍ਹਾਂ ਆਏ ਹੋਏ ਸਾਰੇ ਖਿਡਾਰੀਆਂ ਨੂੰ ਸ਼ੁਭ ਕਾਮਨਵਾਂ ਦਿੰਦੇ ਹੋਏ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

ਜੂਨੀਅਰ ਖੋ-ਖੋ ਚੈਪਿਅਨਸ਼ਿਪ ਅੰਡਰ-18 ਸਾਲ ਲੜਕੇ ਅਤੇ ਲੜਕੀਆਂ ਨੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪਹਿਲੇ ਦਿਨ ਜਿੱਥੇ ਹੁਸ਼ਿਆਰਪੁਰ ਦੇ ਲੜਕਿਆਂ ਨੇ ਮੁਕਤਸਰ ਅਤੇ ਕਪੂਰਥਲਾ ਦੀਆਂ ਟੀਮਾਂ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਉੱਥੇ ਹੁਸ਼ਿਆਰਪੁਰ ਦੀਆਂ ਲੜਕੀਆਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲਾਂ ਤਰਨ ਤਾਰਨ ਤੇ ਫੇਰ ਗੁਰਦਾਸਪੁਰ ਦੀਆਂ ਲੜਕੀਆਂ ਨੂੰ ਹਰਾ ਕੇ ਸੈਮੀ ਫਾਈਨਲ ਵਿੱਚ ਆਪਣੀ ਜਗ੍ਹਾ ਬਣਾਈ।

ਜੂਨੀਅਰ ਖੋ-ਖੋ ਚੈਂਪੀਅਨਸ਼ਿਪ ਅੰਡਰ-18 ਸਾਲ ਲੜਕੇ/ ਲੜਕੀਆਂ ਦੇ ਦੂਜੇ ਦਿਨ ਲੜਕਿਆਂ



ਵਿੱਚੋਂ ਪਟਿਆਲਾ ਦੀਮ ਨੇ ਪਹਿਲੇ ਸਥਾਨ ਹਾਸਲ ਕੀਤਾ, ਦੂਜੇ ਸਥਾਨ ਤੇ ਜਲੰਧਰ ਤੇ ਹੁਸ਼ਿਆਰਪੁਰ ਤੇ ਲੁਧਿਆਣੇ ਦੇ ਲੜਕਿਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕੀਆਂ ਵਿੱਚ ਪਟਿਆਲਾ ਦੀ ਟੀਮ ਨੇ ਪਹਿਲਾ ਸਥਾਨ, ਮੁਕਤਸਰ ਦੂਜਾ ਅਤੇ ਹਸ਼ਿਆਰਪੁਰ ਤੇ ਸੰਗਰੂਰ ਦੀਆਂ ਲੜਕੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸ਼੍ਰੀਮਤੀ ਆਸ਼ਿਕਾ ਜੈਨ ਡਿਪਟੀ ਕਮਿਸ਼ਨਰ ਹੁਸ਼ਿਆਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਹਿਲਾਂ, ਦੂਜਾ, ਤੀਜਾ ਤੇ ਚੌਥਾਂ ਸਥਾਨ ਹਾਸਲ ਕਰਨ ਵਾਲੀਆਂ ਲੜਕੀਆਂ ਦੀਆਂ ਟੀਮਾਂ ਨੂੰ "ਬੇਟੀ ਬਚਾਓ-ਬੇਟੀ ਪੜਾਓ" ਦੇ ਅਧੀਨ ਟਰੈਕਸੂਟ ਦੇ ਕੇ ਸਨਮਾਨਤ ਕੀਤਾ ਗਿਆਂ। ਜਿਸ ਵਿੱਚ ਖੋ-ਖੋ ਐਸੋਸੀਏਸ਼ਨ ਹੁਸ਼ਿਆਰਪੁਰ ਪਹਿਲਾ ਅਤੇ ਦੂਜਾ ਸਥਾਨ ਹਾਸਲ ਕਰਨ ਵਾਲਈਆਂ ਲੜਕੀਆਂ ਦੀਆਂ ਟੀਮਾਂ ਨੂੰ 2500 -2500 ਰੁ: ਦੀ ਰਾਸ਼ੀ ਵੀ ਦਿੱਤੀ ਗਈ। ਇਸੇ ਤਰ੍ਹਾਂ ਜਿੱਥੇ ਖੋ-ਖੋ ਐਸੋਸੀਏਸ਼ਨ ਆਫ਼ ਹੁਸ਼ਿਆਰਪੁਰ ਦੇ ਸਮੂਹ ਮੈਂਬਰਾਂ ਵੱਲੋਂ ਪਹਿਲਾ, ਦੂਜਾ ਸਥਾਨ ਹਾਲਸ ਕਰਨ ਵਾਲੇ ਲੜਕਿਆਂ ਦੀਆਂ ਟੀਮਾਂ ਨੂੰ 2100-2100 ਰੁ: ਦੀ ਰਾਸ਼ੀ ਤੇ ਟਰੈਕਸੂਟ ਦਿੱਤੇ ਗਏ, ਉੱਥੇ ਤੀਜਾ ਅਤੇ ਚੌਥਾ ਸਥਾਨ ਹਾਸਲ ਕਰਨ ਵਾਲੇ ਲੜਕਿਆਂ ਦੀਆਂ ਟੀਮਾਂ ਨੂੰ ਵੀ ਟਰੈਕਸੂਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਨਾਮ ਵੰਡ ਸਮਾਰੋਹ ਮੌਕੇ ਸ਼੍ਰੀ ਤਰੁਨ ਚਾਵਲਾ ਡਾਇਰੈਕਟਰ ਫਾਇਨਾਂਸ ਤੇ ਐਡਮੀਸਟਰੇਸ਼ਨ, ਸ਼੍ਰੀ ਪਰਦੀਪ ਕੁਮਾਰ ਡਡਵਾਲ ਅਡਵਾਈਜ਼ਰ ਸਿਕਿਉਰਿਟੀ ਵਰਧਮਾਨ ਯਾਰਨ ਐਂਡ ਥਰੈਡਜ਼ ਲਿਮੀ., ਸ਼੍ਰੀ ਸ਼ੈਲੇਂਦਰ ਠਾਕੁਰ ਪ੍ਰਿੰਸੀਪਲ ਨਾਰੂ ਨੰਗਲ, ਸ਼੍ਰੀਮਤੀ ਰਸ਼ਮੀ ਸ਼ਰਮਾ ਪ੍ਰਿੰਸੀਪਲ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਜੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋ ਕੇ ਪਹਿਲੇ ਦੂਜੇ ਤੀਜੇ ਤੇ ਚੌਥੇ ਸਥਾਨ ਤੇ ਆਈਆਂ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਟੂਰਨਾਮੈਂਟ ਦੀ ਸਮਾਪਤੀ ਕਰਨ ਮੌਕੇ ਖੋ-ਖੋ ਐਸ਼ੋਈਏਸ਼ਨ ਆਫ਼ ਹੁਸ਼ਿਆਰਪੁਰ ਦੇ ਚੇਅਰਮੈਨ ਸ. ਸਰਬਜੀਤ ਸਿੰਘ ਧਾਮੀ (ਕਨੇਡਾ) ਨੇ ਪਹੁੰਚੇ ਸਾਰੇ ਮੁੱਖ ਮਹਿਮਾਨ ਦਾ ਪੂਰੀ ਐਸੋਸੀਏਸ਼ਨ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਤੇ ਬੱਚਿਆਂ ਨੂੰ ਖੇਡਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਧਾਨ ਸ. ਸਤਨਾਮ ਸਿੰਘ, ਸੀਨੀਅਰ ਵਾਇਸ ਪ੍ਰਧਾਨ-। ਸ. ਅਜੀਤ ਸਿੰਘ, ਸੀਨੀਅਰ ਵਾਇਸ ਪ੍ਰਧਾਨ-॥ ਸੰਦੀਪ ਕੁਮਾਰ, ਸੈਕਟਰੀ ਸ਼੍ਰੀ ਸੁਰਜੀਤ ਸਿੰਘ, ਕੈਸ਼ੀਅਰ ਸ਼੍ਰੀ ਸੋਮੇਸ਼ ਕੁਮਾਰ, ਜੁਆਇੰਟ ਸੈਕਟਰੀ ਸਤਵੀਰ ਸਿੰਘ, ਪ੍ਰੋ: ਪਰਮਜੀਤ ਕੌਰ ਵਾਇਸ ਪ੍ਰਧਾਨ, ਜਸਵਿੰਦਰ ਸਿੰਘ ਵਾਇਸ ਪ੍ਰਧਾਨ, ਅਨੁਪਮ ਠਾਕੁਰ, ਦਜਿੰਦਰ ਸਿੰਘ, ਮਨੋਜ ਕੁਮਾਰੀ ਪੀ.ਆਰ.ਓ., ਰਜਨੀਸ਼ ਡਡਵਾਲ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਸਮਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਟੂਰਨਾਮੈਂਟ ਵਿੱਚ ਸ਼ਾਮਲ ਹੋਣ ਲਈ ਦਿਲੋਂ ਧੰਨਵਾਦ ਕੀਤਾ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਐਸ.ਬੀ.ਐਸ. ਨਗਰ ਵਿੱਚ ਹੋ ਰਹੀ ਹੈ ਸਾਰਥਕ : ਐਸ.ਪੀ. ਬਾਹੀਆ



ਐਸ.ਬੀ.ਐਸ. ਨਗਰ, (ਦਲਜੀਤ ਅਜਨੋਹਾ) : ਪੰਜਾਬ ਸਰਕਾਰ ਵੱਲੋਂ 1 ਮਾਰਚ 2025 ਨੂੰ ਸ਼ੁਰੂ ਕੀਤੀ ਗਈ "ਯੁੱਧ ਨਸ਼ਿਆਂ ਵਿਰੁੱਧ ਮੁਹਿੰਮ" ਨੇ ਐਸ.ਬੀ.ਐਸ. ਨਗਰ ਜ਼ਿਲ੍ਹੇ ਵਿੱਚ ਕਾਫ਼ੀ ਸਕਾਰਾਤਮਕ ਨਤੀਜੇ ਦਿੱਤੇ ਹਨ। ਇਸ ਮੁਹਿੰਮ ਦੇ ਤਹਿਤ ਜ਼ਿਲ੍ਹਾ ਪੁਲਿਸ ਨੇ ਨਸ਼ਿਆਂ 'ਤੇ ਕਾਬੂ ਪਾਉਣ ਲਈ ਤਗੜੇ ਢੰਗ ਨਾਲ ਕਾਰਵਾਈ ਕੀਤੀ ਹੈ। 1001 ਐਫ.ਆਈ.ਆਰ ਦਰਜ, 1243 ਡਰੱਗ ਪੈਡਲਰ ਗ੍ਰਿਫਤਾਰ ਐਸ.ਪੀ. ਇਨਵੈਸਟੀਗੇਸ਼ਨ ਸਰਬਜੀਤ ਸਿੰਘ ਬਹੀਆ ਨੇ ਦੱਸਿਆ ਕਿ ਐਸ.ਬੀ.ਐਸ. ਨਗਰ ਪੁਲਿਸ ਵੱਲੋਂ ਇਸ ਮੁਹਿੰਮ ਦੇ ਅਧੀਨ 1001 ਐਫ.ਆਈ.ਆਰ ਦਰਜ ਕੀਤੀਆਂ ਗਈਆਂ ਹਨ ਤੇ 1243 ਡਰੱਗ ਪੈਡਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਉਨ੍ਹਾਂ ਕੋਲੋਂ 3.896 ਕਿਲੋਗ੍ਰਾਮ ਹੀਰੋਇਨ, 36.710 ਕਿਲੋਗ੍ਰਾਮ ਅਫੀਮ, 234.280 ਕਿਲੋਗ੍ਰਾਮ ਚੂਰਾ ਪੋਸਤ, 168 ਨਸ਼ੀਲੇ ਟੀਕੇ, 12,242 ਕੈਪਸੂਲ ਅਤੇ ਗੋਲੀਆਂ, 7 ਗ੍ਰਾਮ ਚਰਸ, 5.261 ਕਿਲੋਗ੍ਰਾਮ ਗਾਂਜਾ ਅਤੇ 5,10,200 ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ।

**ਸਮਾਜਕ ਯੋਗਦਾਨ ਨਾਲ ਮਿਲੀ ਸਫਲਤਾ**

ਐਸ.ਪੀ. ਬਹੀਆ ਨੇ ਕਿਹਾ ਕਿ ਇਸ ਮੁਹਿੰਮ ਨੂੰ ਢੰਗ ਨਾਲ ਚਲਾਉਣ ਵਿੱਚ ਪੁਲਿਸ ਦੇ ਨਾਲ ਨਾਲ ਪਿੰਡਾਂ, ਮੁਹੱਲਿਆਂ ਅਤੇ ਮੋਹਤਵਰ ਲੋਕਾਂ ਦਾ ਵੀ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਬੁਰਾਈ ਨੂੰ ਮਿਟਾਉਣ ਲਈ ਸਮਾਜ ਦੇ ਹਰ ਵਰਗ ਨੂੰ ਅੱਗੇ ਆਉਣ ਦੀ ਲੋੜ ਹੈ।

**ਨਸ਼ੇ ਛੱਡਣ ਵਾਲਿਆਂ ਲਈ ਸਰਕਾਰ ਦੀ ਸਹਾਇਤਾ**

ਉਨ੍ਹਾਂ ਨੇ ਦੱਸਿਆ ਕਿ ਜਿਹੜੇ ਨੌਜਵਾਨ ਗਲਤ ਸੋਸਾਇਟੀ ਕਰਨ ਜਾਂ ਕਿਸੇ ਮਜਬੂਰੀ ਕਾਰਨ ਨਸ਼ਿਆਂ ਵਿੱਚ ਫਸ ਗਏ ਹਨ ਪਰ ਹੁਣ ਉਹ ਆਪਣਾ ਭਵਿੱਖ ਸਵਾਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਨਸ਼ਾ ਛੁਡਾਉ ਸੈਂਟਰ ਭੇਜਿਆ ਜਾਂਦਾ ਹੈ। ਜਦੋਂ ਅਦਾਲਤ ਅਤੇ ਪੁਲਿਸ ਸੈਂਟਰ ਦੀ ਰਿਪੋਰਟ ਦੇ ਅਧਾਰ 'ਤੇ ਇਹ ਮੰਨ ਲੈਂਦੀ ਹੈ ਕਿ ਵਿਅਕਤੀ ਨਸ਼ਾ ਛੱਡ ਚੁੱਕਾ ਹੈ, ਤਾਂ ਉਸਨੂੰ ਉਸਦੇ ਮਾਪਿਆਂ ਦੀ ਸਲਾਹ ਨਾਲ ਰੋਜ਼ਗਾਰ ਨਾਲ ਜੋੜਿਆ ਜਾਂਦਾ ਹੈ।

**ਵਿਦੇਸ਼ ਤੋਂ ਆ ਰਹੀ ਫਿਰੌਤੀ ਦੀ ਬੁਰਾਈ**

ਐਸ.ਪੀ. ਬਾਹੀਆ ਨੇ ਕਿਹਾ ਕਿ ਪੰਜਾਬ ਵਿੱਚ ਹਾਲ ਹੀ ਵਿੱਚ ਹੋ ਰਹੀਆਂ ਫਿਰੌਤੀ ਦੀਆਂ ਘਟਨਾਵਾਂ ਦਾ ਮੁੱਖ ਕਾਰਨ ਉਹ ਨੌਜਵਾਨ ਹਨ ਜੋ ਵਿਦੇਸ਼ਾਂ ਵਿੱਚ ਬੈਠੇ ਹਨ ਤੇ ਆਪਣੇ ਦੇਸ਼ ਵਿੱਚ ਕਦੇ ਮਿਹਨਤ ਨਹੀਂ ਕੀਤੀ। ਉਨ੍ਹਾਂ ਦੇ ਉਕਸਾਵੇ 'ਤੇ ਇੱਥੇ ਕੁਝ ਨੌਜਵਾਨ ਅਪਰਾਧਾਂ ਦੀ ਰਾਹ ਤੇ ਚੱਲ ਪੈਂਦੇ ਹਨ। ਜ਼ਿਆਦਾਤਰ ਕੇਸਾਂ ਦੀ ਜੜ੍ਹ ਵਿਦੇਸ਼ਾਂ ਤੱਕ ਮਿਲਦੀ ਹੈ

**ਸਾਈਬਰ ਕ੍ਰਾਈਮ ਤੋਂ ਸਾਵਧਾਨ ਰਹੋ**

ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਸਾਈਬਰ ਠਗ ਅਜਿਹੇ ਵਿਦਿਆਰਥੀ ਹਨ ਜੋ ਤਕਨੀਕ ਦਾ ਗਲਤ ਉਪਯੋਗ ਕਰਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਅਣਜਾਣ ਵਿਅਕਤੀ ਦੀ ਵੀਡੀਓ ਕਾਲ ਕਦੇ ਵੀ ਰਿਸੀਵ ਨਾ ਕਰੋ, ਕਿਉਂਕਿ ਇਹ ਸਾਈਬਰ ਕ੍ਰਾਈਮ ਦਾ ਸਭ ਤੋਂ ਵੱਡਾ ਢੰਗ ਹੈ। ਅਣਜਾਣ ਕਾਲ ਸਵੀਕਾਰ ਕਰਨਾ ਠਗਾਂ ਨੂੰ ਜ਼ੁਰਮ ਕਰਨ ਦਾ ਮੌਕਾ ਦਿੰਦਾ ਹੈ। ਹਰ ਨਾਗਰਿਕ ਨੂੰ ਚੇਤਨ ਰਹਿਣਾ ਜ਼ਰੂਰੀ ਹੈ ਤਾਂ ਜੋ ਇਸ ਤਰ੍ਹਾਂ ਦੇ ਅਪਰਾਧਾਂ ਤੋਂ ਬਚਿਆ ਜਾ ਸਕੇ।

# ਹੁਸ਼ਿਆਰਪੁਰ ਨੂੰ ਨੈੱਟ-ਜ਼ੀਰੋ ਅਤੇ ਕਲਾਈਮੇਟ ਰੇਜ਼ੀਲੀਅੰਟ ਸਿਟੀ ਬਣਾਉਣ ਵੱਲ ਵੱਡਾ ਕਦਮ

## ਜ਼ਿਲ੍ਹਾ ਪ੍ਰਸ਼ਾਸਨ ਨੇ ਬੈਂਗਲੁਰੂ ਆਧਾਰਿਤ ਸੰਗਠਨ ਸੀਐਸਟੀਈਪੀ ਨਾਲ ਕੀਤਾ ਐਮਓਯੂ ਸਾਇਨ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਅੱਜ ਇੱਕ ਮਹੱਤਵਪੂਰਣ ਵਾਤਾਵਰਣੀਕ ਪਹਿਲ ਕਰਦਿਆਂ ਬੈਂਗਲੁਰੂ ਦੀ ਪ੍ਰਸਿੱਧ ਗੈਰ-ਮੁਨਾਫਾ ਸੰਗਠਨ ਸੈਂਟਰ ਫੋਰ ਸਟਡੀ ਆਫ ਸਾਇੰਸ, ਟੈਕਨਾਲੋਜੀ ਐਂਡ ਪਾਲਸੀ (ਸੀਐਸਟੀਈਪੀ) ਨਾਲ ਐਮਓਯੂ ਸਾਈਨ ਕੀਤਾ ਗਿਆ। ਇਸ ਸਮਝੌਤੇ ਦਾ ਮਕਸਦ ਹੁਸ਼ਿਆਰਪੁਰ ਨੂੰ ਇੱਕ ਨੈੱਟ-ਜ਼ੀਰੋ ਅਤੇ ਕਲਾਈਮੇਟ ਰੇਜ਼ੀਲੀਅੰਟ ਸਿਟੀ ਵਜੋਂ ਵਿਕਸਤ ਕਰਨ ਲਈ ਵਿਸਤ੍ਰਿਤ ਰੋਡਮੈਪ ਤਿਆਰ ਕਰਨਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਹ ਭਾਗੀਦਾਰੀ ਜਿਲ੍ਹੇ ਦੇ ਸਥਾਈ ਵਿਕਾਸ ਵੱਲ ਇਕ ਇਤਿਹਾਸਕ ਕਦਮ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਹੇਠ ਸੀਐਸਟੀਈਪੀ ਸੰਗਠਨ ਹੁਸ਼ਿਆਰਪੁਰ ਲਈ ਇੱਕ ਸੰਪੂਰਨ ਕਲਾਈਮੇਟ ਐਕਸ਼ਨ ਯੋਜਨਾ ਤਿਆਰ ਕਰੇਗਾ, ਜਿਸ ਵਿੱਚ ਡਿਜੀਟਲ ਸਰਵੇਅ ਅਤੇ ਸੋਲਰ ਰੂਫ਼ਟਾਪ ਸਮਰਥਾ ਮੈਪਿੰਗ ਵੀ ਸ਼ਾਮਲ ਹੈ। ਇਸ ਸਰਵੇਅ ਰਾਹੀਂ ਸ਼ਹਿਰ ਦੀਆਂ ਇਮਾਰਤਾਂ 'ਤੇ ਸੂਰਜੀ ਉਰਜਾ ਉਤਪਾਦਨ ਦੀ ਸੰਭਾਵਨਾ ਦਾ ਵਿਗਿਆਨਕ ਮੁਲਾਂਕਣ ਕੀਤਾ ਜਾਵੇਗਾ, ਜਿਸ ਨਾਲ ਭਵਿੱਖ 'ਚ ਸੂਰਜੀ ਉਰਜਾ ਦੇ ਉਪਯੋਗ ਨੂੰ ਪ੍ਰੋਤਸਾਹਨ ਮਿਲੇਗਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਜਿਲ੍ਹਾ



ਪ੍ਰਸ਼ਾਸਨ ਦਾ ਟੀਚਾ ਆਉਣ ਵਾਲੇ ਸਾਲਾਂ ਵਿੱਚ ਹੁਸ਼ਿਆਰਪੁਰ ਨੂੰ ਪੰਜਾਬ ਦਾ ਪਹਿਲਾ ਕਲਾਈਮੇਟ ਰੇਜ਼ੀਲੀਅੰਟ ਮਾਡਲ ਜਿਲ੍ਹਾ ਬਣਾਉਣ ਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਉਰਜਾ ਦੱਖਤਾ ਵਧੇਗੀ, ਕਾਰਬਨ ਉਤਸਰਜਨ ਵਿੱਚ ਕਮੀ ਆਵੇਗੀ ਅਤੇ ਵਾਤਾਵਰਣ ਸੁਰੱਖਿਆ ਨੂੰ ਨਵੀਂ ਦਿਸ਼ਾ ਮਿਲੇਗੀ। ਆਸ਼ਿਕਾ ਜੈਨ ਨੇ ਕਿਹਾ ਕਿ ਇਹ ਪਹਿਲ ਨਾ ਸਿਰਫ ਮੌਸਮੀ ਤਬਦੀਲੀ ਨਾਲ ਨਿਪਟਣ ਵਿੱਚ ਸਹਾਇਕ ਹੋਵੇਗੀ, ਸਗੋਂ ਹੁਸ਼ਿਆਰਪੁਰ ਦੇ ਨਾਗਰਿਕਾਂ ਨੂੰ ਸਾਫ, ਹਰੇ-ਭਰੇ ਅਤੇ ਸਥਾਈ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰੇਗੀ। ਇਸ ਮੌਕੇ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਵੀ ਮੌਜੂਦ ਸਨ। ਉਨ੍ਹਾਂ ਜਿਲ੍ਹਾ ਪ੍ਰਸ਼ਾਸਨ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਯੋਜਨਾਵਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਸੁਰੱਖਿਆ ਯਕੀਨੀ ਕਰਨਗੀਆਂ। ਇਸ ਮੌਕੇ ਸੀਐਸਟੀਈਪੀ ਵਲੋਂ ਸਪਤਕ ਘੋਸ਼ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।



## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ ’ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ ‘ਸਾਡੇ ਲੋਕ’ ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ


### ਅਮਰੀਕੀ ਜ਼ਮੀਨ ’ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ ’ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ ‘ਬਹੁ-ਵਿਧਾਈ ਸਿਰਜਣਾ’ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

‘ਬਿਰਤਾਂਤਕ ਮੈਂ’, ‘ਸਿਧਾਂਤਕਾਰ’ ਅਤੇ ‘ਉਹ ਬੰਦਾ’ ਤਿੰਨ੍ਹਾਂ ਕਹਾਣੀਆਂ ਦੇ ਵੱਖਰੇ ਵੱਖਰੇ ਪਾਸਾਰ ਖੰਡਾਂ ਦੇ ਨਾਇਕ ਬਣਦੇ ਹਨ। ਪਰ ਇਥੇ ਰਚਨਾਕਾਰ ਦੀ ਬਹੁ-ਵਿਧਾਈ ਰਚਨਾਕਾਰੀ ਇਹਨਾਂ ਕਥਾ ਖੰਡਾਂ ਨੂੰ ਕਹਾਣੀ ਤੋਂ ਨਾਵਲ ਦੀ ਵਿਧਾ ਵੱਲ ਖਿੱਚ ਕੇ ਲਿਜਾਂਦੀ ਹੋਈ ਇਸ ਵਿਚ ਨਾਵਲੀਅਤ ਦਾ ਮਿਸ਼ਰਣ ਕਰ ਦਿੰਦੀ ਹੈ। ਨਵੇਂ ਸੰਦਰਭ ਵਿਚ ਮਸਲਾ ਇਹ ਬਣ ਜਾਂਦਾ ਹੈ ਕਿ ਕੀ ਨਕਸਲਵਾਦੀ ਲਹਿਰ ਦੇ ਵਰਤਮਾਨ ਨੂੰ ਉਸਦੇ ਅਤੀਤ ਅਨੁਸਾਰ ਹੀ ਅੱਗੇ ਤੋਰਿਆ ਜਾਵੇ ਜਾਂ ਉਸ ਵਿਚ ਨਵੇਂ ਯਥਾਰਥ ਦੇ ਨਵੇਂ ਸੰਦਰਭ ਵੀ ਸ਼ਾਮਲ ਕੀਤੇ ਜਾਣ। ‘ਸਿਧਾਂਤਕਾਰ’ ਪਾਰਟੀ ਦੇ ਪੁਰਾਣੇ ਤੇ ਪ੍ਰਤਿਮਾਨਕ ਮਾਰਗ ਉਤੇ ਪਹਿਰਾ ਦੇਣ ਲਈ ਦ੍ਰਿੜ ਹੈ। ‘ਉਹ ਬੰਦਾ’ ਕਹਾਣੀ ਦੂਜਾ ਰਾਹ ਅਖ਼ਤਿਆਰ ਕਰਦਾ ਹੋਇਆ ਲਹਿਰ ਦੇ ਅਤੀਤ ਵਰਤਮਾਨ ਤੇ ਭਵਿੱਖ ਤੇ ਲੋੜੀਂਦੇ ਬਦਲਾਅ ਕਰਨ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਕਾਰਜ ਲਈ ਉਹ ਇਕ ਪਾਸੇ ਆਪਣੀਆਂ ਤਿਲੰਗਾਨਾ ਦੇ ਸੰਘਰਸ਼ ਦੀਆਂ ਪਰਿਵਾਰਕ ਯਾਦਾਂ ਨੂੰ ਸਾਹਮਣੇ ਲੈ ਕੇ ਆਉਂਦਾ ਹੈ ਅਤੇ ਦੂਜੇ ਪਾਸੇ ਪਰਵਾਸ ਵਿਚ ਵਸਦੇ ਬੱਚਿਆਂ ਦਾ ਦ੍ਰਿਸ਼ ਸਿਰਜਦਾ ਹੈ। ਇਸ ਸਿਲਸਿਲੇ ਵਿਚ ਜਿਥੇ ‘ਬਿਰਤਾਂਤਕ ‘ਮੈਂ’ ਦੇ ਅਤੀਤ ਤੇ ‘ਉਹ ਬੰਦਾ’ ਦੀਆਂ ਯਾਦਾਂ ਵਿਚ ਸਾਂਝ ਝਲਕਦੀ ਹੈ, ਉਥੇ ‘ਉਹ ਬੰਦਾ’ ‘ਬਿਰਤਾਂਤਕ ਮੈਂ’ ਦੇ ਵਰਤਮਾਨ ਨੂੰ ਪੁਨਰ-ਸਿਰਜਣ ਲਈ ਪ੍ਰੇਰਕ ਵੀ ਬਣਦਾ ਹੈ। ਸਿੱਟੇ ਵਜੋਂ, ‘ਬਿਰਤਾਂਤਕ ਮੈਂ’ ਦੀ ਨਕਸਲਵਾਦੀ ਪਾਰਟੀ ਦੇ ਰਵਾਇਤੀ ਸਿਧਾਂਤ ਤੇ ਵਿਵਹਾਰ ਵਿਚ ਪ੍ਰਤਿ ਲਚਕੀਲਾਪਣ ਲਿਆਉਣ ਦੀ ਖਾਹਿਸ਼ ਹੋਰ ਤੀਬਰ ਹੁੰਦੀ ਹੈ, ਉਥੇ ਉਸਦੀ ਭਵਿੱਖਮਈ ਸੋਚ ਵੀ ਸਾਕਾਰ ਰੂਪ ਅਖ਼ਤਿਆਰ ਕਰ ਲੈਂਦੀ ਹੈ।



ਹੁਣ ਕਹਾਣੀ ਦਾ ਤੀਜਾ ਹਿੱਸਾ ਸਾਹਮਣੇ ਆਉਂਦਾ ਹੈ ਜਿਥੇ ‘ਸਿਧਾਂਤਕਾਰ’ ਕਥਾ ਵਿਚ ਖਾਰਜ ਹੋ ਜਾਂਦਾ ਹੈ ਅਤੇ ‘ਬਿਰਤਾਂਤਕ ਮੈਂ’ ਤੇ ‘ਉਹ ਬੰਦਾ’ ਨਵੇਂ ਰੂਪ ਵਿਚ ਅਮਰੀਕਾ ਵਿਚ ਪਰਵਾਸੀ ਜੀਵਨ ਬਤੀਤ ਕਰ ਰਹੇ ਹਨ। ਹਾਲਾਂਕਿ, ਹੁਣ ਇਹਨਾਂ ਦਾ ਨਕਸਲਵਾਦੀ ਪਾਰਟੀ ਦੇ ਸਿਧਾਂਤ ਤੇ ਵਿਵਹਾਰ ਦੀਆਂ ਸੰਕਲਪਨਾਵਾਂ ਵਿਚ ਤਬਦੀਲੀਆਂ ਚੁੱਕੀਆਂ ਹਨ, ਪਰ ਉਹਨਾਂ ਦਾ ਜ਼ਿੰਦਗੀ ਦੇ ਮਕਸਦ, ਆਸ਼ੇ ਤੇ ਆਦਰਸ਼ਾਂ ਵਿਚ ਵਿਸ਼ਵਾਸ਼ ਉਸੇ ਤਰ੍ਹਾਂ ਹੀ ਕਾਇਮ ਹੈ। ਇਸੇ ਕਰਕੇ ਉਹ ਅਮਰੀਕਾ ਵਿਚ ਰਹਿੰਦੇ ਹੋਏ ਪਰਵਾਸੀਆਂ ਅਤੇ ਕਾਲੇ ਲੋਕਾਂ ਦੇ ਹੋ ਰਹੇ ਦਮਨ ਨੂੰ ਖਤਮ ਕਰਨ ਤੇ ਉਹਨਾਂ ਦੇ ਸਨਮਾਨਪੂਰਨ ਜੀਵਨ ਲਈ ਚੰਗੇਰੇ ਹਾਲਾਤ ਕਾਇਮ ਕਰਨ ਲਈ ਚਲ ਰਹੇ ਸੰਘਰਸਾਂ ਵਿਚ ਭਾਗੀਦਾਰ ਹੋਣ ਦਾ ਅਹਿਦ ਧਾਰਨ ਕਰਦੇ ਹਨ। ਇਹ ਨਕਸਲਵਾਦੀ ਲਹਿਰ ਦੇ ਸਰਗਰਮ ਕਾਰਕੁਨ ਹੋਣ ਸਮੇਂ ਲਏ ਗਏ ਸੰਕਲਪ ਨੂੰ ਨਵੇਂ ਵਸੀਲਿਆਂ ਰਾਹੀਂ ਨਵੇਂ ਸੰਦਰਭਾਂ ਤੇ ਨਵੇਂ ਹਾਲਾਤ ਵਿਚ ਸੰਘਰਸ਼ ਨੂੰ ਜਾਰੀ ਰੱਖਣ ਦੀ ਨਵੀਂ ਤੇ ਬਦਲਵੀਂ ਕਾਰਜ ਸ਼ੈਲੀ ਹੈ। ਲਗਭਗ ਇਸੇ ਤਰ੍ਹਾਂ ਦੇ ਭਾਵ-ਪ੍ਰਬੰਧ ਵਾਲੇ ਕਥਾ-ਸੰਦਰਭ ਨੂੰ ਅਸੀਂ ਹਰਭਜਨ ਸਿੰਘ ਦੀਆਂ ਹੋਰ ਕਹਾਣੀਆਂ ਜਿਵੇਂ ‘ਕਰਾਂਤੀ ਗੀਤ’, ‘ਰੂਹ ‘ਤੇ ਉਕਰੇ ਚਿੱਤਰ’, ‘ਘੋੜੇ ਦੇ ਸੁੰਮਾਂ ਦਾ ਖੜਾਕ’, ‘ਕਾਲਾ ਨਾਚ’ ਅਤੇ ‘ਰੇਸ,ਕਲਾਸ ਤੇ ਜੰਗ’ ਆਦਿ ਵਿੱਚ ਵੀ ਵੇਖ ਸਕਦੇ ਹਾਂ।

ਰਚਨਾਕਾਰੀ ਵਿਚ ਨਾਵਲੀਅਤ ਦੇ ਨਿਭਾਅ ਦੇ ਨਾਲ ਨਾਲ ਉਸਦੇ ਚਾਰ ਨਾਵਲ ‘ਜੋ ਹਾਰੇ ਨਹੀਂ’, ‘ਮਿੱਟੀ ਜਾਏ’, ‘ਵਿੰਗ ਤੜਿੰਗੇ ਰਾਹੀ’ ਅਤੇ ‘ਬਲਦੇ ਸਿਵਿਆਂ ਦਾ ਸੇਕ’ ਵੀ ਪ੍ਰਕਾਸ਼ਿਤ ਹੋਏ ਹਨ। ਉਸਦੇ ਪਹਿਲੇ ਤਿੰਨ ਨਾਵਲ ਨਕਸਲਵਾੜੀ ਲਹਿਰ ਦੀ ‘ਦਸਤਾਵੇਜ਼ੀ’ ਪੇਸ਼ਕਾਰੀ ਨਾਲ ਸੰਬੰਧਤ ਹਨ। ਪਰ, ਇਸ ਪੇਸ਼ਕਾਰੀ ਦਾ ਮਕਸਦ ਸਿਰਫ਼ ਇਸ ਲਹਿਰ ਨਾਲ ਸੰਬੰਧਤ ਤੱਥਾਂ ਤੇ ਘਟਨਾਵਾਂ ਦੀ ਲੜੀਵਾਰ ਪੇਸ਼ਕਾਰੀ ਕਰਨਾ ਨਹੀਂ ਸਗੋਂ ਇਸ ਲਹਿਰ ਦੇ ਅੰਤਰੀਵੀ ਤੇ ਬਾਹਰੀ ਉਤਰਾਵਾਂ-ਚੜ੍ਹਾਵਾਂ ਦੇ ਨਾਲ ਨਾਲ ਇਸ ਨਾਲ ਜੁੜੇ ਨੇਤਾਵਾਂ ਦਾ ਆਦਰਸ਼ਕ ਜੀਵਨ, ਵੱਖ ਵੱਖ ਗਰੁੱਪਾਂ ਦਾ ਸੁਭਾਅ, ਕਾਰਕੁਨਾਂ ਦੇ ਵਿਅਕਤੀਗਤ ਰੁਝਾਣ ਤੇ ਆਮ ਲੋਕਾਂ ਦੇ ਉਤਸ਼ਾਹ ਤੇ ਹੁੰਗਾਰੇ ਦਾ ਚਿਤਰਨ ਕਰਨਾ ਵੀ ਹੈ। ਨਾਵਲ ਦੇ ਮੁੱਖ ਪਾਤਰ ਪ੍ਰੋ. ਹਰਪਾਲ ਦੇ ਕਿਰਦਾਰ ਰਾਹੀਂ ਸੰਜੀਦਾ ਤੌਰ ’ਤੇ ਲਹਿਰ ਨਾਲ ਜੁੜੇ ਲੋਕਾਂ ਦੀ ਰੂ-ਪੋਸ਼ੀ ਦੀ ਜ਼ਿੰਦਗੀ ਦੇ ਸੰਤਾਪ, ਪਰਿਵਾਰਕ ਦੁਖਾਂਤਾਂ ਨੂੰ ਝੱਲਣ ਦੇ ਜਿਗਰੇ, ਪਾਰਟੀ ਦੇ ਤਾਨਾਸ਼ਾਹੀ ਰਵੱਈਏ ਤੋਂ ਬਾਅਦ ਆਦਰਸ਼ਾਂ ਦੇ ਟੁੱਟਣਾ ਅਤੇ ਜ਼ਿੰਦਗੀ ਦੇ ਸੱਚਾਂ ਨੂੰ ਫਿਰ ਤੋਂ ਅੰਗੀਕਾਰ ਕਰਨ ਦੇ ਹੌਂਸਲੇ ਨੂੰ ਧਾਰਨ ਕਰਨਾ ਆਦਿ ਰਾਹੀਂ ਲਹਿਰ ਦੇ ਦਿਸਦੇ ਤੇ ਅਣਦਿਸਦੇ ਪਾਸਾਰਾਂ ਦੇ ਅਨੇਕਾਂ ਪੱਖ ਨਾਵਲੀ ਬਿਰਤਾਂਤ ਦਾ ਹਿੱਸਾ ਬਣਦੇ ਹਨ।

(ਚਲਦਾ)

# ਕਾਬੁਲ ਦੇ ਨਾਲ ਵਿਗੜਦੇ ਰਿਸ਼ਤੇ, ਇਸਲਾਮਾਬਾਦ ਦੇ ਲਈ ਖਤਰਾ

**-ਮੇਜਰ ਜਨਰਲ ਹਰਸ਼ ਕੱਕੜ**



ਤੁਰਕੀ ਅਤੇ ਕਤਰ ਦੀ ਵਿਚੋਲਗੀ ’ਚ ਇਸਤਾਂਬੁਲ ’ਚ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਾਲੇ ਹੋਈ ਗੱਲਬਾਤ ਅੜਿੱਕੇ ’ਚ ਖਤਮ ਹੋ ਗਈ। ਮੇਜ਼ਬਾਨ ਦੇਸ਼ਾਂ ਵਲੋਂ ਅੰਤਿਮ ਪਲਾਂ ’ਚ ਸਮਝੌਤਾ ਕਰਾਉਣ ਦੇ ਯਤਨ ਅਸਫਲ ਰਹੇ ਹਨ। ਹਾਲਾਂਕਿ, ਕਤਰ ’ਚ ਹੋਈ ਜੰਗਬੰਦੀ ਅਜੇ ਵੀ ਜਾਰੀ ਹੈ।

ਦੋਵਾਂ ਧਿਰਾਂ ਨੇ ਇਕੋ ਜਿਹੇ ਕਾਰਨ ਦੱਸਦੇ ਹੋਏ ਗੱਲਬਾਤ ਦੇ ਟੁੱਟਣ ਲਈ ਇਕ-ਦੂਜੇ ਨੂੰ ਜ਼ਿੰਮੇਵਾਰ ਠਹਿਰਾਇਆ। ਇਸਲਾਮਾਬਾਦ ਅਤੇ ਕਾਬੁਲ ਦੀ ਅਧਿਕਾਰਤ ਟਿੱਪਣੀ ਇਹ ਰਹੀ ਹੈ ਕਿ ਗੱਲਬਾਤ ਦੇ ਵਿਚਾਲੇ ਹੀ ਵਾਰਤਾਕਾਰਾਂ ਨੂੰ ਆਪਣੀਆਂ-ਆਪਣੀਆਂ ਰਾਜਧਾਨੀਆਂ ਤੋਂ ਫੋਨ ਕਾਲਾਂ ਆਈਆਂ ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣਾ ਰੁਖ ਸਖਤ ਕਰ ਲਿਆ, ਜਿਸ ਦੇ ਸਿੱਟੇ ਵਜੋਂ ਗੱਲਬਾਤ ਅਸਫਲ ਰਹੀ।

ਦੋਵਾਂ ਧਿਰਾਂ ’ਚ ਵੱਡੇ ਮਤਭੇਦ ਸਨ। ਪਾਕਿਸਤਾਨ ਨੇ ਜ਼ੋਰ ਦੇ ਕੇ ਕਿਹਾ ਕਿ ਅਫਗਾਨਿਸਤਾਨ ਟੀ. ਟੀ. ਪੀ. (ਤਹਿਰੀਕ-ਏ-ਤਾਲਿਬਾਨ ਪਾਕਿਸਤਾਨ) ’ਤੇ ਲਗਾਮ ਲਗਾਏ ਜੋ ਖੈਬਰ ਪਖਤੂਨਖਵਾ (ਕੇ. ਪੀ.) ’ਚ ਨਿਯਮਿਤ ਤੌਰ ’ਤੇ ਪਾਕਿਸਤਾਨੀ ਫੌਜ ਨੂੰ ਨਿਸ਼ਾਨਾ ਬਣਾਉਂਦੀ ਰਹੀ ਹੈ। ਇਸ ਦਾ ਮਤਲਬ ਸੀ ਕਿ ਅਫਗਾਨਿਸਤਾਨ ਨੂੰ ਪਾਕਿਸਤਾਨ ਦੀ ਸੁਰੱਖਿਆ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਦੂਜੇ ਪਾਸੇ ਅਫਗਾਨ ਵਾਰਤਾਕਾਰਾਂ ਨੇ ਮੰਗ ਕੀਤੀ ਕਿ ਪਾਕਿਸਤਾਨ ਅਫਗਾਨਿਸਤਾਨ ਨੂੰ ਨਿਸ਼ਾਨਾ ਬਣਾਉਣ ਵਾਲੇ ਅਮਰੀਕੀ ਡਰੋਨਾਂ ਲਈ ਆਪਣੇ ਹਵਾਈ ਖੇਤਰ ਦੀ ਵਰਤੋਂ ਨੂੰ ਰੋਕੇ।

ਤਾਲਿਬਾਨ ਨੇ ਵਾਰ-ਵਾਰ ਕਿਹਾ ਹੈ ਕਿ ਟੀ. ਟੀ. ਪੀ. ਪਾਕਿਸਤਾਨ ਦੀ ਸਮੱਸਿਆ ਹੈ ਅਤੇ ਉਨ੍ਹਾਂ ਦੀ ਧਰਤੀ ’ਤੇ ਮੌਜੂਦ ਨਹੀਂ ਹੈ ਜਦਕਿ ਪਾਕਿਸਤਾਨ ਦਾ ਦਾਅਵਾ ਕੁਝ ਹੋਰ ਹੈ। ਅਮਰੀਕੀ ਡਰੋਨ ਦੇ ਮਾਮਲੇ ’ਚ, ਪਾਕਿਸਤਾਨ ਨੇ ਕਿਹਾ ਕਿ ਉਸ ਦਾ ਅਮਰੀਕਾ ਦੇ ਨਾਲ ਆਪਣਾ ਹਵਾਈ ਖੇਤਰ ਖੋਲ੍ਹਣ ਦਾ ਸਮਝੌਤਾ ਹੈ, ਜਿਸ ਨੂੰ ਉਹ ਤੋੜ ਨਹੀਂ ਸਕਦਾ ਹਾਲਾਂਕਿ ਉਸ ਨੇ ਸਿੱਧੇ ਤੌਰ ’ਤੇ ਅਮਰੀਕਾ ਦਾ ਨਾਂ ਨਹੀਂ ਲਿਆ। ਉਸ ਨੇ ਆਈ. ਐੱਸ. ਆਈ. (ਇਸਲਾਮਿਕ ਸਟੇਟ-ਖੁਰਾਸਾਨ ਪ੍ਰਾਂਤ) ’ਤੇ ਲਗਾਮ ਲਗਾਉਣ ਤੋਂ ਵੀ ਇਨਕਾਰ ਕਰ ਦਿੱਤਾ ਜੋ ਕਾਬੁਲ ਸ਼ਾਸਨ ਨੂੰ ਉਖਾੜ ਸੁੱਟਣ ਦੀ ਕੋਸ਼ਿਸ਼ ਕਰ ਰਿਹਾ ਹੈ।

ਟੋਲੋ ਨਿਊਜ਼ ਅਨੁਸਾਰ, ‘ਤੁਰਕੀ ਅਤੇ ਕਤਰ ਦੇ ਵਿਚੋਲੇ ਵੀ ਗੱਲਬਾਤ ਦੌਰਾਨ ਪਾਕਿਸਤਾਨੀ ਪੱਖ ਦੇ ਵਿਵਹਾਰ ਤੋਂ ਹੈਰਾਨ ਅਤੇ ਪ੍ਰੇਸ਼ਾਨ ਸਨ।’ ਗੱਲਬਾਤ ਅਸਫਲ ਹੋਣ ਤੋਂ ਬਾਅਦ ਦੋਵਾਂ ਪੱਖਾਂ ਨੇ ਇਕ-ਦੂਜੇ ’ਤੇ ਹਮਲਾ ਹੋਣ ਦੀ ਸਥਿਤੀ ’ਚ ਹਮਲੇ ਦੀ ਧਕਮੀ ਦੇਣਾ ਸ਼ੁਰੂ ਕਰ ਦਿੱਤਾ। ਅੰਦਰੂਨੀ ਤੌਰ ’ਤੇ, ਮੀਡੀਆ ਨੇ ਇਕ-ਦੂਜੇ ’ਤੇ ਦੋਸ਼ ਲਗਾਉਂਦੇ ਹੋਏ ਰਾਸ਼ਟਰੀ ਭਾਵਨਾਵਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ਹੈ।

ਆਪਣੇ ਗੁਆਂਢੀਆਂ ਨਾਲ ਪਾਕਿਸਤਾਨ ਦੇ ਸੰਬੰਧਾਂ ’ਤੇ, ਅਫਗਾਨ ਵਿਦੇਸ਼ ਮੰਤਰੀ ਆਮਿਰ ਖਾਨ ਮੁੱਤਾਕੀ ਨੇ ਦਿੱਲੀ ’ਚ ਮਜ਼ਾਕ ਕੀਤਾ ਸੀ, “ਸਾਡੇ 5 ਹੋਰ ਗੁਆਂਢੀ ਹਨ। ਸਾਰੇ ਸਾਡੇ ਤੋਂ ਖੁਸ਼ ਹਨ ਅਤੇ ਸਿਰਫ ਪਾਕਿਸਤਾਨ ਨਾਲ ਸਮੱਸਿਆਵਾਂ ਹਨ।” ਪਾਕਿਸਤਾਨ ਦੀਆਂ ਮੌਜੂਦਾ ਸਮੇਂ ਆਪਣੇ ਤਿੰਨ ਪ੍ਰਮੁੱਖ ਗੁਆਂਢੀਆਂ-ਭਾਰਤ, ਈਰਾਨ ਅਤੇ ਅਫਗਾਨਿਸਤਾਨ ਨਾਲ ਸਰਹੱਦਾਂ ਤਣਾਅਪੂਰਨ ਹਨ। ਹੁਣ ਸਮਾਂ ਆ ਗਿਆ ਹੈ ਕਿ ਇਸਲਾਮਾਬਾਦ ਆਪਣੇ ਅੰਦਰ ਝਾਕੇ ਅਤੇ ਆਪਣੀਆਂ ਰਣਨੀਤੀਆਂ ਦਾ ਮੁੜ ਮੁਲਾਂਕਣ ਕਰੇ। ਆਪਣੀਆਂ ਨੀਤੀਆਂ ਨੂੰ ਨਜ਼ਰਅੰਦਾਜ਼ ਕਰ ਕੇ ਦੋਸ਼ ਕਿਸੇ ਹੋਰ ’ਤੇ ਮੜਨਾ ਉਨ੍ਹਾਂ ਦੀ ਆਦਤ ਰਹੀ ਹੈ।

ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾਉੱਲਾਹ ਤਰਾਰ ਨੇ ਸੋਸ਼ਲ ਮੀਡੀਆ ’ਤੇ ਟਿੱਪਣੀ ਕੀਤੀ ਕਿ ਵਾਰਤਾ ‘ਕੋਈ ਵਿਵਹਾਰਕ ਹੱਲ ਕੱਢਣ ’ਚ ਅਸਫਲ ਰਹੀ।’ ਅਜਿਹੀਆਂ ਖਬਰਾਂ ਹਨ ਕਿ ਵਾਰਤਾ ਅਸਫਲ ਹੋਣ ਦੇ ਤੁਰੰਤ ਬਾਅਦ ਟੀ. ਟੀ. ਪੀ. ਨੇ ਖੈਬਰ ਪਖਤੂਨਖਵਾ ’ਚ ਪਾਕਿਸਤਾਨੀ ਸੁਰੱਖਿਆ ਬਲਾਂ ਦੇ ਟਿਕਾਣਿਆਂ ’ਤੇ ਹਮਲੇ ਸ਼ੁਰੂ ਕਰ ਦਿੱਤੇ। ਜਾਣਕਾਰੀ ’ਚ ਇਹ ਵੀ ਕਿਹਾ ਹੈ ਕਿ ਪੇਸ਼ਾਵਰ ’ਚ ਅਣਪਛਾਤੇ ਬੰਦੂਕਧਾਰੀਆਂ ਨੇ ਆਈ. ਐੱਸ. ਆਈ. ਦੇ ਇਕ ਸੀਨੀਅਰ ਮੈਂਬਰ ਨੂੰ ਮਾਰ ਦਿੱਤਾ। ਉਹ ਅਫਗਾਨਿਸਤਾਨ ’ਚ ਹਮਲਿਆਂ ਦਾ ਤਾਲਮੇਲ ਬਿਠਾਉਣ ਲਈ ਜ਼ਿੰਮੇਵਾਰ ਸੀ।

ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ, ਜਿਨ੍ਹਾਂ ਨੇ ਪਹਿਲਾਂ ਕਿਹਾ ਸੀ ਕਿ ਤਾਲਿਬਾਨ ਭਾਰਤ ਦੀ ਗੋਦ ’ਚ ਬੈਠਾ ਹੈ, ਨੇ ਹੁਣ ਇਸ ਅਸਫਲਤਾ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਨੇ ਤਾਲਿਬਾਨ ਨੂੰ ‘ਨਵੀਂ ਦਿੱਲੀ ਦਾ ਹਥਿਆਰ’ ਕਰਾਰ ਦਿੱਤਾ ਅਤੇ ਉਸ ਨੂੰ ਮਿਟਾ ਦੇਣ ਦੀ ਧਮਕੀ ਦਿੱਤੀ।

ਇਕ ਸੋਸ਼ਲ ਮੀਡੀਆ ਪੋਸਟ ’ਚ, ਬਹਾਦੁਰੀ ਦਿਖਾਉਂਦੇ ਹੋਏ ਆਸਿਫ ਨੇ ਕਿਹਾ, “ਅਸੀਂ ਬਹੁਤ ਲੰਬੇ ਸਮੇਂ ਤੱਕ ਤੁਹਾਡੇ ਵਿਸ਼ਵਾਸਘਾਤ ਅਤੇ ਮਜ਼ਾਕ ਨੂੰ ਸਹਿਣ ਕੀਤਾ ਹੈ ਪਰ ਹੁਣ ਹੋਰ ਨਹੀਂ।” ਇਹ ਉਹੀ ਪਾਕਿਸਤਾਨ ਹੈ ਜਿਸ ਨੂੰ ਹਾਲ ਹੀ ’ਚ ਭਾਰਤ ਅਤੇ ਤਾਲਿਬਾਨ, ਦੋਵਾਂ ਨੇ ਧੂੜ ਚਟਾ ਦਿੱਤੀ ਸੀ।

ਇਸਲਾਮਾਬਾਦ ਲਈ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਤਾਲਿਬਾਨ ਉਨ੍ਹਾਂ ਦੇ ਪ੍ਰਭਾਵ ਖੇਤਰ ਤੋਂ ਬਾਹਰ ਨਿਕਲ ਕੇ ਦਿੱਲੀ ਦੇ ਕਰੀਬ ਆ ਰਹੇ ਹਨ। ਇਹ ਅਗਸਤ, 2021 ਤੋਂ ਬਿਲਕੁੱਲ ਵੱਖਰਾ ਹੈ, ਜਦੋਂ ਤਾਲਿਬਾਨ ਨੇ ਅਮਰੀਕਾ ਨੂੰ ਦੇਸ਼ ਛੱਡਣ ’ਤੇ ਮਜਬੂਰ ਕਰ ਦਿੱਤਾ ਸੀ ਅਤੇ ਪਾਕਿਸਤਾਨ ਦਾ ਮੰਨਣਾ ਸੀ ਕਿ ਇਹ ਉਨ੍ਹਾਂ ਦੇ ਕੰਟਰੋਲ ’ਚ ਰਹੇਗਾ।

ਭਾਰਤ ਨੇ ਅਫਗਾਨਿਸਤਾਨ ਦਾ ਸਮਰਥਨ ਕੀਤਾ ਅਤੇ ਉਸ ਦੇ ਬੁਲਾਰੇ ਨੇ ਕਿਹਾ, “ਭਾਰਤ ਅਫਗਾਨਿਸਤਾਨ ਦੀ ਪ੍ਰਭੂਸੱਤਾ, ਖੇਤਰੀ ਅਖੰਡਤਾ ਅਤੇ ਆਜ਼ਾਦੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।” ਪਾਕਿਸਤਾਨ ਆਪਣੇ ਦੋਵਾਂ ਪ੍ਰਮੁੱਖ ਗੁਆਂਢੀਆਂ, ਭਾਰਤ ਅਤੇ ਅਫਗਾਨਿਸਤਾਨ ਨਾਲ ਤਣਾਅ ਦਾ ਜੋਖਮ ਨਹੀਂ ਉਠਾ ਸਕਦਾ ਅਤੇ ਨਾਲ ਹੀ ਆਈ. ਐੱਸ. ਐੱਫ. ’ਚ ਭਾਗ ਨਹੀਂ ਲੈ ਸਕਦਾ। ਉਸ ਨੂੰ ਆਪਣੀਆਂ ਰਾਖਵੀਆਂ ਟੁਕੜੀਆਂ ਨੂੰ ਕੰਟਰੋਲ ਰੇਖਾ ਤੋਂ ਅਫਗਾਨ ਸਰਹੱਦ ’ਤੇ ਤਬਦੀਲ ਕਰਨ ਲਈ ਮਜਬੂਰ ਹੋਣਾ ਪਿਆ ਹੈ। ਉਸ ਨੂੰ ਪਤਾ ਹੈ ਕਿ ਭਾਰਤ ਦੀ ਧਰਤੀ ’ਤੇ ਕਿਸੇ ਵੱਡੇ ਅੱਤਵਾਦੀ ਹਮਲੇ ਦਾ ਨਤੀਜਾ ‘ਆਪ੍ਰੇਸ਼ਨ ਸਿੰਧੂਰ 2.0’ ਹੋ ਸਕਦਾ ਹੈ।

(ਸੇਵਾਮੁਕਤ ਮੇਜਰ ਜਨਰਲ, ਭਾਰਤੀ ਫੌਜ)

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ : ਚੜ੍ਹਦੀਕਲਾ ਦਾ ਨਵਾਂ ਉਭਾਰ



ਆਸ ਤੇ ਭਰੋਸੇ ਦੀ ਭਾਵਨਾ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਸਿੱਖ ਦਾ ਪੰਥ ਰੌਸ਼ਨ ਤੇ ਸਹਿਜ ਕਰਦੀ ਆਈ ਹੈ। ਗੁਰੂ ਅਰਜਨ ਸਾਹਿਬ ਦੀ ਲਾਹੌਰ ਵਿੱਚ ਹੋਈ ਸ਼ਹੀਦੀ ਨੇ ਸਿੱਖੀ ਸਿਧਾਂਤਾਂ ਤੇ ਦ੍ਰਿੜ੍ਹਤਾ ਦੇ ਜਜ਼ਬੇ ਨੂੰ ਠੋਸ ਆਧਾਰ ਪ੍ਰਦਾਨ ਕੀਤਾ ਸੀ । ਗੁਰੂ ਹਰਿਗੋਬਿਦ ਸਾਹਿਬ ਦੀ ਮੀਰੀ ਤੇ ਪੀਰੀ ਦੀ ਸੋਚ ਨੇ ਸਿੱਖਾਂ ਅੰਦਰ ਧਰਮ ਲਈ ਸੂਰਵੀਰ ਜੋਧਾ ਬਣਨ ਦਾ ਸੰਕਲਪ ਪੈਦਾ ਕੀਤਾ । ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੇ ਉਸ ਸੰਕਲਪ ਨੂੰ "ਨਾ ਟਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋਂ" ਵਿੱਚ ਬਦਲ ਦਿੱਤਾ। ਸਿੱਖ ਦੀ ਚੜ੍ਹਦੀਕਲਾ ਦੇ ਇਸ ਉਭਾਰ ਨੇ ਅਨਿਆਂ, ਜਬਰ ਦੇ ਵਿਰੁੱਧ ਸਿੱਖ ਦੀ ਖਾਲਸ ਸ਼ਕਤੀ ਨੂੰ ਸਦਾ ਲਈ ਅਜਿੱਤ ਬਣਾ ਦਿੱਤਾ। ਚੜ੍ਹਦੀਕਲਾ ਦੀ ਭਾਵਨਾ ਸਿੱਖ ਦਾ ਉਹ ਬਲ ਬਣ ਗਈ ਜਿਸ ਦੇ ਮੁਕਾਬਿਲ ਕੁੱਝ ਹੋ ਹੀ ਨਹੀਂ ਸਕਦਾ।

ਮਨੁੱਖ ਆਪਣੇ ਅੰਦਰ ਬਲ ਪ੍ਰਗਟ ਕਰ ਲਵੇ ਤਾਂ ਉਸ ਲਈ ਕੁੱਝ ਵੀ ਨਾਮੁਮਕਿਨ ਨਹੀਂ ਹੈ। ਮਨੁੱਖ ਸਾਰਾ ਸਮਾਂ ਬਲ ਸੰਚਿਤ ਕਰਦਾ ਹੈ ਫਿਰ ਵੀ ਵਿਪਦਾ ਆਉਣ ਤੇ ਬੇਬਸ ਨਜਰ ਆਉਂਦਾ ਹੈ। ਕਿਉਂਕਿ ਜਿਸ ਬਲ ਤੇ ਉਸ ਦਾ ਭਰੋਸਾ ਹੁੰਦਾ ਹੈ ਉਹ ਕੰਮ ਨਹੀਂ ਆਉਂਦਾ। ਸੱਕੇ ਸਬੰਧੀ , ਮਿੱਤਰ ਵੀ ਨੱਸ ਖੜੇ ਹੁੰਦੇ ਹਨ। ਧਨ ਦੌਲਤ ਵੀ ਸਹਾਇਕ ਨਹੀਂ ਹੁੰਦੀ। ਜਿਸ ਨੂੰ ਮਨੁੱਖ ਆਪਣਾ ਸਮਝ ਰਿਹਾ ਹੈ ਉਹ ਤਾਂ ਆਪਣੇ ਹਿੱਤ ਲਈ ਉਸ ਨਾਲ ਜੁੜ ਕੇ ਖੜਾ ਹ । ਹਿੱਤ ਨਾ ਪੂਰਾ ਹੁੰਦਾ ਦੇਖ ਸਾਰੇ ਆਪਣਾ ਸਬੰਧ ਤੋੜਨ 'ਚ ਖਿਨ ਮਾਤਰ ਵੀ ਵਿਲੰਬ ਨਹੀਂ ਕਰਦੇ। ਇਹ ਮਨੁੱਖੀ ਵਿਵਹਾਰ ਸਭਿਅਤਾ ਦੇ ਵਿਕਾਸ ਕਾਲ ਤੋਂ ਹੀ ਚੱਲਿਆ ਆ ਰਿਹਾ ਹੈ। ਔਰੰਗਜੇਬ ਨੂੰ ਦਿੱਲੀ ਦਾ ਤਖ਼ਤ ਚਾਹੀਦਾ ਸੀ, ਉਸ ਨੇ ਆਪਣੇ ਪਿਤਾ ਨੂੰ ਹੀ ਕੈਦ ਕਰ ਲਿਆ। ਆਪਣੇ ਭਰਾ ਦੀ ਜਾਨ ਦਾ ਦੁਸ਼ਮਨ ਬਣ ਬੈਠਾ। ਔਰੰਗਜੇਬ ਨੇ ਤਾਕਤਵਰ ਫੌਜ ਬਣਾ ਲਈ। ਵੱਡਾ ਰਾਜ ਕਾਇਮ ਕੀਤਾ। ਠੀਕ ਇਸੇ ਕਾਲ ਵਿੱਚ ਆਨੰਦਪੁਰ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿੱਚ ਇੱਕ ਅਦੁੱਤੀ ਰੂਹਾਨੀ ਤਾਕਤ ਦਾ ਉਦੈ ਹੋਇਆ। ਗੁਰੂ ਤੇਗ ਬਹਾਦਰ ਸਾਹਿਬ ਕੋਲ ਕੋਈ ਰਾਜ ਨਹੀਂ ਸੀ, ਫੌਜ ਨਹੀਂ ਸੀ, ਖਜ਼ਾਨਾ ਨਹੀਂ ਸੀ ਪਰ ਨਿਰੋਲ ਆਤਮਕ ਬਲ ਸੀ ਜਿਸ ਅੱਗੇ ਔਰੰਗਜੇਬ ਜਿਹੇ ਤਾਕਤਵਰ ਬਾਦਸ਼ਾਹ ਨੂੰ ਸ਼ਰਮਿੰਦਗੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਗੁਰੂ ਤੇਗ ਬਹਾਦਰ ਜੀ ਸੀਸ ਦੇ ਕੇ ਵੀ ਜਿੱਤ ਗਏ ਕਿਉਂਕਿ ਉਹ ਤਾਂ ਸੀਸ ਦੇਣ ਹੀ ਆਏ ਸਨ। ਔਰੰਗਜੇਬ ਸੀਸ ਲੈ ਕੇ ਵੀ ਹਾਰ ਗਿਆ ਕਿਉਂਕਿ ਉਹ ਗੁਰੂ ਤੇਗ ਬਹਾਦਰ ਸਾਹਿਬ ਦੀ ਸਿਧਾਂਤਕ ਰਾਹ ਨੂੰ ਬਦਲਣ ਵਿੱਚ ਹਰ ਕੋਸ਼ਿਸ਼ ਦੇ ਬਾਵਜੂਦ ਨਾਕਾਮਿਆਬ ਰਿਹਾ। ਰਾਜਾ ਲੋਕਾਂ ਤੇ ਆਪਣੇ ਭੈ ਦੇ ਕਾਰਨ ਹੀ ਰਾਜਾ ਹੁੰਦਾ ਹੈ। ਰਾਜਾ ਦਾ ਭੈ ਹੀ ਨਾ ਰਹੇ ਤਾਂ ਰਾਜ ਦੀ ਕੋਈ ਕੀਮਤ ਨਹੀਂ ਰਹਿੰਦੀ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹੀਦੀ ਦੇ ਕੇ ਉਸ ਔਰੰਗਜੇਬ ਦਾ ਭੈ ਮਿਟਾ ਦਿੱਤਾ ਜਿਸ ਤੋਂ ਪੂਰਾ ਹਿੰਦੁਸਤਾਨ ਕੰਬ ਰਿਹਾ ਸੀ। ਕਸ਼ਮੀਰ ਦੇ ਬ੍ਰਹਮਣ ਤ੍ਰਾਹਿ ਤ੍ਰਾਹਿ ਕਰ ਰਹੇ ਸਨ। ਰਾਜ ਕਦੇ ਟਿਕੇ ਨਹੀਂ ਰਹਿੰਦੇ, ਰਾਜਾ, ਮਹਾਰਾਜਾ ਵੀ ਆਮ ਇਨਸਾਨ ਵਾਂਗੂ ਹੀ ਤੁਰਦੇ ਹੋਏ ਪਰ ਆਤਮਕ ਬਲ ਦਾ ਧਾਰਕ ਸਦਾ ਲਈ ਲੋਕਾਈ ਦੇ ਮਾਨ, ਆਦਰ ਦਾ ਵਿਸ਼ਾ ਬਣ ਜਾਂਦਾ ਹੈ "ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ" , ਉਹ ਲੋਕਾਂ ਦੇ ਮਨ ਵਿੱਚ ਸਦਾ ਜੀਵਤ ਰਹਿੰਦਾ ਹੈ। ਅੱਜ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਇੱਕ ਇੱਕ ਘਟਨਾ ਨੂੰ ਪੁਰਬ ਦੀ ਤਰਹ ਮਨਾਉਣ ਵਾਲੇ ਦੁਨੀਆ ਭਰ ਵਿੱਚ ਮੌਜੂਦ ਹਨ ਪਰ ਔਰੰਗਜੇਬ ਦਾ ਕੋਈ ਨਾਮ ਲੇਵਾ ਵੀ ਨਹੀਂ ਹੈ। ਇਸ ਤੋਂ ਵੱਡੀ ਹਾਰ ਹੋਰ ਕੀ ਹੋ ਸਕਦੀ ਹੈ ਕਿਸੇ ਸਾਕਤ ਦੀ। ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਿਖਰ ਤੇ ਪੁੱਜੇ ਆਤਮਕ ਬਲ ਨੇ ਇਹ ਮੁਮਕਿਨ ਕਰ ਵਿਖਾਇਆ ਕਿ ਧਰਮ ਦੇ ਮਾਰਗ ਤੇ ਚੱਲ ਕੇ ਬਿਖਮ ਤੋਂ ਬਿਖਮ ਸੰਕਟ ਵਿੱਚ ਵੀ ਰਾਹ ਕੱਢੀ ਜਾ ਸਕਦੀ ਹੈ। ਕਸ਼ਮੀਰ ਦੇ ਬ੍ਰਹਮਣ ਹਰ ਤਰਫ ਤੋਂ ਨਿਰਾਸ਼ ਹੋ ਕੇ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਣ ਵਿੱਚ ਆਏ ਸਨ। ਗੁਰੂ ਤੇਗ ਬਹਾਦਰ ਜੀ ਕੋਲ ਸ਼ਰਣ ਵਿੱਚ ਆਏ ਦੀਨ, ਦੁਖੀ ਬ੍ਰਾਹਮਣਾਂ ਨੂੰ ਵਿਪਦਾ ਤੋਂ ਬਚਾਉਣ ਦਾ ਉਪਾਇ ਸੀ, ਉਪਾਇ ਨਿਕਲਿਆ ਵੀ ਕਿਉਂਕਿ ਗੁਰੂ ਸਾਹਿਬ ਕੋਲ ਸੱਚਾ ਬਲ ਸੀ ਜੋ ਕਿਸੇ ਵੀ ਬੰਧਨ ਨੂੰ ਤੋੜ ਸਕਦਾ ਸੀ।

ਇੱਕ ਸੱਚਾ ਬਲਵਾਨ ਆਪਣੇ ਬਲ ਬਾਰੇ ਜਾਣਦਾ ਹੈ, ਨਾਲ ਹੀ ਉਸ ਨੂੰ ਦੂਜੇ ਦੇ ਬਲ ਦੀ ਪਛਾਣ ਵੀ ਹੁੰਦੀ ਹੈ। ਗੁਰੂ ਹਰਿਗੋਬਿੰਦ ਜੀ ਨੇ ਜਦੋਂ ਕੀਰਤਪੁਰ ਵਿਚ ਗੁਰੂ ਹਰਿਰਾਇ ਜੀ ਨੂੰ ਗੁਰਤਾ ਗੱਦੀ ਸੌਂਪੀ , ਗੁਰੂ ਤੇਗ ਬਹਾਦਰ ਜੀ ਨੂੰ ਬਕਾਲੇ ਚਲੇ ਜਾਣ ਦਾ ਹੁਕਮ ਦਿੱਤਾ। ਉਸ ਸਮੇਂ ਮਾਤਾ ਨਾਨਕੀ ਜੀ ਨੂੰ ਗੁਰੂ ਤੇਗ ਬਹਾਦਰ ਜੀ ਬਾਰੇ ਵਚਨ ਕੀਤੇ ਸਨ "ਤੁਮ ਸੁਤ ਨੰਦਨ ਅਮਿਤ ਬਲ ਸਭ ਜਗ ਕਰੈ ਸਹਾਇ"। ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਪੁੱਤਰ ਗੁਰੂ ਤੇਗ ਬਹਾਦਰ ਜੀ ਦੀ ਸਮਰੱਥਾ ਬਾਰੇ ਭਲੀ ਪ੍ਰਕਾਰ ਜਾਣਦੇ ਸਨ। ਉਨ੍ਹਾਂ ਆਪਣੇ ਜੀਵਨ ਕਾਲ ਵਿੱਚ ਹੀ ਭਵਿੱਖ ਵੇਖ ਲਿਆ ਸੀ ਕਿ ਗੁਰੂ ਤੇਗ ਬਹਾਦਰ ਜੀ ਦਾ ਬਲ ਪੂਰੇ ਸੰਸਾਰ ਲਈ ਸਹਾਇਕ ਸਿੱਧ ਹੋਵੇਗਾ। ਇਹ ਸੱਚ ਸਾਬਿਤ ਹੋਇਆ। ਸੰਸਾਰ ਵਿੱਚ ਜਦੋਂ ਵੀ ਮਨੁੱਖੀ ਹਿੱਤਾਂ ਦੀ ਰਾਖੀ ਦੀ ਗੱਲ ਚੱਲਦੀ ਹੈ ਪਹਿਲੀ ਪ੍ਰੇਰਣਾ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਪ੍ਰਾਪਤ ਹੁੰਦੀ ਹੈ। ਪੰਡਿਰ ਕਿਰਪਾ ਰਾਮ ਦੀ ਅਗੁਆਈ ਵਿੱਚ ਤਕਰੀਬਨ ਪੰਜ ਸੌ ਬ੍ਰਾਹਮਣਾਂ ਦਾ ਦਲ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਆਇਆ ਤੇ ਆਪਣੀ ਦੁੱਖਾਂ ਭਰੀ ਬਿਰਥਾ ਸੁਣਾਈ ਕਿ ਕਿਵੇਂ ਉਨ੍ਹਾਂ ਤੇ ਇਸਲਾਮ ਸਵੀਕਾਰ ਕਰਨ ਲਈ ਜ਼ੁਲਮ ਕੀਤੇ ਜਾ ਰਹੇ ਹਨ। ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਹਿੱਤਾਂ ਲਈ ਖੜੇ ਹੋਣ ਨੂੰ ਤਿਆਰ ਹੋ ਗਏ। ਡਾ. ਤਿਰਲੋਚਨ ਸਿੰਘ ਨੇ ਆਪਣੀ ਕਿਤਾਬ ਵਿੱਚ ਹਵਾਲਾ ਦਿੱਤਾ ਹੈ ਕਿ ਬ੍ਰਾਹਮਣਾਂ ਨੇ ਲਾਹੌਰ ਦੇ ਗਵਰਨਰ ਦੇ ਜਰੀਏ ਇੱਕ ਫਰਿਆਦ ਪੱਤਰ ਔਰੰਗਜੇਬ ਨੂੰ ਭੇਜਿਆ ਕਿ ਗੁਰੂ ਤੇਗ ਬਹਾਦਰ ਜੀ ਉਸ ਕੋਲ ਇਸ ਮਸਲੇ ਤੇ ਚਰਚਾ ਲਈ ਆਉਣ ਨੂੰ ਤਿਆਰ ਹਨ। ਜੇ ਬਾਦਸ਼ਾਹ ਗੁਰੂ ਸਾਹਿਬ ਨੂੰ ਇਸਲਾਮ ਸਵੀਕਾਰ ਕਰਨ ਲਈ ਸਹਿਮਤ ਕਰ ਲੈਂਦਾ ਹੈ ਤਾਂ ਹਿੰਦੁਸਤਾਨ ਦੇ ਸਾਰੇ ਹਿੰਦੂ ਇਸਲਾਮ ਧਰਮ ਸਵੀਕਾਰ ਕਰ ਲੈਣਗੇ। ਜੇ ਗੁਰੂ ਸਾਹਿਬ ਨੂੰ ਸਹਿਮਤ ਕਰਨ 'ਚ ਕਾਮਿਆਬ ਨਹੀਂ ਹੁੰਦਾ ਤਾਂ ਸਾਡੇ ਤੇ ਹੋ ਰਿਹਾ ਜ਼ੁਲਮ, ਜਬਰ ਰੋਕਣਾ ਪਵੇਗਾ ਅਤੇ ਸਾਨੂੰ ਧਾਰਮਿਕ ਆਜ਼ਾਦੀ ਦੇਣੀ ਪਵੇਗੀ। ਇਸ ਤਰਹ ਵੱਡੀ ਜੰਗ ਦਾ ਮੈਦਾਨ ਸਜਾ ਦਿੱਤਾ ਗਿਆ ਜਿਸ ਦੇ ਇੱਕ ਪਾਸੇ ਔਰੰਗਜੇਬ ਦੀ ਪੂਰੀ ਤਾਕਤ ਤੇ ਦੂਜੇ ਪਾਸੇ ਇਕੱਲੇ ਗੁਰੂ ਤੇਗ ਬਹਾਦਰ ਜੀ ਸਨ। ਜੰਗ ਵੀ ਔਰੰਗਜੇਬ ਦੀ ਸੀ, ਜੰਗ ਦਾ ਮੈਦਾਨ ਵੀ ਔਰੰਗਜੇਬ ਦਾ ਸੀ ਪਰ ਜੰਗ ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਸ਼ਰਤਾਂ ਤੇ ਲੜੀ ਅਤੇ ਜਿੱਤੀ ਵੀ ਗੁਰੂ ਤੇਗ ਬਹਾਦਰ ਜੀ ਜਾਣਦੇ ਸਨ ਕਿ ਭਵਿੱਖ ਵਿੱਚ ਕੀ ਹੋਣ ਵਾਲਾ ਹੈ, ਇਸ ਕਾਰਨ ਔਰੰਗਜੇਬ ਦੇ ਪ੍ਰਤੀਕਰਮ ਦੀ ਉਡੀਕ ਕੀਤੇ ਬਿਨਾ ਹੀ ਦਿੱਲੀ ਵੱਲ ਯਾਤਰਾ ਆਰੰਭ ਕਰ ਦਿੱਤੀ। ਆਨੰਦਪੁਰ ਸਾਹਿਬ ਵਿੱਚ ਸਾਰੇ ਪ੍ਰਬੰਧ ਕਰਨ ਤੋਂ ਬਾਅਦ ਹੀ ਗੁਰੂ ਸਾਹਿਬ ਨੇ ਚਾਲੇ ਪਾਏ ਸਨ। ਇਸ ਤੋਂ ਅਹਿਸਾਸ ਹੁੰਦਾ ਹੈ ਕਿ ਆਪਣੀ ਸ਼ਹੀਦੀ ਦੀ ਕਥਾ ਗੁਰੂ ਸਾਹਿਬ ਨੇ ਬੜੇ ਇਤਮਿਨਾਨ ਨਾਲ ਸੋਚ ਵਿਚਾਰ ਕੇ ਆਪ ਲਿਖੀ ਸੀ। ਗੁਰੂ ਤੇਗ ਬਹਾਦਰ ਸਾਹਿਬ ਰਾਹ ਵਿੱਚ ਸੰਗਤਾਂ ਨੂੰ ਦਰਸ਼ਨ, ਉਪਦੇਸ਼ ਦਿੰਦੇ ਚੱਲੇ। ਜਦੋਂ ਗਿਆਤ ਹੋਇਆ ਕਿ ਔਰੰਗਜੇਬ ਆਗਰਾ ਆਇਆ ਹੋਇਆ ਹੈ ਤਾਂ ਗੁਰੂ ਸਾਹਿਬ ਆਗਰੇ ਵੱਲ ਤੁਰ ਪਏ। ਆਗਰੇ ਪੁੱਜੇ ਤਾਂ ਪਤਾ ਲੱਗਾ ਕਿ ਔਰੰਗਜੇਬ ਦਿੱਲੀ ਚਲਾ ਗਿਆ ਹੈ। ਔਰੰਗਜੇਬ ਦੇ ਹੁਕਮ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ ਗਿਰਫ਼ਤਾਰ ਕਰ ਕੇ ਆਗਰੇ ਤੋਂ ਦਿੱਲੀ ਲਿਆਂਦਾ ਗਿਆ। ਦਿੱਲੀ ਵਿੱਚ ਪਹਿਲਾਂ ਆਦਰ ਪੂਰਨ ਵਿਵਹਾਰ ਕੀਤਾ ਗਿਆ। ਔਰੰਗਜੇਬ ਨਾਲ ਗੁਰੂ ਸਾਹਿਬ ਦਾ ਸੰਵਾਦ ਹੋਇਆ। ਲੋਭ ਦਿੱਤੇ ਗਏ ਡਰਾਉਣ ਦਾ ਜਤਨ ਕੀਤਾ ਗਿਆ ਕਿ ਗੁਰੂ ਸਾਹਿਬ ਇਸਲਾਮ ਸਵੀਕਾਰ ਕਰ ਲੈਣ। ਪਰ ਗੁਰੂ ਸਾਹਿਬ ਅਡੋਲ ਰਹੇ। ਖਿੱਝ ਕੇ ਗੁਰੂ ਤੇਗ ਬਹਾਦਰ ਜੀ ਅਤੇ ਸਿੱਖਾਂ ਨੂੰ ਚਾਂਦਨੀ ਚੌਕ ਦੀ ਕੋਤਵਾਲੀ ਵਿੱਚ ਕੈਦ ਕਰ ਦਿੱਤਾ ਗਿਆ। ਔਰੰਗਜੇਬ ਨੇ ਸ਼ਹੀਦੀ ਦੇ ਹੁਕਮ ਦੇ ਦਿੱਤੇ। ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ। ਜਿਸ ਦਾ ਵੱਖ ਘਟਨਾ ਕ੍ਰਮ ਹੈ। ਧਿਆਨ ਦੇਣ ਜੋਗ ਗੱਲ ਇਹ ਹੈ ਕਿ ਸਿੱਖਾਂ ਨੇ ਵੀ ਔਰੰਗਜੇਬ ਦਾ ਕੋਈ ਖੌਫ ਨਹੀਂ ਖਾਧਾ। ਗੁਰੂ ਸਾਹਿਬ ਨੂੰ ਜਦੋਂ ਚਾਂਦਨੀ ਚੌਕ ਕੋਤਵਾਲੀ ਵਿੱਚ ਰੱਖਿਆ ਗਿਆ ਸੀ ਤੇ ਦਬਾਅ ਪਾਏ ਜਾ ਰਹੇ ਸਨ ਤਾਂ ਸਿੱਖਾਂ ਨੇ ਡਰ ਜਾਣ ਦੀ ਥਾਂ ਹਿੰਮਤ ਵਿਖਾਈ ਤੇ ਕਈ ਤਜਵੀਜ਼ਾਂ ਗੁਰੂ ਸਾਹਿਬ ਨੂੰ ਕੈਦ ਤੋਂ ਬਾਹਰ ਲਿਆਉਣ ਦੀਆਂ ਕੀਤੀਆਂ।ਜਿਸ ਦਾ ਗੁਰੂ ਨਿਡਰ ਹੋਵੇ ਉਹ ਭਲਾ ਕਿਵੇਂ ਕਾਇਰ ਹੋ ਸਕਦਾ ਹੈ। ਜਿਸ ਤਰਹ ਦੇ



ਡਾ. ਸਤਿੰਦਰ ਪਾਲ ਸਿੰਘ
ਦਿ ਪਾਂਡਸ
ਸਿਡਨੀ ਆਸਟ੍ਰੇਲੀਆ
akaalpurkh.7@gmail.com


ਇਤਿਹਾਸਕ ਹਵਾਲੇ ਉਪਲਬੱਧ ਹਨ, ਸਿੱਖ ਬੇਖੌਫ ਨਜਰ ਆਏ ਪਰ ਸਿਆਣਪ ਨਾਲ ਸਥਿਤੀਆਂ ਦਾ ਸਾਹਮਣਾ ਕੀਤਾ। ਭਾਈ ਜੈਤਾ ਜੀ, ਜਿਨ੍ਹਾਂ ਨੇ ਗੁਰੂ ਸਾਹਿਬ ਦਾ ਪਾਵਨ ਸੀਸ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੱਕ ਪੁਜਾਇਆ ਸੀ, ਦਿੱਲੀ ਦੇ ਹੀ ਰਹਿਣ ਵਾਲੇ ਸਨ। ਪ੍ਰਿੰਸਿਪਲ ਸਤਬੀਰ ਸਿੰਘ ਨੇ ਲਿਖਿਆ ਹੈ ਕਿ ਭਾਈ ਜੈਤਾ ਜੀ ਦੇ ਘਰ ਦੇ ਨਿਕਟ ਹੀ ਭਾਈ ਨਨੂਆ ਜੀ ਦਾ ਘਰ ਸੀ ਜਿੱਥੇ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸਿੱਖ ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ ਟਿਕੇ ਹੋਏ ਸਨ। ਭਾਈ ਜੈਤਾ ਜੀ ਤੇ ਭਾਈ ਲੱਖੀ ਸ਼ਾਹ ਨੇ ਪਹਿਲਾਂ ਹੀ ਤਿਆਰੀ ਕਰ ਲਈ ਸੀ ਕਿ ਸ਼ਹੀਦੀ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਦੀ ਦੇਹ ਦੀ ਸੰਭਾਲ ਕਿਵੇਂ ਕਰਨੀਹੈ। ਇਹ ਤਿਆਰਿਆਂ ਸਿੱਖ ਚੇਤਨਾ ਤੇ ਸਿਦਕ ਦਾ ਪ੍ਰਤੀਕ ਸਨ ਜੋ ਔਰੰਗਜੇਬ ਦੇ ਰਾਜ ਦੇ ਕਾਲੇ ਦੌਰ ਵਿੱਚ ਵੀ ਪੂਰਨ ਜੀਵੰਤ ਸੀ। ਗੁਰੂ ਸਾਹਿਬ ਦਾ ਸੀਸ ਪ੍ਰਾਪਤ ਕਰਨ ਲਈ ਸਲਾਹ ਬਣੀ ਕਿ ਮੁਗਲਾਂ ਨੂੰ ਭੁਲੇਖਾ ਪਾਇਆ ਜਾਵੇ। ਇੱਕ ਸੀਸ ਰੱਖ ਕੇ ਗੁਰੂ ਸਾਹਿਬ ਦਾ ਸੀਸ ਚੁੱਕ ਲਿਆ ਜਾਵੇ। ਜਦੋਂ ਤੱਕ ਮੁਗਲਾਮ ਨੂੰ ਹਕੀਕਤ ਦਾ ਪਤਾ ਲੱਗੇਗਾ, ਭਾਈ ਜੈਤਾ ਜੀ ਸੀਸ ਲੈ ਕੇ ਦੂਰ ਤੱਕ ਜਾ ਚੁਕੇ ਹੋਣਗੇ। ਇਸ ਲਈ ਭਾਈ ਜੈਤਾ ਜੀ ਦੇ ਪਿਤਾ ਭਾਈ ਆਗਿਆ ਰਾਮ ਨੇ ਆਪਣਾ ਸੀਸ ਦੇਣ ਦੀ ਤਜਵੀਜ ਕੀਤੀ। ਇਹ ਵੀ ਗੁਰੂ ਨੂੰ ਸਮਰਪਿਤ ਇੱਕ ਮਹਾਨ ਬਲਿਦਾਨ ਸੀ। ਇਵੇਂ ਹੀ ਹੋਇਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਚਨ ਚੇਤ ਭਾਰੀ ਝੱਖੜ ਝੁੱਲ ਪਿਆ। ਇਸ ਦਾ ਲਾਭ ਉਠਾ ਕੇ ਭਾਈ ਜੈਤਾ ਜੀ ਨੇ ਆਪਣੀ ਹੀ ਪਿਤਾ ਦਾ ਸੀਸ ਕੱਟ ਕੇ ਚਾਂਦਨੀ ਚੌਕ ਵਿੱਚ ਸੁੱਟ ਦਿੱਤਾ ਤੇ ਗੁਰੂ ਸਾਹਿਬ ਦਾ ਸੀਸ ਚੁੱਕ ਕੇ ਆਪਣੀ ਸਾਥੀਆਂ ਭਾਈ ਨਨੂਆ ਜੀ ਤੇ ਭਾਈ ਅੱਡਾ ਜੀ ਨਾਲ ਅਨੰਦਪੁਰ ਸਾਹਿਬ ਵੱਲ ਤੁਰ ਪਏ। ਭਾਈ ਜੈਤਾ ਜੀ ਦੇ ਪੰਜਵੇਂ ਦਿਨ ਕੀਰਤਪੁਰ ਪੁੱਜਣ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਾਚਾਰ ਪ੍ਰਾਪਤ ਹੋਇਆ ਤਾਂ ਗੁਰੂ ਸਾਹਿਬ ਆਏ ਤੇ ਭਾਈ ਜੈਤਾ ਜੀ ਨੂੰ ਗਲੇ ਲਾ ਕੇ ਕਿਹਾ ਸੀ "ਰੰਗਰੇਟੇ ਗੁਰੂ ਕੇ ਬੇਟੇ"। ਗੁਰੂ ਤੇਗ ਬਹਾਦਰ ਜੀ ਦਾ ਸੀਸ ਅੰਤਮ ਸੰਸਕਾਰ ਲਈ ਆਨੰਦਪੁਰ ਸਾਹਿਬ ਲਿਆਂਦਾ ਗਿਆ। ਬੇਅੰਤ ਸੰਗਤਾਂ ਨਾਲ ਸ਼ਬਦ ਕੀਰਤਨ ਕਰਦਿਆਂ ਚੱਲ ਰਹਿਆਂ ਸਨ। ਨੌ ਸਾਲ ਦੇ ਗੁਰੂ ਗੋਬਿੰਦ ਸਿੰਘ ਜੀ ਪੂਰਨ ਸਹਿਜ ਸਨ। ਮਾਤਾ ਗੁਜਰੀ ਜੀ ਪੂਰਨ ਅਡੋਲ ਸਨ ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਦਰਸ਼ਨ ਕਰਨ ਤੋਂ ਬਾਅਦ ਵਚਨ ਕੀਤਾ ਕਿ ਤੁਹਾਡੀ ਤਾਂ ਨਿਭ ਗਈ ਮੇਰੀ ਵੀ ਨਿਭ ਆਵੇ। ਮਾਤਾ ਗੁਜਰੀ ਜੀ ਦੇ ਇਹ ਵਚਨ ਪੂਰੀ ਸਿੱਖ ਕੌਮ ਦੇ ਵਚਨ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪੂਰੀ ਸਿੱਖ ਕੌਮ ਨੂੰ ਮਾਣ ਨਾਲ ਭਰ ਦਿੱਤਾ ਤੇ ਉਨ੍ਹਾਂ ਦੀ ਰਾਹ ਤੇ ਹੀ ਚੱਲ ਕੇ ਧਰਮ ਲਈ ਕੁਰਬਾਨੀਆਂ ਦੇਣ ਦਾ ਅਟੁੱਟ ਜਜਬਾ ਪੈਦਾ ਕੀਤਾ।

ਉੱਧਰ ਭਾਈ ਲੱਖੀ ਸ਼ਾਹ ਨੇ ਸ਼ਾਹੀ ਠੇਕੇਦਾਰ ਹੋਣ ਦਾ ਲਾਭ ਉਠਾਇਆ ਤੇ ਆਪਣੇ ਗੱਡੇ ਲੈ ਕੇ ਚਾਂਦਨੀ ਚੌਕ ਪੁੱਜ ਗਏ। ਭਾਰੀ ਤੂਫ਼ਾਨ ਕਾਰਨ ਗੁਰੂ ਸਾਹਿਬ ਦੇ ਧੜ ਦੀ ਰਾਖੀ ਕਰ ਰਹੇ ਮੁਗਲ ਸਿਪਾਹੀ ਪਿੱਛੇ ਹੱਟ ਗਏ ਸਨ। ਭਾਈ ਗੁਰਦਿੱਤਾ ਜੀ ਨੇ ਭਾਈ ਲੱਖੀ ਸ਼ਾਹ ਤੇ ਉਸ ਦੇ ਪੁੱਤਰਾਂ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਜੀ ਦਾ ਧੜ ਚੁੱਕ ਕੇ ਰੂੰ ਦੇ ਗੱਡੇ ਵਿਚ ਲਿਟਾ ਦਿੱਤਾ। ਉੱਪਰ ਵੀ ਰੂੰ ਨਾਲ ਢੱਕ ਕੇ ਰਕਾਬਗੰਜ ਵੱਲ ਫੁਰਤੀ ਨਾਲ ਤੁਰ ਪਏ। ਕਈ ਗੱਡੇ ਇੱਕ ਨਾਲ ਚੱਲ ਰਹੇ ਸਨ। ਰਕਾਬਗੰਜ ਪੁੱਜਦੀਆਂ ਅੱਧੀ ਰਾਤ ਹੋ ਗਈ। ਭਾਈ ਲੱਖੀ ਸ਼ਾਹ ਨੇ ਆਪਣੇ ਘਰ ਦੇ ਅੰਦਰ ਹੀ ਘਰ ਦਾ ਸਮਾਨ ਰੱਖ ਕੇ ਚਿਤਾ ਬਣਾ ਦਿੱਤੀ ਤੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕਰ ਦਿੱਤਾ। ਉਸ ਨੇ ਅਸਥੀਆਂ ਇੱਕ ਗਾਗਰ ਵਿੱਚ ਰੱਖ ਕੇ ਘਰ ਦੇ ਅੰਦਰ ਹੀ ਦਬਾ ਦਿੱਤੀਆਂ।ਇਹ ਹਿੰਮਤ ਭਰਿਆ ਕਾਰਜ ਸੀ ਜਿਸ ਵਿੱਚ ਸੂਝਬੂਝ ਸ਼ਾਮਿਲ ਸੀ। ਧਰਮ ਦੀ ਰਾਖੀ ਲਈ ਹਿੰਮਤ ਵੀ ਚਾਹੀਦੀ ਹੈ ਤੇ ਸੂਝਬੂਝ ਵੀ। ਇਹ ਸਾਰਾ ਕੁੱਝ ਔਰੰਗਜੇਬ ਦੀ ਨੱਕ ਦੇ ਹੇਠਾਂ ਹੋਇਆ।

ਔਰੰਗਜੇਬ ਸਮਝਦਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖਾਂ ਦਾ ਮਨੋਬਲ ਤੋੜ ਦੇਵੇਗੀ ਤੇ ਹਿੰਦੂਆਂ ਦਾ ਵਿਰੋਧ ਵੀ ਸ਼ਾਂਤ ਹੋ ਜਾਏਗਾ। ਪਰ ਇਹ ਨਾਂ ਹੋਇਆ। ਗੁਰੂ ਤੇਗ ਬਹਾਦਰ ਜੀ ਤਾਂ ਆਪਣੇ ਜੀਵਨ ਕਾਲ ਵਿੱਚ ਹੀ ਵਚਨ ਕਰ ਗਏ ਸਨ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"। ਗੁਰੂ ਨਾਨਕ ਸਾਹਿਬ ਦਾ ਸਿੱਖ ਤਾਂ ਸਿਰ ਤਲੀ ਤੇ ਰੱਖ ਕੇ ਚੱਲਣ ਵਾਲਾ ਸਿੱਖ ਹੈ। ਸਿਰਫ ਪਰਮਾਤਮਾ ਦੇ ਭੈ ਵਿੱਚ ਰਹਿਣ ਕਾਰਨ ਉਸ ਦੇ ਸਾਰੇ ਭੈ ਮਿਟ ਜਾਂਦੇ ਹਨ। ਇਹ ਨਿਡਰਤਾ ਹੀ ਉਸ ਦੇ ਸਿਦਕ ਦਾ ਅਧਾਰ ਬਣਦੀ ਹੈ। ਸਿੱਖ ਦਾ ਸਿਦਕ ਜਦੋਂ ਪ੍ਰਗਟ ਹੁੰਦਾ ਹੈ ਪੂਰਾ ਮਨੁੱਖੀ ਸਮਾਜ ਉਸ ਤੋਂ ਪ੍ਰਭਾਵਿਤ ਹੁੰਦਾ ਹੈ। ਖਿਮਨਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਚਾਂਦਨੀ ਚੌਕ ਦੇ ਕੋਤਵਾਲ ਅਬਦੁੱਲਾ ਨੇ ਨੌਕਰੀ ਛੱਡ ਦਿੱਤੀ ਸੀ ਤੇ ਆਨੰਦਪੁਰ ਸਾਹਿਬ ਚਲਾ ਗਿਆ ਸੀ। ਜਿਸ ਕਾਜੀ ਨੇ ਫਤਵਾ ਦਿੱਤਾ ਸੀ ਪੰਦ੍ਹ ਦਿਨ ਬਾਅਦ ਹੀ ਉਸ ਦੀ ਮੌਤ ਹੋ ਗਈ। ਦਿੱਲੀ ਦੇ ਅੰਦਰ ਖੁਦ ਔਰੰਗਜੇਬ ਨੂੰ ਸਿੱਖਾਂ ਦੇ ਸਿੱਧੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਹ ਜਾਮਾ ਮਸਜਿਦ ਵਿੱਚ ਨਮਾਜ ਪੜ੍ਹ ਕੇ ਪਰਤ ਰਿਹਾ ਸੀ ਤਾਂ ਇੱਕ ਸਿੱਖ ਨੇ ਉਸ ਤੇ ਹੰਮਲਾ ਕਰ ਦੋ ਇੱਟਾਂ ਸੁੱਟਿਆਂ। ਇਹ ਘਟਨਾ ਮੁਸਲਿਮ ਦਸਤਾਵੇਜਾਂ ਵਿੱਚ ਦਰਜ ਹੈ। ਘਟਨਾ ਦੀ ਤਿਥੀ ੩੦ ਅਕਤੂਬਰ ੧੬੭੬ ਲਿਖੀ ਗਈ ਹੈ। ਸਿੱਧੇ ਬਾਦਸ਼ਾਹ ਨਾਲ ਟਕਰਾ ਜਾਣਾ ਇੱਕ ਵੱਡੀ ਘਟਨਾ ਸੀ। ਇੱਕ ਦੂਜੀ ਘਟਨਾ ਦਾ ਜਿਕਰ ਹੈ ਕਿ ਜਦੋਂ ਬਾਦਸ਼ਾਹ ਦੀ ਸਵਾਰੀ ਚਾਂਦਨੀ ਚੌਕ ਤੋਂ ਲੰਘ ਰਹੀ ਸੀ ਤਾਂ ਇੱਕ ਨੇ ਦੂਰੋਂ ਸੋਟੀ ਮਾਰ ਸੁੱਟੀ। ਹੋਰ ਘਟਨਾ ਹੈ ਕਿ ਜਦੋਂ ਉਹ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਇੱਕ ਸਿੱਖ ਨੇ ਤਲਵਾਰ ਨਾਲ ਵਾਰ ਕੀਤਾ ਸੀ। ਇਸ ਵਾਰ ਨਾਲ ਔਰੰਗਜੇਬ ਦੇ ਸਿਪਾਹਸਾਲਾਰ ਮੁਕੱਰਮ ਖਾਨ ਦੀ ਉਂਗਲੀ ਕੱਟੀ ਗਈ ਸੀ। ਘਟਨਾਵਾਂ ਨਿੱਕਿਆਂ ਨਿੱਕਿਆਂ ਸਨ ਮਜਬੂਤ ਇਰਾਦੇ ਪ੍ਰਗਟ ਕਰਨ ਵਾਲੀਆਂ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖਾਂ ਅੰਦਰ ਤਿਆਗ, ਬਲਿਦਾਨ ਦੀ ਜਬਰਦਸਤ ਭਾਵਨਾ ਪੈਦਾ ਕੀਤੀ। ਇਸ ਭਾਵਨਾ ਨੂੰ ਸੱਚੇ ਬਲ ਵਿੱਚ ਬਦਲਣ ਦਾ ਮਹਾਨ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ।


ਸਿੱਖਾਂ ਨੂੰ ਆਪਣੇ ਸਿੱਖ ਹੋਣ ਤੇ ਮਾਣ ਮਹਿਸੂਸ ਹੋਵੇ ਅਤੇ ਉਹ ਹਰ ਸਥਿਤੀ ਵਿੱਚ ਗੁਰੂ ਦਾ ਸਿੱਖ ਅਖਵਾਉਣ ਜੋਗ ਸਾਬਿਤ ਹੋਣ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਪੱਖੀ ਕਦਮ ਚੁੱਕੇ। ਸਿੱਖਾਂ ਨੂੰ ਵਿਦਿਅਕ ਤੌਰ ਤੇ ਸਮਰੱਥ ਬਣਾਇਆ, ਬਾਣੀ ਨਾਲ ਜੋੜਿਆ, ਢਾਢੀ ਦੀਆਂ ਵਾਰਾਂ ਰਾਹੀਂ ਬੁਲਾ ਕੇ ਵੀਰ ਰਸ ਦਾ ਭਾਵ ਭਰਿਆ, ਸ਼ਰੀਰਕ ਕਸਰਤਾਂ ਤੇ ਛਦਮ ਜੁੱਧ ਕਰਾਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਦਰਬਾਰ ਸ਼ਾਹੀ ਅੰਦਾਜ ਵਿੱਚ ਸਜਾਇਆ। ਦਰਬਾਰ ਵਿੱਚ ਬੈਠਣ ਲਈ ਉੱਚਾ ਸਿੰਹਾਸਨ ਸੀ। ਜੋਸ਼ ਭਰਨ ਲਈ ਰਣਜੀਤ ਨਗਾਰਾ ਤਿਆਰ ਕਰਾਇਆ। ਆਨੰਦਪੁਰ ਸਾਹਿਬ ਨੂੰ ਕਿਲੇ ਉਸਾਰ ਕੇ ਸੁਰੱਖਿਅਤ ਕੀਤਾ। ਲੰਮੀ ਤਿਆਰੀ ਤੋਂ ਬਾਅਦ ਸੰਨ 1699 ਦੀ ਵਿਸਾਖੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ। ਇਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸੱਭ ਤੋਂ ਨਿੱਘਾ ਨਮਨ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਨੁੱਖੀ ਹੱਕਾਂ ਨੂੰ ਸਮਰਪਿਤ ਸੀ। ਖਾਲਸਾ ਦੀ ਸਾਜਨਾ ਉਸ ਮਿਸ਼ਨ ਨੂੰ ਅਗਾਂਹ ਵਧਾਉਣ ਲਈ ਹੋਈ। ਅੱਜ ਵੀ ਖਾਲਸਾ ਸਦਾ ਮਨੁੱਖੀ ਹਿੱਤਾਂ ਲਈ ਖੜਾ ਨਜਰ ਆਉਂਦਾ ਹੈ ਤਾਂ ਇਸ ਦੀ ਪਿਛੋਕੜ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਪ੍ਰੇਰਨਾ ਜੀਵੰਤ ਹੁੰਦੀ ਹੈ। ਖਾਲਸਾ ਨੇ ਔਰੰਗਜੇਬ ਦੇ ਉਸ ਜਾਲਮ ਰਾਜ ਨੂੰ ਪੁੱਟ ਸੁੱਟਿਆ ਜਿਸ ਤੋਂ ਹਵਾ ਵੇ ਸਹਿਮ ਕੇ ਚੱਲਦੀ ਸੀ। ਸੱਚ ਦਾ ਬਲ ਥੱਕਦਾ ਨਹੀਂ, ਹਾਰਦਾ ਨਹੀਂ, ਚੁੱਪ ਨਹੀਂ ਬਹਿੰਦਾ, ਸਗੋਂ ਸਮੇਂ ਤੇ ਬੋਲਦਾ ਹੈ, ਖੜਦਾ ਹੈ, ਡੱਟਦਾ ਹੈ ਤੇ ਜਿੱਤਦਾ ਹੈ। ਸੱਚ ਸਦਾ ਜਿੱਤਣ ਲਈ ਹੀ ਹੈ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

੨੧-ਦਰਬਾਰ ਸਾਹਿਬ ਵਿਚ ਕੁੰਭ ਜੋਤ ਲਗਾਤਾਰ ਚੱਲ ਰਹੀ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਕੋਲ ਇਕ ਧੂਪੀਆ ਸਿੰਘ ਭੇਜਿਆ ਸੀ ਜਿਸ ਨੇ ਜੋਤ ਤੇ ਧੂਪ ਜਲਦੀ ਰੱਖਣੀ ਹੈ। ਇੱਥੋਂ ਤੱਕ ਦਰਬਾਰ ਸਾਹਿਬ ਦੇ ਢਹਿਣ ਉਪਰੰਤ ਵੀ ਭਾਈ ਮਨਸ਼ਾ ਸਿੰਘ ਜੀ ਸਰੋਵਰ ਵਿਚ ਤੈਰ ਕੇ ਇਕ ਹੱਥ ਨਾਲ ਜਲਦੀ ਜੋਤ ਰੱਖ ਕੇ ਦਰਬਾਰ ਸਾਹਿਬ ਜਗਾ ਕੇ ਆਉਂਦੇ ਸਨ ਪਤਾ ਲੱਗਣ ਤੇ ਉਹ ਸ਼ਹੀਦ ਕਰ ਦਿੱਤੇ ਗਏ ਸਨ ਤੇ ਉਹਨਾਂ ਦੀ ਫੋਟੋ ਅੱਜ ਵੀ ਅਜਾਇਬ ਘਰ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ।

ਨਾਨਕਸਰ ਵਿਖੇ ਵੀ ਕੁੰਭ ਜੋਤ ਦਾ ਪ੍ਰਕਾਸ਼ ਜਰੂਰੀ ਕਰਨ ਦਾ ਹੁਕਮ ਹੈ ( ਦਰਬਾਰ ਸਾਹਿਬ ਦੀ ਤਰਜ ਤੇ )

੨੨-ਹਰਮੰਦਰ ਸਾਹਿਬ ਵਿਖੇ ਇਕ ਜੋਤ ਹਰ ਰੋਜ਼ ਸ਼ਾਮ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਜਗਾਈ ਜਾਂਦੀ ਹੈ ਜੋ ਦੇਸੀ ਘਿਓ ਨਾਲ ਜਗਾਈ ਜਾਂਦੀ ਹੈ।

ਜੋਤ ਦੀ ਇਸ ਉਕਤ ਉਪਯੋਗਤਾ ਤੋਂ ਇਲਾਵਾ ਇਸ ਦਾ ਇਕ ਹੋਰ ਇਤਿਹਾਸਿਕ ਪੱਖ ਵੀ ਹੈ ਜਿਸ ਕਰਕੇ ਇਸ ਨੂੰ ਦਰਬਾਰ ਸਾਹਿਬ ਵਿਚ ਜਲਾਈ ਜਾਂਦੀ ਹੈ। ਇਸ ਘਟਨਾ ਪਿੱਛੇ ਸਿੱਖ ਕੌਮ ਦਾ ਆਲੀਸ਼ਾਨ ਗੌਰਵ ਹੈ, ਸੂਰਮਗਤੀ ਦਾ ਇਤਿਹਾਸ ਹੈ, ਸਿੱਖੀ ਸਿਦਕ ਦਾ ਪ੍ਰਕਾਸ਼ ਹੈ, ਅਟੁੱਟ ਸ਼ਰਧਾ ਦੀ ਤਰਜਮਾਨੀ ਹੈ ਤੇ ਅਖੰਡ ਨਿਸਚੇ ਦੇ ਦਰਸ਼ਨ ਦੀਦਾਰੇ ਹਨ। ਜੋਤ ਨਾਲ ਜੁੜੇ ਇਤਿਹਾਸ ਦਾ ਪ੍ਰਕਾਸ਼ ਸਾਡੇ ਸਾਹਮਣੇ ਕੁਝ ਇਵੇਂ ਪੈਂਦਾ ਹੈ।

ਨਾਨਕਸਰ ਵਿਖੇ ਦਾਸ ਨੇ ਆਪ ਦਰਸ਼ਨ ਕੀਤੇ ਹਨ। ਨਾਨਕਸਰ ਵਿਖੇ ਵੀ ਬਾਬਾ ਕੁੰਦਨ ਸਿੰਘ ਜੀ ਰਹਿਰਾਸ ਪਾਠ ਦੇ ਅਰੰਭ ਹੋਣ ਤੋਂ ਪਹਿਲਾਂ ਆਪ ਆ ਕੇ ਜੋਤ ਜਗਾਉਂਦੇ ਸਨ। (ਇਸ ਬਚਨ ਦੀ ਪੁਸ਼ਟੀ ਭਾਈ ਗੁਰਮੀਤ ਸਿੰਘ ਜੀ ਸੰਧੂ ਜਿਨ੍ਹਾਂ ਨੇ ਬਾਬਾ ਕੁੰਦਨ ਸਿੰਘ ਜੀ ਦੀ 20 ਸਾਲ ਤੋ ਉੱਪਰ ਹਜ਼ੂਰੀ ਸੇਵਾ ਕੀਤੀ ਸੀ ਤੇ ਉਹਨਾਂ ਦੀ ਆਗਿਆ ਨਾਲ ਹੀ ਅਮਰੀਕਾ ਆਏ ਸਨ। ਪੁੱਛ ਗਿੱਛ ਲਈ (ਅਮਰੀਕਾ) 559-994-2088 )

੨੩- ਹਰਿਮੰਦਰ ਸਾਹਿਬ ਵਿਖੇ ਵੱਖ ਵੱਖ ਸਮਿਆਂ ਤੇ ਵੱਖ ਵੱਖ ਗੁਰੂ ਸਾਹਿਬ ਦੇ ਸਰੂਪ ਬਿਰਾਜਮਾਨ ਹੁੰਦੇ ਹਨ ਪਰ ਕਿਸੇ ਵੀ ਹਾਲਤ ਵਿਚ ਪਦ ਛੇਦਾਂ ਵਾਲੇ ਸਰੂਪ ਉੱਥੇ ਪਰਕਾਸ਼-ਮਾਨ ਨਹੀਂ ਹੁੰਦਾ। ੧੬੦੪ ਈਸਵੀ ਤੋਂ ੧੬੩੪ ਈਸਵੀ ਤੱਕ ਉਹ ਪ੍ਰਥਮ ਸਰੂਪ ਸੁਭਾਇਮਾਨ ਰਹੇ ਜਿਨ੍ਹਾਂ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਦ ਕੀਤੀ ਸੀ।

ਉਹ ਪ੍ਰਥਮ ਬੀੜ ਦੇ ਹਰਿਮੰਦਰ ਸਾਹਿਬ ਵਿਚੋਂ ੧੬੩੪ ਈਸਵੀ ਵਿਚ ਲੈ ਜਾਣ ਮਗਰੋਂ ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਨਾਲ ੧੭੦੫ ਈਸਵੀ ਵਿਚ ਹੱਥ ਲਿਖਤ ਦਮਦਮੀ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕੀਤਾ।

ਸਹੀ ਅਰਥਾਂ ਵਿੱਚ ੧੭੮੪ ਈਸਵੀ ਵਿੱਚ ਹਰਿਮੰਦਰ ਸਾਹਿਬ ਦੇ ਦੋਬਾਰਾ ਨਿਰਮਾਣ ਮਗਰੋਂ ਪੂਰੀ ਬਾਕਾਇਦਗੀ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਲੱਗ ਪਿਆ ਜੋ ਨਿਰਵਿਘਨ ਪੂਰੇ ੨੦੦ ਸਾਲ ਤੱਕ ਹੁੰਦਾ ਰਿਹਾ। ਫਿਰ ੧੯੮੪ ਦੀ ਕਾਲੀ ਬੋਲੀ ਹਨੇਰੀ ਨੇ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਵੀ ਗੋਲੀਆਂ ਨਾਲ ਛਲਣੀ ਕਰ ਦਿੱਤਾ, ਕੁਝ ਦਿਨ ਹਰਿਮੰਦਰ ਸਾਹਿਬ ਦੀ ਮਰਿਯਾਦਾ ਖੰਡਤ ਰਹੀ ਜਿਸ ਨੂੰ ਮਗਰੋਂ ਵਿਸ਼ੇਸ਼ ਉਦਮ ਨਾਲ ਬਹਾਲ ਕੀਤਾ ਗਿਆ।

ਹੁਣ ਹਰਿਮੰਦਰ ਸਾਹਿਬ ਵਿਚ ਤਿੰਨ ਗੁਰੂ ਸਾਹਿਬ ਦੇ ਸਰੂਪ ਹਨ।

1-ਇਹਨਾਂ ਵਿਚੋਂ ਇਕ ਬਾਬਾ ਦੀਪ ਸਿੰਘ ਜੀ ਦੇ ਹੱਥ ਲਿਖਤ ਸਰੂਪ ਤੇ ਸੋਨੇ ਦੀ ਜਿਲਦ ਚੜੀ ਹੋਣ ਕਾਰਨ ਉਸ ਨੂੰ ਸੁਨਿਹਰੀ ਸਰੂਪ ਕਿਹਾ ਜਾਂਦਾ ਹੈ..ਇਸ ਦੇ ੧੪੮੨ ਅੰਗ ਹਨ। ਜੋ ਸਾਲ ਵਿੱਚ ਸਿਰਫ ? ਮੌਕਿਆਂ ਤੇ ਹੀ ਪ੍ਰਕਾਸ਼ ਕੀਤੇ ਜਾਂਦੇ ਹਨ।

2- ਇੱਕ ਹੋਰ ਸਰੂਪ ਜਿਸ ਦਾ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਜਾਂਦਾ ਹੈ ਉਸ ਦੇ ੧੫੦੧ ਅੰਗ ਹਨ।

3-ਤੀਜੇ ਸਰੂਪ ਦੇ ਕੁੱਲ ੧੬੯੨ ਅੰਗ ਹਨ, ਇਹ ਸਰੂਪ ਆਮ ਸਰੂਪਾਂ ਨਾਲੋਂ ਕਾਫ਼ੀ ਵੱਡਾ ਹੈ। ਨਾਨਕਸਰ ਵਿਖੇ ਵੀ ੩ ਸਰੂਪ ਹਨ। ਇਕ ਸਰੂਪ ਨਾਨਕਸਰ ਵਿਖੇ ਭਾਈ ਮਨੀ ਸਿੰਘ ਜੀ ਦਾ ਹੈ ਜਿਸ ਨੂੰ ਵੱਡੇ ਸਤਿਗੁਰੂ ਕਹਿ ਕਿ ਸਤਿਕਾਰਿਆ ਜਾਂਦਾ ਹੈ। ਇਸ ਸਰੂਪ ਦੇ ੧੯੩੫ (1935) ਅੰਗ ਹਨ। ਇਸ ਨੂੰ ਪੁਰਾਤਨ ਸੇਵਾਦਾਰ ਭਾਈ ਮਨੀ ਸਿੰਘ ਜੀ ਦੀ ਬੀੜ ਨਾਲ ਵੀ ਸਤਿਕਾਰ ਦਿੰਦੇ ਸਨ। ਯਾਦ ਰਹੇ ਇਹ ਉਹ ਹੀ ਸਰੂਪ ਹੈ ਜਿਸ ਵਿਚੋਂ ਬਾਬਾ ਨੰਦ ਸਿੰਘ ਜੀ ਤੇ ਬਾਬਾ ਜਵੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਪ੍ਰਗਟ ਕੀਤੇ ਸਨ।

(ਚਲਦਾ)

# 'ਜ਼ੋਹਰਾਨ ਮਮਦਾਨੀ' ਨਿਊਯਾਰਕ ਦੇ ਮਿਹਨਤੀ ਲੋਕਾਂ ਲਈ ਇਕ ਚੈਂਪੀਅਨ ਹੋਣਗੇ

ਜ਼ੋਹਰਾਨ ਮਮਦਾਨੀ ਨੂੰ ਨਿਊਯਾਰਕ ਦੇ ਮੇਅਰ ਵਜੋਂ ਮਿਲੀ ਪਛਾਣ ਅਤੇ ਰਿਕਾਰਡ ਸਥਾਪਿਤ ਕਰਨ ਵਾਲੀ ਪ੍ਰਾਪਤੀ ਬੇਹੱਦ ਦਿਲ ਖਿੱਚਵੀਂ ਹੈ। ਪਹਿਲੇ ਮੁਸਲਿਮ ਦੱਖਣੀ ਏਸ਼ੀਆਈ ਮੇਅਰ ਚੁਣੇ ਜਾਣ ਤੋਂ ਬਾਅਦ ਉਹ ਵੱਖ-ਵੱਖ ਪਛਾਣਾਂ ਦੇ ਇਕ ਅਨੋਖੇ ਸੁਮੇਲ ਦੀ ਪ੍ਰਤੀਨਿਧਤਾ ਕਰਦੇ ਹਨ। ਦੱਖਣੀ ਏਸ਼ੀਆਈ ਦੇ ਮੂਲ ਦੇ ਅਫਰੀਕਾ 'ਚ ਪੈਦਾ ਹੋਏ ਅਤੇ ਸ਼ੀਆ ਇਸਲਾਮ ਦੇ ਪੈਰੋਕਾਰ ਹੋਣ ਦੇ ਨਾਲ-ਨਾਲ ਉਹ ਪ੍ਰਸਿੱਧ ਫਿਲਮ ਨਿਰਮਾਤਾ ਮੀਰਾ ਨਾਇਰ ਦੇ ਬੇਟੇ ਵੀ ਹਨ। ਆਪਣੀ ਚੋਣ ਪਿੱਛੋਂ ਉਨ੍ਹਾਂ ਨੂੰ ਮੀਡੀਆ ਦਾ ਕਾਫੀ ਧਿਆਨ ਮਿਲਿਆ ਹੈ।

ਜ਼ੋਹਰਾਨ ਮਮਦਾਨੀ ਨੇ ਨਿਊਯਾਰਕ 'ਚ ਜੈ-ਜੈਕਾਰ ਕਰ ਰਹੀ ਭੀੜ ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ 1947 ਦੇ ਆਜ਼ਾਦੀ ਦਿਵਸ ਭਾਸ਼ਣ ਦੇ ਮੌਕੇ 'ਤੇ ਦਿੱਤੇ ਗਏ ਭਾਸ਼ਣ ਦਾ ਹਵਾਲਾ ਦਿੱਤਾ। ਮਮਦਾਨੀ ਨੇ ਸ਼ੁਰੂਆਤ ਕਰਦਿਆਂ ਕਿਹਾ ਕਿ ਬਹੁਤ ਸਾਲ ਅਸੀਂ ਕਿਸਮਤ ਨਾਲ ਇਕ ਵਾਅਦਾ ਕੀਤਾ ਸੀ ਅਤੇ ਹੁਣ ਸਮਾਂ ਆ ਗਿਆ ਹੈ ਜਦੋਂ ਅਸੀਂ ਆਪਣਾ ਵਾਅਦਾ ਪੂਰਾ ਕਰਾਂਗੇ। ਪੂਰੀ ਤਰ੍ਹਾਂ ਜਾਂ ਪੂਰੀ ਤਰ੍ਹਾਂ ਨਾਲ ਨਹੀਂ ਸਗੋਂ ਅਹਿਮ ਪੱਖੋਂ।" "ਇਤਿਹਾਸ 'ਚ ਅਜਿਹਾ ਪਲ ਬਹੁਤ ਘੱਟ ਆਉਂਦਾ ਹੈ ਜਦੋਂ ਅਸੀਂ ਪੁਰਾਣੇ ਤੋਂ ਨਵੇਂ ਵੱਲ ਕਦਮ ਵਧਾਉਂਦੇ ਹਾਂ।

ਕਈ ਲੋਕਾਂ ਦਾ ਮੰਨਣਾ ਹੈ ਕਿ ਮਮਦਾਨੀ ਵਲੋਂ ਨਹਿਰੂ ਦੇ ਭਾਸ਼ਣ ਦਾ ਜ਼ਿਕਰ ਨਿਊਯਾਰਕ 'ਚ ਕਿਸੇ ਨਵੇਂ ਅਤੇ ਸੰਭਾਵਿਤ ਤੌਰ 'ਤੇ ਤਬਦੀਲੀਯੋਗ ਕੰਮ ਦੀ ਸ਼ੁਰੂਆਤ ਦਾ ਸੰਕੇਤ ਸੀ। ਮਮਦਾਨੀ ਨੇ ਆਪਣੀ ਮਾਂ ਦੀ ਹਿੰਦੂ ਵਿਰਾਸਤ ਦਾ ਸਤਿਕਾਰ ਕਰਦੇ ਹੋਏ ਸ਼ਹਿਰ ਦੇ ਪਹਿਲੇ ਭਾਰਤੀ-ਅਮਰੀਕੀ ਮੇਅਰ ਬਣਨ ਦੀ ਸੰਭਾਵਨਾ 'ਤੇ ਮਾਣ ਪ੍ਰਗਟ ਕੀਤਾ। ਹਾਲਾਂਕਿ ਉਹ ਖੁਦ ਨੂੰ ਮੁਸਲਮਾਨ ਮੰਨਦੇ ਹਨ ਪਰ ਉਨ੍ਹਾਂ ਨੂੰ ਹਿੰਦੂ ਧਰਮ ਦੀ ਡੂੰਘੀ ਸਮਝ ਹੈ ਅਤੇ ਉਹ ਰੱਖੜੀ, ਦੀਵਾਲੀ ਅਤੇ ਹੋਲੀ ਵਰਗੀਆਂ ਰਵਾਇਤਾਂ ਨੂੰ ਵੀ ਅਹਿਮੀਅਤ ਦਿੰਦੇ ਹਨ। ਇੰਸਟਾਗ੍ਰਾਮ 'ਤੇ ਉਹ ਹਿੰਦੀ 'ਚ ਸੰਦੇਸ਼ ਸਾਂਝਾ ਕਰਦੇ ਹਨ, ਉਹ ਅਕਸਰ ਬਾਲੀਵੁੱਡ ਫਿਲਮਾਂ ਦੀਆਂ ਵਧੀਆਂ ਤਸਵੀਰਾਂ ਅਤੇ ਡਾਇਲਾਗ ਦੀ ਵਰਤੋਂ ਵੀ ਕਰਦੇ ਹਨ।

ਮਮਦਾਨੀ ਦੀ ਮਾਂ ਮੀਰਾ ਨਾਇਰ ਇਕ ਪੁਰਸਕਾਰ ਜੇਤੂ ਫਿਲਮ ਨਿਰਮਾਤਾ ਹੈ, ਜਿਨ੍ਹਾਂ ਨੂੰ 'ਮਾਨਸੂਨ ਵੈਡਿੰਗ' ਅਤੇ 'ਦਿ ਨੇਮਸੇਕ' ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਪਿਤਾ ਮਮਦੂਦ ਮਮਦਾਨੀ ਕੰਲੋਬੀਆ ਯੂਨੀਵਰਸਿਟੀ 'ਚ ਮਨੁੱਖੀ ਵਿਗਿਆਨ ਦੇ ਪ੍ਰੋਫੈਸਰ ਹਨ। ਮਮਦਾਨੀ ਕੇਪ ਟਾਊਨ 'ਚ ਪੜ੍ਹੇ ਲਿਖੇ ਅਤੇ 7 ਸਾਲ ਦੀ ਉਮਰ 'ਚ ਨਿਊਯਾਰਕ ਆ ਗਏ।

ਮਮਦਾਨੀ ਦੀ ਚੋਣ ਅਮਰੀਕੀ ਸਿਆਸਤ 'ਚ ਇਕ ਪ੍ਰਗਤੀਸ਼ੀਲ ਤਬਦੀਲੀ ਦਾ ਪ੍ਰਤੀਕ ਹੈ ਜਿਸ 'ਚ ਉਨ੍ਹਾਂ ਐਂਡਰਿਊ ਕੁਓਮੋ ਅਤੇ ਕਰਟੀਸ ਸਲੀਵਾ ਵਰਗੇ ਵੱਕਾਰੀ ਲੋਕਾਂ ਨੂੰ ਹਰਾਇਆ। ਉਨ੍ਹਾਂ ਦੀ ਜਿੱਤ ਤਬਦੀਲੀ ਦਾ ਪ੍ਰਤੀਕ ਹੈ ਅਤੇ ਉਨ੍ਹਾਂ ਨਿਊਯਾਰਕ ਸ਼ਹਿਰ ਦੇ ਮੇਅਰ ਬਣਨ ਦੇ ਰਾਹ 'ਚ 26 ਅਰਬਪਤੀਆਂ ਵਲੋਂ 2.2 ਕਰੋੜ ਡਾਲਰ ਦੀ ਰੁਕਾਵਟ ਪਾਉਣ ਦੇ ਯਤਨਾਂ ਨੂੰ ਵੀ ਨਾਕਾਮ ਕਰ ਦਿੱਤਾ।

ਸਿਰਫ 9 ਮਹੀਨਿਆਂ 'ਚ ਮਮਦਾਨੀ ਨਿਊਯਾਰਕ ਸੂਬਾਈ ਵਿਧਾਨ ਮੰਡਲ 'ਚ ਇਕ ਘਟ ਜਾਣੂ ਵਿਧਾਇਕ ਤੋਂ ਚੁਣੇ ਹੋਏ ਮੇਅਰ ਬਣ ਗਏ। ਰਾਏਸ਼ੁਮਾਰੀਆਂ 'ਚ ਉਨ੍ਹਾਂ ਦੀ ਰੈਂਕਿੰਗ ਘਟ ਰਹੀ। ਉਨ੍ਹਾਂ ਦੀ ਮੁਹਿੰਮ ਦਾ ਕੇਂਦਰ ਬਿੰਦੂ ਇਕ ਸ਼ਕਤੀਸ਼ਾਲੀ ਖੇਤਰੀ ਮੁਹਿੰਮ ਸੀ। ਨਿਊਯਾਰਕ ਦੇ ਕਈ ਲੋਕਾਂ ਨੇ ਜਿਨ੍ਹਾਂ 'ਚ ਵਧੇਰਿਆਂ ਨੂੰ ਤਨਖਾਹ ਨਹੀਂ ਮਿਲੀ, ਪ੍ਰਗਤੀਸ਼ੀਲ ਤਬਦੀਲੀ ਦੇ ਉਨ੍ਹਾਂ ਦੇ ਸੰਦੇਸ਼ ਨੂੰ ਫੈਲਾਉਣ ਲਈ ਸਖਤ ਮਿਹਨਤ ਕੀਤੀ।



ਵਰਮੌਂਟ 'ਚ ਅਮਰੀਕੀ ਸੈਨੇਟਰ ਬਣੀ ਸੈਂਡਰਸ, ਜਿਨ੍ਹਾਂ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ, ਨੇ ਕਿਹਾ ਕਿ ਜ਼ੋਹਰਾਨ ਮਮਦਾਨੀ ਸਿਆਸਤ ਨੂੰ ਬਦਲ ਰਹੇ ਹਨ। ਮੇਅਰ ਵਜੋਂ ਉਹ ਨਿਊਯਾਰਕ ਦੇ ਕੰਮਕਾਜੀ ਲੋਕਾਂ ਲਈ ਵਕਾਲਤ ਕਰਨਗੇ ਜਿਸ ਨਾਲ ਸੱਤਾ ਦੇ ਵੱਕਾਰੀ ਅਤੇ ਅਰਬਪਤੀ ਲੋਕ ਚਿੰਤਤ ਹੋ

**-ਕਲਿਆਣੀ ਸ਼ੰਕਰ**

ਸਕਦੇ ਹਨ ਪਰ ਇਹੀ ਕਾਰਨ ਹੈ ਕਿ 1 ਲੱਖ ਤੋਂ ਵੱਧ ਸਵੈ-ਸੇਵਕਾਂ ਨੇ ਉਨ੍ਹਾਂ ਦੀ ਮੁਹਿੰਮ ਦੀ ਹਮਾਇਤ ਕੀਤੀ।

ਨਿਊਯਾਰਕ ਦੇ ਮੇਅਰ ਦੀ ਚੋਣ ਵੱਲ ਆਮ ਤੌਰ 'ਤੇ ਬਹੁਤ ਘੱਟ ਹੀ ਬਾਹਰੀ ਧਿਆਨ ਦਿੱਤਾ ਜਾਂਦਾ ਹੈ, ਕਿਉਂਕਿ ਇਸ ਪ੍ਰਮੁੱਖ ਡੈਮੋਕ੍ਰੇਟਿਕ ਸ਼ਹਿਰ 'ਚ ਅਕਸਰ ਅਮੀਰ ਸਿਆਸਤਦਾਨਾਂ ਦਾ ਦਬਦਬਾ ਹੁੰਦਾ ਹੈ। ਹਾਲਾਂਕਿ ਜਦੋਂ ਜ਼ੋਹਰਾਨ ਮਮਦਾਨੀ ਨੇ ਡੈਮੋਕ੍ਰੇਟਿਕ ਪ੍ਰਾਇਮਰੀ ਜਿੱਤ ਹਾਸਲ ਕੀਤੀ ਤਾਂ ਉਨ੍ਹਾਂ ਦੀ ਮੁਹਿੰਮ ਨੇ ਤੇਜ਼ੀ ਨਾਲ ਰਫਤਾਰ ਫੜੀ। ਸਿਰਫ ਇਕ ਮਹੀਨੇ 'ਚ ਉਨ੍ਹਾਂ ਸੋਸ਼ਲ ਮੀਡੀਆ ਨੂੰ ਅਸਲ ਵੋਟਾਂ 'ਚ ਬਦਲ ਦਿੱਤਾ। ਜਿਸ ਨਾਲ ਇਹ ਚੋਣ ਕੌਮਾਂਤਰੀ ਖਿੱਚ ਦਾ ਕੇਂਦਰ ਬਣ ਗਈ। ਆਪਣੇ ਜੇਤੂ ਭਾਸ਼ਣ 'ਚ ਮਮਦਾਨੀ ਨੇ ਐਲਾਨ ਕੀਤਾ ਕਿ ਮੈਂ ਹਰ ਰੋਜ਼ ਸਵੇਰੇ ਇਸ ਸ਼ਹਿਰ ਨੂੰ ਤੁਹਾਡੇ ਲਈ ਪਹਿਲੇ ਦਿਨ ਤੋਂ ਵਧੀਆ ਬਣਾਉਣ ਦੇ ਸੰਕਲਪ ਨਾਲ ਉਠਾਂਗਾ।

ਉਨ੍ਹਾਂ 2014 'ਚ ਮੇਨ ਦੇ ਬੋਡਾਈਨ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਸੀ। ਉੱਥੇ ਉਨ੍ਹਾਂ ਅਫਰੀਕਨ ਅਧਿਐਨ 'ਚ ਡਿਗਰੀ ਹਾਸਲ ਕੀਤੀ ਅਤੇ ਆਪਣੇ ਕਾਲਜ ਦੇ 'ਸਟੂਡੈਂਸ ਫਾਰ ਜਸਟਿਨ ਇਨ ਫਿਲਸਤੀਨ ਚੈਪਟਰ' ਦੀ ਸਹਿ ਸਥਾਪਨਾ ਕੀਤੀ। 2020 'ਚ ਨਿਊਯਾਰਕ ਵਿਧਾਨ ਸਭਾ ਲਈ ਚੁਣੇ ਜਾਣ ਤੋਂ ਪਹਿਲਾਂ ਉਨ੍ਹਾਂ ਕੁਈਨਸ ਵਿਖੇ ਇਕ ਲੰਬੇ ਸਮੇਂ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਨੂੰ ਹਰਾ ਕੇ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਰਿਹਾਇਸ਼ ਦੇ ਐਡਵਾਈਜ਼ਰ ਵਜੋਂ ਕੰਮ ਕੀਤਾ। ਉਦੋਂ ਤੋਂ ਉਹ ਦੋ ਵਾਰ ਦੁਬਾਰਾ ਚੋਣ ਜਿੱਤ ਚੁੱਕੇ ਹਨ।

ਉਨ੍ਹਾਂ ਦੀ ਮੁਹਿੰਮ ਨੇ ਨੌਜਵਾਨ ਵੋਟਰਾਂ ਨੂੰ ਆਪਣੇ ਵੱਲ ਖਿੱਚਿਆ ਜਿਨ੍ਹਾਂ ਨੇ ਉਨ੍ਹਾਂ ਦੀ ਪ੍ਰਮਾਣਿਕਤਾ ਨੂੰ ਅਹਿਮੀਅਤ ਦਿੱਤੀ। ਆਲੋਚਕਾਂ ਨੇ ਉਨ੍ਹਾਂ ਦੀ ਅਗਵਾਈ ਦੇ ਤਜਰਬੇ 'ਤੇ ਸਵਾਲ ਉਠਾਏ। ਮਮਦਾਨੀ ਦੇ ਲੋਕਰਾਜੀ ਸਮਾਜਵਾਦੀ ਮੰਚ 'ਚ ਮੁਫਤ ਜਨਤਕ ਬੱਸਾਂ, ਸਰਵਪੱਖੀ ਬਾਲ ਦੇਖਭਾਲ, ਕਿਰਾਏ 'ਤੇ ਸਥਿਰ ਅਪਾਰਟਮੈਂਟ, 2030 ਤੱਕ 30 ਡਾਲਰ ਦੀ ਘੱਟੋ ਘੱਟ ਤਨਖਾਹ ਅਤੇ ਅਮੀਰਾਂ 'ਤੇ ਉੱਚੇ ਟੈਕਸ ਸ਼ਾਮਲ ਹਨ ਜੋ ਨਿਊਯਾਰਕ ਸ਼ਹਿਰ 'ਚ ਵਧੀਆ ਭਵਿੱਖ ਦੀ ਉਮੀਦ ਪ੍ਰਦਾਨ ਕਰਦੇ ਹਨ।

ਇਕ ਸੰਖੇਪ ਮੁਹਿੰਮ ਦੇ ਬਾਵਜੂਦ ਉਨ੍ਹਾਂ ਸੋਸ਼ਲ ਮੀਡੀਆ ਦੀ ਹਮਾਇਤ ਨੂੰ ਕਮਿਊਨਿਟੀ ਵੋਟਾਂ 'ਚ ਅਸਰਦਾਰ ਢੰਗ ਨਾਲ ਬਦਲ ਦਿੱਤਾ ਜਿਸ ਕਾਰਨ ਭਾਰਤ 'ਚ ਧਿਆਨ ਖਿੱਚਿਆ ਗਿਆ ਅਤੇ ਅਮਰੀਕਾ 'ਚ ਪ੍ਰਵਾਸੀ ਭਾਰਤੀਆਂ ਦੇ ਪ੍ਰਭਾਵ 'ਤੇ ਰੌਸ਼ਨੀ ਪਾਈ ਗਈ।

ਟਰੰਪ ਨੇ ਜ਼ੋਹਰਾਨ ਮਮਦਾਨੀ ਨੂੰ 'ਕਮਿਊਨਿਸਟ' ਕਿਹਾ ਅਤੇ ਦਾਅਵਾ ਕੀਤਾ ਕਿ ਤਾਜ਼ਾ ਚੋਣਾਂ 'ਚ ਅਮਰੀਕਾ ਨੇ ਆਪਣੀ ਪ੍ਰਭੂਸੱਤਾ ਦਾ ਕੁਝ ਹਿੱਸਾ ਗੁਆ ਦਿੱਤਾ ਹੈ ਉਨ੍ਹਾਂ ਨਿਊਯਾਰਕ ਨੂੰ ਵਿੱਤੀ ਮਦਦ ਦੇਣ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਮਮਦਾਨੀ ਆਪਣੇ ਖੱਬੀ ਪੱਖੀ ਵਿਚਾਰਾਂ ਕਾਰਨ ਪੈਸਿਆਂ ਦੀ ਬਰਬਾਦੀ ਕਰਨਗੇ। ਟਰੰਪ ਦੇ ਹਮਾਇਤੀਆਂ (ਮਾਗਾ ਹਮਾਇਤੀ) ਨੇ ਮੇਅਰ ਅਤੇ ਗਵਰਨਰ ਦੇ ਅਹੁਦੇ ਦੀ ਚੋਣ 'ਚ ਤਾਜ਼ਾ ਹਾਰ ਖਾਸ ਕਰ ਕੇ ਮਮਦਾਨੀ ਦੀ ਜਿੱਤ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕੀਤੀ ਅਤੇ ਟਰੰਪ 'ਤੇ ਘਰੇਲੂ ਮੁੱਦਿਆਂ 'ਤੇ ਵਿਦੇਸ਼ ਨੀਤੀ ਨੂੰ ਪਹਿਲ ਦੇਣ ਦਾ ਦੋਸ਼ ਲਾਇਆ।


ਇਨ੍ਹਾਂ ਚੋਣਾਂ 'ਚ ਵਰਜੀਨੀਆ, ਨਿਊਜਰਸੀ, ਕੈਲੀਫੋਰਨੀਆ ਅਤੇ ਨਿਊਯਾਰਕ ਸ਼ਹਿਰ 'ਚ ਰਿਪਬਲਿਕਨ ਪਾਰਟੀ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਮਮਦਾਨੀ ਦੀ ਜਿੱਤ ਨੇ ਕੌਮੀ ਧਿਆਨ ਖਿੱਚਿਆ ਜਿਸ ਕਾਰਨ ਟਰੰਪ ਦੇ ਵਫਾਦਾਰਾਂ 'ਚ ਆਲੋਚਨਾ ਭੜਕ ਗਈ ਜੋ ਰਿਪਬਲਿਕਨ ਪਾਰਟੀ 'ਤੇ ਉਨ੍ਹਾਂ ਦੇ ਪ੍ਰਭਾਵ ਬਾਰੇ ਸਵਾਲ ਉਠਾਅ ਰਹੇ ਹਨ।

ਟਰੰਪ ਨੂੰ ਇਨ੍ਹਾਂ ਹਾਰਾਂ ਖਾਸ ਕਰ ਕੇ ਨਿਊਯਾਰਕ ਸ਼ਹਿਰ 'ਚ, ਲਈ ਹਮਾਇਤੀਆਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੇਅਰ ਵਜੋਂ ਜ਼ੋਹਰਾਨ ਮਮਦਾਨੀ ਨਿਊਯਾਰਕ ਦੇ ਮਿਹਨਤੀ ਲੋਕਾਂ ਲਈ ਇਕ ਚੈਂਪੀਅਨ ਹੋਣਗੇ। ਇਹ ਵਿਚਾਰ ਸੱਤਾ ਦੇ ਅਦਾਰਿਆਂ ਅਤੇ ਅਰਬਪਤੀ ਵਰਗ ਨੂੰ ਡਰਾ ਸਕਦਾ ਹੈ। ਫਿਰ ਵੀ ਇਹੀ ਕਾਰਨ ਹੈ ਕਿ 1 ਲੱਖ ਤੋਂ ਵੱਧ ਸਵੈਮ-ਸੇਵਕ ਉਨ੍ਹਾਂ ਦੀ ਮੁਹਿੰਮ ਦੀ ਉਤਸ਼ਾਹਜਨਕ ਢੰਗ ਨਾਲ ਹਮਾਇਤ ਕਰਨ ਲਈ ਅੱਗੇ ਆਏ ਹਨ।

# ਕੀ ਯੂਨੀਵਰਸਿਟੀਆਂ ਦਾ ਕੇਂਦਰੀਕਰਨ ਰੋਕ ਸਕਣਗੇ ਪੰਜਾਬੀ ?

ਡਾ. ਅਮਨਪ੍ਰੀਤ ਸਿੰਘ ਬਰਾੜ

ਕਿਸੇ ਵੀ ਦੇਸ਼ ਦੀ ਤਰੱਕੀ ਲਈ ਸਿੱਖਿਆ ਸਭ ਤੋਂ ਵੱਡਾ ਹਥਿਆਰ ਮੰਨਿਆ ਗਿਆ ਹੈ, ਇਸ ਗੱਲ ਦਾ ਪ੍ਰਮਾਣ ਸਾਨੂੰ ਪੁਰਾਣੇ ਸਮੇਂ ਦੇ ਰਾਜਿਆਂ ਦੀ ਸਿੱਖਿਆ ਪ੍ਰਣਾਲੀ ਅਤੇ ਸਿੱਖ ਰਾਜ ਬਾਰੇ ਅੰਗਰੇਜ਼ਾਂ ਵਲੋਂ ਲਿਖੀਆਂ ਪੁਸਤਕਾਂ 'ਚੋਂ ਵੀ ਮਿਲਦਾ ਹੈ। ਭਾਰਤ ਦਾ ਸਿੱਖਿਆ ਦੇ ਖੇਤਰ 'ਚ ਬਹੁਤ ਉੱਚਾ ਸਥਾਨ ਹੈ, ਪਰ ਸਾਡੀਆਂ ਯੂਨੀਵਰਸਿਟੀਆਂ ਖਾਸ ਕਰਕੇ ਸਰਕਾਰੀ ਸੰਸਥਾਵਾਂ ਦਾ ਮਿਆਰ ਡਿਗਦਾ ਜਾ ਰਿਹਾ ਹੈ ਅਤੇ ਕੇਂਦਰ ਸੂਬੇ ਦੀਆਂ ਯੂਨੀਵਰਸਿਟੀਆਂ ਉੱਪਰ ਆਪਣੀ ਪਕੜ ਮਜ਼ਬੂਤ ਕਰਦਾ ਜਾ ਰਿਹਾ ਹੈ। ਹਾਲ ਹੀ ਵਿਚ ਪੰਜਾਬੀ ਯੂਨੀਵਰਸਿਟੀ ਦੀ ਸੈਨੇਟ ਤੇ ਸਿੰਡੀਕੇਟ ਨੂੰ ਭੰਗ ਕਰ ਕੇ ਸਾਰੇ ਕੰਟਰੋਲ ਉਪ ਕੁਲਪਤੀ ਨੂੰ ਦੇਣ ਲਈ ਰਸਤਾ ਤਿਆਰ ਕੀਤਾ ਗਿਆ ਸੀ, ਭਾਵੇਂ ਹਾਲ ਦੀ ਘੜੀ ਵਿਦਿਆਰਥੀ ਅੰਦੋਲਨ ਕਾਰਨ ਕੇਂਦਰ ਸਰਕਾਰ ਇਹ ਫ਼ੈਸਲਾ ਵਾਪਸ ਲੈਣ ਲਈ ਮਜ਼ਬੂਰ ਹੋਈ ਹੈ। ਇਸ ਦੀ ਸ਼ੁਰੂਆਤ ਬੰਗਾਲ ਸਰਕਾਰ ਵਲੋਂ ਲਗਾਏ ਉਪ ਕਲਪਤੀ (ਵੀ.ਸੀ.) ਨੂੰ ਰਾਜਪਾਲ ਵਲੋਂ ਮਨਜ਼ੂਰੀ ਨਾ ਦੇ ਕੇ ਕੀਤੀ ਗਈ ਸੀ। ਉਸ ਸਮੇਂ ਬੰਗਾਲ ਸਰਕਾਰ ਨੇ ਵਿਧਾਨ ਸਭਾ ਵਿਚ ਕਾਨੂੰਨ ਪਾਸ ਕਰਕੇ ਯੂਨੀਵਰਸਿਟੀਆਂ ਦਾ ਚਾਂਸਲਰ ਸੂਬੇ ਦੇ ਰਾਜਪਾਲ ਦੀ ਬਜਾਏ ਮੁੱਖ ਮੰਤਰੀ ਨੂੰ ਬਣਾਉਣਾ ਸੀ, ਹਾਲਾਂਕਿ ਇਸ ਕਾਨੂੰਨ ਨੂੰ ਰਾਸ਼ਟਰਪਤੀ ਨੇ ਮਨਜ਼ੂਰੀ ਨਹੀਂ ਦਿੱਤੀ ਸੀ। ਪੰਜਾਬ ਵਿਚ ਵੀ ਸੂਬਾ ਸਰਕਾਰ ਵਲੋਂ ਬਾਬਾ ਫ਼ਰੀਦ ਯੂਨੀਵਰਸਿਟੀ ਲਈ ਨਾਮਜ਼ਦ ਕੀਤੇ ਉਪ ਕੁਲਪਤੀ ਨੂੰ ਰਾਜਪਾਲ ਨੇ ਮਨਜ਼ੂਰੀ ਨਹੀਂ ਦਿੱਤੀ ਸੀ। ਮੈਡੀਕਲ ਯੂਨੀਵਰਸਿਟੀ ਤੋਂ ਬਾਅਦ ਅਜਿਹਾ ਹਮਲਾ ਪੀ.ਏ.ਯੂ. ਦੇ ਵਾਈਸ ਚਾਂਸਲਰ ਨੂੰ ਹਟਾਉਣ 'ਤੇ ਵੀ ਹੋਇਆ। ਇਸ ਤੋਂ ਬਾਅਦ ਯੂ.ਜੀ.ਸੀ. (ਯੂਨੀਵਰਸਿਟੀ ਗਰਾਂਟਸ ਕਮਿਸ਼ਨ) ਨੇ ਜਨਵਰੀ 2025 ਵਿਚ ਇਕ ਖਰੜਾ ਲਿਆਂਦਾ, ਜਿਸ ਤਹਿਤ ਉਪ ਕੁਲਪਤੀ ਦੀ ਨਿਯੁਕਤੀ ਦੇ ਨਿਯਮਾਂ ਵਿਚ ਤਬਦੀਲੀ ਕੀਤੀ ਗਈ। ਜਿਸ ਦਾ ਮਕਸਦ ਇਹ ਸੀ ਕਿ ਕੇਂਦਰ ਵਿਚ ਜੋ ਵੀ ਸਰਕਾਰ ਹੋਵੇਗੀ, ਉਹ ਆਪਣੀ ਮਰਜ਼ੀ ਦੇ ਵਾਈਸ ਚਾਂਸਲਰ ਲਗਾਏਗੀ। ਇਸ ਵਰਤਾਰੇ ਵਿਰੁੱਧ ਜਨਵਰੀ 2025 'ਚ ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ ਨੇ ਆਵਾਜ਼ ਚੁੱਕੀ ਸੀ, ਪਰ ਭਾਜਪਾ ਸ਼ਾਸਿਤ ਸੂਬਿਆਂ ਦੀਆਂ ਸਰਕਾਰਾਂ ਵਲੋਂ ਇਸ ਦਾ ਵਿਰੋਧ ਹੋਇਆ। ਇਥੋਂ ਤੱਕ ਕਿ ਯੂਨੀਵਰਸਿਟੀਆਂ 'ਚ ਪੜ੍ਹਾਉਂਦੇ ਪ੍ਰੋਫੈਸਰਾਂ ਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੇ ਵੀ ਕੋਈ ਆਵਾਜ਼ ਨਾ ਚੁੱਕੀ। ਸ਼ਾਇਦ ਸਾਡੀ ਪੜ੍ਹੀ-ਲਿਖੀ ਪੀੜ੍ਹੀ ਨੂੰ ਜਾਂ ਤਾਂ ਸਰਕਾਰੀ ਨੀਤੀਆਂ ਦੀ ਸਮਝ ਨਹੀਂ ਪੈਂਦੀ ਜਾਂ ਸਰਕਾਰਾਂ ਦੇ ਦਬਾਅ ਕਾਰਨ ਬੁੱਧੀਜੀਵੀ ਵਰਗ ਚੁੱਪ ਰਹਿਣ ਨੂੰ ਹੀ ਤਰਜੀਹ ਦਿੰਦਾ ਹੈ।



**ਉਪ ਕੁਲਪਤੀ ਦੀ ਨਿਯੁਕਤੀ ਵਿਚ ਬਦਲਾਅ** : ਇਸ ਬਦਲਾਅ ਤੋਂ ਪਹਿਲਾਂ ਉਪ ਕੁਲਪਤੀ ਉਹ ਲੱਗਦੇ ਸਨ, ਜਿਨ੍ਹਾਂ ਨੇ ਸਿੱਖਿਆ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰੀਆਂ ਹੁੰਦੀਆਂ ਸਨ। ਇਸ ਪ੍ਰਕਿਰਿਆ ਨੂੰ ਸਭ ਤੋਂ ਪਹਿਲਾਂ ਸੂਬਾ ਸਰਕਾਰਾਂ ਨੇ ਹੀ ਤੋੜ ਕੇ ਆਪਣੇ ਨੇੜਲੇ ਅਕਾਦਮਿਕਾਂ (ਅਕੈਡਮਿਸ਼ਨ) ਨੂੰ ਉਪ ਕੁਲਪਤੀ ਲਗਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਨ੍ਹਾਂ ਨੇ ਸਰਕਾਰ ਦੀ ਹਰ ਗੱਲ 'ਚ ਹਾਮੀ ਭਰਨੀ ਸ਼ੁਰੂ ਕਰ ਦਿੱਤੀ ਸੀ। ਇਸ ਨਾਲ ਪੜ੍ਹਾਈ ਪ੍ਰਭਾਵਿਤ ਹੋਣ ਦੇ ਨਾਲ ਹੀ ਯੂਨੀਵਰਸਟੀਆਂ ਦੀ ਤਰੱਕੀ 'ਤੇ ਅਸਰ ਪਿਆ ਤੇ ਇਹ ਸਿਆਸਤ ਦਾ ਅਖਾੜਾ ਬਣ ਕੇ ਰਹਿ ਗਈਆਂ। ਇਸ ਗੱਲ ਨੂੰ ਅੱਗੇ ਤੋਰਦਿਆਂ ਹੁਣ ਕੇਂਦਰ ਸਰਕਾਰ ਵਲੋਂ ਯੂਨੀਵਰਸਟੀਆਂ ਨੂੰ ਸੂਬਾ ਸਰਕਾਰਾਂ ਦੇ ਹੱਥਾਂ 'ਚੋਂ ਖੋਹ ਕੇ ਆਪਣੇ ਅਧੀਨ ਕਰਨ ਦੇ ਅਸਿੱਧੇ ਤਰੀਕੇ ਅਪਣਾਏ ਜਾ ਰਹੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਆਪਣੇ ਰਵੱਈਏ ਕਰਕੇ ਕਾਫੀ ਚਰਚਾ ਵਿਚ ਰਹੇ ਹਨ। ਨਵੀਂ ਪ੍ਰਕਿਰਿਆ ਤਹਿਤ ਰਾਜਪਾਲ ਸੂਬੇ ਦੇ ਮੁੱਖ ਮੰਤਰੀ ਨੂੰ ਭਰੋਸੇ ਵਿਚ ਲਏ ਬਗੈਰ ਖੁਦ ਉਪ ਕੁਲਪਤੀ ਲਗਾ ਸਕਦਾ ਹੈ, ਮਤਲਬ ਰਾਜਪਾਲ ਸੂਬੇ ਦੀ ਕਿਸੇ ਯੂਨੀਵਰਸਿਟੀ ਦਾ ਉਪ ਕੁਲਪਤੀ ਲਾਉਣ ਲਈ 3 ਮੈਂਬਰੀ ਕਮੇਟੀ ਬਣਾ ਕੇ ਕਮੇਟੀ ਵਲੋਂ ਸੁਝਾਏ ਨਾਵਾਂ 'ਚੋਂ ਕਿਸੇ ਨੂੰ ਉਪ ਕੁਲਪਤੀ ਬਣਾ ਦੇਵੇਗਾ। ਦੂਸਰੀ ਵੱਡੀ ਤਬਦੀਲੀ ਇਹ ਹੈ ਕਿ ਜ਼ਰੂਰੀ ਨਹੀਂ ਕਿ ਉਪ ਕੁਲਪਤੀ ਸਿੱਖਿਆ ਖੇਤਰ ਨਾਲ ਸੰਬੰਧਿਤ ਹੋਵੇ। ਉਸ ਕੋਲ ਉਦਯੋਗ ਸਮੇਤ ਕਿਸੇ ਵੀ ਖੇਤਰ ਵਿਚ ਪ੍ਰਬੰਧਕ ਵਜੋਂ ਉੱਚੇ ਅਹੁਦੇ 'ਤੇ 10 ਸਾਲ ਕੰਮ ਕਰਨ ਦਾ ਤਜਰਬਾ ਹੀ ਹੋਣਾ ਚਾਹੀਦਾ ਹੈ ਅਤੇ ਉਸ ਦੀ ਉਮਰ 70 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਜਿਸ ਦਾ ਅਰਥ ਹੈ ਕਿ ਸੂਬੇ ਦੀਆਂ ਸਿਵਲ ਸੇਵਾਵਾਂ ਦੇ ਅਧਿਕਾਰੀ ਅਤੇ ਸੈਨਾ 'ਚ ਕਰਨਲ ਰੈਂਕ ਤੋਂ ਉੱਪਰ ਸੇਵਾਮੁਕਤ ਹੋਏ ਸਭ ਅਧਿਕਾਰੀ ਉਪ ਕੁਲਪਤੀ ਲੱਗਣ ਦੀ ਯੋਗਤਾ ਰੱਖਦੇ ਹਨ। ਇਸ ਪਿੱਛੇ ਸੋਚ ਹੈ ਕਿ ਇਹ ਅਧਿਕਾਰੀ ਪਹਿਲਾਂ ਹੀ ਸਰਕਾਰ ਦੀ ਇੱਛਾ ਨੂੰ ਸਮਝਣ ਵਿਚ ਨਿਪੁੰਨ ਹੁੰਦੇ ਹਨ ਕਿ ਸਰਕਾਰ ਕੀ ਚਾਹੁੰਦੀ ਹੈ। ਅਜਿਹੇ ਅਧਿਕਾਰੀ ਡੰਡੇ ਦੇ ਜ਼ੋਰ ਨਾਲ ਕੰਮ ਕਰਾਉਣ ਵਿਚ ਵੀ ਮਾਹਿਰ ਹੁੰਦੇ ਹਨ। ਹੁਣ ਉਪ ਕੁਲਪਤੀ ਦੇ ਕਾਰਜਕਾਲ ਦਾ ਸਮਾਂ ਵੀ 3-4 ਸਾਲ ਦੀ ਬਜਾਏ 5 ਸਾਲ ਦਾ ਹੋਵੇਗਾ। ਜ਼ਿਕਰਯੋਗ ਹੈ ਕਿ ਇਸੇ ਤਰ੍ਹਾਂ ਦੀਆਂ ਤਬਦੀਲੀਆਂ ਪ੍ਰਿੰਸੀਪਲਾਂ ਤੇ ਪ੍ਰੋਫੈਸਰਾਂ ਦੀਆਂ ਨਿਯੁਕਤੀਆਂ 'ਚ ਵੀ ਕੀਤੀਆਂ ਗਈਆਂ ਹਨ, ਤਾਂ ਜੋ ਸਰਕਾਰੀ ਏਜੰਡੇ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਸਕੇ।

**ਇਹ ਸਭ ਕੁਝ ਕਿਉਂ ?**

ਇਸ ਸਮੇਂ ਪ੍ਰਾਈਵੇਟ ਜਾਂ ਸਰਕਾਰੀ ਯੂਨੀਵਰਸਿਟੀਆਂ ਨਾਲ ਜੁੜੇ ਸਭ ਪ੍ਰਾਈਵੇਟ ਅਦਾਰੇ ਤਾਂ ਪਹਿਲਾਂ ਹੀ ਸਰਕਾਰੀ ਸੋਚ ਤੇ ਨੀਤੀਆਂ ਅਨੁਸਾਰ ਚੱਲ ਰਹੇ ਹਨ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਪ੍ਰਾਈਵੇਟ ਅਦਾਰਿਆਂ ਵਾਲੇ ਹੀ ਨਵੀਂ ਕੇਂਦਰੀ ਸਿੱਖਿਆ ਨੀਤੀ ਦੇ ਅਸਲ ਘਾੜੇ ਹਨ, ਕਿਉਂਕਿ ਉਨ੍ਹਾਂ 'ਚੋਂ ਬਹੁਤੇ ਖੁੱਲ੍ਹੇਆਮ ਕਿਸੇ ਨਾ ਕਿਸੇ ਸਿਆਸੀ ਪਾਰਟੀ ਨਾਲ ਜੁੜੇ ਹੁੰਦੇ ਹਨ। ਇਹ ਵਿੱਦਿਅਕ ਅਦਾਰਿਆਂ ਨੂੰ ਕਾਰਪੋਰੇਟ ਦੀ ਤਰ੍ਹਾਂ ਚਲਾਉਂਦੇ ਹਨ ਅਤੇ ਇਥੇ ਕੰਮ ਕਰਨ ਵਾਲਿਆਂ ਨੂੰ ਮਾਲਕਾਂ ਦੀ ਮਰਜ਼ੀ ਮੰਨਣੀ ਪੈਂਦੀ ਹੈ, ਅਧਿਆਪਕਾਂ ਨੂੰ ਮੈਨੇਜਮੈਂਟ ਦਾ ਏਜੰਡਾ ਚਲਾਉਣਾ ਪੈਂਦਾ ਹੈ। ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਨੌਕਰੀ ਤੋਂ ਹੱਥ ਧੋਣੇ ਪੈਣਗੇ। ਇਨ੍ਹਾਂ ਅਦਾਰਿਆਂ 'ਚ ਯੂ.ਜੀ.ਸੀ. ਦੀਆਂ ਸ਼ਰਤਾਂ ਪੂਰੀਆਂ ਕਰਨ ਤੇ ਹੋਰ ਕਾਗਜ਼ੀ ਕਾਰਵਾਈ ਲਈ ਜੋ ਉਪ ਕੁਲਪਤੀ ਰੱਖੇ ਜਾਂਦੇ ਹਨ, ਉਨ੍ਹਾਂ 'ਚੋਂ ਬਹੁਤਿਆਂ ਨੂੰ ਲੋਕ ਜਾਣਦੇ ਪਹਿਚਾਣਦੇ ਨਹੀਂ ਹੁੰਦੇ, ਕਿਉਂਕਿ ਇਨ੍ਹਾਂ ਦੇ ਮਾਲਕ ਹੀ ਚਾਂਸਲਰ ਹੁੰਦੇ ਹਨ, ਜਦਕਿ ਸਰਕਾਰੀ ਯੂਨੀਵਰਸਿਟੀਆਂ ਦਾ ਚਾਂਸਲਰ ਰਾਜਪਾਲ ਹੁੰਦਾ ਹੈ। ਨਿੱਜੀ ਯੂਨੀਵਰਸਿਟੀਆਂ ਕਈ ਨਿਯਮ ਪੂਰੇ ਨਹੀਂ ਕਰਦੀਆਂ, ਜਿਸ ਕਰਕੇ ਯੂ.ਜੀ.ਸੀ. ਸਮੇਂ-ਸਮੇਂ 'ਤੇ ਇਨ੍ਹਾਂ ਦੇ ਕੋਰਸ ਬੰਦ ਕਰਦੀ ਰਹਿੰਦੀ ਹੈ ਜਾਂ ਫਿਰ ਯੂਨੀਵਰਸਿਟੀਆਂ ਦੀ ਮਾਨਤਾ ਵੀ ਰੱਦ ਕਰ ਦਿੱਤੀ ਜਾਂਦੀ ਹੈ। ਪੜ੍ਹਾਈ ਦਾ ਮਿਆਰ ਏਨਾ ਡੇਗ ਦਿੱਤਾ ਗਿਆ ਹੈ ਕਿ ਫੀਸ ਦੇ ਚੱਕਰ ਵਿਚ ਅਰਜ਼ੀ ਲਿਖਣ ਤੋਂ ਅਸਮਰੱਥ ਵਿਦਿਆਰਥੀਆਂ ਨੂੰ ਵੀ ਨਿੱਜੀ ਯੂਨੀਵਰਸਿਟੀਆਂ ਜਾਅਲੀ ਡਿਗਰੀਆਂ ਦੇਈ ਜਾ ਰਹੀਆਂ ਹਨ। ਇੰਡੀਆ ਸਕਿੱਲ ਦੀ ਰਿਪੋਰਟ ਅਨੁਸਾਰ 54 ਫ਼ੀਸਦੀ ਗਰੈਜੂਏਟ ਕੋਈ ਨੌਕਰੀ ਕਰਨ ਦੇ ਕਾਬਲ ਨਹੀਂ, ਕਿਉਂਕਿ ਉਨ੍ਹਾਂ ਨੂੰ ਕੁਝ ਵੀ ਨਹੀਂ ਆਉਂਦਾ। ਇਸ ਧਾਂਦਲੀ ਨੂੰ ਰੋਕਣ ਵਾਲੀਆਂ ਏਜੰਸੀਆਂ ਕੋਈ ਪੁਖਤਾ ਕਦਮ ਨਹੀਂ ਚੁੱਕ ਸਕੀਆਂ। ਅੱਜ ਸਰਕਾਰੀ ਯੂਨੀਵਰਸਿਟੀਆਂ ਦਾ ਹਾਲ ਵੀ ਕੋਈ ਬਹੁਤਾ ਵਧੀਆ ਨਹੀਂ, ਜਿੱਥੇ ਉਪ ਕੁਲਪਤੀ ਨੂੰ ਪ੍ਰੋਟੋਕੋਲ ਦਾ ਹੀ ਪਤਾ ਨਹੀਂ। ਇਕ ਰਜਿਸਟਰਾਰ ਨੇ ਜੁਆਇਨ ਕਰਨਾ ਹੋਵੇ ਤਾਂ ਉਪ ਕੁਲਪਤੀ ਉਸ ਦੇ ਸਵਾਗਤ ਲਈ ਗੁਲਦਸਤਾ ਲੈ ਕੇ ਗੇਟ 'ਤੇ ਖੜ੍ਹਾ ਹੁੰਦਾ ਹੈ। ਸਰਕਾਰੀ ਯੂਨੀਵਰਸਿਟੀਆਂ ਦੇ ਉਪ ਕੁਲਪਤੀ ਹੁਣ ਵਿਭਾਗਾਂ ਦੇ ਮੁਖੀਆਂ ਨੂੰ ਉਸ ਦੇ ਪਿੱਛੇ ਖੜ੍ਹ ਕੇ ਜੁਆਇਨ ਕਰਾਉਂਦੇ ਹਨ, ਜਦਕਿ ਪ੍ਰੋਟੋਕੋਲ ਮੁਤਾਬਿਕ ਇਨ੍ਹਾਂ ਨੇ ਜੁਆਇਨ ਕਰਕੇ ਉਪ ਕੁਲਪਤੀ ਨੂੰ ਰਿਪੋਰਟ ਕਰਨਾ ਹੁੰਦੀ ਹੈ। ਅਜਿਹੇ ਹਾਲਾਤ ਵਿਚ ਪੜ੍ਹਾਈ ਦਾ ਮਿਆਰ ਫਿਰ ਕਿਉਂ ਚਾਪਲੂਸੀ ਦਾ ਸ਼ਿਕਾਰ ਨਹੀਂ ਹੋਵੇਗਾ ? ਖੇਤੀ, ਪੜ੍ਹਾਈ ਤੇ ਸਿਹਤ ਤਿੰਨਾਂ ਖੇਤਰਾਂ ਵਿਚ ਆਬਾਦੀ ਦੇ ਵਧਣ ਨਾਲ ਲੋੜ ਤੇ ਮੰਗ ਵਧਦੀ ਹੈ। ਸਿਹਤ ਤੇ ਪੜ੍ਹਾਈ ਬਹੁਤੀ ਪਹਿਲਾਂ ਹੀ ਪ੍ਰਾਈਵੇਟ ਹੱਥਾਂ ਵਿਚ ਹੈ, ਦਿੱਲੀ ਵਿਚ ਆਈ.ਏ.ਆਰ.ਆਈ. (ਪੂਸਾ ਇੰਸਟੀਚਿਊਟ) ਨਾਲ ਇਕ ਬਾਹਰਲੀ ਕੰਪਨੀ ਨੇ ਹਿੱਸੇਦਾਰੀ ਨਾਲ ਖੋਜ ਕਰਨੀ ਸ਼ੁਰੂ ਕਰ ਦਿੱਤੀ ਹੈ। ਹੁਣ ਭਾਰਤ ਵਿਦੇਸ਼ੀ ਯੂਨੀਵਰਸਿਟੀਆਂ ਦੀ ਆਮਦ ਲਈ ਖੁੱਲ੍ਹ ਚੁੱਕਾ ਹੈ। ਸਭ ਸਰਕਾਰੀ ਵਿੱਦਿਅਕ ਅਦਾਰੇ ਜ਼ਿਆਦਾਤਰ ਪ੍ਰਮੁੱਖ ਸ਼ਹਿਰਾਂ ਦੇ ਸਭ ਤੋਂ ਕੀਮਤੀ ਸਥਾਨਾਂ 'ਤੇ ਹਨ, ਕਿਤੇ ਇਹ ਵਿਦੇਸ਼ੀ ਯੂਨੀਵਰਸਟੀਆਂ ਸਰਕਾਰੀ ਯੂਨੀਵਰਸਿਟੀਆਂ ਵਿਚ ਹਿੱਸੇਦਾਰੀ ਕਰਕੇ ਜਾਂ ਉਨ੍ਹਾਂ ਨੂੰ ਖ਼ਰੀਦ ਕੇ ਉਨ੍ਹਾਂ 'ਤੇ ਕਾਬਜ਼ ਤਾਂ ਨਹੀਂ ਹੋਣਾ ਚਾਹੁੰਦੀਆਂ ? ਇਹ ਸਵਾਲ ਵਿਚਾਰਨਯੋਗ ਹੈ। ਸਰਕਾਰੀ ਯੂਨੀਵਰਸਿਟੀਆਂ ਨੇ ਬਹੁਤ ਸਾਰੇ ਸਿਆਸੀ ਆਗੂ ਦਿੱਤੇ ਹਨ, ਜਿਨ੍ਹਾਂ ਦੇ ਦਿਸ਼ਾ-ਨਿਰਦੇਸ਼ ਬਹੁਤ ਸੂਝ-ਬੂਝ ਵਾਲੇ ਹੁੰਦੇ ਸਨ। ਪਰ ਅੱਜ ਪੰਜਾਬ ਵਿਚ ਲੀਡਰਸ਼ਿਪ ਦਾ ਖਲਾਅ ਪੈਦਾ ਹੋ ਗਿਆ ਹੈ। ਪੰਜਾਬ ਯੂਨੀਵਰਸਿਟੀ ਦੇ ਨਵੇਂ ਵਿਦਿਆਰਥੀਆਂ ਤੋਂ ਜਿਵੇਂ ਅੰਦੋਲਨ ਨਾ ਕਰਨ ਸੰਬੰਧੀ ਹਲਫੀਆ ਬਿਆਨ ਲੈਣ ਦੀ ਅਸਫਲ ਕੋਸ਼ਿਸ਼ ਹੋਈ ਹੈ, ਉਸ ਤੋਂ ਸਪੱਸ਼ਟ ਹੈ ਕਿ ਆਉਣ ਵਾਲੇ ਸਮੇਂ 'ਚ ਪੰਜਾਬ ਦੀ ਅਗਵਾਈ ਕਰਨ ਵਾਲੀ ਸਰਕਾਰੀ ਯੂਨੀਵਰਸਿਟੀਆਂ ਤੋਂ ਪੜ੍ਹੇ ਲਿਖੇ ਲੀਡਰ ਘੱਟ ਹੀ ਮਿਲਣਗੇ।

**ਨਿਚੋੜ:** ਜੋ ਬਦਲਾਅ ਉਪ ਕੁਲਪਤੀ ਦੀ ਭਰਤੀ ਲਈ ਕੀਤਾ ਗਿਆ ਹੈ, ਉਹ ਇਸ ਕਰਕੇ ਹੈ ਤਾਂ ਕਿ ਇਕ ਖਾਸ ਤਰ੍ਹਾਂ ਦੀ ਵਿਚਾਰਧਾਰਾ ਵਾਲੇ ਵਿਅਕਤੀਆਂ ਨੂੰ ਹੀ ਭਰਤੀ ਕੀਤਾ ਜਾਵੇ ਅਤੇ ਉਹ ਵਿੱਦਿਅਕ ਢਾਂਚੇ ਦੀ ਸੋਚ ਨੂੰ ਹੀ ਬਦਲ ਦੇਣ। ਵਿਚਾਰਨਯੋਗ ਹੈ ਕਿ ਜੇਕਰ ਟੈਕਸ ਲਗਾਉਣ, ਮੰਡੀਕਰਨ, ਪੜ੍ਹਾਈ, ਸਿਹਤ, ਖੇਤੀ ਸਭ ਵਿਸ਼ਿਆਂ 'ਤੇ ਕੇਂਦਰ ਨੇ ਹੀ ਕਾਨੂੰਨ ਬਣਾ ਕੇ ਰਾਜਪਾਲਾਂ ਤੋਂ ਲਾਗੂ ਕਰਵਾਉਣੇ ਹਨ ਤਾਂ ਸੂਬਾ ਸਰਕਾਰਾਂ ਦੀ ਕੀ ਲੋੜ ਹੈ ? ਫਿਰ ਰਾਜਪਾਲ ਆਪੇ ਕੇਂਦਰ ਦੇ ਬਣਾਏ ਕਾਨੂੰਨਾਂ ਨੂੰ ਸਕੱਤਰਾਂ ਤੋਂ ਲਾਗੂ ਕਰਵਾ ਲਿਆ ਕਰਨਗੇ। ਸੰਘੀ ਢਾਂਚਾ ਦਿਨੋ-ਦਿਨ ਕਮਜ਼ੋਰ ਹੋ ਰਿਹਾ ਹੈ, ਅਜਿਹੀ ਸਥਿਤੀ ਬਿਨਾਂ ਸ਼ੱਕ ਸਾਡੇ ਦੇਸ਼ ਵਿਚ ਅਸਥਿਰਤਾ ਆਵੇਗੀ। ਭਾਵੇਂ ਪੰਜਾਬ ਦੇ ਸਿਆਸਤਦਾਨ ਕਿਸੇ ਵੀ ਪਾਰਟੀ ਨਾਲ ਸੰਬੰਧਿਤ ਹੋਣ, ਹੁਣ ਉਨ੍ਹਾਂ ਸਾਰਿਆਂ ਨੂੰ ਇੱਕਠੇ ਹੋ ਕੇ ਪੰਜਾਬ ਤੇ ਪੰਜਾਬ ਦੀ ਸਿੱਖਿਆ ਨੂੰ ਬਚਾਉਣਾ ਚਾਹੀਦਾ ਹੈ ਅਤੇ ਸੱਤਾ ਲਈ ਤਾਂ ਉਹ ਬਾਅਦ ਵਿਚ ਵੀ ਲੜ ਸਕਦੇ ਹਨ।

# ਅੱਤਵਾਦ ਦਾ ਨਵਾਂ ਰੂਪ



ਆਖ਼ਰ ਇਹ ਸ਼ੱਕ ਸੱਚ ਸਾਬਤ ਹੋਇਆ ਕਿ ਦਿੱਲੀ 'ਚ ਲਾਲ ਕਿਲ੍ਹੇ ਦੇ ਨੇੜੇ 10 ਲੋਕਾਂ ਦੀ ਜਾਨ ਲੈਣ ਵਾਲਾ ਕਾਰ ਧਮਾਕਾ ਅੱਤਵਾਦੀ ਘਟਨਾ ਹੋ ਸਕਦਾ ਹੈ। ਧਮਾਕਾਖੇਜ਼ ਸਮੱਗਰੀ ਨਾਲ ਲੈਸ ਕਾਰ ਦਾ ਚਾਲਕ ਡਾਕਟਰ ਉਮਰ ਮੁਹੰਮਦ ਉਨ੍ਹਾਂ ਸ਼ੱਕੀ ਅੱਤਵਾਦੀਆਂ ਦਾ ਸਾਥੀ ਨਿਕਲਿਆ, ਜਿਨ੍ਹਾਂ ਦੇ ਟਿਕਾਣਿਆਂ ਤੋਂ ਲਗਪਗ ਤਿੰਨ ਹਜ਼ਾਰ ਕਿੱਲੋ ਧਮਾਕਾਖੇਜ਼ ਸਮੱਗਰੀ ਤੇ ਘਾਤਕ ਹਥਿਆਰ ਬਰਾਮਦ ਕੀਤੇ ਗਏ ਸਨ। ਅੱਤਵਾਦੀ ਦਿੱਲੀ 'ਚ ਜਿਸ ਤਰ੍ਹਾਂ 14 ਸਾਲਾਂ ਬਾਅਦ ਇਕ ਵੱਡੀ ਘਟਨਾ ਨੂੰ ਅੰਜਾਮ ਦੇਣ 'ਚ ਸਫ਼ਲ ਹੋ ਗਏ, ਉਸ ਨੇ ਮੋਦੀ ਸਰਕਾਰ ਦੇ ਨਾਲ ਪੁਲਿਸ, ਖੁਫ਼ੀਆ ਸੰਗਠਨਾਂ ਅਤੇ ਅੱਤਵਾਦ ਰੋਕੂ ਏਜੰਸੀਆਂ ਦੀ ਚੁਣੌਤੀ ਵਧਾ ਦਿੱਤੀ ਹੈ। ਸੁਰੱਖਿਆ ਏਜੰਸੀਆਂ ਅੱਤਵਾਦੀਆਂ ਤੇ ਉਨ੍ਹਾਂ ਦੇ ਟਿਕਾਣਿਆਂ ਤੱਕ ਤਾਂ ਪੁੱਜ ਗਈਆਂ, ਪਰ ਉਹ ਉਨ੍ਹਾਂ ਦੇ ਪੂਰੇ ਨੈਟਵਰਕ ਨੂੰ ਨਾਕਾਮ ਨਹੀਂ ਕਰ ਸਕੀਆਂ। ਕੇਂਦਰ ਸਰਕਾਰ ਦੇ ਸਖ਼ਤ ਰੁਖ਼ ਨੂੰ ਦੇਖਦੇ ਹੋਏ ਇਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ ਕਿ ਸੁਰੱਖਿਆ ਏਜੰਸੀਆਂ ਆਖ਼ਰ ਇਸ ਪੂਰੇ ਅੱਤਵਾਦੀ ਨੈਟਵਰਕ ਨੂੰ ਤਬਾਹ ਕਰਨ 'ਚ ਸਮਰੱਥ ਹੋਣਗੀਆਂ, ਪਰ ਸਮੱਸਿਆ ਸਿਰਫ਼ ਇਕ ਅੱਤਵਾਦੀ ਨੈਟਵਰਕ ਦੀ ਨਹੀਂ ਹੈ। ਪਿਛਲੇ ਦਿਨੀਂ ਕਈ ਅਜਿਹੇ ਅੱਤਵਾਦੀ ਨੈਟਵਰਕ ਫੜੇ ਗਏ ਹਨ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਸਰਗਰਮ ਹੋ ਕੇ ਅੱਤਵਾਦ ਦੀ ਸਾਜ਼ਿਸ਼ ਰਚ ਰਹੇ ਸਨ। ਸਪੱਸ਼ਟ ਹੈ ਕਿ ਸੁਰੱਖਿਆ ਏਜੰਸੀਆਂ ਤੇ ਵਿਸ਼ੇਸ਼ ਰੂਪ ਨਾਲ ਅੱਤਵਾਦ ਰੋਕੂ ਏਜੰਸੀਆਂ ਨੂੰ ਹੋਰ ਵੱਧ ਚੌਕਸ ਹੋਣਾ ਪਵੇਗਾ ਤੇ ਆਪਸੀ ਸਹਿਯੋਗ ਵੀ ਦਿਖਾਉਣਾ ਪਵੇਗਾ।

ਕਸ਼ਮੀਰ ਦੇ ਅੱਤਵਾਦੀਆਂ ਨੇ ਜਿਸ ਤਰ੍ਹਾਂ ਫ਼ਰੀਦਾਬਾਦ 'ਚ ਟਿਕਾਣਾ ਬਣਾ ਲਿਆ, ਉਸ ਨੂੰ ਦੇਖਦੇ ਹੋਏ ਇਹ ਸਾਫ਼ ਹੈ ਕਿ ਉਹ ਦੇਸ਼ 'ਚ ਕਿਤੇ ਵੀ ਤੇ ਕਿਸੇ ਵੀ ਰੂਪ 'ਚ ਲੁਕੇ ਹੋ ਸਕਦੇ ਹਨ। ਦਿੱਲੀ ਨੂੰ ਦਹਿਲਾਉਣ ਵਾਲੀ ਘਟਨਾ ਲਈ ਜਿਨ੍ਹਾਂ ਅੱਤਵਾਦੀਆਂ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ, ਉਨ੍ਹਾਂ ਦੇ ਤਾਰ ਜਿਸ ਤਰ੍ਹਾਂ ਪਾਕਿਸਤਾਨ ਨਾਲ ਜੁੜ ਰਹੇ ਹਨ, ਉਸ 'ਤੇ ਹੈਰਾਨੀ ਨਹੀਂ। ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਅੱਤਵਾਦ ਖਿਲਾਫ਼ ਨਵੀਂ ਨੀਤੀ ਦੇ ਤਹਿਤ ਕੀ ਪਾਕਿਸਤਾਨ ਖ਼ਿਲਾਫ਼ ਨਵੇਂ ਸਿਰੇ ਤੋਂ ਕੋਈ ਸਖ਼ਤ ਕਾਰਵਾਈ ਕੀਤੀ ਜਾਵੇਗੀ ?

ਇਹ ਸਵਾਲ ਇਸ ਲਈ ਵੀ, ਕਿਉਂਕਿ ਆਪ੍ਰੇਸ਼ਨ ਸਿੰਧੂਰ ਅਜੇ ਜਾਰੀ ਹੈ। ਬਿਨਾਂ ਸ਼ੱਕ ਚੁਣੌਤੀ ਸਿਰਫ਼ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਹੀ ਨਹੀਂ, ਇਸ ਦੀ ਵੀ ਹੈ ਕਿ ਉਸ ਦੇ ਉਕਸਾਵੇ 'ਚ ਆ ਕੇ ਕਸ਼ਮੀਰ ਤੋਂ ਲੈ ਕੇ ਕੇਰਲ ਤੱਕ ਅੱਤਵਾਦ ਦੇ ਰਾਹ 'ਤੇ ਚੱਲਣ ਵਾਲਿਆਂ 'ਤੇ ਕਿਵੇਂ ਲਗਾਮ ਲੱਗੇ। ਇਹ ਚੁਣੌਤੀ ਸਿਰਫ਼ ਸਰਕਾਰ ਦੇ ਸਾਹਮਣੇ ਹੀ ਨਹੀਂ, ਸਮਾਜ ਤੇ ਵਿਸ਼ੇਸ਼ ਰੂਪ ਨਾਲ ਮੁਸਲਿਮ ਸਮਾਜ ਦੇ ਸਾਹਮਣੇ ਵੀ ਹੈ। ਇਹ ਵੱਡੇ ਸੰਕਟ ਦਾ ਸੂਚਕ ਹੈ ਕਿ ਡਾਕਟਰੀ ਦੀ ਪੜ੍ਹਾਈ ਕਰਨ ਵਾਲੇ ਵੀ ਅੱਤਵਾਦੀ ਬਣਨਾ ਪਸੰਦ ਕਰ ਰਹੇ ਹਨ। ਇਸ ਨਾਲ ਅੱਤਵਾਦ ਇਕ ਨਵੇਂ ਰੂਪ 'ਚ ਉੱਭਰ ਰਿਹਾ ਹੈ ਤੇ ਇਹ ਦੱਸ ਰਿਹਾ ਹੈ ਕਿ ਮਜ਼ਹਬੀ ਫ਼ਸਾਦ ਬਹੁਤ ਵੱਡੇ ਪੱਧਰ 'ਤੇ ਫੈਲ ਗਿਆ ਹੈ। ਇਸ ਗੰਭੀਰ ਸਮੱਸਿਆ ਦਾ ਸਾਹਮਣਾ ਤਦ ਸੰਭਵ ਹੈ, ਜਦ ਸਰਕਾਰੀ ਤੰਤਰ ਦੇ ਨਾਲ ਮੁਸਲਿਮ ਸਮਾਜ ਦੀ ਸਿਆਸੀ, ਧਾਰਮਿਕ ਲੀਡਰਸ਼ਿਪ ਇਹ ਦੇਖਣ ਨੂੰ ਤਿਆਰ ਹੋਵੇਗੀ ਕਿ ਉਸ ਦੇ ਪੜ੍ਹੇ-ਲਿਖੇ ਨੌਜਵਾਨ ਵੀ ਅੱਤਵਾਦ ਦਾ ਪਾਠ ਕਿਉਂ ਪੜ੍ਹ ਰਹੇ ਹਨ ? ਬਿਨਾਂ ਸ਼ੱਕ ਉਹ ਅਜਿਹਾ ਤਦ ਹੀ ਕਰ ਸਕੇਗੀ, ਜਦ ਅੱਤਵਾਦ 'ਤੇ ਸਿਆਸੀ ਰੋਟੀਆਂ ਸੇਕਣ ਵਾਲਿਆਂ ਦੇ ਬਹਿਕਾਵੇ 'ਚ ਨਹੀਂ ਆਏਗੀ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਆਪਣੇ ਦੇਸ਼ 'ਚ ਅੱਤਵਾਦ 'ਤੇ ਕਿਹੋ ਜਿਹੀ ਸਸਤੀ ਸਿਆਸਤ ਕੀਤੀ ਜਾਂਦੀ ਹੈ।

# ਪੰਜਾਬੀਅਤ ਦੇ ਕੌਮਾਂਤਰੀਕਰਨ ਦੀ ਲੋੜ

ਦਰਬਾਰਾ ਸਿੰਘ ਕਾਹਲੋਂ



ਭਾਰਤੀ ਉਪ ਮਹਾਦੀਪ ਵਿਚ ਪੰਜਾਬ ਨੂੰ ਪੰਜ ਦਰਿਆਵਾਂ, ਜਰਖ਼ੇਜ਼ ਮੈਦਾਨਾਂ, ਅਲੌਕਿਕ ਭੂਗੋਲਿਕ ਹੋਂਦ ਅਤੇ ਅਮੀਰ ਸੰਸਕ੍ਰਿਤੀ ਕਰਕੇ ਵੱਖਰਾ ਦੇਸ਼ ਸਮਝਿਆ ਜਾਂਦਾ ਸੀ। ਇਸ ਦੀ ਖ਼ੂਬਸੂਰਤੀ, ਪ੍ਰਭੂਸੱਤਾ ਸੰਪੰਨਤਾ, ਪੰਜਾਬੀ ਭਾਸ਼ਾ, ਨਿੱਘੇ ਸਮਾਜਿਕ ਅਤੇ ਸੱਭਿਆਚਾਰਕ ਰਸਮੋ-ਰਿਵਾਜਾਂ, ਉੱਚ ਮਾਨਵੀ ਕਦਰਾਂ-ਕੀਮਤਾਂ ਕਰਕੇ 'ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ, ਜਿਵੇਂ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ' ਪੁਕਾਰਿਆ ਜਾਂਦਾ ਸੀ

ਪੰਜਾਬੀ ਵਿਦੇਸ਼ੀ ਹਮਲਾਵਰਾਂ ਅਤੇ ਮੁਗ਼ਲ ਸ਼ਾਸਕਾਂ ਦੀਆਂ ਜ਼ਿਆਦਤੀਆਂ ਦਾ ਕਰਾਰਾ ਜਵਾਬ ਦਿੰਦੇ ਰਹੇ ਹਨ ਪਰ ਅੰਗਰੇਜ਼ ਸਾਮਰਾਜ ਅਤੇ ਬਸਤੀਵਾਦ ਨੇ ਪੰਜਾਬੀਆਂ ਨੂੰ ਸਦੀਵੀ ਤੌਰ 'ਤੇ ਕਮਜ਼ੋਰ ਅਤੇ ਆਪਸੀ ਜੰਗ ਵਿਚ ਉਲਝਾਉਣ ਦੇ ਚੱਕਰਵਿਊ ਵਿਚ ਬੁਰੀ ਤਰ੍ਹਾਂ ਫਸਾ ਕੇ ਰੱਖ ਦਿੱਤਾ। ਪਹਿਲੀ ਵਿਸ਼ਵ ਜੰਗ 1914 ਤੋਂ 1919 ਦੌਰਾਨ ਹੋਈ ਜਿਸ ਵਿਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਨਾਲ ਸਬੰਧਤ ਫ਼ੌਜੀਆਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਲੇਕਿਨ ਬ੍ਰਿਟਿਸ਼ ਬਸਤੀਵਾਦੀ ਸਾਮਰਾਜ ਨੇ ਇਸ ਦਾ ਤੋਹਫ਼ਾ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਦੇ ਸਾਕੇ ਦੇ ਰੂਪ 'ਚ ਦਿੱਤਾ ਜਿਸ ਵਿਚ ਹਜ਼ਾਰਾਂ ਨਿਹੱਥੇ ਪੰਜਾਬੀ ਗੋਲ ?ਆਂ ਨਾਲ ਭੁੰਨ ਦਿੱਤੇ ਗਏ। ਦੂਸਰੀ ਆਲਮੀ ਜੰਗ 1939 ਤੋਂ 1945 ਦਰਮਿਆਨ ਹੋਈ ਜਿਸ ਵਿਚ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖ ਫ਼ੌਜੀਆਂ ਨੇ ਬ੍ਰਿਟੇਨ ਨੂੰ ਹਿਟਲਰ ਦੀ ਬਰਬਾਦੀ ਤੋਂ ਬਚਾਇਆ। ਦੋਹਾਂ ਜੰਗਾਂ ਵਿਚ 83005 ਸਿੱਖ ਫ਼ੌਜੀ ਮਾਰੇ ਗਏ, 109045 ਜ਼ਖ਼ਮੀ ਹੋਏ। ਇਸ ਦਾ ਤੋਹਫ਼ਾ 15 ਅਗਸਤ 1947 ਨੂੰ ਦੇਸ਼ ਦੇ ਬਟਵਾਰੇ ਵਜੋਂ ਪੰਜਾਬ ਤੇ ਬੰਗਾਲ ਦੀ ਵੰਡ ਤੇ ਪਾਕਿਸਤਾਨ ਦੀ ਸਥਾਪਤੀ ਵਜੋਂ ਦਿੱਤਾ ਗਿਆ। ਦੇਸ਼ ਦੀ ਵੰਡ ਮੌਕੇ 10 ਲੱਖ ਤੋਂ ਵੱਧ ਪੰਜਾਬੀ ਫ਼ਿਰਕੂ ਕੱਟੜਵਾਦੀ ਹਿੰਸਾ ਦੇ ਸ਼ਿਕਾਰ ਹੋ ਗਏ ਤੇ ਢਾਈ ਕਰੋੜ ਘਰ-ਘਾਟ ਗੁਆ ਬੈਠੇ।

ਬ੍ਰਿਟਿਸ਼ ਬਸਤੀਵਾਦੀ ਸਾਮਰਾਜ ਭਾਰਤ ਆਜ਼ਾਦ ਕਰਕੇ ਨਹੀਂ ਗਿਆ ਬਲਕਿ ਗੋਰੇ ਸ਼ਾਸਕਾਂ ਦੀ ਥਾਂ ਕਾਲੇ ਸ਼ਾਸਕ ਬਸਤੀਵਾਦੀਆਂ ਨੂੰ ਸੱਤਾ ਦਾ ਤਬਾਦਲਾ ਕਰ ਕੇ ਚਲਾ ਗਿਆ। ਭਾਰਤੀ ਸੰਵਿਧਾਨ ਰਾਜਾਂ ਨੂੰ ਕੇਂਦਰੀ ਸ਼ਾਸਨ ਦੀਆਂ ਬਸਤੀਆਂ ਬਣਨੋਂ ਨਹੀਂ ਰੋਕ ਸਕਿਆ। ਅੱਜ ਸਭ ਭਾਰਤੀ ਰਾਜ ਸੰਘਵਾਦ ਦੇ ਉਲਟ ਸੱਤਾ ਦੇ ਕੇਂਦਰੀਕਰਨ ਕਰ ਕੇ ਭਿਖਾਰੀ ਬਸਤੀਆਂ ਬਣ ਦਿੱਤੇ ਗਏ ਹਨ।

ਸੰਨ 1953 ਦੇ ਫ਼ਜ਼ਲ ਅਲੀ ਭਾਸ਼ਾ ਆਧਾਰਤ ਰਾਜਾਂ ਦੇ ਪੁਨਰਗਠਨ ਅਧੀਨ ਪੰਜਾਬ ਨੂੰ ਨਾਂਹ ਕਰ ਦਿੱਤੀ ਗਈ। ਪੰਜਾਬੀ ਸੂਬੇ ਦੇ ਮੋਰਚੇ ਤੋਂ ਬਾਅਦ ਪਹਿਲੀ ਨਵੰਬਰ, 1966 ਨੂੰ ਇਕ ਲੰਗੜਾ ਬਸਤੀਵਾਦੀ ਪੰਜਾਬ ਸਥਾਪਤ ਕੀਤਾ ਗਿਆ ਜਿਸ ਨੂੰ ਰਾਜਧਾਨੀ, ਪਾਣੀਆਂ, ਪੰਜਾਬੀ ਭਾਸ਼ੀ ਇਲਾਕਿਆਂ, ਹੈੱਡ ਵਰਕਸਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣ, ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧ ਤੋਂ ਮਹਿਰੂਮ ਰਖਿਆ। ਗੈਂਗਸਟਰਵਾਦ, ਨਸ਼ੀਲੇ ਪਦਾਰਥਾਂ ਅਤੇ ਬੇਰੁਜ਼ਗਾਰੀ ਕਰਕੇ ਪਿੰਜੇ ਪੰਜਾਬ ਨੇ ਲੱਖਾਂ ਦੀ ਗਿਣਤੀ ਵਿਚ ਜ਼ਮੀਨਾਂ-ਜਾਇਦਾਦਾਂ ਵੇਚ ਕੇ ਨੌਜਵਾਨ ਬੱਚੇ-ਬੱਚੀਆਂ ਵਿਦੇਸ਼ ਭੇਜ ਦਿੱਤੇ। ਅੱਜ ਲਗਪਗ 50 ਲੱਖ ਤੋਂ ਵੱਧ ਭਾਰਤੀ ਪੰਜਾਬੀ ਏਸ਼ੀਅਨ, ਅਰਬ, ਅਫ਼ਰੀਕਨ, ਪੱਛਮੀ ਦੇਸ਼ਾਂ ਵਿਚ ਵਸੇ ਹੋਏ ਹਨ। ਭਾਰਤ ਦੇ ਹੋਰ ਸੂਬਿਆਂ ਵਿਚ ਡੇਢ ਕਰੋੜ ਤੋਂ ਵੱਧ ਪੰਜਾਬੀ ਵਸਦੇ ਹਨ। ਆਲਮੀ ਪੱਧਰ 'ਤੇ ਵੱਡੀ ਉਥਲ-ਪੁਥਲ ਅਤੇ ਆਰਥਿਕ ਮੰਦਹਾਲੀ ਕਰਕੇ ਪਰਵਾਸੀ ਬਾਸ਼ਿੰਦਿਆਂ 'ਤੇ ਹਰ ਦੇਸ਼ ਅੰਦਰ ਘੋਰ ਸੰਕਟਾਂ ਦੇ ਬੱਦਲ ਮੰਡਰਾ ਰਹੇ ਹਨ। ਘੱਟ ਗਿਣਤੀਆਂ ਧਰਮ, ਭਾਸ਼ਾ, ਪਹਿਰਾਵੇ, ਸੱਭਿਆਚਾਰ, ਰੁਜ਼ਗਾਰ ਨੂੰ ਲੈ ਹਰ ਦੇਸ਼ ਅਤੇ ਇਲਾਕੇ ਵਿਚ ਹਮੇਸ਼ਾ ਜ਼ਿਆਦਤੀਆਂ, ਬੇਇਨਸਾਫ਼ੀ ਅਤੇ ਹਿੰਸਕ ਦਮਨ ਦਾ ਸ਼ਿਕਾਰ ਰਹੀਆਂ ਹਨ। ਅੱਜ ਪੰਜਾਬੀ ਭਾਈਚਾਰਾ ਵੀ ਦੇਸ਼-ਵਿਦੇਸ਼ ਅੰਦਰ ਬੇਇਨਸਾਫ਼ੀ ਦਾ ਸ਼ਿਕਾਰ ਹੈ। ਅਮਰੀਕਾ ਵਿਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਹਾਲਾਤ ਬਹੁਤ ਹੀ ਪੇਚੀਦਾ ਬਣ ਗਏ ਹਨ। ਉਸ ਦੇ ਪਦਚਿੰਨ੍ਹਾਂ 'ਤੇ ਚੱਲਦੇ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਬ੍ਰਿਟੇਨ ਅਤੇ ਹੋਰ ਯੂਰਪੀ ਦੇਸ਼ਾਂ ਦੇ ਨਿਸ਼ਾਨੇ 'ਤੇ ਪੰਜਾਬੀ ਆ ਚੁੱਕੇ ਹਨ। ਵੱਡੇ ਪੱਧਰ 'ਤੇ ਛਾਣਬੀਣ ਰਾਹੀਂ ਉਨ੍ਹਾਂ ਨੂੰ ਜਬਰੀ ਡਿਪੋਰਟ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ।

ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ ਅਤੇ ਅਮਰੀਕਾ ਅੰਦਰ ਭਾਰਤੀ ਕੱਟੜਪੰਥੀ ਅਤੇ ਪਾਕਿਸਤਾਨੀ ਬਦਨਾਮ ਖ਼ੁਫ਼ੀਆ ਏਜੰਸੀ ਆਈਐੱਸਆਈ ਦੇ ਏਜੰਟ ਪੰਜਾਬੀ ਸਿੱਖਾਂ ਅਤੇ ਹਿੰਦੂ ਭਾਈਚਾਰਿਆਂ ਵਿਚ ਖਾਲਿਸਤਾਨ ਨੂੰ ਖਾਹ-ਮਖਾਹ ਉਭਾਰ ਕੇ ਟਕਰਾਅ ਪੈਦਾ ਕਰਨ ਦੇ ਰੌਂਅ ਵਿਚ ਹਨ। ਲੇਖਕ ਨੂੰ ਇਹ ਪ੍ਰਤੱਖ ਸੁਣ ਕੇ ਉਦੋਂ ਹੈਰਾਨੀ ਹੋਈ ਜਦੋਂ ਇਕ ਪਾਕਿਸਤਾਨੀ ਕਹਿ ਰਿਹਾ ਸੀ ਕਿ ਜੇ ਮਾਸਟਰ ਤਾਰਾ ਸਿੰਘ ਸਿੱਖਾਂ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨੋਂ ਉੱਕ ਗਿਆ ਤਾਂ ਹੁਣ ਕਿਹੜੀ ਦੇਰੀ ਹੋ ਗਈ ਹੈ। ਸਿੱਖ ਹੁਣ ਪਾਕਿਸਤਾਨ ਵਿਚ ਸ਼ਾਮਲ ਹੋ ਜਾਣ। ਇਵੇਂ ਅਜਿਹੇ ਆਈਐੱਸਆਈ ਏਜੰਟ ਵਿਦੇਸ਼ਾਂ ਵਿਚ ਹੀ ਨਹੀਂ, ਪੰਜਾਬ ਵਿਚ ਵੀ ਸਿੱਖ ਨੌਜਵਾਨਾਂ ਨੂੰ ਗੁਮਰਾਹ ਕਰਨ ਲਈ ਯਤਨਸ਼ੀਲ ਹਨ। ਹਿੰਦੂ ਕੱਟੜਵਾਦੀ ਏਜੰਟ ਐਸੇ ਪ੍ਰਾਪੇਗੰਡੇ ਨੂੰ ਭੜਕਾਉਣ ਵਿਚ ਸਹਾਈ ਹੁੰਦੇ ਹਨ। ਦਲਿਤ ਭਾਈਚਾਰੇ ਨਾਲ ਅਮਰੀਕਾ, ਬ੍ਰਿਟੇਨ ਤੇ ਆਸਟ੍ਰੇਲੀਆ ਵਿਚ ਜਾਤੀਵਾਦੀ ਨਫ਼ਰਤ ਦੀ ਅੱਗ ਬਾਲੀ ਜਾਂਦੀ ਹੈ। ਪੰਜਾਬੀਆਂ ਦੇ ਦੇਸ਼-ਵਿਦੇਸ਼ ਵਿਚ ਹਿੱਤਾਂ ਦੀ ਰਾਖੀ, ਉਨ੍ਹਾਂ ਦੇ ਸਨਮਾਨ, ਧਾਰਮਿਕ, ਰਾਜਨੀਤਕ, ਸਮਾਜਿਕ ਅਧਿਕਾਰਾਂ ਅਤੇ ਸੱਭਿਆਚਾਰ ਦੀ ਸੁਰੱਖਿਆ, ਪੰਜਾਬੀਅਤ ਦੀ ਇਕਜੁੱਟਤਾ ਤੇ ਇਕਸੁਰਤਾ ਲਈ ਸਮੁੱਚੇ ਭਾਈਚਾਰੇ ਨੂੰ ਇਕ ਕੌਮਾਂਤਰੀ ਕੌਂਸਲ ਗਠਿਤ ਕਰਨੀ ਚਾਹੀਦੀ ਹੈ। ਕੈਨੇਡਾ ਵਿਚ 20 ਕੁ ਪੰਜਾਬੀ ਸਾਂਸਦ, ਕਈ ਸੂਬਿਆਂ ਵਿਚ ਵਿਧਾਨਕਾਰ ਹਨ, ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ, ਮਲੇਸ਼ੀਆ, ਸਿੰਗਾਪੁਰ, ਦੱਖਣੀ ਅਫ਼ਰੀਕਾ, ਕੀਨੀਆ ਤੇ ਇਟਲੀ ਵਿਚ ਸਾਂਸਦ, ਕੌਂਸਲਰ, ਮੇਅਰ ਪਦਾਂ 'ਤੇ ਹਨ। ਸ਼ਾਸਨ ਪ੍ਰਬੰਧ, ਪੁਲਿਸ ਅਤੇ ਫ਼ੌਜ ਵਿਚ ਅੱਛੇ ਪਦਾਂ 'ਤੇ ਹਨ। ਵੱਡੇ ਕਾਰੋਬਾਰੀ, ਟਰਾਂਸਪੋਰਟਰ, ਕਿਸਾਨ, ਸਨਅਤਕਾਰ, ਡਿਪਲੋਮੈਟ ਤੇ ਵਕੀਲ ਆਦਿ ਹਨ। ਭਾਰਤੀ ਪੰਜਾਬ ਅਤੇ ਦੂਸਰੇ ਸੂਬਿਆਂ ਦੇ ਉੱਘੇ ਪੰਜਾਬੀ ਮਿਲ ਕੇ ਗਲੋਬਲ ਪੰਜਾਬੀ ਪਾਰਲੀਮੈਂਟ ਦਾ ਗਠਨ ਕਰਨ ਆਪਣੀ ਗਿਣਤੀ ਆਧਾਰਤ ਪ੍ਰਤੀਨਿਧਤਾ ਦੇ ਆਧਾਰ 'ਤੇ। ਇਸ ਵੱਲੋਂ ਚੁਣੀ ਕੌਮਾਂਤਰੀ ਪੰਜਾਬੀ ਕੌਂਸਲ ਪੰਜਾਬੀ ਭਾਈਚਾਰੇ ਦੇ ਮਸਲੇ ਹੱਲ ਕਰਨ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨਾਲ ਰਾਬਤਾ ਕਰੇ। ਪੰਜਾਬੀ ਭਾਸ਼ਾ, ਸੱਭਿਆਚਾਰ, ਰੀਤੀ-ਰਿਵਾਜ, ਤਿਉਹਾਰ, ਸਿੱਖਿਆ, ਸਿਹਤ, ਸਾਂਝੀਵਾਲਤਾ ਪ੍ਰਤੀ ਧਿਆਨ ਕੇਂਦਰਿਤ ਕਰਨ। ਇਸ ਕੌਂਸਲ ਵਿਚ ਪ੍ਰਬੁੱਧ ਹਿੰਦੂ, ਸਿੱਖ, ਮੁਸਲਿਮ, ਈਸਾਈ ਦਲਿਤ ਪੰਜਾਬੀ ਸ਼ਾਮਲ ਕੀਤੇ ਜਾਣ।

'ਕੌਮਾਂਤਰੀ ਪੰਜਾਬੀ ਕੌਂਸਲ' ਲਹਿੰਦੇ ਪੰਜਾਬ ਦੇ 12 ਕਰੋੜ ਪੰਜਾਬੀਆਂ ਨਾਲ ਵੀ ਤਾਲਮੇਲ ਕਰ ਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਇਕਜੁੱਟਤਾ, ਭਾਈਚਰਕ, ਵਪਾਰਕ ਤੇ ਸਮਾਜਿਕ ਸਾਂਝ ਪੈਦਾ ਕਰੇ। ਜੇ ਭਾਰਤ ਗੁਜਰਾਤ, ਮੁੰਬਈ ਬੰਦਰਗਾਹਾਂ ਰਾਹੀਂ ਪਾਕਿਸਤਾਨ ਨਾਲ ਵਪਾਰ ਜਾਰੀ ਰੱਖ ਸਕਦਾ ਹੈ ਤਾਂ ਵਾਹਗਾ, ਹੁਸੈਨੀਵਾਲਾ, ਕਰਤਾਰਪੁਰ ਲਾਂਘਿਆਂ ਰਾਹੀਂ ਕਿਉਂ ਨਹੀਂ? ਦੋਹਾਂ ਪੰਜਾਬ ਦੀ ਨੇੜਤਾ ਭਾਰਤ ਅਤੇ ਪਾਕਿਸਤਾਨ ਟਕਰਾਅ ਨੂੰ ਸਦੀਵੀ ਤੌਰ 'ਤੇ ਰੋਕਣ ਲਈ ਪੁਲ ਦਾ ਕੰਮ ਕਰ ਸਕਦੀ ਹੈ। ਅਜੋਕੇ ਪੰਜਾਬ ਦੇ ਫ਼ਿਰਕੂ ਸੋਚ ਵਾਲੇ ਆਗੂ, ਕੇਂਦਰੀ ਸਥਾਪਤ ਨਿਜ਼ਾਮ ਦੇ ਪਿੱਠੂ ਅਕਾਲੀ ਆਗੂ, ਰੈਡੀਕਲ ਸਿੱਖ ਅਨਸਰ, ਵੰਡਿਆ ਹੋਇਆ ਦਲਿਤ ਭਾਈਚਾਰਾ, ਵੰਡਿਆ ਹੋਇਆ ਹਿੰਦੂ ਅਤੇ ਸਿੱਖ ਭਾਈਚਾਰਾ ਪੰਜਾਬ ਦੇ ਮਸਲੇ ਹੱਲ ਨਹੀਂ ਕਰ ਸਕਦੇ। ਅੱਜ ਪੰਜਾਬੀ ਭਾਈਚਾਰੇ ਨੂੰ ਮਜ਼ਬੂਤ ਸਰਬ-ਸਾਂਝੀਵਾਲਤਾ ਨਾਲ ਗੁੰਦ ਕੇ ਨਰੋਈ ਪੰਜਾਬੀ ਪਾਰਟੀ ਗਠਿਤ ਕਰਨੀ ਚਾਹੀਦੀ ਹੈ। ਸੰਨ 2027 ਦੀਆਂ ਵਿਧਾਨ ਸਭਾ ਚੋਣਾਂ ਸਮੂਹ ਪੰਜਾਬੀ ਹਿੰਦੂ, ਸਿੱਖ, ਦਲਿਤ, ਈਸਾਈ ਤੇ ਮੁਸਲਿਮ ਭਾਈਚਾਰਾ ਇਸ ਦੀ ਅਗਵਾਈ ਵਿਚ ਲੜੇ। ਇਕ ਤਾਕਤਵਰ ਸਰਕਾਰ ਗਠਿਤ ਕਰ ਕੇ ਪੰਜਾਬ ਨੂੰ ਕੇਂਦਰੀ ਦਾਬੇ ਤੋਂ ਛੁਟਕਾਰਾ ਦਿਵਾਏ। ਆਪਣੀ ਰਾਜਧਾਨੀ, ਪਾਣੀ, ਪੰਜਾਬੀ ਭਾਸ਼ੀ ਇਲਾਕੇ, ਹੈੱਡਵਰਕਸਾਂ ਅਤੇ ਯੂਨੀਵਰਸਿਟੀ ਦਾ ਪ੍ਰਬੰਧ ਹਾਸਲ ਕਰੇ। 'ਕੌਮਾਂਤਰੀ ਪੰਜਾਬੀ ਕੌਂਸਲ' ਦੀ ਮਦਦ ਲਈ ਜਾ ਸਕਦੀ ਹੈ। ਪੰਜਾਬੀਆਂ ਦੀ ਮਜ਼ਬੂਤ ਇੱਛਾ ਸ਼ਕਤੀ ਵਾਲੀ ਸਰਕਾਰ ਅੱਗੇ ਕੋਈ ਨਹੀਂ ਅੜ ਸਕਦਾ। ਨਾ ਕੇਂਦਰ, ਨਾ ਗੈਂਗਸਟਰਵਾਦ, ਨਾ ਨਸ਼ਾ, ਨਾ ਭ੍ਰਿਸ਼ਟਾਚਾਰ, ਨਾ ਅੱਤਵਾਦ ਜਾਂ ਵੱਖਵਾਦ।

# ਤਕਨੀਕ ਨਾਲ ਭਰਪੂਰ ਭਾਰਤ ਅੱਜ ਕਿਸੇ ਅਧੀਨ ਨਹੀਂ

-ਡਾ. ਜਿਤੇਂਦਰ ਸਿੰਘ

ਭਾਰਤ ਅੱਜ ਵਿਸ਼ਵ ਵਿਗਿਆਨਕ ਪੁਨਰ-ਜਾਗਰਣ ਦੀ ਦਹਿਲੀਜ਼ 'ਤੇ ਖੜ੍ਹਾ ਹੈ। ਤਕਨੀਕ ਨਾਲ ਭਰਪੂਰ ਭਾਰਤ ਕਿਸੇ ਦੇ ਪਿੱਛੇ ਨਹੀਂ ਚੱਲਦਾ, ਸਗੋਂ ਹੋਰਾਂ ਨੂੰ ਆਪਣੇ ਪਿੱਛੇ ਚੱਲਣ ਲਈ ਪ੍ਰੇਰਿਤ ਕਰ ਰਿਹਾ ਹੈ। ਪਿਛਲੇ ਇਕ ਦਹਾਕੇ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਵਿਚ ਦੇਸ਼ ਨੇ ਵਿਗਿਆਨ, ਟੈਕਨਾਲੋਜੀ ਅਤੇ ਨਵੀਨਤਾ ਦੇ ਖੇਤਰ ਵਿਚ ਬੇਮਿਸਾਲ ਤਰੱਕੀ ਦੇਖੀ ਹੈ।

ਡਿਜੀਟਲ ਸਸ਼ਕਤੀਕਰਨ ਤੋਂ ਲੈ ਕੇ ਪੁਲਾੜ ਖੋਜ ਤੱਕ, ਆਤਮ-ਨਿਰਭਰ ਅਤੇ ਤਕਨੀਕ-ਪ੍ਰਧਾਨ ਭਾਰਤ ਦੀ ਰੂਪਰੇਖਾ ਹੁਣ ਸਪੱਸ਼ਟ ਤੌਰ 'ਤੇ ਦਿਸ ਰਹੀ ਹੈ। ਡਿਜੀਟਲ ਇੰਡੀਆ ਅਤੇ ਸਟਾਰਟਅੱਪ ਇੰਡੀਆ ਦੀਆਂ ਸਫ਼ਲਤਾਵਾਂ ਤੋਂ ਲੈ ਕੇ ਸਵੱਛ ਭਾਰਤ ਅਤੇ ਵਨ ਹੈਲਥ ਵਰਗੀਆਂ ਮੁਹਿੰਮਾਂ ਤੱਕ, ਦੇਸ਼ ਨੇ ਇਹ ਸਾਬਤ ਕੀਤਾ ਹੈ ਕਿ ਵਿਗਿਆਨ, ਤਕਨੀਕ ਅਤੇ ਨਵੀਨਤਾ ਰਾਹੀਂ ਵੱਡੇ ਪੱਧਰ 'ਤੇ ਬਦਲਾਅ ਲਿਆਂਦਾ ਜਾ ਸਕਦਾ ਹੈ।

ਯੂ. ਪੀ. ਆਈ. ਕ੍ਰਾਂਤੀ ਨੇ ਡਿਜੀਟਲ ਭੁਗਤਾਨ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ ਅਤੇ ਭਾਰਤ ਨੂੰ ਇਸ ਖੇਤਰ ਵਿਚ ਵਿਸ਼ਵ ਮੋਹਰੀ ਬਣਾ ਦਿੱਤਾ ਹੈ। ਭਾਰਤ ਦੀ ਜੈਵਿਕ-ਅਰਥਵਿਵਸਥਾ ਨੇ ਪਿਛਲੇ 10 ਸਾਲਾਂ ਵਿਚ ਜ਼ਬਰਦਸਤ ਤਰੱਕੀ ਕੀਤੀ ਹੈ। 2014 ਵਿਚ ਜਿੱਥੇ ਇਸ ਦਾ ਮੁੱਲ 10 ਅਰਬ ਡਾਲਰ ਸੀ, ਉੱਥੇ ਹੀ 2024 ਵਿਚ ਇਹ ਵਧ ਕੇ ਲਗਭਗ 165.7 ਅਰਬ ਡਾਲਰ ਹੋ ਗਿਆ ਹੈ।

ਭਾਰਤ ਹੁਣ ਬਾਇਓਫਿਊਲ, ਬਾਇਓਪਲਾਸਟਿਕ ਅਤੇ ਗ੍ਰੀਨ ਕੈਮੀਕਲਸ ਵਰਗੇ ਖੇਤਰਾਂ ਵਿਚ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ। ਚੰਦਰਯਾਨ ਅਤੇ ਗਗਨਯਾਨ ਮਿਸ਼ਨਾਂ ਨੇ ਭਾਰਤ ਦੀ ਪਛਾਣ ਪੁਲਾੜ-ਤਾਕਤ ਭਰਪੂਰ ਦੇਸ਼ਾਂ ਵਿਚ ਮਜ਼ਬੂਤ ਕੀਤੀ ਹੈ, ਜਦੋਂ ਕਿ 5ਜੀ ਨੈੱਟਵਰਕ ਦੀ ਸ਼ੁਰੂਆਤ ਅਤੇ ਡਿਜੀਟਲ ਕੂਟਨੀਤੀ ਨੇ ਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਤੱਕ ਕੁਨੈਕਟੀਵਿਟੀ ਅਤੇ ਸਸ਼ਕਤੀਕਰਨ ਪਹੁੰਚਾਇਆ ਹੈ।

ਭਾਰਤ ਹੁਣ ਸਾਰਿਆਂ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਗਲੋਬਲ ਲੀਡਰ ਵਜੋਂ ਉੱਭਰ ਰਿਹਾ ਹੈ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬੁੱਧੀ ਅਤੇ ਨਵੀਨਤਾ ਦਾ ਫ਼ਾਇਦਾ ਹਰ ਖੇਤਰ ਤੱਕ ਪਹੁੰਚੇ। ਭਾਵੇਂ ਉਹ ਖੇਤੀਬਾੜੀ ਹੋਵੇ, ਸਿਹਤ ਸੰਭਾਲ ਹੋਵੇ ਜਾਂ ਸ਼ਾਸਨ ਵਿਵਸਥਾ ਹੋਵੇ। ਦੇਸ਼ ਵਿਚ 100 ਤੋਂ ਵੱਧ ਯੂਨੀਕੌਰਨ ਕੰਪਨੀਆਂ ਅਤੇ ਨੌਜਵਾਨਾਂ ਵੱਲੋਂ ਸੰਚਾਲਿਤ ਸਟਾਰਟਅੱਪਸ ਦਾ ਮਜ਼ਬੂਤ ਨੈੱਟਵਰਕ ਭਾਰਤ ਦੀ ਵਿਗਿਆਨਕ ਅਤੇ ਉੱਦਮੀ ਭਾਵਨਾ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾ ਰਿਹਾ ਹੈ।

ਗ੍ਰੀਨ ਹਾਈਡ ?ਰੋਜਨ, ਕੁਆਂਟਮ ਵਿਗਿਆਨ ਅਤੇ ਤਕਨੀਕ, ਸੈਮੀਕੰਡਕਟਰ ਨਿਰਮਾਣ ਅਤੇ ਸਟੀਕ ਖੇਤੀਬਾੜੀ ਵਰਗੇ ਖੇਤਰਾਂ ਵਿਚ ਭਾਰਤ ਦੀ ਤਰੱਕੀ ਇਹ ਦਿਖਾਉਂਦੀ ਹੈ ਕਿ ਭਾਰਤ ਹੁਣ ਸਿਰਫ਼ ਦੁਨੀਆ ਦੇ ਨਾਲ ਕਦਮ ਨਹੀਂ ਮਿਲਾ ਰਿਹਾ, ਸਗੋਂ ਭਵਿੱਖ ਦੀ ਦਿਸ਼ਾ ਤੈਅ ਕਰਨ ਵਿਚ ਮਦਦ ਕਰ ਰਿਹਾ ਹੈ। ਇਹ ਆਤਮ-ਨਿਰਭਰ ਭਾਰਤ ਦੀ ਕਹਾਣੀ ਹੈ। ਇਕ ਅਜਿਹਾ ਆਤਮ-ਵਿਸ਼ਵਾਸੀ ਅਤੇ ਦੂਰਦਰਸ਼ੀ ਭਾਰਤ, ਜੋ ਵਿਕਸਿਤ ਭਾਰਤ 2047 ਦੇ ਟੀਚੇ ਵੱਲ, ਆਪਣੀ ਆਜ਼ਾਦੀ ਦੇ 100 ਵਰ੍ਹੇ ਪੂਰੇ ਹੋਣ ਤੱਕ, ਦ੍ਰਿੜ੍ਹਤਾ ਨਾਲ ਅੱਗੇ ਵਧ ਰਿਹਾ ਹੈ।

**ਈ. ਐੱਸ. ਟੀ. ਆਈ. ਸੀ.** : ਪ੍ਰਾਪਤੀ ਤੋਂ ਇੱਛਾ ਤੱਕ : ਇਸ ਤਰੱਕੀ ਦੇ ਪਿਛੋਕੜ ਵਿਚ 3 ਤੋਂ 5 ਨਵੰਬਰ, 2025 ਤੱਕ ਭਾਰਤ ਮੰਡਪਮ, ਨਵੀਂ ਦਿੱਲੀ ਵਿਚ ਹੋਣ ਵਾਲਾ ਐਮਰਜਿੰਗ ਸਾਇੰਸ, ਟੈਕਨਾਲੋਜੀ ਐਂਡ ਇਨੋਵੇਸ਼ਨ ਕਨਕਲੇਵ ਇਕ ਦਲੇਰੀ ਵਾਲਾ ਨਵਾਂ ਕਦਮ ਹੈ। ਭਾਰਤ ਸਰਕਾਰ ਦੇ 13 ਮੰਤਰਾਲਿਆਂ ਵੱਲੋਂ ਆਯੋਜਿਤ ਇਹ ਸੰਮੇਲਨ ਸਿਰਫ਼ ਉਪਲਬਧੀਆਂ ਦਾ ਪ੍ਰਦਰਸ਼ਨ ਨਹੀਂ ਹੈ, ਸਗੋਂ ਇਹ ਸਹਿਯੋਗ, ਦੂਰ-ਦ੍ਰਿਸ਼ਟੀ ਅਤੇ ਰਾਸ਼ਟਰੀ ਰਣਨੀਤੀ ਦਾ ਮੰਚ ਹੈ। ਮਾਣਯੋਗ ਪ੍ਰਧਾਨ ਮੰਤਰੀ ਦੇ ਹੱਥੋਂ ਉਦਘਾਟਨ ਕੀਤੇ ਜਾਣ ਵਾਲਾ ਈ. ਐੱਸ. ਟੀ. ਆਈ. ਸੀ. 2025 ਦੇਸ਼-ਵਿਦੇਸ਼ ਦੇ ਪ੍ਰਮੁੱਖ ਵਿਗਿਆਨੀਆਂ, ਇਨੋਵੇਟਰਸ, ਨੀਤੀ ਨਿਰਮਾਤਾਵਾਂ ਅਤੇ ਮਾਹਿਰਾਂ ਨੂੰ ਇਕੱਠਾ ਕਰੇਗਾ ਤਾਂ ਕਿ ਉੱਭਰਦੀਆਂ ਤਕਨੀਕਾਂ ਦੇ ਭਵਿੱਖ 'ਤੇ ਵਿਚਾਰ-ਵਟਾਂਦਰਾ ਕਰ ਸਕੀਏ।

ਈ. ਐੱਸ. ਟੀ. ਆਈ. ਸੀ. ਨੂੰ ਵਿਗਿਆਨ ਅਤੇ ਟੈਕਨਾਲੋਜੀ ਵਿਚ ਆਤਮ-ਨਿਰਭਰ ਭਾਰਤ ਲਈ ਅਹਿਮ 11 ਵਿਸ਼ਿਆਂ 'ਤੇ ਕੇਂਦ੍ਰਿਤ ਕੀਤਾ ਗਿਆ ਹੈ। ਇਹ ਸੰਮੇਲਨ ਇਕ ਅਜਿਹਾ ਕੇਂਦਰੀ ਮੰਚ ਬਣੇਗਾ, ਜਿੱਥੇ ਰਣਨੀਤਿਕ ਸੰਵਾਦ, ਸਹਿਯੋਗ ਅਤੇ ਭਾਰਤ ਦੀਆਂ ਸਭ ਤੋਂ ਵਧੀਆ ਉਪਲਬਧੀਆਂ ਨੂੰ ਪੇਸ਼ ਕੀਤਾ ਜਾਵੇਗਾ। ਮੌਜੂਦਾ ਉਪਲਬਧੀਆਂ ਦਾ ਜਸ਼ਨ ਮਨਾਉਣ ਦੇ ਨਾਲ-ਨਾਲ, ਇਹ ਸੰਮੇਲਨ ਨਵੇਂ ਵਿਚਾਰਾਂ 'ਤੇ ਮੰਥਨ ਕਰਨ, ਕਮੀਆਂ ਦੀ ਪਛਾਣ ਕਰਨ ਅਤੇ ਨੀਤੀ-ਨਿਰਮਾਣ ਵਿਚ ਸੁਧਾਰ ਦਾ ਮੌਕਾ ਵੀ ਪ੍ਰਦਾਨ ਕਰੇਗਾ ਤਾਂ ਕਿ ਭਾਰਤ ਦੀ ਵਿਗਿਆਨਕ ਤਰੱਕੀ ਸਮਾਜ ਦੀਆਂ ਜ਼ਰੂਰਤਾਂ ਅਤੇ ਵਿਸ਼ਵ-ਵਿਆਪੀ ਮੌਕਿਆਂ ਦੇ ਨਾਲ ਤਾਲਮੇਲ ਵਿਚ ਬਣੀ ਰਹੇ।



**ਵਿਕਸਿਤ ਭਾਰਤ 2047 ਵੱਲ** : ਕਈ ਮਾਅਨਿਆਂ ਵਿਚ, ਈ. ਐੱਸ. ਟੀ. ਆਈ. ਸੀ. ਭਾਰਤ ਦੇ ਵਧਦੇ ਆਤਮ-ਵਿਸ਼ਵਾਸ ਦਾ ਪ੍ਰਤੀਕ ਹੈ। ਇਕ ਅਜਿਹਾ ਆਤਮ-ਵਿਸ਼ਵਾਸ ਜੋ ਗਿਆਨ ਅਤੇ ਨਵੀਨਤਾ ਦੇ ਖੇਤਰ ਵਿਚ ਭਾਰਤ ਨੂੰ ਵਿਸ਼ਵ-ਵਿਆਪੀ ਅਗਵਾਈ ਵੱਲ ਲੈ ਕੇ ਜਾ ਰਿਹਾ ਹੈ। ਇਹ ਇਕ ਰਾਸ਼ਟਰੀ ਮਿਸ਼ਨ ਹੈ, ਜਿਸ ਦਾ ਉਦੇਸ਼ ਹੈ-ਕਲਪਨਾ ਸ਼ਕਤੀ ਨੂੰ ਜਗਾਉਣਾ, ਨੌਜਵਾਨਾਂ ਨੂੰ ਪ੍ਰੇਰਿਤ ਕਰਨਾ ਅਤੇ ਭਵਿੱਖ ਲਈ ਨਵੀਨਤਾ ਨੂੰ ਉਤਸ਼ਾਹਿਤ ਕਰਨਾ।

ਈ. ਐੱਸ. ਟੀ. ਆਈ. ਸੀ. 2025 ਵਿਚ ਵਿਚਾਰਵਾਨ ਆਗੂਆਂ, ਨੋਬਲ ਪੁਰਸਕਾਰ ਜੇਤੂਆਂ, ਨੀਤੀ ਨਿਰਮਾਤਾਵਾਂ ਅਤੇ ਉਦਯੋਗ ਜਗਤ ਦੇ ਮੋਢੀਆਂ ਨੂੰ ਇਕੱਠੇ ਲਿਆਂਦਾ ਜਾਵੇਗਾ ਤਾਂ ਕਿ ਭਾਰਤ ਨੂੰ ਇਕ ਵਿਗਿਆਨਕ ਮਹਾਸ਼ਕਤੀ ਅਤੇ ਨਵੀਨਤਾ-ਆਧਾਰਿਤ ਵਿਕਾਸ ਦੇ ਵਿਸ਼ਵ ਕੇਂਦਰ ਵਜੋਂ ਸਥਾਪਿਤ ਕੀਤਾ ਜਾ ਸਕੇ। ਜਿਵੇਂ-ਜਿਵੇਂ ਭਾਰਤ 2047 ਵੱਲ ਵਧ ਰਿਹਾ ਹੈ, ਈ. ਐੱਸ. ਟੀ. ਆਈ. ਸੀ. ਇਕ ਪ੍ਰੇਰਕ ਤਾਕਤ ਅਤੇ ਪ੍ਰਤੀਕ ਦੋਵਾਂ ਦੇ ਰੂਪ ਵਿਚ ਖੜ੍ਹਾ ਹੈ।

# ਡਾਇਬਟੀਜ਼ ਦਾ ਵੱਧ ਰਿਹਾ ਅੰਕੜਾ ਵਿਸ਼ਵ ਲਈ ਬਣਿਆ ਖਤਰਾ

*ਵਿਸ਼ਵ ਡਾਇਬਟੀਜ਼ ਦਿਵਸ 14 ਨਵੰਬਰ, 2025 ਦਾ ਥੀਮ ਹੈ-''ਵਰਕਪਲੇਸ 'ਤੇ ਸ਼ੂਗਰ ਪ੍ਰਤੀ ਅਵੇਅਰਨੈਸ ਅਤੇ ਭਲਾਈ'' ਜੋ ਕਿ ਵਰਕਪਲੇਸ 'ਤੇ ਸ਼ੂਗਰ ਰੋਗੀਆਂ ਲਈ ਜ਼ਿਆਦਾ ਸਮਰਥਨ, ਲਚਕੀਲਾਪਨ ਅਤੇ ਸਮਝਦਾਰੀ ਦੀ ਲੋੜ ਨੂੰ ਉਜਾਗਰ ਕਰਦਾ ਹੈ। ਅੱਜ ਹਰ ਪੱਧਰ 'ਤੇ ਲੋਕਾਂ ਨੂੰ ਅਵੇਅਰ ਕਰਨ ਦੀ ਲੋੜ ਹੈ- ਡਾ ਅਨਿਲ ਧੀਰ. ਕਾਲਮਨਿਸਟ. ਸੋਸ਼ਲ ਐਕਟੀਵਿਸਟ. ਲੇਖਕ-''ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ''*




14 ਨਵੰਬਰ 2025 ਵਾਲੇ ਦਿਨ ਵਿਸ਼ਵ ਭਰ 'ਚ ਡਾਇਬਟੀਜ਼ ਜਾਗਰੁਕਤਾ ਦਿਵਸ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਸਾਲ ਦਾ ਥੀਮ ਹੈ - "ਵਰਕਪਲੇਸ 'ਤੇ ਸ਼ੂਗਰ ਅਤੇ ਭਲਾਈ" ਜੋ ਕਿ ਵਰਕਪਲੇਸ 'ਤੇ ਸ਼ੂਗਰ ਰੋਗੀਆਂ ਲਈ ਜ਼ਿਆਦਾ ਸਮਰਥਨ, ਲਚਕੀਲਾਪਨ ਅਤੇ ਸਮਝਦਾਰੀ ਦੀ ਲੋੜ ਨੂੰ ਉਜਾਗਰ ਕਰਦਾ ਹੈ। ਹਰ ਉਮਰ ਦਾ ਵਿਅਕਤੀ ਇਸ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਰਿਹਾ ਹੈ। ਅੱਜ ਵਿਸ਼ਵ ਭਰ 'ਚ ਤਕਰੀਬਨ 590 ਮਿਲੀਅਨ ਲੋਕ ਇਸ ਦੇ ਘੇਰੇ 'ਚ ਹਨ ਅਤੇ ਬਹੁਤ ਸਾਰੇ ਪਛਾਣ ਤੋਂ ਬਾਹਰ ਹਨ।

ਇਹ ਗਲੋਬਲ ਮਨਾਏ ਜਾਣ ਵਾਲੇ ਦਿਵਸ ਨੂੰ 1991 'ਚ ਇੰਟਰਨੈਸ਼ਨਲ ਡਾਇਬਟੀਜ਼ ਫੈਡਰੇਸ਼ਨ ਅਤੇ ਵਿਸ਼ਵ ਸਿਹਤ ਸੰਸਥਾ ਵੱਲੋਂ ਬਣਾਇਆ ਗਿਆ ਸੀ ਅਤੇ 2006 'ਚ ਇਸਨੂੰ ਇੱਕ ਅਧਿਕਾਰਿਕ ਸੰਯੁਕਤ ਰਾਜ ਦਿਵਸ ਵਜੋਂ ਘੋਸ਼ਿਤ ਕੀਤਾ ਗਿਆ। ਇਹ ਤਾਰੀਖ ਸਰ ਫਰੇਡਰਿਕ ਬੈਂਟਿੰਗ ਦੇ ਜਨਮ ਦਿਨ ਦੇ ਸਨਮਾਨ ਵੱਜੋਂ ਮਨਾਈ ਜਾਂਦੀ ਹੈ, ਜਿਨ੍ਹਾਂ ਨੇ 1921 'ਚ ਇੰਸੂਲਿਨ ਦੀ ਸਹਿ ਖੋਜ ਕੀਤੀ ਸੀ।

ਵਿਸ਼ਵ ਸਿਹਤ ਸੰਸਥਾ 2030 ਤੱਕ ਮਹੱਤਵਪੂਰਨ ਗਲੋਬਲ ਤਰੱਕੀ ਹਾਸਲ ਕਰਨ ਦਾ ਟੀਚਾ ਰੱਖਦੀ ਹੈ। ਜਿਸ 'ਚ ਟਾਈਪ-1 ਡਾਇਬਟੀਜ਼ ਵਾਲੇ ਲੋਕਾਂ ਲਈ ਇਨਸੂਲਿਨ ਤੱਕ 100% ਪਹੁੰਚ ਸ਼ਾਮਲ ਹੈ। ਇਸ ਦਿਨ ਵਿਸ਼ਵ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਪੱਧਰ 'ਤੇ ਜਾਗਰੁਕ ਕਰਨ ਲਈ, ਤਰੱਕੀ ਦਾ ਮੁਲਾਂਕਨ ਕਰਨ ਅਤੇ ਡਾਇਬਟੀਜ਼ ਨਾਲ ਜੀਅ ਰਹੇ ਲੋਕਾਂ ਦੀ ਮਦਦ ਕਰਨ ਦੇ ਨਵੇਂ ਤਰੀਕਿਆਂ ਵੱਲ ਵੀ ਧਿਆਨ ਦਿੱਤਾ ਜਾਂਦਾ ਹੈ। ਅੱਜ ਵਿਸ਼ਵ ਡਾਇਬਟੀਜ਼ ਵਾਲੀ ਲੋਕਾਂ, ਹੈਲਥ ਪ੍ਰੋਫੈਸ਼ਨਲਾਂ, ਵਕੀਲਾਂ, ਨੀਤੀ ਨਿਰਮਾਤਿਆਂ ਅਤੇ ਲੋਕਾਂ ਕਈ ਇਕੱਠੇ ਹੋ ਕੇ ਜਾਗਰੁਕਤਾ ਵਧਾਉਣ, ਕਾਰਵਾਈ ਕਰਨ ਅਤੇ ਸਮਾਜ ਨੂੰ ਮਦਦ ਦੇਣ ਦਾ ਇੱਕ ਗਲੋਬਲ ਮੌਕਾ ਹੈ।

ਆਮ ਲੱਛਣਾਂ 'ਚ ਮੂੰਹ ਦਾ ਸੁੱਕਨਾ, ਪਿਆਸ ਦਾ ਵੱਧ ਜਾਣਾ, ਪਿਸ਼ਾਬ ਦਾ ਬਾਰ-ਬਾਰ ਆਉਣਾ, ਹਮੇਸ਼ਾ ਥਕਾਨ ਮਹਿਸੂਸ ਕਰਨਾ, ਬਿਨਾ ਕਾਰਨ ਵਜ਼ਨ ਘੱਟ ਜਾਣਾ, ਹੱਥਾਂ-ਪੈਰਾਂ ਦਾ ਸੋ ਜਾਣਾ, ਚਮੜੀ 'ਤੇ ਜਖਮ-ਕੱਟ ਦਾ ਛੇਤੀ ਠੀਕ ਨਾ ਹੋਣਾ, ਧੁੰਦਲੀ ਨਜ਼ਰ ਅਤੇ ਔਰਤਾਂ ਦੀ ਯੋਨੀ ਅੰਦਰ ਈਸਟ ਇਨਫੈਕਸ਼ਨ ਦੇਖਣ ਨੂੰ ਮਿਲਦੀ ਹੈ।




ਡਾਇਬਟੀਜ਼ ਇੱਕ ਕੰਡੀਸ਼ਨ ਹੈ ਜੋ ਉਸ ਵੇਲੇ ਹੁੰਦੀ ਹੈ ਜਦੋਂ ਤੁਹਾਡੇ ਖੂਨ 'ਚ ਸ਼ੂਗਰ ਬਹੁਤ ਜਿਆਦਾ ਹੁੰਦੀ ਹੈ। ਇਹ ਉਸ ਵੇਲੇ ਵਿਕਸਿਤ ਹੁੰਦੀ ਹੈ ਜਦੋਂ ਤੁਹਾਡਾ ਪੈਂਕਰੀਆਸ ਕਾਫੀ ਇਨਸੂਲਿਨ ਨਹੀਂ ਬਣਾਉਂਦਾ ਜਾਂ ਬਿਲਕੁਲ ਨਹੀਂ ਬਣਾਉਂਦਾ, ਜਾਂ ਜਦੋਂ ਤੁਹਾਡੇ ਸਰੀਰ ਇਨਸੂਲਿਨ ਦੇ ਅਸਰ ਦਾ ਸਹੀ ਤਰੀਕੇ ਨਾਲ ਪ੍ਰਤੀਕਰਮ ਨਹੀਂ ਕਰਦਾ। ਬਿਮਾਰੀ ਜ਼ਿਆਦਾਤਰ ਹਾਲਤ ਲੰਬੇ ਸਮੇਂ ਤੱਕ ਚੱਲਣ ਵਾਲੀ ਹੁੰਦੀ ਹੈ। ਇਹ ਹਾਲਤ ਜੀਵਨ ਸ਼ੈਲੀ 'ਚ ਸੁਧਾਰ ਅਤੇ ਦਵਾਈਆਂ ਨਾਲ ਸੰਭਾਲੇ ਜਾ ਸਕਦੇ ਹਨ। ਗਲੂਕੋਜ਼ ਮੁੱਖ ਤੌਰ 'ਤੇ ਤੁਹਾਡੇ ਖਾਣ-ਪੀਣ 'ਚ ਕਾਰਬੋਹਾਈਡ੍ਰੇਟਸ ਤੋਂ ਆਉਂਦਾ ਹੈ। ਇਹ ਸਰੀਰ ਦੀ ਮੁੱਖ ਉਰਜਾ ਦਾ ਸਾਧਨ ਹੈ। ਤੁਹਾਡਾ ਖੂਨ ਗਲੂਕੋਜ਼ ਨੂੰ ਸਾਰੇ ਸਰੀਰ ਦੇ ਕੋਸ਼ਾਂ ਤੱਕ ਲਿਜਾਂਦਾ ਹੈ ਤਾਂ ਜੋ ਉਹ ਉਰਜਾ ਲਈ ਇਸਤੇਮਾਲ ਕੀਤੀ ਜਾ ਸਕੇ।

ਕਈ ਕਿਸਮ ਦੇ ਡਾਇਬਟੀਜ਼ ਜਿਵੇਂ ਕਿ ਟਾਈਪ-2 ਡਾਇਬਟੀਜ਼, ਪ੍ਰੀ ਡਾਇਬਟੀਜ਼, ਟਾਈਪ-1 ਡਾਇਬਟੀਜ਼, ਗੇਸਟੇਸ਼ਨਲ ਡਾਇਬਟੀਜ਼, ਟਾਈਪ-3 ਸੀ ਡਾਇਬਟੀਜ਼, ਲੇਟੇਨਟ ਅਉਟੋਇਮਿਊਨ ਡਾਇਬਟੀਜ਼ ਵਿਅਸਕਾਂ 'ਚ ਨੌਜਵਾਨਾਂ 'ਚ ਆਨਸੇਟ ਡਾਇਬਟੀਜ਼ ਅਤੇ ਨਵਜਾਤ ਬੱਚੇ ਨੂੰ ਡਾਇਬਟੀਜ਼ ਦਾ ਅੰਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਲੰਬੇ ਸਮੇਂ ਤੱਕ ਚਲਣ ਵਾਲੀ ਬਿਮਾਰੀ ਕਾਰਨ ਸਰੀਰ ਦੇ ਟਿਸ਼ੂ ਅਤੇ ਅੰਗਾਂ ਨੂੰ ਕਾਫੀ ਨੁਕਸਾਨ ਪਹੁੰਚਾ ਸਕਦੇ ਹਨ। ਜਿਸ ਨਾਲ ਦਿਲ ਨਾਲ ਜੁੜੀਆਂ ਸਮੱਸਿਆਵਾਂ ਕੋਰੋਨਰੀ ਧਮਨੀ ਰੋਗ, ਦਿਲ ਦਾ ਦੌਰਾ ਅਤੇ ਸਟਰੋਕ ਵਰਗੀ ਹਾਲਤ ਪੈਦਾ ਹੋ ਸਕਦੀ ਹੈ।

ਟਾਈਪ-1 ਡਾਇਬਟੀਜ਼ 'ਚ ਪੀੜਿਤ ਇਨਸੂਲਿਨ ਤੇ ਨਿਰਭਰ ਹੁੰਦਾ ਹੈ, ਜੋ ਇੱਕ ਲੰਬੇ ਸਮੇਂ ਦੀ ਹਾਲਤ 'ਚ ਪਾਚਕ ਘੱਟ ਜਾਂ ਕੋਈ ਨਿਸੂਲਿਨ ਪੈਦਾ ਕਰਦੇ ਹਨ। ਇਨਸੂਲਿਨ ਇੱਕ ਐਨਾਬੋਲਿਕ ਹਾਰਮੋਨ ਹੈ ਜੋ ਟਾਇਰੋਸਾਈਨਕਿਨੇਸ ਰੀਸੈਪਟਰ ਰਸਤੇ ਰਾਹੀਂ ਗਲੂਕੋਜ਼ ਦੀ ਮਾਤਰਾ, ਗਲਾਈਕੋਗੇਨੇਸਿਸ, ਲਿਪੋਜੀਨੇਸਿਸ ਅਤੇ ਪਿੰਜਰ ਮਾਸਪੇਸ਼ੀ ਤੇ ਚਰਬੀ ਦੇ ਟਿਸ਼ੂ ਦੇ ਪ੍ਰੋਟੀਨ ਸੰਸਲੇਸ਼ਣ ਨੂੰ ਉਤਸਾਹਿਤ ਕਰਦਾ ਹੈ।




**ਧਿਆਨ ਰੱਖਣ ਦੀ ਹੈ ਲੋੜ:**

- ਅੱਜ ਇਲਾਜ਼ ਪੇਚੀਦਗੀਆਂ ਨੂੰ ਰੋਕਣ ਲਈ ਨਿਸੂਲਿਨ, ਖੁਰਾਕ ਅਤੇ ਲਾਈਫਸਟਾਈਲ ਦੇ ਨਾਲ ਬਲੱਡ ਸ਼ੂਗਰ ਦੇ ਲੈਵਲ ਨੂੰ ਮੈਨੇਜ ਕਰਨ ਤੇ ਧਿਆਣ ਦਿੱਤਾ ਜਾ ਰਿਹਾ ਹੈ।
- ਡਾਇਬਟੀਜ਼-1 ਨੂੰ ਡਾਇਬਟੀਜ਼ ਕਲੀਨਿਕਾਂ, ਅਤੇ ਫੈਮਿਲੀ ਦੀ ਸਲਾਹ ਨਾਲ ਹੈਲਦੀ ਲਾਈਫ ਸਟਾਈਲ ਨਾਲ, ਕੰਪਲੀਟ ਬਲੱਡ-ਵਰਕ, ਹਰ 3 ਮਹੀਨੇ ਬਾਅਦ ਏ-1 ਸੀ ਸ਼ੂਗਰ ਲੈਵਲ, ਸ਼ੂਗਰ ਦੀ ਸਵੈ-ਪ੍ਰਬੰਧਨ ਐਜੂਕੇਸ਼ਨ, ਵਗੈਰਾ ਨਾਲ ਲੰਬੀ ਜ਼ਿੰਦਗੀ ਜੀਉਣ ਦਾ ਇੱਕ ਮੌਕਾ ਮਿਲ ਜਾਂਦਾ ਹੈ।
- ਪ੍ਰੀ-ਡਾਇਬਟੀਜ਼ ਅਤੇ ਸ਼ੂਗਰ ਦੇ ਰੋਗੀਆਂ ਨੂੰ ਅੱਜ ਜੰਕ-ਫੂਡ ਛੱਡ ਕੇ ਪੌਸ਼ਟਿਕ ਖੁਰਾਕ ਹੀ ਲੈਣ ਦੀ ਲੋੜ ਹੈ। ਮਿਕਸ ਅਨਾਜ, ਤਾਜ਼ੇ ਫੱਲ ਸਬਜ਼ੀਆਂ, ਆਵੋਕੈਡੋ, ਪ੍ਰੋਟੀਨ, ਫਾਈਬਰ, ਘੱਟ-ਫੈਟ ਵਾਲੇ ਡੇਅਰੀ ਪ੍ਰੋਡਕਟ, ਰੂਟੀਨ 'ਚ ਸ਼ਾਮਲ ਕਰੋ।
- ਕੈਨੇਡਾ ਦੇ ਓਨਟਾਰੀਓ 'ਚ ਜੇ'ਜ਼ ਕੰਜਉਮਰ ਪ੍ਰਾਡਕਟ ਵੱਲੋਂ ਡਾਇਬਟਿਕ-ਫ੍ਰੈਂਡਲੀ ਪ੍ਰੋਡਕਟ "ਜੇ'ਜ਼ ਸ਼ੂਗਰ-ਕੇਅਰ ਆਟਾ" ਚਰਚਾ ਵਿੱਚ ਆ ਚੁੱਕਾ ਹੈ। ਇਸਤੇਮਾਲ ਕਰਨ ਵਾਲਿਆਂ ਨੂੰ ਫਾਇਦਾ ਵੀ ਮਿਲ ਰਿਹਾ ਹੈ।
- ਸਰੀਰ ਦਾ ਵਜ਼ਨ ਕੰਟ੍ਰੋਲ ਕਰਨ ਲਈ ਡੇਲੀ 1 ਘੰਟੇ ਦੀ ਸੈਰ, ਯੋਗਾ, ਮੇਡੀਟੇਸ਼ਨ, ਦੌੜ, ਸਟ੍ਰੈਚਿੰਗ ਲਗਾਤਾਰ ਕਰਨ ਨਾਲ ਮਾਸਪੇਸ਼ੀਆਂ ਨੂੰ ਖੂਨ ਅੰਦਰੋਂ ਸ਼ੱਕਰ ਚੱਕਣ 'ਚ ਹੈਲਪ ਨਾਲ ਬਲੱਡ-ਸ਼ੂਗਰ ਦਾ ਲੈਵਲ ਘੱਟ ਜਾਂਦਾ ਹੈ।
- ਕੋਈ ਵੀ ਦਵਾਈ ਦੀ ਮਾਤਰਾ ਆਪਣੀ ਮਰਜੀ ਨਾਲ ਘਟੱ-ਵੱਧ ਨਾ ਕਰੋ ਅਤੇ ਸਾਵਧਾਨੀ ਵਰਤੋ। ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਂਦੇ ਰਹੋ।

**ਨੋਟ:** ਫੈਮਿਲੀ 'ਚ ਕਿਸੇ ਨੂੰ ਡਾਬਿਟੀਜ਼ ਰੋਗ ਹੋਵੇ ਤਾਂ ਬਾਕੀ ਮੈਂਬਰਾਂ ਨੂੰ ਵੀ ਆਪਣੀ ਜੀਵਨ-ਸ਼ੈਲੀ 'ਚ ਬਦਲਾਅ ਕਰਨ ਅਤੇ ਸਾਵਧਾਨੀ ਦੀ ਲੋੜ ਹੈ।

# ਰੋਜ਼ ਇੱਕ ਸੰਤਰਾ ਖਾਣ ਨਾਲ ਬਦਲ ਜਾਵੇਗੀ ਤੁਹਾਡੀ ਸਿਹਤ



ਕੀ ਤੁਸੀਂ ਜਾਣਦੇ ਹੋ ਕਿ ਜੇਕਰ ਤੁਸੀਂ ਹਰ ਰੋਜ਼ ਇੱਕ ਸੰਤਰਾ ਖਾਓਗੇ ਤਾਂ ਕੀ ਹੋਵੇਗਾ? ਸੰਤਰੇ ਨੂੰ ਆਮ ਤੌਰ 'ਤੇ ਸਿਰਫ਼ ਵਿਟਾਮਿਨ ਸੀ (Orange Health Benefits) ਦਾ ਸਰੋਤ ਮੰਨਿਆ ਜਾਂਦਾ ਹੈ ਪਰ ਇਨ੍ਹਾਂ ਵਿੱਚ ਕਈ ਹੋਰ ਪੌਸ਼ਟਿਕ ਤੱਤ ਵੀ ਹੁੰਦੇ ਹਨ।

ਇਸ ਲਈ ਹਰ ਰੋਜ਼ ਇੱਕ ਸੰਤਰਾ ਖਾਣਾ ਤੁਹਾਡੀ ਸਿਹਤ ਲਈ ਬਹੁਤ ਫਾਇਦੇਮੰਦ ਸਾਬਤ ਹੋ ਸਕਦਾ ਹੈ (Benefits of Eating Oranges)। ਆਓ ਜਾਣਦੇ ਹਾਂ ਕਿ ਹਰ ਰੋਜ਼ ਇੱਕ ਸੰਤਰਾ ਖਾਣ ਨਾਲ ਤੁਹਾਡੀ ਸਿਹਤ ਕਿਵੇਂ ਬਿਹਤਰ ਹੋ ਸਕਦੀ ਹੈ।

ਸੰਤਰੇ ਵਿਟਾਮਿਨ ਸੀ ਦਾ ਇੱਕ ਵਧੀਆ ਸਰੋਤ ਹਨ। ਇੱਕ ਸੰਤਰੇ ਵਿੱਚ ਲਗਪਗ 70-90 ਮਿਲੀਗ੍ਰਾਮ ਵਿਟਾਮਿਨ ਸੀ ਹੁੰਦਾ ਹੈ, ਜੋ ਕਿ ਰੋਜ਼ਾਨਾ ਦੀ ਲੋੜ ਨੂੰ ਪੂਰਾ ਕਰਨ ਲਈ ਕਾਫ਼ੀ ਹੈ। ਵਿਟਾਮਿਨ ਸੀ ਚਿੱਟੇ ਖੂਨ ਦੇ ਸੈੱਲਾਂ ਦੇ ਉਤਪਾਦਨ ਨੂੰ ਵਧਾ ਕੇ ਸਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ। ਇਹ ਜ਼ੁਕਾਮ ਵਰਗੀਆਂ ਆਮ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦਾ ਹੈ ਅਤੇ ਸਰੀਰ ਨੂੰ ਇਨਫੈਕਸ਼ਨਾਂ ਤੋਂ ਬਚਾਉਂਦਾ ਹੈ।

ਸੰਤਰੇ ਵਿੱਚ ਵਿਟਾਮਿਨ ਸੀ ਕੋਲੇਜਨ ਦੇ ਉਤਪਾਦਨ ਲਈ ਜ਼ਰੂਰੀ ਹੈ। ਕੋਲੇਜਨ ਚਮੜੀ ਦੀ ਲਚਕਤਾ ਬਣਾਈ ਰੱਖਣ ਅਤੇ ਝੁਰੜੀਆਂ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਸੰਤਰੇ ਵਿੱਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਫ ?ਰੀ ਰੈਡੀਕਲਸ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ, ਇਸਨੂੰ ਚਮਕਦਾਰ ਬਣਾਉਂਦੇ ਹਨ ਅਤੇ ਬੁਢਾਪੇ ਦੇ ਸੰਕੇਤਾਂ ਨੂੰ ਹੌਲੀ ਕਰਦੇ ਹਨ। ਰੋਜ਼ਾਨਾ ਇੱਕ ਸੰਤਰਾ ਖਾਣਾ ਇੱਕ ਕੁਦਰਤੀ ਸੁੰਦਰਤਾ ਇਲਾਜ ਹੈ।

ਸੰਤਰੇ ਵਿੱਚ ਫਾਈਬਰ, ਪੋਟਾਸ਼ੀਅਮ, ਵਿਟਾਮਿਨ ਸੀ ਅਤੇ ਕੋਲੀਨ ਵਰਗੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਦਿਲ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਨਿਯੰਤ੍ਰਿਤ ਕਰਨ ਵਿੱਚ ਮਦਦ ਕਰਦਾ ਹੈ, ਜਦੋਂ ਕਿ ਫਾਈਬਰ ਕੋਲੇਸਟ ?ਰੋਲ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇਸ ਲਈ ਨਿਯਮਿਤ ਤੌਰ 'ਤੇ ਇੱਕ ਸੰਤਰਾ ਖਾਣ ਨਾਲ ਦਿਲ ਦੀ ਸਿਹਤ ਵਿੱਚ ਕਾਫ਼ੀ ਸੁਧਾਰ ਹੋ ਸਕਦਾ ਹੈ।

ਇੱਕ ਦਰਮਿਆਨੇ ਆਕਾਰ ਦੇ ਸੰਤਰੇ ਵਿੱਚ ਲਗਪਗ 3-4 ਗ੍ਰਾਮ ਖੁਰਾਕੀ ਫਾਈਬਰ ਹੁੰਦਾ ਹੈ ਜੋ ਪਾਚਨ ਪ੍ਰਣਾਲੀ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਫਾਈਬਰ ਕਬਜ਼ ਤੋਂ ਰਾਹਤ ਦਿੰਦਾ ਹੈ ਤੇ ਅੰਤੜੀਆਂ ਨੂੰ ਸਾਫ਼ ਕਰਨ ਵਿੱਚ ਮਦਦ ਕਰਦਾ ਹੈ। ਸੰਤਰੇ ਵਿੱਚ ਮੌਜੂਦ ਫਾਈਬਰ ਪੇਟ ਦੇ ਕੈਂਸਰ ਦੇ ਜੋਖਮ ਨੂੰ ਘਟਾਉਣ ਵਿੱਚ ਵੀ ਮਦਦ ਕਰਦਾ ਹੈ। ਰੋਜ਼ਾਨਾ ਇੱਕ ਸੰਤਰਾ ਖਾਣ ਨਾਲ ਸਹੀ ਪਾਚਨ ਕਿਰਿਆ ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ।

ਸੰਤਰੇ ਵਿੱਚ ਵਿਟਾਮਿਨ ਏ ਤੇ ਕੈਰੋਟੀਨੋਇਡ ਵਰਗੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਅੱਖਾਂ ਦੀ ਸਿਹਤ ਲਈ ਜ਼ਰੂਰੀ ਹਨ। ਇਹ ਪੌਸ਼ਟਿਕ ਤੱਤ ਮੋਤੀਆਬਿੰਦ ਅਤੇ ਉਮਰ ਨਾਲ ਸਬੰਧਤ ਨਜ਼ਰ ਦੇ ਨੁਕਸਾਨ ਦੇ ਜੋਖਮ ਨੂੰ ਘਟਾਉਂਦੇ ਹਨ। ਵਿਟਾਮਿਨ ਏ ਰੈਟਿਨਾ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਰਾਤ ਦੇ ਅੰਨ੍ਹੇਪਣ ਵਰਗੀਆਂ ਸਮੱਸਿਆਵਾਂ ਨੂੰ ਰੋਕਦਾ ਹੈ।

ਸੰਤਰੇ ਵਿੱਚ ਫਰੂਟੋਜ਼ ਤੇ ਕਾਰਬੋਹਾਈਡਰੇਟ ਹੁੰਦੇ ਹਨ, ਜੋ ਤੁਰੰਤ ਊਰਜਾ ਪ੍ਰਦਾਨ ਕਰਦੇ ਹਨ। ਉਨ੍ਹਾਂ ਵਿੱਚ ਉੱਚ ਫਾਈਬਰ ਅਤੇ ਪਾਣੀ ਦੀ ਮਾਤਰਾ ਤੁਹਾਨੂੰ ਲੰਬੇ ਸਮੇਂ ਤੱਕ ਪੇਟ ਭਰਿਆ ਮਹਿਸੂਸ ਕਰਵਾਉਂਦੀ ਹੈ ਵਾਧੂ ਕੈਲੋਰੀ ਦੀ ਮਾਤਰਾ ਨੂੰ ਘਟਾਉਂਦੀ ਹੈ। ਇਸ ਤਰ੍ਹਾਂ, ਸੰਤਰੇ ਭਾਰ ਘਟਾਉਣ ਵਿੱਚ ਮਦਦਗਾਰ ਹੁੰਦੇ ਹਨ।

# ਕਿੱਕਲੀ ਕਲੀਰ ਦੀ...



ਪੰਜਾਬੀ ਬਾਲੜੀਆਂ ਦੀ ਰੂਹ-ਏ-ਰਵਾਂ ਕਿੱਕਲੀ ਲੋਕ ਨਾਚ ਦੇ ਨਾਲ-ਨਾਲ ਅੱਲ੍ਹੜਾਂ ਦੀ ਖੇਡ ਵੀ ਹੈ। ਸ਼ਬਦ ਕੋਸ਼ ਅਨੁਸਾਰ ਪਰਖ ਪੜਚੋਲ ਕੇ ਦੇਖਿਆ ਜਾਵੇ ਤਾਂ ਕਿੱਕਲੀ ਸ਼ਬਦ ਦੀ ਉਤਪਤੀ ਕਿਲਕਿਲਾ ਸ਼ਬਦ ਤੋਂ ਹੋਈ ਦੱਸੀ ਗਈ ਹੈ। ਕਿਲਕਿਲਾ ਦਾ ਭਾਵ ਹੀ ਆਨੰਦ ਦੇਣ ਵਾਲੀ ਧੁਨੀ ਹੈ। ਇਸੇ ਲਈ ਕਿੱਕਲੀ ਪਾਉਂਦੀਆਂ ਅੱਲ੍ਹੜਾਂ ਨੂੰ ਦੇਖਿਆ ਅਤੇ ਸੁਣਿਆ ਜਾਵੇ ਤਾਂ ਵਾਕਿਆ ਹੀ ਨਜ਼ਾਰਾ ਲੱਗਦਾ ਹੈ। ਨਿਰਾ ਧਰਤੀ ਉੱਤੇ ਸਵਰਗ ਲੱਗਦਾ ਹੈ। ਪੋਠੋਹਾਰੀ ਦੇ ਇਲਾਕੇ ਵਿੱਚ ਕਿੱਕਲੀ ਨੂੰ ਕਿਰਕਿਲੀ ਵੀ ਕਿਹਾ ਜਾਂਦਾ ਹੈ। ਸਾਡੇ ਇੱਧਰ ਜਿਸ ਤਰ੍ਹਾਂ ਸ਼ੁਰੂ ਤੋਂ ਹੀ ਕਿੱਕਲੀ ਮਸ਼ਹੂਰ ਹੈ, ਉਸ ਨਾਲ ਅੱਲ੍ਹੜਾਂ ਦੀ ਸ਼ਾਨ ਵੱਖਰੀ ਲੱਗਦੀ ਹੈ। ਕਿੱਕਲੀ ਦੀ ਰੂਹ ਅਤੇ ਬਹੁਤ ਪ੍ਰਚੱਲਤ ਬਣ ਗਈ ਵੰਨਗੀ ਸਭ ਤੋਂ ਪਹਿਲਾਂ ਸਿਰਜੀ ਗਈ ਸੀ, ਉਹ ਇਸ ਤਰ੍ਹਾਂ ਹੈ;

**ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ**
**ਦੁਪੱਟਾ ਮੇਰੇ ਭਾਈ ਦਾ ਫਿੱਟੇ ਮੂੰਹ ਜਵਾਈ ਦਾ**

ਕਿੱਕਲੀ ਦੋ ਅੱਲ੍ਹੜਾਂ ਆਹਮੋਂ ਸਾਹਮਣੇ ਖੜ੍ਹੀਆਂ ਹੋ ਕੇ ਆਪਣੇ ਆਪਣੇ ਹੱਥਾਂ ਨੂੰ ਦੂਜੇ ਦੇ ਹੱਥ 'ਚ ਕੜਿੰਘੀ ਬਣਾ ਕੇ ਫਸਾ ਲੈਂਦੀਆਂ ਹਨ। ਫਿਰ ਪੈਰਾਂ ਨੂੰ ਜੋੜ ਕੇ ਦੋਵੇਂ ਜਣੀਆਂ ਆਪਣਾ ਸਾਰਾ ਭਾਰ ਪਿੱਛੇ ਸੁੱਟ ਦਿੰਦੀਆਂ ਹਨ। ਬਸ ਫਿਰ ਕੀ ਦੋਵੇਂ ਜਣੀਆਂ ਘੁੰਮ-ਘੁੰਮ ਕਿੱਕਲੀ ਪਾਉਂਦੀਆਂ ਹਨ ਤੇ ਨਜ਼ਾਰਾ ਬੰਨ੍ਹ ਦਿੰਦੀਆਂ ਹਨ। ਇਨ੍ਹਾਂ ਦੀਆਂ ਸਾਥਣਾਂ ਨਾਲ ਹੀ ਗਿੱਧਾ ਪਾ ਕੇ ਖੁਸ਼ੀ ਦੂਣੀ ਕਰਦੀਆਂ ਹਨ ਅਤੇ ਕੁਝ ਸਾਥਣਾਂ ਨਾਲ ਹੀ ਜੋਟੀਆਂ ਬਣਾ ਕੇ ਕਿੱਕਲੀ ਸ਼ੁਰੂ ਕਰ ਦਿੰਦੀਆਂ ਹਨ। ਇਨ੍ਹਾਂ ਦਾ ਸਰੀਰ ਇੱਕ ਹੋ ਕੇ ਆਲਾ ਦੁਆਲਾ ਹੁਸੀਨ ਬਣ ਜਾਂਦਾ ਹੈ। ਇਸ ਨਾਲ ਬਾਲੜੀਆਂ ਦਾ ਬੌਧਿਕ ਵਿਕਾਸ ਅਤੇ ਦੇਖਣ ਵਾਲਿਆਂ ਦਾ ਮਨੋਰੰਜਨ ਹੁੰਦਾ ਹੈ। ਭਾਵੇਂ ਕਿੱਕਲੀ ਬੰਦੇ ਵੀ ਪਾਉਣ ਲੱਗ ਪਏ ਹਨ, ਪਰ ਜੱਚਦਾ ਨਹੀਂ। ਕਿੱਕਲੀ ਖੁਸ਼ੀ ਨੂੰ ਦੂਣ ਸਵਾਈ ਕਰਦੀ ਹੈ। ਜਦੋਂ ਬਹੁਤੀਆਂ ਕੁੜੀਆਂ ਜੋਟੇ ਬਣਾ ਕੇ ਕਿੱਕਲੀ ਪਾਉਣ ਲੱਗਦੀਆਂ ਹਨ ਤਾਂ ਨਜ਼ਾਰਾ ਦਿਲਕਸ਼ ਹੋ ਨਿੱਬੜਦਾ ਹੈ।

**ਸੁਖਪਾਲ ਸਿੰਘ ਗਿੱਲ**

ਬੱਚਿਆਂ ਨੂੰ ਮਾਂ, ਪਿਓ, ਭੈਣ, ਭਰਾ ਅਤੇ ਹੋਰ ਘਰਦਿਆਂ ਨਾਲ ਪਿਆਰ ਹੁੰਦਾ ਹੈ, ਪਰ ਸਭ ਤੋਂ ਵੱਧ ਪਿਆਰ ਆਪਣੇ ਹਾਣੀ ਦਾ ਹੁੰਦਾ ਹੈ। 'ਹਾਣ ਨੂੰ ਹਾਣ ਪਿਆਰਾ' ਹੁੰਦਾ ਹੈ। ਇਸੇ ਲਈ ਕਿੱਕਲੀ ਦੇ ਗੀਤ ਵਿੱਚ ਭੈਣ ਆਪਣੇ ਭਰਾ ਦਾ ਵਰਣਨ ਵੱਧ ਕਰਦੀ ਹੈ ਕਿਉਂਕਿ ਉਹ ਉਸ ਦੇ ਬਰਾਬਰ ਦਾ ਹਾਣੀ ਹੁੰਦਾ ਹੈ। ਹਰ ਪੰਜਾਬੀ ਦੀ ਜ਼ੁਬਾਨ 'ਤੇ ਕਿੱਕਲੀ ਜ਼ਰੂਰ ਹੁੰਦੀ ਹੈ। ਜਿਸ ਨੇ ਕਿੱਕਲੀ ਨਹੀਂ ਪਾਈ ਜਾਂ ਕਿੱਕਲੀ ਨਹੀਂ ਖੇਡੀ ਸਮਝੋ ਉਸ ਦਾ ਬਚਪਨ ਅਧੂਰਾ ਹੀ ਰਹਿ ਗਿਆ। ਅੱਲ੍ਹੜਾਂ ਭੰਵੀਰੀ ਵਾਂਗ ਘੁੰਮਦੀਆਂ ਆਥਣ ਵੇਲੇ ਆਪਣੇ ਸੁਪਨਿਆਂ ਦੀ ਦੁਨੀਆ ਵਿੱਚ ਗੁਆਚ ਜਾਂਦੀਆਂ ਹਨ। ਕਿੱਕਲੀ ਦੇ ਗੀਤਾਂ ਦੀ ਲੈਅ ਸਾਵਣ ਦੀ ਘਟਾ ਵਰਗੀ ਰੰਗ-ਬਿਰੰਗੀ ਲੱਗਦੀ ਹੈ। ਅੱਜ ਕਿੱਕਲੀ ਨੂੰ ਨਵੀਂ ਦਿੱਖ ਵਿੱਚ ਵੀ ਪੇਸ਼ ਕੀਤਾ ਗਿਆ ਹੈ। ਜਿਵੇਂ;

**ਕਿੱਕਲੀ ਕਲੀਰ ਦੀ ਸੁਣ ਗੱਲ ਵੀਰ ਦੀ**
**ਵਿਦਿਆ ਦੀ ਰੋਸ਼ਨੀ ਤੇ ਹਨੇਰਿਆਂ ਨੂੰ ਚੀਰਦੀ**
**ਮੇਰੇ ਸੋਹਣੇ ਵੀਰਿਆ ਸਕੂਲ ਪੜ੍ਹਨ ਜਾਈਂ ਤੂੰ**
**ਵਿੱਦਿਆ ਦੀ ਪੌੜੀ 'ਤੇ ਪੈਰ ਜਾ ਟਿਕਾਈ ਤੂੰ**
**ਕਰਕੇ ਪੜ੍ਹਾਈ ਵੀਰੇ ਬੀਬਾ ਅਖਵਾਈਂ ਤੂੰ**

ਅੱਲ੍ਹੜਾਂ ਆਪਣੇ ਹੁਨਰ ਅਤੇ ਵਿਕਾਸ ਦਰਸਾਉਂਦੀਆਂ ਕਿੱਕਲੀ ਨੂੰ ਕਈ ਤਰ੍ਹਾਂ ਦੇ ਰੰਗਾਂ ਵਿੱਚ ਪੇਸ਼ ਕਰਨ ਲੱਗ ਪਈਆਂ ਹਨ। ਇਹੀ ਕਿੱਕਲੀ ਅੱਲ੍ਹੜਾਂ ਦੀ ਬੁਨਿਆਦ, ਸੱਭਿਅਤਾ ਅਤੇ ਸੱਭਿਆਚਾਰ ਦੀ ਪਹਿਲੀ ਪੌੜੀ ਬਣ ਜਾਂਦੀ ਹੈ। ਇੱਕ ਹੋਰ ਵੰਨਗੀ ਵਿੱਚ ਕਿੱਕਲੀ ਨੂੰ ਇਉਂ ਦਰਸਾਇਆ ਗਿਆ ਹੈ;

**ਕਿੱਕਲੀ ਪਾਵਣ ਆਈਆਂ**
**ਬਦਾਮ ਖਾਵਣ ਆਈਆਂ**
**ਬਦਾਮ ਦੀ ਗੁੱਲੀ ਮਿੱਠੀ**
**ਮੈਂ ਵੀਰ ਦੀ ਕੁੜੀ ਡਿੱਠੀ**
**ਮੇਰੇ ਵੀਰ ਦੀ ਕੁੜੀ ਕਾਲੀ**
**ਮੈਨੂੰ ਆ ਗਈ ਭਵਾਲੀ**
**ਥਾਲੀ, ਥਾਲੀ, ਥਾਲੀ**

ਸਮਾਜਿਕ ਰਿਸ਼ਤਿਆਂ ਦੀ ਰੂਪਰੇਖਾ ਪ੍ਰਗਟ ਕਰਦੀ ਕਿੱਕਲੀ ਦੀ ਇੱਕ ਨਵੀਂ ਵਿਉਂਤ ਇਸ ਤਰ੍ਹਾਂ ਵੀ ਘੜੀ ਗਈ ਹੈ;

**ਕਿੱਕਲੀ ਕੁਲੱਸ ਦੀ ਲੱਤ, ਭੱਜੇ ਸੱਸ ਦੀ**
**ਗੱਡਾ ਭੱਜੇ ਜੇਠ ਦਾ ਸ਼ੀਤਾਂ ਥਾਈਂ ਵੇਖਦਾ**
**ਮੋੜ ਸੂ ਜਠਾਣੀਏ, ਮੋੜ ਸੱਸੇ ਰਾਣੀਏ**
**ਸੱਸ ਦਾਲ ਚਾਅ ਪਕਾਈ**
**ਛੰਨਾ ਭਰ ਕੇ ਲਿਆਈ**
**ਅੰਦਰ ਬਾਹਰ ਵੜਦੀ**
**ਖਾਵੇ ਭੈੜੀ ਗੱਲ੍ਹ ਗੜੱਪੇ ਲਾਵੇ**
**ਲੋਕੋ ਸੱਸਾਂ ਬੁਰੀਆਂ ਵੇ**
**ਕਲੇਜੇ ਲਾਵਣ ਛੁਰੀਆਂ ਵੇ**

ਲੇਖਕਾਂ ਵੱਲੋਂ ਬਚਪਨ ਤੋਂ ਬੁਢਾਪੇ ਤੱਕ ਕਿੱਕਲੀ ਲਿਖ ਕੇ ਅਤੇ ਸਭ ਤਰ੍ਹਾਂ ਦਾ ਦ੍ਰਿਸ਼ ਪੇਸ਼ ਕਰਕੇ ਸਮੇਂ ਦੀ ਹਾਣੀ ਬਣਾ ਦਿੱਤੀ ਗਈ ਹੈ। ਇਸ ਕਿੱਕਲੀ ਦੀ ਖ਼ੁਸ਼ਬੂ ਬਚਪਨ ਦੀਆਂ ਸੱਥਾਂ ਵਿੱਚੋਂ ਅੱਜ ਵੀ ਸੰਗੀਤਮਈ ਲੱਗਦੀ ਹੈ। ਅੱਜ ਵੀ ਕਿੱਕਲੀ ਅੱਲ੍ਹੜ ਬਾਲੜੀਆਂ ਨੂੰ ਮਾਣ, ਪਿਆਰ ਅਤੇ ਸਤਿਕਾਰ ਦਾ ਪਾਤਰ ਬਣਾਉਂਦੀ ਹੈ।

# ਆਤਮ ਚਿੰਤਨ ਹੀ ਖਤਮ ਹੁੰਦਾ ਕਾਲ ਦਾ ਡਰ



ਸਤਿਸੰਗ ਵਿਮੁਖ ਮਨੁੱਖ ਭੌਤਿਕਵਾਦੀ ਸੱਭਿਆਚਾਰ ਦੀ ਉਲਝਣ 'ਚ ਆਪਣੇ ਅਸਲੀ ਰਾਹ ਨੂੰ ਲੱਭਣ 'ਚ ਭਟਕ ਰਿਹਾ ਹੈ। ਇਕ ਕਾਲਪਨਿਕ ਸੰਸਾਰਿਕ ਉਪਲੱਬਧੀ ਨੂੰ ਹਾਸਲ ਕਰਨ 'ਚ ਦਿਸ਼ਾ ਤੋਂ ਭਟਕ ਕੇ ਲਗਾਤਾਰ ਦੌੜ 'ਚ ਲੱਗਾ ਹੋਇਆ ਹੈ। ਕੋਈ ਪੈਸੇ ਦੇ ਪਿੱਛੇ ਭੱਜ ਰਿਹਾ ਹੈ, ਕੋਈ ਮਾਣ, ਕੋਈ ਸੁੱਖ ਦੀ ਭਾਲ 'ਚ। ਪਰ ਇਸ ਦੌੜ ਦਾ ਅੰਤ ਕਿੱਥੇ ਹੈ? ਸਾਡੇ ਰਿਸ਼ੀਆਂ ਨੇ ਇਸ ਸੱਚਾਈ ਨੂੰ ਇਕ ਸ਼ਾਨਦਾਰ ਮਿਸਾਲ ਰਾਹੀਂ ਪੇਸ਼ ਕੀਤਾ ਹੈ-ਇਕ ਡੱਡੂ ਕੀਟ ਆਦਿ ਨੂੰ ਖ਼ੁਰਾਕ ਬਣਾਉਣ ਲਈ ਦੌੜ ਰਿਹਾ ਹੈ, ਉਸ ਨੂੰ ਖਾਣ ਲਈ ਉਸ ਦੇ ਪਿੱਛੇ ਸੱਪ ਦੌੜ ਰਿਹਾ ਹੈ, ਸੱਪ ਦੇ ਪਿੱਛੇ ਮੋਰ, ਮੋਰ ਦੇ ਪਿੱਛੇ ਸ਼ੇਰ ਤੇ ਸ਼ੇਰ ਦੇ ਪਿੱਛੇ ਸ਼ਿਕਾਰੀ। ਅਸਲ 'ਚ ਇਨ੍ਹਾਂ ਸਭ ਦੇ ਪਿੱਛੇ ਕਾਲ ਹੀ ਸਭ ਨੂੰ ਨਿਗਲ ਰਿਹਾ ਹੈ। ਇਹ ਸਿਰਫ਼ ਦ੍ਰਿਸ਼ ਮਾਤਰ ਜੀਵ-ਜਗਤ ਦੀ ਕਿਰਿਆ ਨਹੀਂ, ਬਲਕਿ ਮਨੁੱਖੀ ਜੀਵਨ ਦਾ ਪ੍ਰਤੀਕ ਹੈ। ਡੱਡੂ ਉਸ ਆਮ ਆਦਮੀ ਦਾ ਪ੍ਰਤੀਕ ਹੈ ਜੋ ਸੁੱਖਾਂ ਲਈ ਭੱਜ ਰਿਹਾ ਹੈ। ਸੱਪ ਉਸ ਦੀ ਵਾਸਨਾ ਹੈ, ਮੋਰ ਹੰਕਾਰ ਹੈ, ਸ਼ੇਰ ਗੁੱਸੇ ਅਤੇ ਤਾਕਤ ਦੀ ਲਾਲਸਾ ਹੈ ਤੇ ਸ਼ਿਕਾਰੀ ਕਿਸਮਤ ਜਾਂ ਕਾਲ ਦਾ ਪ੍ਰਤੀਕ ਹੈ। ਹਰ ਜੀਵ ਕਿਸੇ ਦਾ ਪਿੱਛਾ ਕਰ ਰਿਹਾ ਹੈ, ਕੋਈ ਕਿਸੇ ਤੋਂ ਬਚਣਾ ਚਾਹੁੰਦਾ ਹੈ, ਪਰ ਸਾਰੇ ਇਕ ਹੀ ਦਿਸ਼ਾ 'ਚ ਅੱਗੇ ਵਧ ਰਹੇ ਹਨ। ਕਾਲ ਦੀ ਪਕੜ ਵੱਲ।

ਇਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਸੰਸਾਰ ਦਾ ਹਰੇਕ ਜੀਵ ਅਸਥਿਰਤਾ ਦੀਆਂ ਸੀਮਾਵਾਂ ਦੇ ਅੰਦਰ ਬੱਝਿਆ ਹੋਇਆ ਹੈ। ਜੀਵਨ ਦਾ ਹਰ ਪਲ ਬੀਤ ਰਿਹਾ ਹੈ, ਪਰ ਮਨੁੱਖ ਇਸ ਦੇ ਲਗਾਤਾਰ ਮੋਹ 'ਚ ਡੁੱਬਾ ਹੈ। ਸੱਚ ਇਹ ਹੈ ਕਿ ਸਰੀਰ, ਜਾਇਦਾਦ ਤੇ ਵੱਕਾਰ-ਸਭ ਨਾਸ਼ਵਾਨ ਹਨ, ਸਿਰਫ਼ ਆਤਮਾ ਹੀ ਸਦੀਵੀ ਹੈ। ਵਿਚਾਰਨਯੋਗ ਇਹ ਹੈ ਕਿ ਮਨੁੱਖ ਇਸ ਨੱਠ-ਭੱਜ 'ਚ ਥੋੜ੍ਹਾ ਵਿਵੇਕ-ਵਿਚਾਰ ਨਾਲ ਆਪਣੇ ਅੰਦਰ ਝਾਤੀ ਮਾਰੇ ਤਾਂ ਉਸ ਨੂੰ ਸੱਚਾਈ ਦਾ ਅਹਿਸਾਸ ਹੋ ਜਾਵੇਗਾ।


**-ਆਚਾਰਿਆ ਨਾਰਾਇਣ ਦਾਸ**

ਆਤਮ ਚਿੰਤਨ ਹੀ ਉਹ ਸ਼ਕਤੀ ਹੈ, ਜੋ ਕਾਲ ਦੇ ਡਰ ਨੂੰ ਖ਼ਤਮ ਕਰ ਦਿੰਦੀ ਹੈ। ਜੋ ਵਿਅਕਤੀ ਮੌਤ ਨੂੰ ਯਾਦ ਰੱਖਦੇ ਹੋਏ ਵੀ ਧਰਮ, ਸੱਚ ਤੇ ਆਤਮਬੋਧ 'ਚ ਸਥਿਰ ਰਹਿੰਦਾ ਹੈ, ਉਹੀ ਜੀਵਨ ਨੂੰ ਸਾਰਥਕ ਬਣਾਉਂਦਾ ਹੈ। ਜੋ ਕਾਲ ਨੂੰ ਪਛਾਣ ਲੈਂਦਾ ਹੈ, ਉਹੀ ਅਮਰਤਾ ਨੂੰ ਤੇ ਜੋ ਜੀਵਨ ਦੀ ਨਾਸ਼ਵਾਨਤਾ ਨੂੰ ਸਮਝ ਲੈਂਦਾ ਹੈ, ਉਹ ਹੀ ਅਨੰਤ, ਅਟੁੱਟ ਅਤੇ ਪਰਮ ਸ਼ਾਂਤੀ ਨੂੰ ਪ੍ਰਾਪਤ ਕਰਦਾ ਹੈ।





# ਭੌਤਿਕ ਚੀਜ਼ਾਂ ਦੀ ਲਾਲਸਾ ਨੇ ਮਨੁੱਖ ਤੋਂ ਖੋਹੀਆਂ ਖ਼ੁਸ਼ੀਆਂ



ਆਧੁਨਿਕ ਯੁੱਗ ਦੀ ਭੱਜ-ਨੱਠ ਨੇ ਮਨੁੱਖ ਦੀ ਜ਼ਿੰਦਗੀ 'ਚ ਥਕੇਵਾਂ, ਅਕਾਊ ਤੇ ਨਿਰਾਸ਼ਤਾ ਦਾ ਪਸਾਰਾ ਕਰ ਦਿੱਤਾ ਹੈ। ਜਿਉਂ -ਜਿਉਂ ਮਨੁੱਖ ਕੋਲ ਸੁੱਖ- ਸਹੂਲਤਾ ਦੀ ਬਹੁਲਤਾ ਹੁੰਦੀ ਜਾ ਰਹੀ ਹੈ, ਉਸ ਦੀਆਂ ਸਮੱਸਿਆਵਾਂ ਦੇ ਘੇਰੇ 'ਚ ਦਿਨ-ਪ੍ਰਤੀ-ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਇਸ ਦਾ ਸਿੱਧਾ ਤੇ ਸਰਲ ਕਾਰਨ ਮਨੁੱਖ ਦਾ ਕੁਦਰਤ ਨਾਲੋਂ ਟੁੱਟਣਾ ਹੈ। ਭੌਤਿਕ ਚੀਜ਼ਾਂ ਦੀ ਲਾਲਸਾ ਨੇ ਮਨੁੱਖ ਤੋਂ ਖ਼ੁਸ਼ੀਆਂ, ਹਾਸੇ, ਚਾਅ ਤੇ ਪਿਆਰ ਰੂਪੀ ਰੱਬੀ ਨਿਆਮਤ ਨੂੰ ਖੋਹ ਲਿਆ ਹੈ। ਜਿਉਂ-ਜਿਉਂ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਚਲਾ ਗਿਆ, ਉਸ ਦੀ ਜੀਵਨਸ਼ੈਲੀ 'ਚ ਪਰਿਵਰਤਨ ਆਉਂਦਾ ਚਲਾ ਗਿਆ। ਇਹੋ ਜੀਵਨਸ਼ੈਲੀ ਉਸ ਲਈ ਦੁੱਖਾਂ ਦਾ ਘਰ ਬਣ ਗਈ। ਕੁਦਰਤ ਨਾਲੋਂ ਟੁੱਟ ਕੇ ਕਦੇ ਵੀ ਕੋਈ ਮਨੁੱਖ ਸੁਖੀ ਨਹੀਂ ਰਹਿ ਸਕਦਾ।

**ਸਭ ਪ੍ਰਾਣੀਆਂ ਤੋਂ ਸਰਬ ਸ੍ਰੇਸ਼ਠ ਹੈ ਮਨੁੱਖ**

ਗੁਰਬਾਣੀ ਤਾਂ ਮਨੁੱਖ ਨੂੰ ਪਹਿਲਾਂ ਹੀ ਸਮਝਾਉਂਦੀ ਆ ਰਹੀ ਹੈ ਪਰ ਹਉਮੈ ਤੇ ਹੰਕਾਰ ਵਿਚ ਗ੍ਰਸਤ ਮਨੁੱਖ ਨੂੰ ਕਦੇ ਸਮਝ ਨਹੀਂ ਆਈ। ਜਿਸ ਨੇ ਵੀ ਸਮਝ ਲਿਆ, ਉਸ ਦੇ ਦੁੱਖਾਂ-ਕਲੇਸ਼ਾਂ ਦਾ ਅੰਤ ਹੋ ਗਿਆ। ਕੁਦਰਤ 'ਚ ਹੀ ਮਨੁੱਖ ਦੀਆਂ ਸਭ ਬਿਮਾਰੀਆਂ ਦਾ ਹੱਲ ਛੁਪਿਆ ਹੋਇਆ ਹੈ, ਸਿਰਫ਼ ਲੋੜ ਹੈ ਮਨੁੱਖ ਨੂੰ ਕਾਦਰ ਦੀ ਉਸ ਕੁਦਰਤ ਨੂੰ ਪਛਾਣਨ ਦੀ, ਜੋ ਪੰਜ ਤੱਤ ਬ੍ਰਹਿਮੰਡ ਵਿਚ ਮੌਜੂਦ ਹਨ। ਕਾਦਰ ਨੇ ਉਨ੍ਹਾਂ ਪੰਜ ਤੱਤਾਂ ਤੋਂ ਹੀ ਮਨੁੱਖ ਤੇ ਸੰਪੂਰਨ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਮਨੁੱਖ ਇਸ ਸਮਾਜ ਦੇ ਸਭ ਪ੍ਰਾਣੀਆਂ ਤੋਂ ਸਰਬ ਸ੍ਰੇਸ਼ਠ ਹੈ। ਇਸ 'ਚ ਬਲ ਤੇ ਦਿਮਾਗ਼ ਦੋਵੇਂ ਚੀਜ਼ਾਂ ਬਾਕੀ ਪ੍ਰਾਣੀਆਂ ਤੋਂ ਉੱਚਤਮ ਦਰਜੇ ਦਾ ਬਣਾਉਂਦੀਆਂ ਹਨ।

**ਪਿਆਰ ਨਾਲ ਵੱਡੇ-ਵੱਡੇ ਮਸਲੇ ਹੋ ਜਾਂਦੇ ਹੱਲ**

ਪਿਆਰ ਦੀ ਭਾਸ਼ਾ ਪਸ਼ੂ, ਪੰਛੀ ਤੇ ਜਾਨਵਰ ਸਾਰੇ ਹੀ ਚੰਗੀ ਤਰ੍ਹਾਂ ਸਮਝਦੇ ਹਨ। ਕਦੇ ਕਿਸੇ ਜਾਨਵਰ ਨੂੰ ਦੋ-ਚਾਰ ਦਿਨ ਪਿਆਰ ਨਾਲ ਰੋਟੀ ਜਾਂ ਪਾਣੀ ਆਦਿ ਰੱਖਣ ਲੱਗ ਜਾਓ, ਉਹ ਵੀ ਤਹਾਨੂੰ ਪਿਆਰ ਕਰਨ ਲੱਗ ਜਾਂਦਾ ਹੈ। ਇਹੀ ਪਿਆਰ ਦੀ ਪਰਿਭਾਸ਼ਾ ਹੈ ਕਿ ਇਕ ਮਨੁੱਖ ਜੋ ਕਿਸੇ ਦੂਸਰੇ ਨੂੰ ਦਿੰਦਾ ਹੈ, ਬਦਲੇ 'ਚ ਉਸ ਤੋਂ ਕਿਤੇ ਵੱਧ ਕੇ ਵਾਪਸ ਲੈਂਦਾ ਹੈ, ਚਾਹੇ ਉਹ ਪਿਆਰ ਹੈ ਜਾਂ ਫਿਰ ਨਫ਼ਰਤ। ਜਿਸ ਤਰ੍ਹਾਂ ਘਰ ਜੀਆਂ ਤੋਂ ਸੱਖਣਾ ਨਿਰ੍ਹਾ ਉਜਾੜ ਹੁੰਦਾ ਹੈ, ਉਸੇ ਤਰ੍ਹਾਂ ਪਿਆਰ ਤੋਂ ਸੱਖਣੇ ਮਨੁੱਖ ਦੀ ਜ਼ਿੰਦਗੀ ਵੀ ਨੀਰਸ ਬਣ ਜਾਂਦੀ ਹੈ। ਪਿਆਰ

**- ਗੁਰਪ੍ਰੀਤ ਸਿੰਘ ਬੀੜ ਕਿਸ਼ਨ**

ਨਾਲ ਵੱਡੇ ਤੋਂ ਵੱਡੇ ਮਸਲੇ ਹੱਲ ਹੋ ਜਾਂਦੇ ਹਨ, ਗੁੱਸੇ ਨਾਲ ਬਣੀ-ਬਣਾਈ ਖੇਡ ਵੀ ਅਕਸਰ ਵਿਗੜ ਜਾਂਦੀ ਹੈ।

**ਨਾਂਹ-ਪੱਖੀ ਵਿਚਾਰਾਂ ਦੀ ਵਲਗਣ** : ਜ਼ਿੰਦਗੀ ਦਾ ਪਹੀਆ ਸਦਾ ਤੁਰਦਾ ਰਹਿੰਦਾ ਹੈ ਤੇ ਸਦਾ ਤੁਰਦੇ ਰਹਿਣਾ ਵੀ ਚਾਹੀਦਾ ਹੈ, ਜਿਸ ਦਿਨ ਇਹ ਜ਼ਿੰਦਗੀ ਰੂਪੀ ਪਹੀਆ ਰੁਕ ਗਿਆ ਤਾਂ ਸਮਝੋ ਮਨੁੱਖੀ ਜੀਵਨ ਦਾ ਅੰਤ ਹੈ। ਜ਼ਿੰਦਗੀ ਦਾ ਇਹ ਪਹੀਆ ਵਗਦੇ ਪਾਣੀ ਵਾਂਗ ਵਗਦੇ ਹੀ ਰਹਿਣਾ ਚਾਹੀਦਾ ਹੈ। ਇਹ ਸਭ ਉਸ ਡਾਢੇ ਦੇ ਹੱਥ 'ਚ ਹੈ ਕਿ ਇਸ ਮਨੁੱਖ ਜੀਵਨ ਰੂਪੀ ਪਹੀਏ ਨੇ ਕਦੋਂ ਤਕ ਰੁੜ੍ਹਨਾ ਹੈ। ਸਮਾਂ ਆਪਣੇ ਨਾਲ ਬਹੁਤ ਕੁਝ ਵਹਾ ਕੇ ਲੈ ਜਾਂਦਾ ਹੈ ਤੇ ਸਮੇਂ ਦੀ ਰੇਤ ਉੱਪਰ ਇਸ ਦੇ ਸਿਰਫ਼ ਪੈੜਾਂ ਦੇ ਨਿਸ਼ਾਨ ਹੀ ਬਾਕੀ ਰਹਿ ਜਾਂਦੇ ਹਨ। ਪਿਆਰ ਦੀ ਇਸ ਧਰਤੀ ਵਿਚ ਉੱਗੇ ਹੋਏ ਸੂਹੇ ਫੁੱਲ ਮਨੁੱਖ ਨੂੰ ਸਦਾ ਲਈ ਅਮਰ ਬਣਾ ਦਿੰਦੇ ਹਨ। ਪਿਆਰ ਦੀ ਉਪਜ ਜ਼ਿੰਦਗੀ 'ਚ ਹਾਂ-ਪੱਖੀ ਸੋਚ ਦਾ ਨਿਰਮਾਣ ਕਰਦੀ ਹੈ ਤੇ ਪਿਆਰ ਤੋਂ ਵਿਰਵਾਂ ਮਨੁੱਖ ਕੌੜ, ਸੜੀਅਲ, ਕ੍ਰੋਧੀ ਤੇ ਹਰ ਵੇਲੇ ਨਾਂਹ-ਪੱਖੀ ਵਿਚਾਰਾਂ ਦੀ ਵਲਗਣ 'ਚ ਉਲਝਿਆ ਰਹਿੰਦਾ ਹੈ, ਜਿਸ ਨਾਲ ਉਸ ਦਾ ਜੀਵਨ ਪੂਰੀ ਤਰ੍ਹਾਂ ਨਕਾਰਾਤਮਿਕਤਾ ਨਾਲ ਭਰ ਜਾਂਦਾ ਹੈ ਤੇ ਉਸ ਦਾ ਮਨੁੱਖੀ ਵਿਕਾਸ ਰੁਕ ਜਾਂਦਾ ਹੈ।

**ਸੋਸ਼ਲ ਮੀਡੀਆ ਦੇ ਪਸਾਰ ਨੇ ਜ਼ਿੰਦਗੀ ਕੀਤੀ ਸੌਖੀ** : ਸਭ ਗੁਰੂਆਂ, ਪੀਰਾਂ, ਰਿਸ਼ੀਆਂ-ਮੁਨੀਆਂ ਨੇ ਪਿਆਰ ਉੱਪਰ ਹੀ ਧਿਆਨ ਕੇਂਦਰਿਤ ਕੀਤਾ ਹੈ ਕਿ ਮਨੁੱਖੀ ਜੀਵਨ 'ਚ ਆਈਆਂ ਵੱਡੀਆਂ ਤੋਂ ਵੱਡੀਆਂ ਸਮੱਸਿਆਵਾਂ ਦਾ ਹੱਲ ਸਿਰਫ਼ ਪਿਆਰ ਵਿਚ ਹੀ ਹੈ। ਸੋਸ਼ਲ ਮੀਡੀਆ ਦੇ ਤੇਜ਼ ਪਸਾਰੇ ਨੇ ਜ਼ਿੰਦਗੀ ਨੂੰ ਬਹੁਤ ਸੌਖਾ ਕਰ ਦਿੱਤਾ ਹੈ। ਮਹੀਨਿਆਂ, ਸਾਲਾਂ 'ਚ ਪ੍ਰਾਪਤ ਹੋਣ ਵਾਲੀ ਸੂਚਨਾ ਕੁਝ ਪਲਾਂ 'ਚ ਹੀ ਪ੍ਰਾਪਤ ਹੋ ਜਾਂਦੀ ਹੈ ਪਰ ਇਸ ਸੂਚਨਾ ਨੂੰ ਪ੍ਰਾਪਤ ਕਰਨ ਲਈ ਕਈ ਵਾਰ ਮਨੁੱਖ ਆਪਣੇ ਲਈ ਮੁਸੀਬਤਾਂ ਵੀ ਖੜ੍ਹੀਆਂ ਕਰਦਾ ਦੇਖਿਆ ਗਿਆ ਹੈ। ਸਹਿਜਤਾ ਦੇ ਮਾਰਗ ਤੋਂ ਅੱਕ ਕੇ ਮਨੁੱਖ ਦੀ ਸੋਚ ਭਟਕ ਚੁੱਕੀ ਹੈ, ਉਹ ਬੜੀ ਤੇਜ਼ੀ ਨਾਲ ਨਤੀਜੇ ਪ੍ਰਾਪਤ ਕਰਨ ਦੇ ਚੱਕਰ 'ਚ ਆਪਣੀ ਜ਼ਿੰਦਗੀ ਦੇ ਉਹ ਸੁਨਹਿਰੀ ਪਲਾਂ ਨੂੰ ਦਾਅ 'ਤੇ ਲਾ ਦਿੰਦਾ ਹੈ, ਜਿਸ ਨਾਲ ਮਜ਼ਬੂਤ ਸਮਾਜ ਤੇ ਪਰਿਵਾਰ ਦੀ ਹੋਂਦ ਖੜ੍ਹੀ ਹੁੰਦੀ ਹੈ।

**ਜ਼ਿੰਦਗੀ ਦਾ ਮੂਲ ਆਧਾਰ** : ਪਿਆਰ ਦੇ ਰੰਗ 'ਚ ਰੰਗਿਆ ਮਨੁੱਖ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਵੀ ਜ਼ਰ ਜਾਂਦਾ ਹੈ ਤੇ ਉਸ ਅੰਦਰ ਪੈਦਾ ਹੋਇਆ ਆਤਮ ਬਲ ਉਸ ਨੂੰ ਮਜ਼ਬੂਤ ਬਣਾ ਦਿੰਦਾ ਹੈ ਤੇ ਉਹ ਆਪਣੇ ਇਸ ਖੇਤਰ ਵਿਚ ਤਰੱਕੀ ਦੀਆਂ ਨਵੀਂਆਂ ਇਬਾਰਤਾਂ ਲਿਖਦਾ ਹੋਇਆ ਮੰਜ਼ਿਲ 'ਤੇ ਅੱਪੜ ਨਵੀਂ ਮਿਸਾਲ ਪੈਦਾ ਕਰ ਦਿੰਦਾ ਹੈ। ਮਨੁੱਖ ਜਿੰਨੀ ਮਰਜ਼ੀ ਧਨ-ਦੌਲਤ, ਜਾਇਦਾਦ ਇਕੱਠੀ ਕਰ ਲਵੇ ਪਰ ਪਿਆਰ ਤੋਂ ਸੱਖਣੇ ਮਨੁੱਖ ਲਈ ਵੀ ਇਹ ਧਨ-ਦੌਲਤਾਂ ਕੋਈ ਮਾਅਨੇ ਨਹੀਂ ਰੱਖਦੀਆਂ। ਮਨੁੱਖ ਭਾਵੇਂ ਕੱਖਾਂ ਦੀ ਛੰਨ 'ਚ ਕਿਉਂ ਨਾ ਰਹਿੰਦਾ ਹੋਵੇ, ਜੇ ਉਸ ਕੋਲ ਪਿਆਰ ਹੈ ਤਾਂ ਉਹ ਜ਼ਿੰਦਗੀ ਦਾ ਸਭ ਤੋਂ ਅਮੀਰ ਆਦਮੀ ਹੈ। ਪਿਆਰ ਹੀ ਜੀਵਨ ਦਾ ਆਧਾਰ ਹੈ, ਜਿਸ ਤੋਂ ਜੀਵਨ ਦੀ ਰਚਨਾ ਹੁੰਦੀ ਹੈ। ਇਹ ਹੀ ਸਫਲ ਜ਼ਿੰਦਗੀ ਜਿਊਣ ਦਾ ਮਾਰਗ ਹੈ। ਇਸ ਦੇ ਮਾਰਗ ਉੱਪਰ ਚੱਲਦਿਆਂ ਮਨੁੱਖ ਨੂੰ ਛੋਟੀਆਂ-ਛੋਟੀਆਂ ਗੱਲਾਂ 'ਚੋਂ ਖ਼ੁਸ਼ੀਆਂ ਨੂੰ ਤਲਾਸ਼ਣ ਦੀ ਜਾਂਚ ਨੂੰ ਸਿੱਖਣਾ ਪਵੇਗਾ। ਜਦੋਂ ਪਿਆਰ ਹੀ ਜ਼ਿੰਦਗੀ ਦਾ ਮੂਲ ਆਧਾਰ ਤੇ ਸਰੋਤ ਹੈ ਤਾਂ ਫਿਰ ਮਨੁੱਖ ਨੂੰ ਬੇਅਰਥ ਦੀਆਂ ਚਿੰਤਾਵਾਂ ਤੋਂ ਮੁਕਤ ਹੁੰਦਿਆਂ ਹਾਂ-ਪੱਖੀ ਸਮਾਜ ਦੀ ਸਿਰਜਣਾ ਨੂੰ ਤਰਜੀਹ ਦਿੰਦਿਆਂ ਇਸ ਦਾ ਪਸਾਰਾ ਕਰਨਾ ਚਾਹੀਦਾ ਹੈ।

# ਭੌਤਿਕ ਸੰਸਾਰ 'ਚ ਸੁੱਖ ਦਾ ਰਾਜ਼



ਅੱਜ ਦਾ ਮਨੁੱਖ ਭੌਤਿਕ ਤੌਰ 'ਤੇ ਖ਼ੁਸ਼ਹਾਲ ਹੈ- ਮਹਿੰਗੇ ਘਰ, ਚਮਚਮਾਉਂਦੀਆਂ ਗੱਡੀਆਂ, ਵਿਦੇਸ਼ੀ ਯਾਤਰਾਵਾਂ, ਆਧੁਨਿਕ ਜਿਮ ਅਤੇ ਗੈਜੇਟਸ ਨਾਲ ਲੈਸ ਜੀਵਨ ਹੈ ਪਰ ਅੰਦਰੋਂ ਉਹ ਖ਼ਾਲੀ ਹੈ, ਅਸੰਤੁਸ਼ਟ ਹੈ। ਸਹੂਲਤਾਂ ਦੇ ਸਿਖਰ 'ਤੇ ਖੜ੍ਹਾ ਹੋਣ ਦੇ ਬਾਵਜੂਦ ਉਹ ਅਜੇ ਵੀ ਸ਼ਾਂਤੀ ਅਤੇ ਆਨੰਦ ਦੀ ਭਾਲ ਕਰ ਰਿਹਾ ਹੈ। ਇਸ ਦੇ ਉਲਟ, ਪਿਛਲੇ ਸਮੇਂ ਦਾ ਮਨੁੱਖ ਸੀਮਤ ਸਰੋਤਾਂ ਵਿਚ ਜਿਉਂਦਾ ਸੀ ਪਰ ਉਸ ਦੇ ਜੀਵਨ ਵਿਚ ਅਪਣੱਤ, ਸਨੇਹ ਅਤੇ ਸਕੂਨ ਦਾ ਸੰਗੀਤ ਸੀ। ਇਹੀ ਆਪਾ ਵਿਰੋਧ 'ਥੋੜ੍ਹਾਂ ਦੇ ਆਨੰਦ' ਦਾ ਰਾਜ਼ ਖੋਲ੍ਹਦਾ ਹੈ।

ਤੋਟਾਂ ਦਾ ਅਰਥ ਸਿਰਫ਼ ਵਸਤਾਂ ਦੀ ਕਮੀ ਨਹੀਂ ਸਗੋਂ ਇੱਛਾ ਦੀ ਮਰਿਆਦਾ ਹੈ। ਜਦੋਂ ਇੱਛਾਵਾਂ ਸੀਮਤ ਹੁੰਦੀਆਂ ਹਨ ਤਾਂ ਸਬਰ ਜਨਮ ਲੈਂਦਾ ਹੈ। ਸਬਰ-ਸੰਤੋਖ ਹੀ ਆਤਮਿਕ ਆਨੰਦ ਦਾ ਦੁਆਰ ਹੈ। ਮਹਾਤਮਾ ਗਾਂਧੀ ਨੇ ਕਿਹਾ ਸੀ, 'ਪ੍ਰਿਥਵੀ ਸਾਰਿਆਂ ਦੀਆਂ ਜ਼ਰੂਰਤਾਂ ਦੀ ਪੂਰਤੀ ਕਰ ਸਕਦੀ ਹੈ ਪਰ ਕਿਸੇ ਇਕ ਦੇ ਲਾਲਚ ਦੀ ਨਹੀਂ।' ਤੋਟ ਵਾਲੇ ਦਿਨਾਂ ਵਿਚ ਮਨੁੱਖ ਸ਼ੁਕਰਗੁਜ਼ਾਰ ਹੋ ਕੇ ਰਹਿਣਾ ਸਿੱਖਦਾ ਹੈ, ਹਰ ਛੋਟੀ ਚੀਜ਼ ਲਈ ਧੰਨਵਾਦ ਪ੍ਰਗਟ ਕਰਦਾ ਹੈ ਅਤੇ ਇਹੀ ਭਾਵਨਾ ਉਸ ਨੂੰ ਅੰਦਰੂਨੀ ਸੁੱਖ ਦਿੰਦੀ ਹੈ। ਅੱਜ ਦਾ ਜੀਵਨ ਸਹੂਲਤਾਂ ਨਾਲ ਭਰਪੂਰ ਹੈ ਪਰ ਸਾਦਾ ਨਹੀਂ। ਸਰੋਤਾਂ ਦੀ ਬਹੁਤਾਤ ਨੇ ਰਿਸ਼ਤਿਆਂ ਦੀ ਗਹਿਰਾਈ ਖੋਹ ਲਈ ਹੈ।


ਤੋਟਾਂ ਸਾਨੂੰ ਆਪਣੇ ਅੰਦਰ ਝਾਕਣ ਦਾ ਮੌਕਾ ਦਿੰਦੀਆਂ ਹਨ। ਜਦੋਂ ਬਾਹਰਲੀਆਂ ਵਸਤਾਂ ਨਹੀਂ ਹੁੰਦੀਆਂ ਤਾਂ ਮਨੁੱਖ ਅੰਦਰ ਦੀ ਸੰਪਤੀ ਖੋਜਦਾ ਹੈ- ਪ੍ਰੇਮ, ਕਰੁਣਾ, ਧਿਆਨ ਅਤੇ ਆਤਮ-ਚਿੰਤਨ। ਇਹੀ ਰੂਹਾਨੀ ਨਜ਼ਰੀਆ ਹੈ ਕਿ ਤੋਟ ਕੋਈ ਦੁੱਖ ਨਹੀਂ, ਸਗੋਂ ਆਤਮ-ਉੱਥਾਨ ਦੀ ਧਰਤ ਹੈ। ਜਿਵੇਂ ਮਿੱਟੀ ਵਿਚ ਬੀਜ ਦਬਾਇਆ ਜਾਂਦਾ ਹੈ, ਤਾਂ ਉਹੀ ਹਨੇਰਾ ਉਸ ਨੂੰ ਪੁੰਗਰਨ ਦੀ ਸ਼ਕਤੀ ਦਿੰਦਾ ਹੈ, ਉਸੇ ਤਰ੍ਹਾਂ ਤੋਟ ਆਤਮਾ ਨੂੰ ਪ੍ਰਕਾਸ਼ ਦੀ ਦਿਸ਼ਾ ਵੱਲ ਲੈ ਕੇ ਜਾਂਦੀ ਹੈ। ਅੱਜ ਦੀ ਲੋੜ ਹੈ ਕਿ ਅਸੀਂ ਸੁਵਿਧਾਵਾਂ ਦੇ ਵਿਚਕਾਰ ਵੀ 'ਤੋਟ ਦੇ ਭਾਵ' ਜਿਊਂਦੇ ਰੱਖੀਏ-ਸਾਦਗੀ, ਸੰਤੋਸ਼ ਅਤੇ ਆਤਮ-ਸੰਜਮ ਦੇ ਰੂਪ ਵਿਚ, ਕਿਉਂਕਿ ਖ਼ੁਸ਼ੀ ਸਰੋਤਾਂ ਨਾਲ ਨਹੀਂ, ਸਗੋਂ ਨਜ਼ਰੀਏ ਨਾਲ ਪੈਦਾ ਹੁੰਦੀ ਹੈ। ਤੋਟ ਦਾ ਆਨੰਦ ਉਹੀ ਲੈ ਸਕਦਾ ਹੈ ਜੋ ਜੀਵਨ ਨੂੰ ਭੋਗ ਨਹੀਂ, ਯੋਗ ਸਮਝ ਕੇ ਗੁਜ਼ਾਰਦਾ ਹੈ। ਇਹੀ ਜੀਵਨ ਦੀ ਸੱਚੀ ਖ਼ੁਸ਼ਹਾਲੀ ਹੈ - ਅੰਦਰੋਂ ਖ਼ੁਸ਼ਹਾਲ ਹੋਣ ਦੀ ਕਲਾ।

**-ਲਲਿਤ ਗਰਗ**









# ਕਿੱਥੇ ਤੁਰ ਗਏ ਪਿਆਰੇ ਲੋਕ ?

ਸਿਰ 'ਤੇ ਹੱਥ ਪਲੋਸਣ ਵਾਲੇ।
ਨਿਰਛਲ ਸੱਚੇ ਭੋਲੇ ਭਾਲੇ।
ਸਭ ਦੀ ਧੀ ਨੂੰ ਧੀ ਕਹਿੰਦੇ ਸੀ।
ਇੱਕ ਮਰਿਆਦਾ ਵਿੱਚ ਰਹਿੰਦੇ ਸੀ।
ਜਾਂਦੇ ਸੀ ਸਤਿਕਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?
ਬਲਦਾਂ ਦੇ ਗਲ ਟੱਲੀਆਂ ਖੜਕਣ।
ਪੈਰ੍ਹਾਂ ਦੇ ਵਿੱਚ ਲੈਅ ਦੀ ਥਰਕਣ।
ਹੱਲ ਪੰਝਾਲੀ ਲੈ ਕੇ ਜਾਂਦੇ।
ਸ਼ਾਮ ਢਲੇ ਨੂੰ ਵਾਪਿਸ ਆਂਦੇ।
ਮਿਹਨਤ ਦੇ ਵਣਜਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?
ਸੱਥ ਵਿਚ ਮਿਰਜ਼ਾ ਗਾਵਣ ਵਾਲੇ।
ਠੰਢੀਆਂ ਛਾਵਾਂ ਮਾਣਨ ਵਾਲੇ।
ਰਲ ਮਲ ਭੰਗੜਾ ਪਾਵਣ ਵਾਲੇ।
ਰੁੱਸੇ ਯਾਰ ਮਨਾਵਣ ਵਾਲੇ।
ਵੰਡਦੇ ਫਿਰਨ ਨਜ਼ਾਰੇ ਲੋਕ।
ਕਿਥੇ ਤੁਰ ਗਏ ਪਿਆਰੇ ਲੋਕ ?
ਬੱਚੇ ਮੁਫ਼ਤ ਪੜ੍ਹਾਂਦੇ ਸੀ ਜੋ।
ਭਗਤੀ ਬੱਲ ਸਿਖਾਂਦੇ ਸੀ ਜੋ।
ਪੁੱਤਾਂ ਵਾਂਗੂ ਪਾਲਣ ਵਾਲੇ।
ਕੁਕਰਮ ਤੋਂ ਟਾਲਣ ਵਾਲੇ।
ਸੱਚੇ ਤਾਰਨਹਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?
ਸਫ਼ਰ 'ਚ ਵੇਖ ਪੰਜਾਬੀ ਮੁੰਡੇ।
ਜ਼ੁਰਰਤ ਨਈਂ ਸੀ ਕਰਦੇ ਗੁੰਡੇ।
ਧੀਆਂ ਭੈਣਾਂ ਚੈਨ 'ਚ ਬੈਠਣ।
ਦਿਨ ਹੋਵੇ ਜਾਂ ਰੈਣ 'ਚ ਬੈਠਣ
ਇੱਜ਼ਤਦਾਰ ਨਿਆਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?
ਧੀ-ਜਵਾਈ ਜਦ ਪਿੰਡ 'ਚ ਆਏ।
ਹਰ ਕੋਈ ਸਧਰਾਂ ਨਾਲ ਬੁਲਾਏ।
ਕੁੜੀਏ ਰਾਜ਼ੀ-ਬਾਜ਼ੀ ਏਂ ਨਾ।
ਸੱਸ ਸਹੁਰਾ ਵੀ ਰਾਜ਼ੀ ਏ ਨਾ।
ਜਾਂਦੇ ਵਾਰੇ-ਵਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?
ਠੰਢੀਆਂ ਠਾਰ ਹਵਾਵਾਂ ਅੰਦਰ।
ਸਾਂਝ ਪ੍ਰੀਤਾਂ ਛਾਵਾਂ ਅੰਦਰ।
ਉਂਗਲੀ ਲਾ ਕੇ ਹੱਸਦੇ ਜਾਂਦੇ।
ਸਭ ਨੂੰ ਰਸਤਾ ਦੱਸਦੇ ਜਾਂਦੇ।
ਲਾਉਂਦੇ ਨਈਂ ਸੀ ਲਾਰੇ ਲੋਕ।
ਕਿਥੇ ਤੁਰ ਗਏ ਪਿਆਰੇ ਲੋਕ ?
ਦਿਨ ਰਾਤੀ ਜੋ ਲੋਅ ਲਈ ਬਲਦੇ।
ਮੁਫ਼ਤ ਸੇਵਾਵਾਂ ਦੇ ਕੇ ਚਲਦੇ।
ਮਾਨਵਤਾ ਲਈ ਜੀਂਦੇ ਮਰਦੇ।
'ਬਾਲਮ' ਧਰਤੀ ਦੇ ਦੁੱਖ ਜਰਦੇ।
ਸੂਰਜ ਚੰਨ ਸਿਤਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

**ਬਲਵਿੰਦਰ ਬਾਲਮ ਗੁਰਦਾਸਪੁਰ**
98156-25409

## ਕਵਿਤਾ

ਗ਼ੈਰ ਕਹੇ ਜੋ ਹੋਵੇ, ਸੌਦਾ ਘਰ ਦਾ ਥੋੜ੍ਹੀ ਹੈ।
ਕਾਵਾਂ ਦੇ ਆਖੇ 'ਤੇ ਢੱਗਾ ਮਰਦਾ ਥੋੜ੍ਹੀ ਹੈ।

ਦਿਲ ਦੇ ਅੰਦਰ ਹੈ ਕੀ ਸਾਨੂੰ ਇਹ ਵੀ ਦੱਸੇ ਨਾ,
ਇਹ ਵੀ ਆਖ ਰਿਹੈ ਉਹ ਕੋਈ ਪਰਦਾ ਥੋੜ੍ਹੀ ਹੈ।

ਲੈ ਕੇ ਦਿਲ ਜੋ ਸਾਡਾ ਸਾਡੇ 'ਤੇ ਹੀ ਤਪਦਾ ਏ,
ਉਸ ਨੂੰ ਦੇਖੇ ਬਿਨ ਇਹ ਸੀਨਾ ਠਰਦਾ ਥੋੜ੍ਹੀ ਹੈ।

ਤੈਨੂੰ ਚਾਹ ਕੇ ਦਿਲ ਨੇ ਖ਼ੁਦ ਵੀ ਮੌਤ ਸਹੇੜੀ ਏ,
ਸਾਰਾ ਦੋਸ਼ ਹੀ ਤੇਰੀ ਸ਼ੋਖ਼ ਨਜ਼ਰ ਦਾ ਥੋੜ੍ਹੀ ਹੈ।

ਲੋਕਾਂ ਲੱਜੀ ਹੱਸਣਾ ਪੈਂਦਾ ਏ ਗ਼ਮ ਤੇਰੇ ਵਿਚ,
ਐਵੇਂ ਕੋਈ ਦਿਲ 'ਤੇ ਪੱਥਰ ਧਰਦਾ ਥੋੜ੍ਹੀ ਹੈ।

ਚਿਹਰੇ 'ਤੇ ਮੁਸਕਾਨਾਂ ਦਿਲ ਵਿਚ ਸਾੜੇ ਹੁੰਦੇ ਨੇ,
ਚੜ੍ਹਤ ਕਿਸੇ ਦੀ ਏਥੇ ਕੋਈ ਜਰਦਾ ਥੋੜ੍ਹੀ ਹੈ।

ਆਦੀ ਹੋ ਚੁੱਕਾ ਹੈ ਤੇਰੇ ਗ਼ਮ ਦੇ ਕੋਹਲੂ ਦਾ,
ਹੁਣ ਮੇਰਾ ਦਿਲ 'ਹਾਏ ਤੌਬਾ' ਕਰਦਾ ਥੋੜ੍ਹੀ ਹੈ।

ਦੁਨੀਆਂ ਦੇ ਵਿੱਚ ਰੂਹ ਦਾ ਨਗ਼ਮਾਂ ਬਣਕੇ ਜਿਉਂਦਾ ਏ,
ਮਰਕੇ ਵੀ ਇਕ ਚੰਗਾ ਸ਼ਾਇਰ ਮਰਦਾ ਥੋੜ੍ਹੀ ਹੈ।

ਰੱਬ ਦੇ ਘਰ ਵੀ ਡਾਂਗਾਂ, ਸੋਟੇ ਚੁੱਕੀ ਫਿਰਦਾ ਏ,
ਰੱਬ ਦੀ ਲਾਠੀ ਤੋਂ ਹੁਣ ਬੰਦਾ ਡਰਦਾ ਥੋੜ੍ਹੀ ਹੈ।

ਕਹਿ ਬੈਠਾ ਜਦ ਮੈਂ, ਤੇਰੇ ਬਿਨ ਜੀ ਹੀ ਨਈਂ ਹੋਣਾ,
ਕਹਿੰਦਾ ਹਿਜਰ 'ਚ 'ਸੈਣੀ' ਬੰਦਾ ਮਰਦਾ ਥੋੜ੍ਹੀ ਹੈ।

**ਗੁਰਦੀਪ ਸਿੰਘ ਸੈਣੀ**
9814317500

# ਧੀਆਂ ਦੀ ਸਰਦਾਰੀ

ਧੀਆਂ ਮਾਰਨ ਮੱਲਾਂ ਅੱਜ ਕੱਲ੍ਹ,
ਹਰ ਖੇਤਰ ਵਿੱਚ ਰਹਿ ਕੇ।
ਕਰਨ ਸੁਰੱਖਿਆ ਦੇਸ਼ ਆਪਣੇ ਦੀ,
ਮੀਂਹ ਹਨੇਰੀਆਂ ਸਹਿ ਕੇ।

ਦੁਸ਼ਮਣ ਤਾਈਂ ਚਨੇ ਚਬਾਉਂਦੀਆਂ,
ਮਰਨੋਂ ਮੂਲ ਨਾ ਡਰਦੀਆਂ।
ਵਿੱਚ ਹਵਾਵਾਂ ਲਾਉਣ ਉਡਾਰੀ,
ਜਾ ਸਮੁੰਦਰੀ ਤਰਦੀਆਂ।

ਖੇਡਾਂ ਦੇ ਵਿੱਚ ਨਾਂ ਚਮਕਾਇਆ,
ਐਸੀ ਧਾਕ ਜਮਾਈ।
ਜਿੱਤ ਦਾ ਸਿਹਰਾ ਲੈ ਕੇ ਆਈਆਂ,
ਸਭ ਨੇ ਖੁਸ਼ੀ ਮਨਾਈ।

ਉਹ ਦੇਸ਼ ਨਾ ਕਰਨ ਤਰੱਕੀ
ਜੋ ਧੀਆਂ ਤਾਈਂ ਦੁਰਕਾਰਨ।
ਮਾਨਣ ਕਦੇ ਨਾ ਉਹ ਖੁਸ਼ਹਾਲੀ,
ਜੋ ਕਲੀਆਂ ਤਾਈਂ ਸਾੜਨ।

ਧੀਆਂ ਦਾ ਦਰਜਾ ਸਭ ਤੋਂ ਉੱਚਾ,
ਗੁਰੂਆਂ ਨੇ ਫ਼ੁਰਮਾਇਆ,
ਹੋਵੇ ਕਿੱਡਾ ਖੱਬੀ ਖਾਨ, ਉਹ
ਹੈ ਇਹਨਾਂ ਦਾ ਜਾਇਆ।

ਇਹਨਾਂ ਧੀਆਂ ਤੋਂ ਲੈ ਕੇ ਸੇਧ
ਧੀਆਂ ਭਵਿੱਖ ਸੰਵਾਰਨ।
ਬੜਾ ਕੀਮਤੀ ਸਮਾਂ ਹੈ ਹੁੰਦਾ,
ਨਾ ਫੁਟਕਲ ਵਿੱਚ ਗੁਜ਼ਾਰਨ।

ਮਾਪਿਆਂ ਦਾ ਸਿਰ ਉੱਚਾ ਕਰਿਓ,
ਦੇਸ਼ ਦੁਨੀਆਂ ਦੇ ਅੰਦਰ,।
'ਪੱਤੋਂ' ਮੰਗਦਾ ਸਦਾ ਦੁਆਵਾਂ,
ਰਹੇ ਧੀਆਂ ਦਾ ਪਹਿਲਾ ਨੰਬਰ।

**ਹਰਪ੍ਰੀਤ ਪੱਤੋਂ**
94658-21417

# ਪੰਜਾਬ ਸਿਆਂ

ਮੁਖ ਤੋਂ ਕੁਝ ਤਾਂ ਬੋਲ
ਅੱਜ ਪੰਜਾਬ ਸਿਆਂ
ਦਿਲ ਦੀ ਘੁੰਡੀ ਖੋਲ੍ਹ
ਅੱਜ ਪੰਜਾਬ ਸਿਆਂ

ਕਿਸ ਨੇ ਮਾਰੇ ਪੱਥਰ ਮੱਥੇ,
ਕੀਤਾ ਲਹੂ ਲੁਹਾਨ
ਖੋਹ ਲਈ ਤੇਰੇ ਬੁੱਲਾਂ ਉਤੋਂ,
ਫੁੱਲਾਂ ਜਿਹੀ ਮੁਸਕਾਨ
ਕਿਸ ਨੇ ਕਰਕੇ ਲੀਰਾਂ-ਲੀਰਾਂ,
ਦਿੱਤੀ ਪੱਗ ਮਧੋਲ

ਸਿਰ ਦੁੱਖਾਂ ਦੀ ਪੰਡ ਚੁਕਾ ਕੇ,
ਕਿਸ ਨੇ ਸੁੱਧ ਬੁੱਧ ਮਾਰੀ
ਮਾਂ ਧਰਤੀ ਦੀ ਕੁੱਖ ਵਿਚ ਕੈਂਸਰ,
ਫੈਲੀ ਕਿਵੇਂ ਬਿਮਾਰੀ
ਕਿਸ ਨੇ ਕੱਖੋਂ ਹੌਲੇ ਕੀਤਾ,
ਕੌਡੀਆਂ ਦੇ ਭਾਅ ਤੋਲ

ਵਿਹੜੇ ਦੇ ਵਿਚ ਰਹਿਣ ਦਾ ਦਿੱਤੇ,
ਚਰਖਾ-ਰੰਗਲੀ ਪੀੜ੍ਹੀ
ਬੱਚੇ ਕਿਉਂ ਨਾ ਪੜ੍ਹਨ ਸਕੂਲੀਂ,
ਉੜਾ ਆੜਾ ਈੜੀ
ਦਰਦਾਂ ਭਰੀ ਕਹਾਣੀ ਦਾ ਤੂੰ,
ਕੋਈ ਤਾਂ ਵਰਕਾ ਫੋਲ

ਵਗਦਾ ਇਕ ਦਰਿਆ ਨਸ਼ੇ ਦਾ
ਦਿੱਤੀ ਰੋੜ੍ਹ ਜਵਾਨੀ
ਖ਼ੂਨ ਦੇ ਅੱਥਰੂ ਕੇਰ ਰਹੀ
ਕਿਉਂ ਤੇਰੀ ਅੱਖ ਮਸਤਾਨੀ
ਪੀਹਵੇ ਜੋ ਸ਼ਬਦਾਂ ਦਾ ਸੁਰਮਾ
ਕਲਮ ਰਹੀ ਹਾਂ ਟੋਲ।



**ਲਾਜ ਨੀਲਮ ਸੈਣੀ**
510-502-0551

# ਚਾਂਦਨੀ ਚੌਕ

ਜ਼ਰਾ ਤੱਕੋ ਖਾਂ ਅੱਜ ਚਾਂਦਨੀ ਚੌਕ ਵੱਲ ਨੂੰ,
ਲਹੂ-ਲੁਹਾਨ ਹੋਈ ਹੈ ਅੱਜ ਧਰਤ ਸਾਰੀ।

ਦੁਨੀਆਂ ਭਾਣੇ ਤਾਂ ਹੋ ਰਿਹਾ ਹੈ ਤਮਾਸ਼ਾ,
ਪਰ ਕਸਵੱਟੀ ਚੜ੍ਹੀ ਹੈ ਸਿੱਖੀ ਨਿਆਰੀ।

ਕਾਜ਼ੀ ਆਖੇ "ਇਸਲਾਮ ਕਬੂਲ ਕਰੋ ਸਭ,
ਲਵੋ ਸੌਗਾਤਾਂ ਤੇ ਬਖ਼ਸ਼ਾਓ ਜਾਨ ਪਿਆਰੀ।"

ਸੁਣਕੇ ਫ਼ਤਵਾ ਸਿੱਖ ਜ਼ਰਾ ਨਾ ਡੋਲੇ,
ਨਾਲ ਜੈਕਾਰਿਆਂ ਦੇ ਖ਼ੂਨ ਵੀ ਖੋਲੇ।

ਆਖਣ :
ਕਾਇਆ ਗੁਰੂ ਦੀ ਸ਼ੈਅ ਉਧਾਰੀ,
ਛੇਤੀਂ ਨੰਬਰ ਲਾਉ ਵਾਰੀ ਵਾਰੀ।
ਨਹੀਂ ਸਾਨੂੰ ਕੋਈ ਮੌਤ ਦਾ ਡਰ ਹੈ,
ਇੱਕ ਦਿਨ ਜਾਣਾ ਸਭਨੇ ਮਰ ਹੈ।

ਦੱਸੋ ਕਿਉਂ ਗੁਰੂ ਤੋਂ ਬੇਮੁੱਖ ਹੋਈਏ,
ਜੰਨਤ ਦੇ ਦਰ ਖੁਦ ਹੱਥੀਂ ਢੋਈਏ।
ਪਹਿਲੇ ਸਾਡੇ ਗੁਰੂ ਤੋਂ ਦੀਨ ਮਨਾ,
ਜਾਂ ਫਿਰ ਆਪਣਾ ਹੁਕਮ ਵਜਾ।

ਰਾਜਾ ਸੁਣ ਹੋਇਆ ਅੱਗ ਬਬੂਲਾ,
ਹੁਕਮ ਚਾੜ੍ਹਿਆ ਫਿਰ ਬੇ-ਅਸੂਲਾ।
'ਕੱਲੇ 'ਕੱਲੇ ਨੂੰ ਐਸੇ ਦਿਓ ਤਸੀਹੇ,
ਤੜਫਾ 2 ਪਾ ਦਿਉ ਮੌਤ ਦੀ ਲੀਹੇ।

ਦੇਖ ਇਹਨਾਂ ਦੀਆਂ ਪੁਸ਼ਤਾਂ ਕੰਬਣ,
ਮੁੜ ਸਿਰ ਕਦੇ ਫਿਰ ਨਾ ਚੱਕਣ।
ਔਹ ਦੇਗ 'ਚ ਉੱਬਲੇ ਭਾਈ ਦਿਆਲਾ,
ਭਾਈ ਮਤੀ ਦਾਸ ਸਿਰ ਚੱਲਦੀ ਆਰੀ।

ਭਾਈ ਸਤੀ ਦਾਸ ਦੀ ਫਿਰ ਆਵੇ ਵਾਰੀ,
ਰੂੰ 'ਚ ਲਪੇਟਿਆ ਲਾਉਂਦੇ ਨੇ ਚਿੰਗਾਰੀ।
ਜਿਸਮ ਭੁੱਜਦਾ ਹੈ ਜਿਉਂ ਤਿੜਕੇ ਛੱਲੀ ,
ਪਰ ਸੀ ਨ ਕੀਤੀ ਮੁੱਖੋਂ ਜਪੁਜੀ ਉਚਾਰੀ।

ਧੰਨ ਧੰਨ ਗੁਰੂ ਜੀ ਧੰਨ ਗੁਰੂ ਦੀ ਸਿੱਖੀ,
ਪੋਂਹਦੇ ਨਾ ਦੁੱਖ ਜਪੇ ਸੁਖਮਨੀ ਵਿਚਾਰੀ।
ਅੱਖੀਂ ਵੇਖਿਆ ਗੁਰੂ ਜੀ ਇਹ ਨਜ਼ਾਰਾ,
ਦੇਖ ਕੰਬਿਆ ਸੀ ਦਿੱਲੀ ਸ਼ਹਿਰ ਸਾਰਾ।

ਪਰ ਤੇਗ ਬਹਾਦਰ ਜੀ ਸੀ ਰਹੇ ਅਡੋਲ,
ਗਾਉਂਦੇ ਬਾਣੀ ਦੇਹ ਪ੍ਰਵਚਨ ਅਮੋਲ।
ਉਚਰੇ ਕਿ ਦੀਨ ਹੈ ਸਭ ਨੂੰ ਪਿਆਰਾ,
ਪਰ ਜ਼ਾਲਮ ਬਣੇ ਡਾਢਾ ਹਤਿਆਰਾ।

ਸ਼ਾਂਤੀ ਦਾ ਵੀ ਉਹ ਪੁੰਜ ਸੀ,
ਧਨੀ ਤੇਗਾਂ ਦਾ ਅਖਵਾਇਆ,
ਸੀਸ ਧਰਮ ਤੋਂ ਵਾਰਿਆ ਸੀ,
'ਚਾਦਰ ਹਿੰਦ ਦੀ' ਕਹਾਇਆ।
ਸੌ ਸਿਘਾਂ ਸੰਗ ਜਾਨ ਦੇ ਕੇ,
'ਠੀਕਰਾ ਦਹਲੀਜ਼' ਭੰਨਾਇਆ,
ਦੇਖਕੇ ਨਾਲ਼ ਲਹੂ ਦੇ ਸਿੰਜਿਆ,
ਚਾਂਦਨੀ ਚੌਕ ਘਬਰਾਇਆ।

ਕੋਟਿ ਕੋਟਿ ਪ੍ਰਣਾਮ ਸ਼ਹੀਦਾਂ ਨੂੰ,
ਜਿਨ੍ਹਾਂ ਸੀ ਜ਼ੁਲਮ ਝੁਕਾਇਆ,
ਸਰਬੰਸ ਕੌਮ ਤੋਂ ਵਾਰ ਕੇ ਨਾਲੇ,
ਮੁਰਦਾ ਜ਼ਮੀਰ ਜਗਾਇਆ।

**ਸੇਵਾ ਸਿੰਘ ਨੂਰਪੁਰੀ**

# ਕੰਮ ਆਪੋ ਆਪਣੇ

ਕੰਮ ਮਾਲੀ ਦਾ ਬੂਟੇ ਨੂੰ ਪਾਣੀ ਪਾਉਣਾ...
ਕੰਮ ਫੁੱਲਾਂ ਦਾ ਮਹਿਕ ਵਿਖੇਰਨਾ ਐ॥

ਰਹਿ ਕੇ ਸਾਬੁਤ ਲੰਗੋਟ ਦਾ ਤਪ ਕਰਨਾ
ਕੰਮ ਸਾਧਾਂ ਦਾ ਮਾਲਾ ਨੂੰ ਫੇਰਨਾ ਐ॥

ਬਣ ਕੇ ਲੀਡਰ ਨਾ ਜਨਤਾ ਦਾ ਦੁੱਖ ਪੁੱਛੇ
ਉਹਨੂੰ ਲੋਕਾਂ ਨੇ ਪਿੰਡਾਂ ਚ ਘੇਰਨਾ ਐ॥

ਜਿਹੜਾ ਹਾਕਮ ਨਾ ਸੁਣੇ ਮਾਤਹਿਤਾਂ ਦੀ
ਜਾਂਦੀ ਕੁਰਸੀ ਨੂੰ ਲੱਗਦੀ ਦੇਰ ਨਾ ਐ॥

ਆਪੋ ਆਪਣੀ ਹੈ ਸਭ ਨੇ ਭੋਗ ਜਾਣੀ
ਹੋਵੇ ਰਾਤ ਤੇ ਕਿਸੇ ਦੀ ਸਵੇਰ ਨਾ ਐ॥

**ਕਪਿਲ ਦੇਵ ਬੈਲੇ**
9464428531

# ਕੁਝ ਕਹਿ ਕੇ ਹੀ ਜੇ ਕਿਹਾ...

ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਸਹਿ ਕੇ ਵੀ ਜੇ ਕਿਹਾ
ਤਾਂ ਕੀ ਸਹਿਆ ?
ਗੱਲ ਤਾਂ ਸੀ ਕੁਝ ਦੱਸਣ ਦੀ ,
ਪਰ ਸਾਥੋਂ ਦੱਸਿਆ ਹੀ ਨਾ ਗਿਆ
ਸਾਥੋਂ ਦੱਸਿਆ ਹੀ ਨਾ ਗਿਆ।
ਦੋ ਪਲ ਤੇਰੇ ਕੋਲ਼ ਬੈਠ ਕੇ
ਤੇਰੇ ਨਾਲ ਸਾਥੋਂ ਹੱਸਿਆ ਵੀ ਨਾ ਗਿਆ।
ਰੋਂਦੇ ਰਹੇ ਕਦੇ ਕਿਸਮਤ ਨੂੰ
ਕਦੇ ਭਟਕਾਉਂਦੇ ਰਹੇ ਆਪਣੇ - ਆਪ ਨੂੰ
ਗਮ ਅਸਲੀ ਸੀ ਜੋ ਮਨ ਅੰਦਰ
ਗਮ ਅਸਲੀ ਸੀ ਜੋ ਮਨ ਅੰਦਰ ,
ਸੱਜਣਾ ! ਉਹ ਗਮ ਕਦੇ ਤੈਨੂੰ
ਸਾਥੋਂ ਦੱਸਿਆ ਹੀ ਨਾ ਗਿਆ।
ਸੋਚਦੇ ਰਹੇ ਅਸੀਂ ਇਹੋ
ਕਿ ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਗਮ ਮਨ ਵਿੱਚ ਹੀ ਰਿਹਾ
ਤੇ ਤੈਨੂੰ ਕਦੇ ਦੱਸਿਆ ਹੀ ਨਾ ਗਿਆ,
ਗਮ ਬੋਲ ਕੇ ਹੀ ਜੇ ਕਿਹਾ
ਤਾਂ ਸੱਜਣਾ ! ਕੀ ਕਿਹਾ ?
ਫ਼ਿਕਰਾਂ 'ਚ ਲੰਘ ਗਈ ਜ਼ਿੰਦਗੀ
ਪਰ ਤੈਥੋਂ ਸਾਡਾ ਫਿਕਰ
ਸਮਝਿਆ ਹੀ ਨਾ ਗਿਆ।
ਮਨ ਦਾ ਗਮ ਤੇਰੇ ਕੋਲ
ਬੈਠ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?



**ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
9478561356

## ਕਵਿਤਾ

ਕੁਛ ਸੀਖਾ ਹੈ,
ਕੁਛ ਟੂਟਾ ਹੈ
ਕੁਛ ਬਨਨੇ ਕੋ ਥਾ
ਸਾਥ ਚਲਨੇ ਕੋ ਥਾ
ਹਾਥ ਫਿਰ ਛੂਟਾ ਹੈ
ਵੋ ਜੋ ਲਗਤਾ ਹੈ,
ਸਚ ਹੈ, ਸਚ ਨਹੀਂ
ਅਸਲ ਮੇਂ ਵੋ ਝੂਠਾ ਹੈ
ਯੇ ਡਰ ਕਿਸ ਬਾਤ ਕਾ ਹੈ
ਨਾ ਊਂਚ ਨੀਚ ਨਾ ਜਾਤ ਕਾ ਹੈ
ਦਿਨ ਸੇ ਪਹਿਲੇ ਰਾਤ ਕਾ ਹੈ
ਬਿਨ ਸਤਾਏ ਰੂਠਾ ਕਿਊਂ ਹੈ ?
ਸਾਥ ਚਲਨੇ ਕੋ ਥਾ,
ਹਾਥ ਫਿਰ ਛੂਟਾ ਕਿਊਂ ਹੈ ?
ਕੁਛ ਦਿਲ ਕੋ ਲਗੀ ਹੈ,
ਕੁਛ ਸਜਾ ਤੋ ਮਿਲੀ ਹੈ
ਦੂਸਰੋਂ ਕੋ ਦੇ ਖ਼ੁਸ਼ੀ
ਖ਼ੁਦ ਕੀ ਆਂਖੋਂ ਕੋ ਨਮੀਂ ਕਿਊਂ ਮਿਲੀ ਹੈ
ਯੇ ਕਿਸ ਬਾਤ ਕੀ ਦੌੜ ਹੈ ?
ਜੋ ਗਿਰਾ ਕੇ ਅਪਨੋਂ ਕੋ ਆਗੇ
ਨਿਕਲਨੇ ਕੀ ਜਲਦੀ ਹੈ,
ਠੋਕਰ ਲਗੀ ਅਬ ਤੁਮਹੇਂ ਹੀ ਅਬ ਅਬ !
ਕਿਸ ਬਾਤ ਕੀ ਕਮੀ ਹੈ ?
ਸੀਖ ਲੋ, ਬਦਲ ਜਾਉ
ਬਿਖਰ ਜਾਓਗੇ
ਸੰਭਲ ਜਾਉ,
ਗਮ ਕਿਸ ਬਾਤ ਕਾ ਹੈ ?
ਉਸਕੀ ਜਗ੍ਹਾ ਕੋਈ ਔਰ
ਹੋਤਾ ਤੋ ਯਹੀ ਕਰਤਾ
ਫਿਰ ਬਤਾਓ ਮਲਾਲ ਕਿਸ ਬਾਤ ਕਾ ਹੈ ?
ਯੇ ਦਿਨ ਸੇ ਪਹਿਲੇ ਕਾ ਉਜਾਲਾ ਹੈ,
ਬਸ ਤੁਮਕੋ ਲਗਤਾ ਹੈ
ਯੇ ਕਾਲਾ ਹੈ !
ਯੇ ਧੋਖਾ, ਯੇ ਫਰੇਬ ਤੁਮਹੇਂ ਬਹੁਤ
ਕੁਛ ਸਿਖਾਨੇ ਵਾਲਾ ਹੈ,
ਯੇ ਅੰਧੇਰਾ ਹੀ ਤੁਮਹੇਂ ਖੀਚ ਕੇ
ਰੌਸ਼ਨੀ ਕੀ ਔਰ ਲਿਜਾਨੇ ਵਾਲਾ ਹੈ...



**ਮਿਸ਼ੂ**

# ਸ਼ਾਂਤੀ ਦੇ ਰਾਹ ਵਿੱਚ ਔਰਤਾਂ ਦੀ ਭੂਮਿਕਾ



ਵਿਜੈ ਗਰਗ
ਸਾਬਕਾ ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ
9465682110



ਜੰਗ ਦੀ ਭਿਆਨਕਤਾ ਵਿੱਚ, ਜਦੋਂ ਬਾਰੂਦ ਦੀ ਗੰਧ ਹਵਾ ਵਿੱਚ ਫੈਲ ਜਾਂਦੀ ਹੈ, ਤਾਂ ਸਭ ਤੋਂ ਪਹਿਲਾਂ ਚੁੱਪ ਹੋ ਜਾਣ ਵਾਲੀਆਂ ਚੀਜ਼ਾਂ ਇੱਕ ਮਾਂ ਦੀ ਲੋਰੀ, ਇੱਕ ਧੀ ਦਾ ਹਾਸਾ, ਅਤੇ ਔਰਤਾਂ ਦੀ ਸੁਰੱਖਿਆ ਦਾ ਭਰੋਸਾ ਹਨ। ਇਹ ਉਹ ਪਲ ਹੈ ਜਦੋਂ ਇਹ ਸਵਾਲ ਸਭ ਤੋਂ ਡੂੰਘਾ ਲੱਗਦਾ ਹੈ ਕਿ ਔਰਤਾਂ ਸ਼ਾਂਤੀ ਦੇ ਰਾਹ 'ਤੇ ਕਿੱਥੇ ਹਨ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਦੁਆਰਾ ਵਿਸ਼ਵਵਿਆਪੀ ਟਕਰਾਵਾਂ ਬਾਰੇ ਉਠਾਇਆ ਗਿਆ ਮੁੱਦਾ ਸਿਰਫ਼ ਇੱਕ ਰਸਮੀ ਚਿੰਤਾ ਨਹੀਂ ਹੈ, ਸਗੋਂ ਦੁਨੀਆ ਦੇ ਹਰ ਕੋਨੇ ਵਿੱਚ ਔਰਤਾਂ ਦੁਆਰਾ ਅਨੁਭਵ ਕੀਤੀ ਗਈ ਹਕੀਕਤ ਦਾ ਪ੍ਰਤੀਬਿੰਬ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਵਿਸ਼ਵਵਿਆਪੀ ਫੌਜੀ ਖਰਚ ਵਧ ਰਿਹਾ ਹੈ, ਹਥਿਆਰਬੰਦ ਟਕਰਾਵਾਂ ਦੀ ਗਿਣਤੀ ਪਹਿਲਾਂ ਨਾਲੋਂ ਕਿਤੇ ਵੱਧ ਹੈ, ਅਤੇ ਇਸ ਸਭ ਦੇ ਵਿਚਕਾਰ, ਔਰਤਾਂ ਵਿਰੁੱਧ ਜਿਨਸੀ ਹਿੰਸਾ ਚਿੰਤਾਜਨਕ ਅਨੁਪਾਤ ਤੱਕ ਪਹੁੰਚ ਗਈ ਹੈ। ਸੰਯੁਕਤ ਰਾਸ਼ਟਰ ਮਹਿਲਾ ਏਜੰਸੀ ਦੇ ਅਨੁਸਾਰ, ਇਸ ਸਮੇਂ ਲਗਭਗ 676 ਮਿਲੀਅਨ ਔਰਤਾਂ ਘਾਤਕ ਟਕਰਾਵਾਂ ਦੇ 50 ਕਿਲੋਮੀਟਰ ਦੇ ਅੰਦਰ ਰਹਿੰਦੀਆਂ ਹਨ। ਇਹ ਗਿਣਤੀ 1990 ਦੇ ਦਹਾਕੇ ਤੋਂ ਬਾਅਦ ਸਭ ਤੋਂ ਵੱਧ ਹੈ। ਇਹ ਅੰਕੜਾ ਸਿਰਫ਼ ਅੰਕੜਾਤਮਕ ਜਾਣਕਾਰੀ ਨਹੀਂ ਹੈ, ਸਗੋਂ ਹਿੰਸਾ ਨੂੰ ਰੋਕਣ ਦੇ ਸਾਡੇ ਯਤਨਾਂ ਵਿੱਚ ਸਾਡੀ ਸਮੂਹਿਕ ਅਸਫਲਤਾ ਦਾ ਸਬੂਤ ਹੈ। ਸ਼ਾਂਤੀ ਨਾਲ ਹੈ। ਸਿੱਧੇ ਤੌਰ 'ਤੇ ਵਿਸ਼ਵ ਬੈਂਕ ਅਤੇ ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਜਿੱਥੇ ਦੇਸ਼ਾਂ ਨੇ ਸ਼ਾਂਤੀ ਵਾਰਤਾ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਇਆ, ਉੱਥੇ ਜੰਗਬੰਦੀ ਔਸਤਨ 35 ਪ੍ਰਤੀਸ਼ਤ ਜ਼ਿਆਦਾ ਚੱਲੀ। ਫਿਰ ਵੀ ਅੱਜ, ਸਿਰਫ਼ 13 ਪ੍ਰਤੀਸ਼ਤ ਸ਼ਾਂਤੀ ਸਮਝੌਤਿਆਂ ਵਿੱਚ ਔਰਤਾਂ ਦੀ ਭਾਗੀਦਾਰੀ ਸ਼ਾਮਲ ਹੈ। ਇਹ ਵਿਸ਼ਵਵਿਆਪੀ ਅਸੰਤੁਲਨ ਸਿਰਫ਼ ਰਾਜਨੀਤਿਕ ਪ੍ਰਤੀਨਿਧਤਾ ਦਾ ਸਵਾਲ ਨਹੀਂ ਹੈ, ਸਗੋਂ ਮਨੁੱਖੀ ਸਮਝ ਦੇ ਸੰਕਟ ਦਾ ਸੰਕੇਤ ਵੀ ਦਿੰਦਾ ਹੈ। ਕਿਉਂਕਿ ਜਿੱਥੇ ਔਰਤਾਂ ਫੈਸਲੇ ਲੈਣ ਤੋਂ ਗੈਰਹਾਜ਼ਰ ਹਨ, ਉੱਥੇ ਸ਼ਾਂਤੀ ਅਧੂਰੀ ਰਹਿੰਦੀ ਹੈ। ਔਰਤਾਂ ਸਿਰਫ਼ ਯੁੱਧ ਦੀਆਂ ਸ਼ਿਕਾਰ ਨਹੀਂ ਹਨ; ਉਹ ਜੀਵਨ, ਪੁਨਰ ਨਿਰਮਾਣ ਅਤੇ ਸੁਲ੍ਹਾ ਦੀਆਂ ਧਾਰਕ ਹਨ। ਪਰ ਜਦੋਂ ਦੁਨੀਆ ਦੇ ਪ੍ਰਮੁੱਖ ਪਲੇਟਫਾਰਮਾਂ 'ਤੇ ਜੰਗ ਅਤੇ ਕੂਟਨੀਤੀ 'ਤੇ ਚਰਚਾ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਦੀਆਂ ਆਵਾਜ਼ਾਂ ਇੱਕ ਕੋਨੇ ਵਿੱਚ ਦੱਬ ਜਾਂਦੀਆਂ ਹਨ, ਜਿਵੇਂ ਕਿ ਦੁਨੀਆ ਸਿਰਫ਼ ਹਥਿਆਰਾਂ ਅਤੇ ਹਥਿਆਰਾਂ ਦੀ ਭਾਸ਼ਾ ਸਮਝਦੀ ਹੈ। ਇਹ ਸਵਾਲ ਭਾਰਤੀ ਸੰਦਰਭ ਵਿੱਚ ਹੋਰ ਵੀ ਗੁੰਝਲਦਾਰ ਹੈ। ਜਦੋਂ ਕਿ ਔਰਤਾਂ ਨੂੰ ਦੇਵੀ ਵਜੋਂ ਪੂਜਣ ਦੀ ਪਰੰਪਰਾ ਰਹੀ ਹੈ, ਸ਼ਕਤੀ, ਨੀਤੀ ਅਤੇ ਫੈਸਲਾ ਲੈਣ ਵਿੱਚ ਉਨ੍ਹਾਂ ਦੀ ਭਾਗੀਦਾਰੀ ਸੀਮਤ ਰਹਿੰਦੀ ਹੈ। ਪੰਚਾਇਤਾਂ ਵਿੱਚ ਰਾਖਵੇਂਕਰਨ ਨੇ ਔਰਤਾਂ ਨੂੰ ਲੋਕਾਂ ਦੀ ਪ੍ਰਤੀਨਿਧਤਾ ਕਰਨ ਦਾ ਮੌਕਾ ਦਿੱਤਾ ਹੈ, ਪਰ ਰਾਸ਼ਟਰੀ ਨੀਤੀ ਨਿਰਮਾਣ, ਸੁਰੱਖਿਆ ਪ੍ਰੀਸ਼ਦਾਂ ਅਤੇ ਸ਼ਾਂਤੀ ਵਾਰਤਾ ਵਿੱਚ ਉਨ੍ਹਾਂ ਦੀ ਗਿਣਤੀ ਨਾ-ਮਾਤਰ ਹੀ ਰਹਿੰਦੀ ਹੈ। ਭਾਰਤੀ ਸੰਸਦ ਵਿੱਚ ਔਰਤਾਂ ਦੀ ਪ੍ਰਤੀਨਿਧਤਾ ਸਿਰਫ਼ 14 ਪ੍ਰਤੀਸ਼ਤ ਦੇ ਆਸ-ਪਾਸ ਹੈ, ਜੋ ਕਿ ਵਿਸ਼ਵਵਿਆਪੀ ਔਸਤ 26 ਪ੍ਰਤੀਸ਼ਤ ਤੋਂ ਬਹੁਤ ਘੱਟ ਹੈ। ਇਹ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੋਣ ਦੇ ਬਾਵਜੂਦ ਹੈ ਜਿੱਥੇ ਔਰਤਾਂ ਨੇ ਆਜ਼ਾਦੀ ਅੰਦੋਲਨ ਤੋਂ ਲੈ ਕੇ ਸਮਾਜਿਕ ਸੁਧਾਰਾਂ ਤੱਕ ਹਰ ਮੋਰਚੇ 'ਤੇ ਮੋਹਰੀ ਭੂਮਿਕਾ ਨਿਭਾਈ ਹੈ। ਝਾਂਸੀ ਦੀ ਰਾਣੀ, ਅਰੁਣਾ ਆਸਫ ਅਲੀ, ਕਸਤੂਰਬਾ ਗਾਂਧੀ, ਸਾਵਿਤਰੀਬਾਈ ਫੂਲੇ, ਜਾਂ ਅੱਜ ਦੀ ਇਰੋਮ ਸ਼ਰਮੀਲਾ, ਸਾਰਿਆਂ ਨੇ ਸਾਬਤ ਕਰ ਦਿੱਤਾ ਕਿ ਜਦੋਂ ਔਰਤਾਂ ਅਗਵਾਈ ਕਰਦੀਆਂ ਹਨ, ਤਾਂ ਸੰਘਰਸ਼ ਵੀ ਦਇਆ ਵਿੱਚ ਬਦਲ ਸਕਦਾ ਹੈ। ਫਿਰ ਵੀ, ਫੈਸਲਾ ਲੈਣ ਵਾਲੇ ਮੰਚਾਂ ਵਿੱਚ ਉਨ੍ਹਾਂ ਦੀ ਮੌਜੂਦਗੀ ਅਜੇ ਵੀ ਅਪਵਾਦ ਹੈ, ਨਿਯਮ ਜਾਂ ਪਰੰਪਰਾ ਨਹੀਂ। ਦੁਨੀਆ ਭਰ ਵਿੱਚ ਸ਼ਾਂਤੀ ਨਿਰਮਾਣ ਪ੍ਰਕਿਰਿਆਵਾਂ ਦਰਸਾਉਂਦੀਆਂ ਹਨ ਕਿ ਜਦੋਂ ਔਰਤਾਂ ਟਕਰਾਅ ਦੇ ਹੱਲ ਵਿੱਚ ਸ਼ਾਮਲ ਹੁੰਦੀਆਂ ਹਨ, ਤਾਂ ਉਹ ਮੁੱਦਿਆਂ ਨੂੰ ਨਾ ਸਿਰਫ਼ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਦੇਖਦੀਆਂ ਹਨ, ਸਗੋਂ ਸਮਾਜਿਕ ਪੁਨਰਗਠਨ ਦੇ ਪੱਧਰ 'ਤੇ ਵੀ ਦੇਖਦੀਆਂ ਹਨ। ਉਹ ਪਰਿਵਾਰਕ ਅਤੇ ਸਮਾਜਿਕ ਤਬਦੀਲੀ 'ਤੇ ਵੀ ਵਿਚਾਰ ਕਰਦੀਆਂ ਹਨ। ਅਤੇ ਉਹ ਸਮਾਜ ਦੇ ਤਾਣੇ-ਬਾਣੇ ਨੂੰ ਸਮਝਦੇ ਹਨ ਜੋ ਯੁੱਧ ਦੇ ਵਿਨਾਸ਼ ਦੁਆਰਾ ਟੁੱਟ ਗਿਆ ਹੈ। ਉਦਾਹਰਣ ਵਜੋਂ, ਲਾਇਬੇਰੀਆ ਦੀ ਸ਼ਾਂਤੀ ਪ੍ਰਕਿਰਿਆ ਵਿੱਚ ਔਰਤਾਂ ਦੀ ਅਗਵਾਈ ਨੇ ਸਾਲਾਂ ਤੋਂ ਚੱਲੇ ਆ ਰਹੇ ਘਰੇਲੂ ਯੁੱਧ ਨੂੰ ਖਤਮ ਕਰ ਦਿੱਤਾ। ਲੇਮਾਹ ਗਬੋਵੀ ਅਤੇ ਉਸਦੇ ਸਾਥੀਆਂ ਨੇ ਸ਼ਾਂਤੀ ਲਈ ਇੱਕ ਅੰਦੋਲਨ ਸ਼ੁਰੂ ਕੀਤਾ ਜੋ ਉਨ੍ਹਾਂ ਨੇ ਦੁਨੀਆ ਨੂੰ ਦਿਖਾਇਆ ਕਿ ਜੰਗਾਂ ਨੂੰ ਹਥਿਆਰਾਂ ਤੋਂ ਬਿਨਾਂ ਵੀ ਖਤਮ ਕੀਤਾ ਜਾ ਸਕਦਾ ਹੈ। ਮਹਿਲਾ ਵਿਚੋਲਿਆਂ ਨੇ ਬੋਸਨੀਆ, ਕੋਲੰਬੀਆ ਅਤੇ ਫਿਲੀਪੀਨਜ਼ ਵਿੱਚ ਸ਼ਾਂਤੀ ਸਮਝੌਤਿਆਂ ਵਿੱਚ ਵੀ ਵਿਚੋਲਗੀ ਕੀਤੀ ਹੈ। ਇਸ ਦੇ ਬਾਵਜੂਦ, 2023 ਤੱਕ ਵਿਸ਼ਵ ਪੱਧਰ 'ਤੇ ਕਿਸੇ ਵੀ ਵੱਡੀ ਅੰਤਰਰਾਸ਼ਟਰੀ ਗੱਲਬਾਤ ਵਿੱਚ ਔਰਤਾਂ ਦੀ ਭਾਗੀਦਾਰੀ 15 ਪ੍ਰਤੀਸ਼ਤ ਤੋਂ ਵੱਧ ਨਹੀਂ ਸੀ। ਇਹ ਸਥਿਤੀ ਨਾ ਸਿਰਫ਼ ਲਿੰਗ ਅਸਮਾਨਤਾ ਨੂੰ ਦਰਸਾਉਂਦੀ ਹੈ, ਸਗੋਂ ਸਮੂਹਿਕ ਜ਼ਮੀਰ ਦੀ ਅਸਫਲਤਾ ਨੂੰ ਵੀ ਦਰਸਾਉਂਦੀ ਹੈ। ਸੰਯੁਕਤ ਰਾਸ਼ਟਰ ਮਹਿਲਾ ਏਜੰਸੀ ਦੇ ਤਾਜ਼ਾ ਅੰਕੜੇ ਦਰਸਾਉਂਦੇ ਹਨ ਕਿ ਅੱਜ ਦੁਨੀਆ ਵਿੱਚ ਹਰ ਦਸ ਵਿੱਚੋਂ ਇੱਕ ਔਰਤ ਕਿਸੇ ਨਾ ਕਿਸੇ ਤਰ੍ਹਾਂ ਦੀ ਹਿੰਸਾ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੈ। ਇਹ ਅਨੁਪਾਤ ਯੁੱਧ ਪ੍ਰਭਾਵਿਤ ਖੇਤਰਾਂ ਵਿੱਚ ਹੋਰ ਵੀ ਚਿੰਤਾਜਨਕ ਹੈ। ਸੀਰੀਆ, ਸੂਡਾਨ, ਯੂਕਰੇਨ, ਗਾਜ਼ਾ ਅਤੇ ਕਾਂਗੋ ਵਰਗੇ ਖੇਤਰਾਂ ਵਿੱਚ, ਔਰਤਾਂ ਵਿਰੁੱਧ ਜਿਨਸੀ ਹਿੰਸਾ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਹਰ ਹਰ ਟਕਰਾਅ ਤੋਂ ਬਾਅਦ, ਜਦੋਂ ਇਤਿਹਾਸ 'ਸ਼ਾਂਤੀ' ਦੇ ਨਾਮ 'ਤੇ ਸਮਝੌਤਾ ਲਿਖਦਾ ਹੈ, ਤਾਂ ਇਹ ਲੱਖਾਂ ਔਰਤਾਂ ਦੇ ਦੁੱਖਾਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ ਜਿਨ੍ਹਾਂ ਦੇ ਸਰੀਰ ਅਤੇ ਦਿਮਾਗ ਜੰਗ ਦੇ ਜ਼ਖ਼ਮ ਝੱਲਦੇ ਹਨ। ਅਤੇ ਜਦੋਂ ਪੁਨਰ ਨਿਰਮਾਣ ਦਾ ਸਮਾਂ ਆਉਂਦਾ ਹੈ, ਤਾਂ ਇਹੀ ਔਰਤਾਂ ਘਰਾਂ, ਬੱਚਿਆਂ, ਸਮਾਜ ਅਤੇ ਭਵਿੱਖ ਨੂੰ ਦੁਬਾਰਾ ਜੋੜਨ ਲਈ ਕੰਮ ਕਰਦੀਆਂ ਹਨ। ਵਿਅੰਗਾਤਮਕ ਗੱਲ ਇਹ ਹੈ ਕਿ ਪੁਨਰ ਨਿਰਮਾਣ ਦਾ ਭਾਰ ਚੁੱਕਣ ਵਾਲਿਆਂ ਨੂੰ ਫੈਸਲਾ ਲੈਣ ਦੇ ਪੜਾਅ 'ਤੇ ਜਗ੍ਹਾ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ? ਭਾਰਤ ਦੀ ਸਮਾਜਿਕ ਹਕੀਕਤ ਕਿਸੇ ਵੀ ਤਰ੍ਹਾਂ ਇੱਕ ਟਕਰਾਅ ਵਾਲਾ ਖੇਤਰ ਨਹੀਂ ਹੈ। ਇੱਥੇ ਹਿੰਸਾ ਦੇ ਰੂਪ ਬਦਲ ਗਏ ਹਨ। ਕਦੇ ਘਰੇਲੂ ਹਿੰਸਾ, ਕਦੇ ਝੂਠੇ ਮਾਣ ਲਈ ਹਿੰਸਾ, ਕਦੇ ਕੰਮ ਵਾਲੀ ਥਾਂ 'ਤੇ ਸ਼ੋਸ਼ਣ, ਕਦੇ ਰਾਜਨੀਤਿਕ ਬੇਦਖਲੀ। ਸਮਾਜ ਦੇ ਅੰਦਰ ਵਧਦੀ ਅਸਮਾਨਤਾ ਹੌਲੀ-ਹੌਲੀ ਇੱਕ ਵੱਡੇ ਟਕਰਾਅ ਵਿੱਚ ਬਦਲ ਜਾਂਦੀ ਹੈ ਜੋ ਸੀਮਾਵਾਂ ਜਾਂ ਧਰਮ ਤੋਂ ਪਾਰ ਹੁੰਦਾ ਹੈ।

ਅਜਿਹੀ ਸਥਿਤੀ ਵਿੱਚ, ਔਰਤਾਂ ਦੀ ਭਾਗੀਦਾਰੀ ਸਿਰਫ਼ ਇੱਕ 'ਅਧਿਕਾਰ' ਨਹੀਂ ਸਗੋਂ ਸਮਾਜਿਕ ਸਥਿਰਤਾ ਲਈ ਇੱਕ ਪੂਰਵ ਸ਼ਰਤ ਬਣ ਜਾਂਦੀ ਹੈ। ਜਦੋਂ ਇੱਕ ਮਹਿਲਾ ਪੰਚਾਇਤ ਫੈਸਲੇ ਲੈਂਦੀ ਹੈ, ਤਾਂ ਇਹ ਇੱਕ ਸਮਾਜਿਕ ਅੰਦੋਲਨ ਦੀ ਅਗਵਾਈ ਕਰਦੀ ਹੈ। ਜਦੋਂ ਔਰਤਾਂ ਇਨਸਾਫ਼ ਦੀ ਮੰਗ ਲਈ ਸੜਕਾਂ 'ਤੇ ਉਤਰਦੀਆਂ ਹਨ, ਤਾਂ ਉਹ ਸਿਰਫ਼ ਆਪਣੇ ਅਧਿਕਾਰਾਂ ਦਾ ਦਾਅਵਾ ਨਹੀਂ ਕਰ ਰਹੀਆਂ ਹੁੰਦੀਆਂ ਸਗੋਂ ਸਮਾਜ ਦੇ ਰਾਹ ਨੂੰ ਆਕਾਰ ਦਿੰਦੀਆਂ ਹਨ। ਸ਼ਾਂਤੀ ਦਾ ਮਤਲਬ ਸਿਰਫ਼ ਜੰਗਬੰਦੀ ਨਹੀਂ ਹੈ, ਸਗੋਂ ਡਰ ਤੋਂ ਆਜ਼ਾਦੀ, ਨਿਆਂ ਦੀ ਮੌਜੂਦਗੀ ਅਤੇ ਸਮਾਨਤਾ ਦਾ ਅਨੁਭਵ ਹੈ। ਹਾਲਾਂਕਿ, ਪਿਤਰਸੱਤਾਤਮਕ ਪ੍ਰਣਾਲੀ ਅਜੇ ਵੀ ਸ਼ਾਂਤੀ ਦੀ ਇਸ ਪਰਿਭਾਸ਼ਾ ਨੂੰ ਆਕਾਰ ਦੇਣ ਦਾ ਮੌਕਾ ਬਰਕਰਾਰ ਰੱਖਦੀ ਹੈ। ਮੈਂ ਇਸਨੂੰ ਨੇੜੇ ਰੱਖਿਆ ਹੈ। ਜਿੰਨਾ ਚਿਰ ਸ਼ਾਂਤੀ ਨਹੀਂ ਹੁੰਦੀ ਪਰ ਸ਼ਾਂਤੀ ਦੀ ਇਸ ਪਰਿਭਾਸ਼ਾ ਨੂੰ ਸਿਰਜਣ ਦਾ ਮੌਕਾ ਅਜੇ ਵੀ ਮਰਦ-ਪ੍ਰਧਾਨ ਪ੍ਰਣਾਲੀ ਕੋਲ ਹੈ। ਜਿੰਨਾ ਚਿਰ ਸ਼ਾਂਤੀ 'ਸੁਰੱਖਿਆ ਨੀਤੀ' ਅਤੇ 'ਫੌਜੀ ਰਣਨੀਤੀ' ਦੇ ਖੇਤਰ ਤੱਕ ਸੀਮਤ ਹੈ, ਇਹ ਅਧੂਰੀ ਹੀ ਰਹੇਗੀ। ਕਿਉਂਕਿ ਭਾਰਤ ਨੂੰ ਸੱਚੀ ਸ਼ਾਂਤੀ ਸਿਰਫ਼ ਹਥਿਆਰ ਰੱਖਣ ਨਾਲ ਨਹੀਂ ਆਉਂਦੀ; ਇਹ ਉਦੋਂ ਆਉਂਦੀ ਹੈ ਜਦੋਂ ਸਮਾਜ ਦੀ ਚੇਤਨਾ ਹਿੰਸਾ ਦੇ ਵਿਚਾਰ ਨੂੰ ਰੱਦ ਕਰਦੀ ਹੈ। ਅਤੇ ਇਹ ਚੇਤਨਾ ਔਰਤਾਂ ਦੇ ਅੰਦਰ ਜਨਮਜਾਤ ਹੈ। ਉਹ ਜਾਣਦੀਆਂ ਹਨ ਕਿ ਯੁੱਧ ਦੀ ਕੀਮਤ ਸਿਰਫ਼ ਸੈਨਿਕਾਂ ਦੀਆਂ ਜਾਨਾਂ ਨਹੀਂ, ਸਗੋਂ ਪੀੜ੍ਹੀਆਂ ਦੇ ਭਵਿੱਖ ਦੀ ਹੈ। ਕਿਸੇ ਨੂੰ ਵੀ ਇਸ ਸੱਚਾਈ ਤੋਂ ਅੱਖਾਂ ਨਹੀਂ ਮੋੜਨੀਆਂ ਚਾਹੀਦੀਆਂ। ਅੱਜ, ਜਦੋਂ ਅਸੀਂ 'ਔਰਤ ਸ਼ਕਤੀ' ਬਾਰੇ ਗੱਲ ਕਰਦੇ ਹਾਂ, ਤਾਂ ਸਾਨੂੰ ਇਹ ਵੀ ਜਾਂਚ ਕਰਨੀ ਚਾਹੀਦੀ ਹੈ ਕਿ ਕੀ ਔਰਤਾਂ ਦੀਆਂ ਆਵਾਜ਼ਾਂ ਸੱਚਮੁੱਚ ਸਾਡੇ ਨੀਤੀ-ਨਿਰਮਾਣ, ਕੂਟਨੀਤਕ ਅਤੇ ਸੁਰੱਖਿਆ ਫੋਰਮਾਂ ਵਿੱਚ ਸੁਣੀਆਂ ਜਾ ਰਹੀਆਂ ਹਨ। ਕੀ ਔਰਤਾਂ ਦੇ ਵਿਚਾਰ ਸ਼ਾਂਤੀ, ਵਿਕਾਸ ਅਤੇ ਨਿਆਂ ਦੀ ਚਰਚਾ ਵਿੱਚ ਸ਼ਾਮਲ ਕੀਤੇ ਜਾ ਰਹੇ ਹਨ? ਇਹ ਸਵਾਲ ਸਿਰਫ਼ ਲਿੰਗ ਸਮਾਨਤਾ ਬਾਰੇ ਨਹੀਂ ਹੈ, ਸਗੋਂ ਮਨੁੱਖੀ ਸਥਿਰਤਾ ਬਾਰੇ ਹੈ। ਸ਼ਾਂਤੀ ਦੀ ਸਭ ਤੋਂ ਡੂੰਘੀ ਪਰਿਭਾਸ਼ਾ ਇੱਕ ਔਰਤ ਦੁਆਰਾ ਲਿਖੀ ਗਈ ਹੈ ਜੋ ਸਭ ਕੁਝ ਗੁਆਉਣ ਤੋਂ ਬਾਅਦ ਵੀ ਜ਼ਿੰਦਗੀ ਵਿੱਚ ਉਮੀਦ ਨਹੀਂ ਛੱਡਦੀ। ਜਦੋਂ ਉਹ ਰਾਖ ਤੋਂ ਉਮੀਦ ਦੀ ਇੱਕ ਨਵੀਂ ਕਿਰਨ ਲੱਭਦੀ ਹੈ, ਤਾਂ ਇਹ ਮਨੁੱਖਤਾ ਦਾ ਪੁਨਰ ਜਨਮ ਹੈ। ਇਸ ਲਈ, ਜੇਕਰ ਦੁਨੀਆ ਸੱਚਮੁੱਚ ਸ਼ਾਂਤੀ ਚਾਹੁੰਦੀ ਹੈ, ਤਾਂ ਇਸਨੂੰ ਔਰਤਾਂ ਨੂੰ ਭਾਗੀਦਾਰ ਬਣਾਉਣਾ ਚਾਹੀਦਾ ਹੈ, ਦਰਸ਼ਕ ਨਹੀਂ। ਕਿਉਂਕਿ ਅੰਤ ਵਿੱਚ ਸ਼ਾਂਤੀ ਕਿਸੇ ਸੰਧੀ 'ਤੇ ਲਿਖੇ ਸ਼ਬਦਾਂ ਤੋਂ ਨਹੀਂ ਆਉਂਦੀ, ਇਹ ਇੱਕ ਔਰਤ ਦੇ ਦਿਲ ਤੋਂ ਆਉਂਦੀ ਹੈ ਜੋ ਬਾਰੂਦ ਦੀ ਗੰਧ ਦੇ ਵਿਚਕਾਰ ਵੀ ਜੀਵਨ ਦੀ ਖੁਸ਼ਬੂ ਲੱਭਦੀ ਹੈ।

# ਸਰਗਰਮ 'ਜਬਰੀ ਵਸੂਲੀ ਗਿਰੋਹ' ਲੋਕਾਂ 'ਚ ਭਾਰੀ ਦਹਿਸ਼ਤ !

ਦੇਸ਼ ਦੇ ਅਨੇਕ ਹਿੱਸਿਆਂ 'ਚ 'ਜਬਰੀ ਵਸੂਲੀ ਗਿਰੋਹ' (ਫਿਰੌਤੀ ਜਾਂ ਰੰਗਦਾਰੀ ਮੰਗਣ ਵਾਲੇ) ਸਰਗਰਮ ਹਨ, ਜੋ ਮੰਗੀ ਗਈ ਰਕਮ ਨਾ ਮਿਲਣ 'ਤੇ ਹੱਤਿਆ ਤੱਕ ਕਰ ਦੇਣ ਤੋਂ ਝਿਜਕਦੇ ਨਹੀਂ। ਇਹ ਗਿਰੋਹ ਵਪਾਰੀਆਂ ਆਦਿ ਤੋਂ ਇਲਾਵਾ ਆਮ ਲੋਕਾਂ ਨੂੰ ਕਿਸੇ ਨਾ ਕਿਸੇ ਬਹਾਨੇ ਨਿਸ਼ਾਨਾ ਬਣਾ ਕੇ ਬਲੈਕਮੇਲ ਕਰਦੇ ਹਨ। ਜਿਸ ਦੀਆਂ ਪਿਛਲੇ ਛੇ ਮਹੀਨਿਆਂ ਦੀਆਂ ਘਟਨਾਵਾਂ ਹੇਠਾਂ ਦਰਜ ਹਨ:

• 9 ਮਈ 2025 ਨੂੰ ਪੁਲਸ ਨੇ 'ਬਿਜਨੌਰ' (ਉੱਤਰ ਪ੍ਰਦੇਸ਼) ਦੇ ਪਿੰਡ 'ਹੁਸੈਨਪੁਰ ਕਲਾਂ' 'ਚ 5 ਲੱਖ ਰੁਪਏ ਦੀ ਫਿਰੌਤੀ ਲਈ 7ਵੀਂ ਕਲਾਸ ਦੇ ਵਿਦਿਆਰਥੀ 'ਆਯੁਸ਼' ਦੇ ਅਗਵਾ ਅਤੇ ਹੱਤਿਆ ਦੇ ਦੋਸ਼ 'ਚ 4 ਲੋਕਾਂ ਨੂੰ ਗ੍ਰਿਫਤਾਰ ਕੀਤਾ।

• 8 ਜੁਲਾਈ ਨੂੰ 'ਪ੍ਰਯਾਗਰਾਜ' (ਉੱਤਰ ਪ੍ਰਦੇਸ਼) 'ਚ 15 ਲੱਖ ਰੁਪਏ ਫਿਰੌਤੀ ਨਾ ਮਿਲਣ 'ਤੇ ਇਕ ਬਾਲਗ ਦੀ ਹੱਤਿਆ ਦੇ ਦੋਸ਼ 'ਚ 2 ਮੁਲਜ਼ਮਾਂ 'ਸੁਖਦੇਵ' ਅਤੇ 'ਸੰਜੇ' ਨੂੰ ਇਕ ਸਥਾਨਕ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ।

• 1 ਅਗਸਤ ਨੂੰ 'ਬੈਂਗਲੁਰੂ' 'ਚ ਜਬਰੀ ਫਿਰੌਤੀ ਮੰਗਣ ਵਾਲੇ ਗਿਰੋਹ ਦੇ ਮੈਂਬਰਾਂ ਨੇ ਇਕ 13 ਸਾਲਾ ਬਾਲਗ ਨੂੰ ਉਸ ਸਮੇਂ ਅਗਵਾ ਕਰ ਲਿਆ ਜਦੋਂ ਉਹ ਘਰੋਂ ਟਿਊਸ਼ਨ ਪੜ੍ਹਨ ਦੇ ਲਈ ਨਿਕਲਿਆ ਸੀ।

ਕੁਝ ਹੀ ਦੇਰ ਬਾਅਦ ਬੱਚੇ ਦੀ ਭਾਲ ਕਰ ਰਹੇ ਉਸ ਦੇ ਮਾਤਾ-ਪਿਤਾ ਨੂੰ ਫੋਨ ਆਉਣ ਲੱਗੇ, ਜਿਨ੍ਹਾਂ 'ਚ ਉਨ੍ਹਾਂ ਤੋਂ 5 ਲੱਖ ਰੁਪਏ ਫਿਰੌਤੀ ਮੰਗੀ ਗਈ ਸੀ। ਬਾਲਗ ਦੇ ਪਰਿਵਾਰਕ ਮੈਂਬਰਾਂ ਵਲੋਂ ਉਨ੍ਹਾਂ ਦੇ ਫੋਨਾਂ ਦਾ ਜਵਾਬ ਨਾ ਦੇਣ 'ਤੇ ਮੁਲਜ਼ਮਾਂ ਨੇ ਕੁੱਟ-ਕੁੱਟ ਕੇ ਬੱਚੇ ਦੀ ਹੱਤਿਆ ਕਰ ਦਿੱਤੀ। ਪੁਲਸ ਨੇ ਫੋਨਾਂ ਤੋਂ ਪ੍ਰਾਪਤ ਲੋਕੇਸ਼ਨ ਦੇ ਆਧਾਰ 'ਤੇ ਅਪਰਾਧੀਆਂ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ।

• 18 ਸਤੰਬਰ ਨੂੰ 'ਨਾਗਪੁਰ' (ਮਹਾਰਾਸ਼ਟਰ) ਦੇ 'ਖਾਪਰਖੇੜਾ' ਪਿੰਡ 'ਚ 5 ਲੱਖ ਰੁਪਏ ਦੀ ਫਿਰੌਤੀ ਲਈ 'ਜੀਤ ਯੁਵਰਾਜ ਸੋਨੇਕਰ' ਨਾਂ ਦੇ ਇਕ ਮਾਸੂਮ ਬੱਚੇ ਦੀ ਹੱਤਿਆ ਕਰ ਦੇਣ ਦੇ ਦੋਸ਼ 'ਚ ਪੀੜਤ ਪਰਿਵਾਰ ਦੇ ਗੁਆਂਢ 'ਚ ਹੀ ਰਹਿਣ ਵਾਲੇ ਇਕ ਵਿਅਕਤੀ 'ਰਾਹੁਲ ਪਾਲ' ਅਤੇ ਉਸ ਦੇ ਦੋ ਸਾਥੀਆਂ 'ਯਸ਼ ਵਰਮਾ' ਅਤੇ 'ਅਰੁਣ ਭਾਰਤੀ' ਨੂੰ ਗ੍ਰਿਫਤਾਰ ਕੀਤਾ ਗਿਆ।

• 28 ਸਤੰਬਰ ਨੂੰ 'ਬੁਲੰਦਸ਼ਹਿਰ' (ਉੱਤਰ ਪ੍ਰਦੇਸ਼) ਦੇ 'ਖਾਨਪੁਰ' ਦੇ ਪਿੰਡ 'ਅਮਰਪੁਰ' 'ਚ 5 ਲੱਖ ਰੁਪਏ ਦੀ ਰੰਗਦਾਰੀ ਦੇ ਲਈ 'ਮੁਜੱਮਿਲ' ਨਾਂ ਦੇ ਇਕ ਨੌਜਵਾਨ ਨੂੰ ਇਕ ਬਿਜਲੀ ਮਕੈਨਿਕ 'ਰਸ਼ੀਦ' ਦੀ ਹੱਤਿਆ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ। 'ਮੁਜੱਮਿਲ' ਨੇ ਬਿਜਲੀ ਠੀਕ ਕਰਵਾਉਣ ਦੇ ਬਹਾਨੇ 'ਰਸ਼ੀਦ' ਦਾ ਅਗਵਾ ਕਰਨ ਤੋਂ ਬਾਅਦ ਉਸ ਦੇ ਬੇਟੇ ਨੂੰ ਮੈਸੇਜ ਭੇਜ ਕੇ 5 ਲੱਖ ਰੁਪਏ ਰੰਗਦਾਰੀ ਮੰਗੀ ਅਤੇ ਮੈਸੇਜ ਦਾ ਕੋਈ ਜਵਾਬ ਨਾ ਮਿਲਣ 'ਤੇ ਮੁਜੱਮਿਲ ਨੇ 'ਰਸ਼ੀਦ' ਦੀ ਹੱਤਿਆ ਕਰਕੇ ਉਸ ਦੀ ਲਾਸ਼ ਇਕ ਅੰਬ ਦੇ ਬਗੀਚੇ 'ਚ ਦਬਾਅ ਦਿੱਤੀ।





• 22 ਅਕਤੂਬਰ ਨੂੰ 'ਪਟਨਾ' (ਬਿਹਾਰ) ਪੁਲਸ ਵਲੋਂ 'ਵਿੱਕੀ ਕੁਮਾਰ ਸ਼ੇਖਰ' ਅਤੇ 'ਛੋਟੂ ਕੁਮਾਰ' ਨੂੰ 'ਬੇਉਰ' ਜੇਲ 'ਚ ਬੰਦ ਗੈਂਗਸਟਰ 'ਅਜੇ ਵਰਮਾ' ਦੇ ਨਾਂ 'ਤੇ ਇਕ ਬੈਂਕ ਮੈਨੇਜਰ ਅਤੇ ਇਕ ਪ੍ਰਾਈਵੇਟ ਸਕੂਲ ਚਲਾਉਣ ਵਾਲੇ ਨੂੰ ਧਮਕੀਆਂ ਦੇ ਕੇ ਉਨ੍ਹਾਂ ਤੋਂ 10 ਲੱਖ ਰੁਪਏ ਦੀ ਜਬਰੀ ਵਸੂਲੀ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ।

• 6 ਨਵੰਬਰ ਨੂੰ 'ਗੁਰੂਗ੍ਰਾਮ' (ਹਰਿਆਣਾ) ਦੀ ਪੁਲਸ ਨੇ 'ਜਬਰ-ਜ਼ਨਾਹ' ਦੇ ਝੂਠੇ ਕੇਸ 'ਚ ਫਸਾਏ ਗਏ ਇਕ ਵਿਅਕਤੀ ਤੋਂ ਨਕਦੀ ਅਤੇ ਸੋਨੇ ਦੇ ਗਹਿਣਿਆਂ ਅਤੇ ਸਿੱਕਿਆਂ ਦੇ ਰੂਪ 'ਚ ਕੁੱਲ 2.84 ਕਰੋੜ ਰੁਪਏ ਦੀ ਜਬਰੀ ਵਸੂਲੀ ਕਰਨ ਦੇ ਦੋਸ਼ 'ਚ ਇਕ ਮਹਿਲਾ ਵਕੀਲ, ਉਸ ਦੇ ਪਤੀ ਅਤੇ ਇਕ ਬੈਲੂਨ ਵਿਕਰੇਤਾ ਨੂੰ ਗ੍ਰਿਫਤਾਰ ਕੀਤਾ।

• 7 ਨਵੰਬਰ ਨੂੰ 'ਹਰਿਦੁਆਰ' (ਉੱਤਰਾਖੰਡ) ਜ਼ਿਲੇ ਦੀ 'ਕਲਿਆਰ' ਥਾਣਾ ਪੁਲਸ ਨੇ 'ਧਨੌਰੀ' ਪਿੰਡ ਨਿਵਾਸੀ ਇਕ ਵਿਅਕਤੀ ਨੂੰ ਗੈਂਗਸਟਰ 'ਲਾਰੈਂਸ ਬਿਸ਼ਨੋਈ' ਦੇ ਨਾਂ 'ਤੇ ਧਮਕੀ ਭਰੀ ਕਾਲ ਕਰ ਕੇ ਉਸ ਤੋਂ 30 ਲੱਖ ਰੁਪਏ ਰੰਗਦਾਰੀ ਮੰਗਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ।

• 7 ਨਵੰਬਰ ਨੂੰ ਹੀ 'ਮੈਂਗਲੁਰੂ' (ਕਰਨਾਟਕ) ਪੁਲਸ ਨੇ 'ਪ੍ਰਸ਼ਾਂਤ', 'ਗਣੇਸ਼' ਅਤੇ 'ਅਸ਼ਵਤੱਥ' ਨੂੰ ਇਕ ਪਟਾਕਾ ਵਪਾਰੀ ਨੂੰ ਹੱਤਿਆ ਦੀ ਧਮਕੀ ਦੇ ਕੇ ਉਸ ਤੋਂ ਨਾਜਾਇਜ਼ ਵਸੂਲੀ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ।

ਫਿਰੌਤੀ ਅਤੇ ਜਬਰੀ ਵਸੂਲੀ ਕਰਨ ਵਾਲੇ ਗਿਰੋਹਾਂ ਦੀ ਲੋਕਾਂ 'ਚ ਭਾਰੀ ਦਹਿਸ਼ਤ ਪਾਈ ਜਾ ਰਹੀ ਹੈ। ਇਸ ਲਈ ਅਜਿਹੇ ਗਿਰੋਹਾਂ ਨੂੰ ਸਖਤੀ ਨਾਲ ਕੁਚਲਣ ਦੀ ਲੋੜ ਹੈ ਤਾਂ ਕਿ ਲੋਕ ਨਿਡਰਤਾ ਨਾਲ ਆਪਣਾ ਕੰਮਕਾਜ ਕਰ ਸਕਣ ਅਤੇ ਚੈਨ ਦੇ ਨਾਲ ਆਪਣਾ ਜੀਵਨ ਗੁਜ਼ਾਰ ਸਕੇ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK

GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD